
EVEREST TRANSPORT INC
We are Hiring
Company Drivers
Solo driver 50 cents per miles+Safety Bonus
3000 plus miles per week.
Call, Goldy Ph: 260-797-1122

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
*Chat House is OPEN 7 Days *New meat shop is open now, next to big bazaar
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com

Raj Shergill
Associate Broker



Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 31, August 3, 2019
20451 N. Plum Grove Rd., Palatine, IL 60074
Ph:847-359-0746, Fax:847-705-9388


## ਵਿਰੋਧੀ ਧਿਰ ਦੀ ਪਾਟੋ-ਧਾੜ ਨਾਲ ਕੈਪਟਨ ਦੇ ਵਾਰੇ-ਨਿਆਰੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੌਰਾਨ 'ਕਮਜ਼ੋਰ ਵਿਰੋਧੀ ਧਿਰ' ਕਾਰਨ ਹਾਕਮ ਧਿਰ ਕਾਂਗਰਸ ਮੁੜ ਆਪਣੀਆਂ ਨਾਕਾਮੀਆਂ ਉਤੇ ਘਿਰਨ ਤੋਂ ਬਚ ਗਈ। ਇਸ ਵਾਰ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਅੰਦਰੂਨੀ ਫੁੱਟ ਕਾਰਨ ਆਪ ਹੀ ਉਲਝੀ ਰਹੀ।

ਆਮ ਆਦਮੀ ਪਾਰਟੀ ਆਪਣੇ 20 ਵਿਧਾਇਕਾਂ ਵਿਚੋਂ ਸਿਰਫ 10 ਦੇ ਸਹਾਰੇ ਹੀ ਕੈਪਟਨ ਸਰਕਾਰ ਨੂੰ ਘੇਰਨ ਲਈ ਮੈਦਾਨ ਵਿਚ ਡਟੀ। ਅਕਾਲੀ ਦਲ ਬਾਦਲ ਤੋਂ ਹਾਕਮ ਧਿਰ ਨੂੰ ਪਹਿਲਾਂ ਹੀ ਕੋਈ ਡਰ ਨਹੀਂ ਸੀ, ਕਿਉਂਕਿ ਪਿਛਲੇ ਦੋ ਸੈਸ਼ਨਾਂ ਵਿਚ ਅਕਾਲੀ ਦਲ ਨੇ ਵਿਧਾਨ ਸਭਾ ਦੇ ਅੰਦਰ ਸਰਕਾਰ ਨੂੰ ਘੇਰਨ ਦੀ ਥਾਂ ਬਾਹਰ ਮੋਰਚਾ ਲਾਈ ਰੱਖਿਆ। ਅਕਾਲੀ ਦਲ ਦੀ ਇਸ ਰਣਨੀਤੀ ਉਤੇ ਸਵਾਲ ਵੀ ਉਠੇ ਹਨ ਕਿ ਸਰਕਾਰ ਨੂੰ ਨਾਕਾਮੀਆਂ ਦੇ ਮੁੱਦੇ ਉਤੇ ਘੇਰਨ ਦੀ ਥਾਂ ਵਿਧਾਨ ਸਭਾ ਤੋਂ ਬਾਹਰ ਰੌਲਾ ਪਾ ਰਿਹਾ ਹੈ। ਇਸ ਪੰਥਕ ਧਿਰ ਉਤੇ ਕਾਂਗਰਸ ਨਾਲ ਰਲੇ ਹੋਣ ਦੇ ਦੋਸ਼ ਵੀ ਲੱਗਦੇ ਰਹੇ ਹਨ।

ਅਸਲ ਵਿਚ ਕਾਂਗਰਸ ਸਰਕਾਰ ਇਸ ਪੱਖੋਂ ਖੁਸ਼ਕਿਸਮਤ ਰਹੀ ਹੈ ਕਿ ਉਸ ਨੂੰ ਇਕ ਕਮਜ਼ੋਰ ਵਿਰੋਧ ਧਿਰ ਟੱਕਰੀ ਹੈ। ਆਮ ਆਦਮੀ ਪਾਰਟੀ ਨੂੰ ਪਹਿਲੀ ਵਾਰ ਮੁੱਖ ਵਿਰੋਧੀ ਧਿਰ ਬਣਨ ਦਾ ਮੌਕਾ ਮਿਲਿਆ ਹੈ ਪਰ ਹੁਣ ਤੱਕ ਉਹ ਵਿਰੋਧੀ ਧਿਰ ਦੇ ਦੋ ਆਗੂ ਬਦਲ ਚੁੱਕੀ ਹੈ। ਇਹ ਦੋਵੇਂ ਆਗੂ (ਐਚ.ਐਸ. ਫੂਲਕਾ, ਸੁਖਪਾਲ ਸਿੰਘ ਖਹਿਰਾ) ਆਪਣੀ ਵਿਧਾਇਕੀ ਤੋਂ ਅਸਤੀਫਾ ਦੇ ਕੇ ਪਾਰਟੀ ਨੂੰ ਅਲਵਿਦਾ ਆਖ ਚੁੱਕੇ ਹਨ। ਪਿਛਲੇ ਸੈਸ਼ਨ ਵਿਚ ਆਪ ਵਿਚੋਂ ਫੂਲਕਾ ਹੀ ਇਕ ਅਜਿਹੇ ਆਗੂ ਸਨ ਜਿਨ੍ਹਾਂ ਨੇ ਬੇਅਦਬੀ ਮੁੱਦੇ ਉਤੇ ਸਰਕਾਰ ਦੀਆਂ ਲੀਕਾਂ ਕਢਵਾ ਦਿੱਤੀਆਂ ਸਨ ਤੇ ਮਜਬੂਰ ਹੋ ਕੇ ਜਾਂਚ ਲਈ ਸਿੱਟ ਕਾਇਮ ਕਰਨੀ ਪਈ ਸੀ ਪਰ ਇਸ ਵਾਰ ਆਪ ਕੋਲ ਅਜਿਹਾ ਕੋਈ ਆਗੂ ਨਹੀਂ ਜੋ ਹਾਕਮ ਧਿਰ ਨੂੰ ਨਾਕਾਮੀਆਂ ਲਈ ਘੇਰ ਸਕੇ।

ਦੱਸ ਦਈਏ ਕਿ ਕਾਂਗਰਸ ਸਰਕਾਰ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰ ਕੇ ਸੱਤਾ ਵਿਚ ਆਈ ਸੀ ਪਰ ਦੋ ਸਾਲਾਂ ਵਿਚ ਇਕ ਵੀ ਵਾਅਦਾ ਸਿਰੇ ਨਹੀਂ ਚੜ੍ਹਿਆ। ਸੂਬੇ ਵਿਚ ਨਸ਼ੇ, ਕਿਸਾਨ ਖੁਦਕੁਸ਼ੀਆਂ ਤੇ ਬੇਰੁਜ਼ਗਾਰੀ ਸਮੇਤ ਕਈ ਮੁੱਦੇ ਹਨ ਜਿਸ ਉਤੇ ਸਰਕਾਰ ਬੁਰੀ ਤਰ੍ਹਾਂ ਘਿਰੀ ਹੋਈ ਹਨ ਪਰ ਬਦਕਿਸਮਤੀ ਇਹ ਹੈ ਕਿ ਵਿਧਾਨ ਸਭਾ ਵਿਚ ਤਕੜੀ ਵਿਰੋਧੀ ਧਿਰ ਦੀ ਅਣਹੋਂਦ ਸਰਕਾਰ ਨੂੰ ਜਵਾਬਦੇਹੀ ਤੋਂ ਬਚਾ ਜਾਂਦੀ ਹੈ।

ਦਰਅਸਲ, 2017 ਵਿਚ ਆਮ ਆਦਮੀ ਪਾਰਟੀ ਨੇ 20 ਵਿਧਾਇਕਾਂ ਨਾਲ ਵਿਧਾਨ ਸਭਾ ਵਿਚ ਮੁੱਖ ਵਿਰੋਧੀ ਧਿਰ ਦਾ ਰੁਤਬਾ ਹਾਸਲ ਕੀਤਾ ਸੀ। ਇਸ ਤੋਂ ਬਾਅਦ ਪਾਰਟੀ ਨੂੰ ਲਗਾਤਾਰ ਝਟਕੇ ਲੱਗਦੇ ਰਹੇ ਤੇ ਹੁਣ ਸਹੀ ਅਰਥਾਂ ਵਿਚ ਪਾਰਟੀ ਕੋਲ ਸਿਰਫ 10 ਵਿਧਾਇਕ ਰਹਿ ਗਏ ਹਨ। ਉਂਜ ਆਮ ਆਦਮੀ ਪਾਰਟੀ ਨੂੰ ਇਹ ਰੁਤਬਾ ਵੀ ਕਾਂਗਰਸ ਦੀ ਹੀ ਬਦੌਲਤ ਮਿਲਿਆ ਹੋਇਆ ਹੈ ਕਿਉਂਕਿ ਸਪੀਕਰ ਨੇ ਨਾ ਤਾਂ ਕੁਝ 'ਆਪ' ਵਿਧਾਇਕਾਂ ਦਾ ਅਸਤੀਫਾ ਸਵੀਕਾਰ ਕੀਤਾ ਹੈ ਤੇ ਨਾ ਹੀ ਬਾਗੀ ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤਾ ਹੈ। ਦੱਸ ਦਈਏ ਕਿ 'ਆਪ' ਦੇ ਵਿਧਾਇਕ ਐਚ.ਐਸ. ਫੂਲਕਾ ਵਲੋਂ ਅਸਤੀਫਾ ਪ੍ਰਵਾਨ ਨਾ ਹੋਣ ਦੇ ਬਾਵਜੂਦ ਸੈਸ਼ਨ ਵਿਚ ਨਾ ਆਉਣ ਦਾ ਐਲਾਨ ਕਰਨ ਅਤੇ ਦੋ ਵਿਧਾਇਕਾਂ ਨਾਜ਼ਰ ਸਿੰਘ ਮਾਨਸਾਹੀਆ ਤੇ ਅਮਰਜੀਤ ਸਿੰਘ ਸੰਦੋਆ ਦੇ ਕਾਂਗਰਸ ਵਿਚ ਸ਼ਾਮਲ ਹੋ 'ਆਪ' ਪੂਰੀ ਤਰ੍ਹਾਂ ਖਿੱਲਰ ਗਈ ਹੈ। ਸੁਨਾਮ ਦੇ ਵਿਧਾਇਕ ਅਮਨ ਅਰੋੜਾ ਵੀ ਬਿਜਲੀ ਅੰਦੋਲਨ ਦੀ ਅਗਵਾਈ ਕਰਨ ਦੀ ਦਿੱਤੀ ਜ਼ਿੰਮੇਵਾਰੀ ਤੋਂ ਨਾਟਕੀ ਢੰਗ ਨਾਲ ਹਟਾਉਣ ਕਾਰਨ ਪਿਛਲੇ ਦਿਨਾਂ ਤੋਂ ਨਾਰਾਜ਼ ਚੱਲ ਰਹੇ ਹਨ। ਇਸ ਕਾਰਨ 'ਆਪ' ਦੇ ਕੇਵਲ 10 ਦੇ ਕਰੀਬ ਵਿਧਾਇਕ ਹੀ ਬੱਝਵੇਂ ਰੂਪ ਵਿਚ ਵਿਰੋਧੀ ਧਿਰ ਦੇ ਆਗੂ ਐਡਵੋਕੇਟ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਵਿਧਾਨ ਸਭਾ ਦੇ ਸੈਸ਼ਨ ਵਿਚ ਡਟੇ।

ਦੂਸਰੇ ਪਾਸੇ, ਪਾਰਟੀ ਦੀ ਬਾਗੀ ਧਿਰ ਵਿਚੋਂ ਮਾਨਸਾ ਦੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਕਾਂਗਰਸ ਵਿਚ ਸ਼ਾਮਲ ਹੋਣ ਕਾਰਨ ਇਹ ਧੜਾ ਵੀ ਦੋ ਹਿੱਸਿਆਂ ਵਿਚ ਵੰਡਿਆ ਪਿਆ ਹੈ। ਸੁਖਪਾਲ ਖਹਿਰਾ ਨੇ ਆਪਣੀ ਨਵੀਂ ਪੰਜਾਬ ਏਕਤਾ ਪਾਰਟੀ ਬਣਾ ਲਈ ਹੈ ਅਤੇ ਉਨ੍ਹਾਂ ਬਾਗੀ ਵਿਧਾਇਕ ਮਾਸਟਰ ਬਲਦੇਵ ਸਿੰਘ ਸਮੇਤ ਲੋਕ ਸਭਾ ਦੀ ਚੋਣ ਲੜੀ ਹੈ। ਇਸ ਤਰ੍ਹਾਂ ਸ੍ਰੀ ਖਹਿਰਾ ਤੇ ਬਲਦੇਵ ਸਿੰਘ ਦਾ ਵੱਖਰਾ ਖੇਮਾ ਬਣ ਗਿਆ ਹੈ। ਦੂਸਰੇ ਪਾਸੇ ਬਾਕੀ 4 ਬਾਗੀ ਵਿਧਾਇਕ ਕੰਵਰ ਸੰਧੂ, ਪਿਰਮਲ ਸਿੰਘ ਖਾਲਸਾ, ਜਗਤਾਰ ਸਿੰਘ ਜੱਗਾ ਅਤੇ ਜਗਦੇਵ ਸਿੰਘ ਕਮਾਲੂ ਵਲੋਂ ਸ੍ਰੀ ਖਹਿਰਾ ਦੀ ਪਾਰਟੀ ਵਿਚ ਸ਼ਾਮਲ ਹੋਣ ਦੀ ਥਾਂ 'ਆਪ' ਦੇ ਪਲੇਟਫਾਰਮ ਤੋਂ ਹੀ ਵੱਖਰੇ ਤੌਰ 'ਤੇ ਸਰਗਰਮੀਆਂ ਚਲਾਈਆਂ ਜਾ ਰਹੀਆਂ ਹਨ।

ਇਸੇ ਤਰ੍ਹਾਂ ਕਿਸੇ ਸਮੇਂ 'ਆਪ' ਨਾਲ ਗੱਠਜੋੜ ਕਰਨ ਵਾਲੇ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਇਸ ਪਾਰਟੀ ਤੋਂ ਲੰਮੇ ਸਮੇਂ ਤੋਂ ਸਿਆਸੀ ਸਾਂਝ ਤੋੜ ਚੁੱਕੇ ਹਨ।

## ਭਾਜਪਾ ਵਲੋਂ ਵਾਦੀ ਵਿਚ 'ਘੁਸਪੈਠ' ਦੀ ਤਿਆਰੀ

### ਧਾਰਾ 35ਏ ਦੀ ਖਾਤਮੇ ਬਾਰੇ ਵਧਾਈਆਂ ਸਰਗਰਮੀਆਂ

**ਸ੍ਰੀਨਗਰ:** ਜੰਮੂ-ਕਸ਼ਮੀਰ 'ਚ ਨੀਮ ਫੌਜੀ ਬਲਾਂ ਦੀਆਂ 100 ਹੋਰ ਕੰਪਨੀਆਂ ਤਾਇਨਾਤ ਕਰਨ ਦੇ ਫੈਸਲੇ ਪਿੱਛੋਂ ਵਾਦੀ 'ਚ ਤਣਾਅ ਵਧ ਗਿਆ ਹੈ। ਵਾਦੀ ਦੀਆਂ ਸਿਆਸੀ ਧਿਰਾਂ ਜਿਥੇ ਮੋਦੀ ਸਰਕਾਰ ਦੀ ਨੀਅਤ ਨੂੰ ਸ਼ੱਕੀ ਨਜ਼ਰ ਨਾਲ ਵੇਖ ਰਹੀਆਂ ਹਨ, ਉਥੇ ਆਮ ਲੋਕਾਂ ਵਿਚ ਵੀ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ। ਮੁਢਲੇ ਤੌਰ ਉਤੇ ਭਾਜਪਾ ਸਰਕਾਰ ਦੀ ਇਸ ਕਾਰਵਾਈ ਨੂੰ ਕਸ਼ਮੀਰ ਵਿਚ ਧਾਰਾ 35ਏ ਦੇ ਖਾਤਮੇ ਦੀਆਂ ਤਿਆਰੀਆਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਚਰਚਾ ਹੈ ਕਿ 15 ਅਗਸਤ ਤੋਂ ਬਾਅਦ ਹੋਣ ਵਾਲੀ ਇਕ ਉਚ ਪੱਧਰੀ ਬੈਠਕ ਦੇ ਏਜੰਡੇ 'ਚ ਧਾਰਾ 35ਏ ਨੂੰ ਖਤਮ ਕਰਨ ਦਾ ਫੈਸਲਾ ਹੋ ਸਕਦਾ ਹੈ।

ਸਰਕਾਰ ਭਾਵੇਂ ਦਾਅਵਾ ਕਰ ਰਹੀ ਹੈ ਕਿ ਅਤਿਵਾਦ ਦੀ ਚੁਣੌਤੀ ਤੇ ਸੁਰੱਖਿਆ ਕਾਰਨਾਂ ਕਰਕੇ ਇੰਨੀ ਵੱਡੀ ਗਿਣਤੀ ਵਿਚ ਫੌਜ ਭੇਜੀ ਜਾ ਰਹੀ ਹੈ, ਪਰ ਸਵਾਲ ਇਹ ਕੀਤੇ ਜਾ ਰਹੇ ਹਨ ਕਿ ਸਰਕਾਰ ਇਕ ਪਾਸੇ ਦਾਅਵਾ ਕਰ ਰਹੀ ਹੈ ਕਿ ਕਸ਼ਮੀਰ ਵਿਚ ਅਤਿਵਾਦੀਆਂ ਦਾ ਤਕਰੀਬਨ ਸਫਾਇਆ ਕਰ ਦਿੱਤਾ ਹੈ ਤੇ ਇਥੇ ਮਾਹੌਲ ਹੁਣ ਆਮ ਵਰਗਾ ਹੈ ਤੇ ਦੂਜੇ ਪਾਸੇ ਇੰਨੀ ਵੱਡੀ ਗਿਣਤੀ ਵਿਚ ਫੌਜ ਭੇਜਣ ਨੂੰ ਸੁਰੱਖਿਆ ਕਾਰਨਾਂ ਨਾਲ ਜੋੜ ਰਹੀ ਹੈ।

ਅਸਲ ਵਿਚ ਭਾਜਪਾ ਦੇ ਇਸ ਫੈਸਲੇ ਨੂੰ ਸ਼ੱਕੀ ਨਿਗ੍ਹਾ ਨਾਲ ਦੇਖਿਆ ਜਾ ਰਿਹਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਕੇਂਦਰ ਵਲੋਂ ਸੰਵਿਧਾਨ ਦੀ ਧਾਰਾ 35ਏ ਨੂੰ ਮਨਸੂਖ ਕਰਨ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ ਜੰਮੂ ਕਸ਼ਮੀਰ ਵਿਚ

*(ਬਾਕੀ ਸਫਾ 6 ਉਤੇ)*

### ਕੀ ਹੈ ਧਾਰਾ 35ਏ


ਧਾਰਾ 35ਏ ਸੰਵਿਧਾਨ ਦਾ ਉਹ ਆਰਟੀਕਲ ਹੈ ਜੋ ਜੰਮੂ ਕਸ਼ਮੀਰ ਵਿਧਾਨ ਸਭਾ ਨੂੰ ਲੈ ਕੇ ਪ੍ਰਬੰਧ ਕਰਦਾ ਹੈ ਕਿ ਉਹ ਰਾਜ 'ਚ ਸਥਾਈ ਨਿਵਾਸੀਆਂ ਨੂੰ ਪ੍ਰਭਾਸ਼ਿਤ ਕਰ ਸਕੇ। ਸਾਲ 1954 'ਚ 14 ਮਈ ਨੂੰ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਇਕ ਆਦੇਸ਼ ਪਾਸ ਕੀਤਾ ਸੀ। ਇਸ ਆਦੇਸ਼ ਜ਼ਰੀਏ ਸੰਵਿਧਾਨ 'ਚ ਇਕ ਨਵੀਂ ਧਾਰਾ 35ਏ ਜੋੜ ਦਿੱਤੀ ਗਈ। ਆਰਟੀਕਲ 370 ਤਹਿਤ ਇਹ ਅਧਿਕਾਰ ਦਿੱਤਾ ਗਿਆ ਹੈ। ਸਾਲ 1956 'ਚ ਜੰਮੂ-ਕਸ਼ਮੀਰ ਦਾ ਸੰਵਿਧਾਨ ਬਣਿਆ, ਜਿਸ 'ਚ ਸਥਾਈ ਨਾਗਰਿਕਤਾ ਨੂੰ ਪ੍ਰਭਾਸ਼ਿਤ ਕੀਤਾ ਗਿਆ। ਜੰਮੂ ਕਸ਼ਮੀਰ ਦੇ ਸੰਵਿਧਾਨ ਮੁਤਾਬਕ ਸਥਾਈ ਨਾਗਰਿਕ ਉਹ ਵਿਅਕਤੀ ਹੈ, ਜੋ 14 ਮਈ 1954 ਨੂੰ ਰਾਜ ਦਾ ਨਾਗਰਿਕ ਰਿਹਾ ਹੋਵੇ ਜਾਂ ਫਿਰ ਉਸ ਤੋਂ ਪਹਿਲਾਂ ਦੇ 10 ਸਾਲਾਂ ਤੋਂ ਰਾਜ 'ਚ ਰਹਿ ਰਿਹਾ ਹੋਵੇ ਅਤੇ ਉਸ ਨੇ ਉਥੇ ਸੰਪਤੀ ਹਾਸਲ ਕੀਤੀ ਹੋਵੇ। ਧਾਰਾ 35ਏ ਨਾਲ ਜੰਮੂ ਕਸ਼ਮੀਰ ਨੂੰ ਇਕ ਵਿਸ਼ੇਸ਼ ਰਾਜ ਦਾ ਦਰਜਾ ਦਿੱਤਾ ਗਿਆ ਹੈ।


India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550
Amber Indian Restaurant
Restaurant-Fine Indian Cuisine

12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com


BEST FARE GUARANTEE


WorldWide Travel
www.fly2world.com
866 66 INDIA
4 6 3 4 2
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

ੴ ਸਤਿ ਸ੍ਰੀ ਅਕਾਲ
Regal Jewels
Ph: 773-262-4377
www.Regaljewels.Com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

Diamonds
ਡਾਇਮੰਡ
22kt Gold
22kt ਸੋਨਾ
24kt Gold
24kt ਸੋਨਾ
Rajveer S. Gill
847-907-1525
2625 W. Devon Ave.
Chicago, IL 60659
E-mail: regaljewelsinc@gmail.com

# Sher-E-Punjab Sports & Cultural Society
# Cincinnati, Dayton, Lima, Columbus (OH)

## Sher-E-Punjab Khed Mela IX

## August 10, 2019

(Saturday, 8am-6pm)

**Traders World**
601 North Union Road, Lebanon, Ohio

**Open Invitation To All**

**Sports, Entertainment and a lot more**

**Sports:** Athletics Games for Men, Women & Kids Races, Three Leg Race, Shot Put, Tug of War & Other Activities. **Kids Attraction:** Inflatable Bounce Houses and Board Games and much more.

**Lucky Draw**
1st Prize Motercycle
2nd Prize Laptop
*Entry fee $100*



## Singers








*Women`s Kabaddi Show Match*

**Free Entry & Free Food**

**Media Sponsor**
Chann Pardesi

**Event Sponsored by**

HACKNEY
Since 1891

Tibbi Express Inc.
18 Endeavor Blvd
East Windsor, NJ 08520
Manpreet Singh (Happy Tibbi)
Phone No. (609)947-4777
Tibbi EXPRESS INC.
FREIGHT SOLUTIONS

GEMINI JEWELERS
MANUFACTURERS & WHOLESALERS OF EXQUISITE 22K JEWELRY
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

SHINE AMUSEMENT
Legally Approved System in Ohio
SHAWN
Call: 281-786-7933

Khan
SIGNS & AWNINGS

**No alcohol allowed.** ***Drug Free Games.***

## Prizes

| Kabaddi | Soccer: |
|---|---|
| 1st Prize $10,000 | 1st Prize $2100 |
| 2nd Prize $9,000 | 2nd Prize $1500 |
| 3rd Prize $ 8,000 | **Shoot Volleyball** |
| | 1st prize $1100 |
| **Volleyball** | 2nd Prize $500 |
| 1st prize $3100 | **Kids Games (Cash Awards)** |
| 2nd Prize $2100 | 1st Prize $50 |
| | 2nd Prize $25 |

**For Volleyball Contact:**
Happy Mundi 513-816-2636
Parminder Takhar 937-469-0202
Sarabjit Pappal 330-607-3158

**For Kabbadi Contact:**
Surjeet S. Mavi 513-616-4530
Amarik S. Tiwana 513-410-4101
Happy Matot 513-484-7879
Palwinder Dhillon 718-578-5372

**For Soccer Contact:**
Bobby Sidhu 937-919-4799
Goldi Mundi 732-208-2216
Daljeet Dali 513-720-4375

**Advisory Committee:**
Harinder S. Kang, Gurpreet S. Gill, Vineet Gupta, Mani Ram, Parmjit S. Garcha, Bahadur S. Mundi, Narinderpal Tatla.

SHER-E-PUNJAB SPORTS & CULTURAL SOCIETY INC.

**Society Members:**
Amarjit S. Takhar 937-604-0012
Surjeet S. Mavi 513-616-4530
Kumar Pawandeep 937-838-3767
Charanjit S. Brar 317-903-7400
Amarik S. Tiwana 513-410-4101
Amarjit Aggarwal 937-672-1201
Parminder S. Takhar 937-469-0202
Bobby S. Sidhu (937) 919-4799
Gurminder S. Sandhu 513-550-6134
Bahadur S. Kaler 513-446-9687
Jagtar S. Fantu 513-328-7500
Pritampaul Singh 518-469-7864


www.sherepunjabcincy.com
Email :sherepunjabsociety@gmail.com

## Chief Guest (Salhan Family)




Jathedar Tara Singh Salhan | Baldev Singh Salhan | Gurmit Singh Salhan | Sarabjit Singh Salhan

## Special Guest



Jaspreet Singh Attorney At Law | Harry Ghoman Amarveer Ghoman

## Platinum Sponsors



Amarjit Takhar | Charanjit Brar | Amrik Tiwana | Jaswant S Jassi | Harinder Kang | Bobby Sidhu

## Diamond Sponsors



*Surjeet Mavi | Parminder Takhar | Gurminder Sandhu | Amarjit Aggarwal | Bahadur Kaler | Jagtar Fantu | Pritampaul Singh | Gurpreet Gill | Kavita Goyal*




*Palwinder Dhillon | Vineet Gupta | Sukhdev S. Garcha | Pappal Ghotra | Baljit Singh (Maharaja) | Jas (Amber India) | Pushpinder Bhatti | Gurmail S. Fagura | Happy Matot*

## Gold Sponsors




*Kumar Pawandeep | Agyapal S. Batth | Narinder Pal Tatla | Davinder Mundi | Lakhvir Bassi | Nippy Tiwana | Mani Ram | Bobby New Krishna | Gurcharan S. Kang | Inderjit Begowal | Rajesh Rawal | Bittu Brar | Gurjeet S. Hans | Manpreet (Happy Tibbi) | Jasbir S. Dipty | Balvir S. Dhaliwal*



*Lakhvir Singh | Sonu Sirhind | Davinder Kahlon | J S Chema | Sukhminder Pandher | Makhan Badesha | Balbir Batth | Prithpal Ghotra | Malkit S. Uppal | Sam Moreb | Sukhjinder S.Sandhu | Harpal S. Sangha | Gurdeep S. Sidhu | Pal Khalil | Dr. Kalyan Singh | Rajinder Multani | Onkar S. Jalalpur*

## Silver Sponsors



*Bahadur S. Mundi | Gurpreet Batth | Sohan Lal Gaba | Avtar S. Springfield | Satwant Deol | Mandeep Badesha | Avtar S. Sohal | Kamaljit Singh | Jatinder Bhatti | Gurinder Maneli | Nishan Singh | Sohan Gill*

## Guests of Honor



*Sarwan Tiwana | Amarjit Dhindsa | Didar Dhanoa | Lakha Dhindsa | Gurwinder Babbu | Sarbjit Sidhu | Rimpy Khatra | Dharminder Khatra | Kuldip Lang | Pyara S. Bhatti | Gurmit Batth | Mandip Bhura | Nidhan Singh Matot | Darshan Darar | Varinder Sahi | Happy Heer | Dr. Harjinder Khaira | Jaskarn Dhaliwal | Parwinder Aujla*

**Sponsors:** Rupinder Batth, Sonu Cheema, Harvinder Kang (Binda), Inderjit Singh (KY), Dr. Baljinder Singh, Dalbir Gill, Dr. Ravinder Mann, Gurmeet Bhatti, Amarjit Singh, Gurpreet Cheema, Sat Parkash Chahal, Buta Singh, Nardeep Mavi, Jagtar Singh Xenia, Vicky Singh, Gemini Jewelers, Moreb Wholesales, Janta Transportation, Sunshine Transportation, Speed 1 Transport, DJ Soni, Clarion Hotel, Tigar Style Corp., Makhan Gill, Kirpal Gill, Harpal Gill, Happy & Rubby Dayton, Kang Transport. **Restaurants:** Amber India, Baba India, Guru India, Kanak India, Raja India, New Krishna, Brij Mohan, Krishna Carry Out, Royal Taj, Tandoor India, Indian Bistro, Bombay Star, Curries, Bombay Blazer, Taj Mahal, Aangan Sweets, Indian Spice, Shaan India, Haveli Indian Grill & Cuisine. **Grocers:** Bombay Grocers, Patel Brothers, Niva Grocers, Indian Bazar. **Supporting Organizations:** (Chicago) Shere Punjab Sports & Cultural Club, Punjab Sports Club Midwest, Punjab Sports & Cultural Club, Punjabi Heritage Organization (PHO), Punjabi American Organization, Punjabi Cultural Society (PCS). (Indiana) Punjabi American Youth Club, Five River Entertainment, Meeri-Peeri Sports Club Greenwood. (Michigan) Punjab Sports & Cultural Organization, PCS Kalamazoo and Punjab Sports Club Cleveland (Ohio), Punjabi Heritage Society Kalamazoo.

# ਨਸ਼ਿਆਂ ਖਿਲਾਫ ਮੁਹਿੰਮ ਲਈ ਉਤਰੀ ਸੂਬਿਆਂ ਨੇ ਮਿਲਾਏ ਹੱਥ

**ਚੰਡੀਗੜ੍ਹ:** ਉਤਰੀ ਸੂਬਿਆਂ ਦੇ ਮੁੱਖ ਮੰਤਰੀਆਂ ਨੇ ਨਸ਼ੀਲੇ ਪਦਾਰਥਾਂ ਦੇ ਖਾਤਮੇ ਅਤੇ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਲੋਕ ਲਹਿਰ ਉਸਾਰਨ ਦਾ ਸੱਦਾ ਦਿੱਤਾ ਹੈ। ਨਸ਼ੀਲੇ ਪਦਾਰਥਾਂ ਨੂੰ ਕੌਮੀ ਸਮੱਸਿਆ ਐਲਾਨਦਿਆਂ ਸਾਂਝਾ ਵਰਕਿੰਗ ਗਰੁੱਪ ਕਾਇਮ ਕਰਨ ਦਾ ਫੈਸਲਾ ਕੀਤਾ ਹੈ, ਜਿਸ ਵਿਚ ਸਬੰਧਤ ਸੂਬਿਆਂ ਦੇ ਸਿਹਤ ਤੇ ਸਮਾਜਿਕ ਨਿਆਂ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਹੋਣਗੇ।




ਉਤਰੀ ਸੂਬਿਆਂ ਦੀ ਦੂਜੀ ਕਾਨਫਰੰਸ ਵਿਚ ਸ਼ਾਮਲ ਸੂਬਿਆਂ ਦੇ ਮੁਖੀਆਂ ਨੇ ਪਾਕਿਸਤਾਨ, ਅਫਗਾਨਿਸਤਾਨ, ਨਾਇਜੀਰੀਆ ਅਤੇ ਹੋਰ ਮੁਲਕਾਂ ਤੋਂ ਆਉਂਦੇ ਨਸ਼ਿਆਂ 'ਤੇ ਚਿੰਤਾ ਜ਼ਾਹਰ ਕਰਦਿਆਂ ਇਸ ਸਮੱਸਿਆ ਵਿਰੁੱਧ ਡਟਣ ਅਤੇ ਖਿੱਤੇ ਨੂੰ 'ਨਸ਼ਾ ਮੁਕਤ' ਬਣਾਉਣ ਦਾ ਸੱਦਾ ਦਿੱਤਾ। ਕਾਨਫਰੰਸ ਦੇ ਅਖੀਰ ਵਿਚ ਸਾਂਝਾ ਬਿਆਨ ਜਾਰੀ ਕਰਦਿਆਂ ਪੰਜਾਬ, ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਦੇ ਮੁੱਖ ਮੰਤਰੀਆਂ ਤੋਂ ਇਲਾਵਾ ਦਿੱਲੀ, ਜੰਮੂ-ਕਸ਼ਮੀਰ ਅਤੇ ਚੰਡੀਗੜ੍ਹ ਦੇ ਉਚ ਅਧਿਕਾਰੀਆਂ ਨੇ ਖਿੱਤੇ ਵਿਚੋਂ ਨਸ਼ਿਆਂ ਦੀ ਲਾਹਨਤ ਨੂੰ ਖਤਮ ਲਈ ਜ਼ੋਰਦਾਰ ਕਦਮ ਚੁੱਕਣ 'ਤੇ ਰਜ਼ਾਮੰਦੀ ਜ਼ਾਹਰ ਕਰਦਿਆਂ ਅੰਤਰਰਾਜੀ ਸਰਹੱਦਾਂ ਉਤੇ ਸਾਂਝੀ ਕਾਰਵਾਈ ਚਲਾਉਣ 'ਤੇ ਸਹਿਮਤੀ ਪ੍ਰਗਟਾਈ। ਨਸ਼ਿਆਂ ਨੂੰ ਕੌਮੀ ਸਮੱਸਿਆ ਮੰਨਦਿਆਂ ਇਸ ਨੂੰ ਜੜ੍ਹੋਂ ਪੁੱਟਣ ਲਈ ਸਾਂਝੇ ਤੌਰ 'ਤੇ ਯਤਨ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ। ਇਸ ਸਮੱਸਿਆ ਨਾਲ ਹੋਰ ਕਾਰਗਰ ਢੰਗ ਨਾਲ ਨਜਿੱਠਣ ਲਈ ਸਾਰੇ ਸੂਬਿਆਂ ਵੱਲੋਂ ਕੌਮੀ ਡਰੱਗ ਨੀਤੀ ਲਿਆਉਣ ਵਾਸਤੇ ਭਾਰਤ ਸਰਕਾਰ 'ਤੇ ਸਾਂਝੇ ਤੌਰ ਉਤੇ ਜ਼ੋਰ ਪਾਉਣ ਲਈ ਸਹਿਮਤੀ ਬਣੀ।

ਐਨ.ਡੀ.ਪੀ.ਐਸ. ਕੇਸਾਂ ਦੀ ਸਹੀ ਪੜਤਾਲ ਕਰਨ ਲਈ ਚੰਡੀਗੜ੍ਹ ਵਿਚ ਰਿਜਨਲ ਟ੍ਰੇਨਿੰਗ ਸੈਂਟਰ ਫਾਰ ਟ੍ਰੇਨਿੰਗ ਆਫ ਇਨਵੈਸਟੀਗੇਟਰਜ਼ ਖੋਲ੍ਹਣ 'ਤੇ ਵਿਚਾਰ ਕਰਨ ਲਈ ਸਹਿਮਤੀ ਜ਼ਾਹਰ ਕੀਤੀ। ਨਵੀਂ ਦਿੱਲੀ ਵਿਚ ਏਮਜ਼ ਸਥਿਤ ਨੈਸ਼ਨਲ ਡਰੱਗ ਡਿਪੈਂਡੈਂਸ ਟਰੀਟਮੈਂਟ ਸੈਂਟਰ ਦੀ ਤਰਜ਼ ਉਤੇ ਚੰਡੀਗੜ੍ਹ ਟ੍ਰਾਈਸਿਟੀ ਵਿਚ ਰਿਜਨਲ ਡਰੱਗ ਡਿਪੈਂਡੈਂਸ ਟਰੀਟਮੈਂਟ ਸੈਂਟਰ ਦੀ ਸਥਾਪਨਾ ਦਾ ਪ੍ਰਸਤਾਵ ਭਾਰਤ ਸਰਕਾਰ ਕੋਲ ਪੇਸ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਕਾਨਫਰੰਸ ਦਾ ਆਗਾਜ਼ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੀਤਾ, ਜਿਨ੍ਹਾਂ ਨੇ ਇਸ ਸਮੱਸਿਆ ਨਾਲ ਨਿਪਟਣ ਲਈ ਕੁਝ ਸਖਤ ਕਦਮ ਚੁੱਕਣ ਦਾ ਸੁਝਾਅ ਦਿੱਤਾ। ਇਸ ਕਾਨਫਰੰਸ ਵਿਚ ਆਈ.ਬੀ., ਐਨ.ਸੀ.ਬੀ. ਅਤੇ ਹੋਰ ਕੇਂਦਰੀ ਏਜੰਸੀਆਂ ਦੇ ਅਧਿਕਾਰੀ ਵੀ ਹਾਜ਼ਰ ਸਨ। ਆਈ.ਐਸ.ਆਈ. ਵੱਲੋਂ 'ਨਸ਼ਿਆਂ ਦੇ ਅਤਿਵਾਦ' ਦੀ ਚੁਣੌਤੀ ਬਾਰੇ ਗੱਲ ਕਰਦਿਆਂ ਕੈਪਟਨ ਨੇ ਕਿਹਾ ਕਿ ਨਸ਼ਿਆਂ ਦੇ ਵਪਾਰ ਤੋਂ ਆ ਰਿਹਾ ਪੈਸਾ ਪਾਕਿਸਤਾਨ ਵੱਲੋਂ ਭਾਰਤ ਵਿਚ ਆਪਣੀਆਂ ਘਿਨਾਉਣੀਆਂ ਅਤੇ ਫੁੱਟ ਪਾਊ ਕਾਰਵਾਈਆਂ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਈ.ਐਸ.ਆਈ. ਵੱਲੋਂ ਕਰਤਾਰਪੁਰ ਲਾਂਘੇ ਵਰਗੇ ਕਦਮਾਂ ਰਾਹੀਂ ਸਿੱਖਾਂ ਦੇ ਜਜ਼ਬਾਤ ਨਾਲ ਖੇਡਿਆ ਜਾ ਰਿਹਾ ਹੈ। ਐਸ.ਐਫ.ਜੇ. ਵੱਲੋਂ ਰਾਇਸ਼ੁਮਾਰੀ-2020 ਰਾਹੀਂ ਪੰਜਾਬ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਸੂਬਿਆਂ ਵਿਚ ਮਕੋਕਾ ਵਰਗੇ ਕਾਨੂੰਨ ਲਾਗੂ ਕਰਨ ਤੋਂ ਪਹਿਲਾਂ ਜਾਇਜ਼ੇ ਦਾ ਸੱਦਾ ਦਿੱਤਾ ਹੈ ਕਿਉਂਕਿ ਇਨ੍ਹਾਂ ਦੀ ਦੁਰਵਰਤੋਂ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਐਨ.ਡੀ.ਪੀ.ਐਸ. ਐਕਟ ਨੂੰ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੱਤਾ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਨਸ਼ਿਆਂ ਦੀ ਸਮੱਸਿਆ ਨਾਲ ਨਿਪਟਣ ਲਈ ਸਾਂਝੇ ਵਿਆਪਕ ਪ੍ਰੋਗਰਾਮ ਦਾ ਸੱਦਾ ਦਿੱਤਾ। ਉਨ੍ਹਾਂ ਨੇ ਇਸ ਨੂੰ ਸਿਆਸੀ ਦੀ ਥਾਂ ਸਮਾਜਿਕ ਮੁੱਦਾ ਦੱਸਿਆ। ਉਨ੍ਹਾਂ ਨੇ ਡੀਲਰਾਂ ਅਤੇ ਉਨ੍ਹਾਂ ਦੇ ਜੋਟੀਦਾਰਾਂ ਦੇ ਨਾਲ-ਨਾਲ ਭਗੌੜੇ ਅਪਰਾਧੀਆਂ 'ਤੇ ਨਿਗਰਾਨੀ ਰੱਖਣ ਲਈ ਅੰਤਰਰਾਜੀ ਸੈੱਲ ਫੋਨ ਆਧਾਰਿਤ ਡਾਟਾ ਵਰਤਣ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਹਰਿਆਣਾ ਨੇ ਜਥੇਬੰਦਕ ਅਪਰਾਧਾਂ ਨੂੰ ਰੋਕਣ ਲਈ ਹਕੋਕਾ (ਹਰਿਆਣਾ ਕੰਟਰੋਲ ਆਫ ਆਰਗੇਨਾਈਜ਼ਡ ਕਰਾਇਮ ਐਕਟ) ਬਣਾਉਣ ਲਈ ਸਾਰੇ ਰਾਹ ਪੱਧਰੇ ਕਰ ਲਏ ਹਨ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਿਹਾ ਕਿ ਪਾਕਿਸਤਾਨ ਨਾਲ ਸਰਹੱਦ ਲੱਗਣ ਕਰਕੇ ਨਸ਼ਿਆਂ ਦੀ ਤਸਕਰੀ ਕਾਰਨ ਉਨ੍ਹਾਂ ਦੇ ਸੂਬੇ ਨੂੰ ਭਾਰੀ ਨੁਕਸਾਨ ਉਠਾਉਣਾ ਪੈ ਰਿਹਾ ਹੈ। ਉਨ੍ਹਾਂ ਕੌਮੀ ਡਰੱਗ ਨੀਤੀ ਬਣਾਏ ਜਾਣ ਦੀ ਹਮਾਇਤ ਕੀਤੀ।

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਵੀ ਉੱਤਰੀ ਸੂਬਿਆਂ ਦੀਆਂ ਕੋਸ਼ਿਸ਼ਾਂ ਦੀ ਹੋਰ ਮਜ਼ਬੂਤੀ ਲਈ ਨੀਤੀ/ਯੋਜਨਾ ਘੜੇ ਜਾਣ ਦਾ ਸੱਦਾ ਦਿੱਤਾ ਹੈ। ਉੱਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦਰਾ ਸਿੰਘ ਰਾਵਤ ਦਾ ਖਿਆਲ ਸੀ ਕਿ ਨਸ਼ਿਆਂ ਬਾਰੇ ਜਾਗਰੂਕਤਾ ਮੁਹਿੰਮ ਸਕੂਲ ਸਿੱਖਿਆ ਦਾ ਹਿੱਸਾ ਬਣਨੀ ਚਾਹੀਦੀ ਹੈ। ਪੰਜਾਬ ਦੇ ਪੁਲਿਸ ਦੇ ਮੁਖੀ ਦਿਨਕਰ ਗੁਪਤਾ ਨੇ ਐਨ.ਆਈ.ਏ. ਦੀ ਤਰਜ਼ 'ਤੇ ਸਿਰਫ ਨਸ਼ਿਆਂ ਬਾਰੇ ਹੀ ਵੱਖਰੀ ਕੇਂਦਰੀ ਏਜੰਸੀ ਬਣਾਉਣ ਦੀ ਵਕਾਲਤ ਕੀਤੀ। ਹਿਮਾਚਲ ਪ੍ਰਦੇਸ਼ ਅਗਲੀ ਖੇਤਰੀ ਕਾਨਫਰੰਸ ਦੀ ਮੇਜ਼ਬਾਨੀ ਕਰੇਗਾ, ਜੋ ਅਗਲੇ ਸਾਲ ਦੇ ਸ਼ੁਰੂ ਵਿਚ ਸ਼ਿਮਲਾ ਵਿਚ ਹੋਵੇਗੀ।

## ਨਸ਼ਾ ਤਸਕਰਾਂ ਖਿਲਾਫ ਪੁਲਿਸ ਦੀ ਸਰਗਰਮੀ

**ਚੰਡੀਗੜ੍ਹ:** ਸੂਬਾ ਪੁਲਿਸ ਮੁਖੀ ਦਿਨਕਰ ਗੁਪਤਾ ਅਤੇ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਜ਼ਿਲ੍ਹਾ ਪੁਲਿਸ ਮੁਖੀਆਂ ਅਤੇ ਹੋਰਨਾਂ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਨਸ਼ਿਆਂ ਦੀ ਤਸਕਰੀ ਨਾ ਰੋਕਣ ਦੇ ਮਾਮਲੇ 'ਚ ਡੀ.ਐਸ.ਪੀ. ਅਤੇ ਥਾਣਾ ਮੁਖੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਜਿਸ ਖੇਤਰ ਵਿਚ ਤਸਕਰੀ ਨੂੰ ਠੱਲ੍ਹ ਨਾ ਪਈ, ਉਸ ਖੇਤਰ ਦੇ ਡੀ.ਐਸ.ਪੀ. ਜਾਂ ਥਾਣਾ ਮੁਖੀ ਦਾ ਮਹਿਜ਼ ਤਬਾਦਲਾ ਹੀ ਨਹੀਂ ਹੋਵੇਗਾ ਸਗੋਂ ਕਾਨੂੰਨੀ ਕਾਰਵਾਈ ਤੇ ਮੁਅੱਤਲੀ ਜਾਂ ਬਰਖਾਸਤਗੀ ਵਰਗੇ ਕਦਮ ਚੁੱਕੇ ਜਾ ਸਕਦੇ ਹਨ। ਸੂਤਰਾਂ ਦਾ ਦੱਸਣਾ ਹੈ ਕਿ ਡੀ.ਜੀ.ਪੀ. ਤੇ ਹੋਰਨਾਂ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਕਿਸੇ ਇਲਾਕੇ ਵਿਚ ਪੁਲਿਸ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਨਸ਼ਾ ਵਿਕਦਾ ਹੈ ਤਾਂ ਅਜਿਹੇ ਅਧਿਕਾਰੀਆਂ ਦੀ ਬਰਖਾਸਤਗੀ ਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇ। ਦੱਸਣਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਵੇਂ ਤਸਕਰਾਂ ਨਾਲ ਰਲੇ ਹੋਏ ਪੁਲਿਸ ਅਫਸਰਾਂ ਜਾਂ ਮੁਲਾਜ਼ਮਾਂ ਖਿਲਾਫ ਕਾਰਵਾਈ ਲਈ ਪਹਿਲਾਂ ਹੀ ਕਹਿ ਚੁੱਕੇ ਹਨ ਪਰ ਡੀ.ਜੀ.ਪੀ. ਵੱਲੋਂ ਇਸ ਮਾਮਲੇ 'ਤੇ ਪਹਿਲੀ ਵਾਰ ਮੀਟਿੰਗ ਕੀਤੀ ਗਈ ਹੈ।

## ਕੈਪਟਨ ਵੱਲੋਂ ਪਾਕਿਸਤਾਨ ਵੱਲ ਉਂਗਲ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਈ.ਐਸ.ਆਈ. ਵੱਲੋਂ 'ਨਸ਼ਿਆਂ ਦੇ ਅਤਿਵਾਦ' ਦੀ ਚੁਣੌਤੀ ਬਾਰੇ ਗੱਲ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਵਪਾਰ ਤੋਂ ਆ ਰਿਹਾ ਪੈਸਾ ਪਾਕਿਸਤਾਨ ਵੱਲੋਂ ਭਾਰਤ ਵਿਚ ਆਪਣੀਆਂ ਘਿਨਾਉਣੀਆਂ ਅਤੇ ਫੁੱਟ ਪਾਊ ਕਾਰਵਾਈਆਂ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਈ.ਐਸ.ਆਈ. ਵੱਲੋਂ ਕਰਤਾਰਪੁਰ ਲਾਂਘੇ ਵਰਗੇ ਕਦਮਾਂ ਰਾਹੀਂ ਸਿੱਖਾਂ ਦੇ ਜਜ਼ਬਾਤ ਨਾਲ ਖੇਡਿਆ ਜਾ ਰਿਹਾ ਹੈ। ਐਸ.ਐਫ.ਜੇ. ਵੱਲੋਂ ਰਾਇਸ਼ੁਮਾਰੀ-2020 ਰਾਹੀਂ ਪੰਜਾਬ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਸੂਬਿਆਂ ਵਿਚ ਮਕੋਕਾ ਵਰਗੇ ਕਾਨੂੰਨ ਲਾਗੂ ਕਰਨ ਤੋਂ ਪਹਿਲਾਂ ਜਾਇਜ਼ੇ ਦਾ ਸੱਦਾ ਦਿੱਤਾ ਹੈ ਕਿਉਂਕਿ ਇਨ੍ਹਾਂ ਦੀ ਦੁਰਵਰਤੋਂ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਐਨ.ਡੀ.ਪੀ.ਐਸ. ਐਕਟ ਨੂੰ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੱਤਾ।

# ਸਿੱਧੂ ਦੇ ਰੋਸੇ ਦੂਰ ਕਰਨ ਲਈ ਭੱਜ-ਨੱਠ

**ਅੰਮ੍ਰਿਤਸਰ:** ਕਾਂਗਰਸੀ ਮੰਤਰੀ ਮੰਡਲ ਤੋਂ ਅਸਤੀਫਾ ਦੇਣ ਮਗਰੋਂ ਅੰਮ੍ਰਿਤਸਰ ਪਰਤੇ ਨਵਜੋਤ ਸਿੰਘ ਸਿੱਧੂ ਨਾਲ ਲਗਭਗ ਇਕ ਹਫਤੇ ਪਿਛੋਂ ਕਾਂਗਰਸੀ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਮੁਲਾਕਾਤ ਕੀਤੀ। ਇਸ ਮੁਲਾਕਾਤ ਨੂੰ ਭਾਵੇਂ ਨਿੱਜੀ ਮੁਲਾਕਾਤ ਦੱਸਿਆ ਗਿਆ ਹੈ ਪਰ ਕਾਂਗਰਸੀ ਹਲਕਿਆਂ 'ਚ ਚਰਚਾ ਹੈ ਕਿ ਸਿੱਧੂ ਦੀ ਨਾਰਾਜ਼ਗੀ ਦੂਰ ਕਰਨ ਲਈ ਚਾਰਾਜੋਈ ਸ਼ੁਰੂ ਕੀਤੀ ਗਈ ਹੈ।



ਸ੍ਰੀ ਸਿੱਧੂ ਦੇ ਘਰ ਉਨ੍ਹਾਂ ਨਾਲ ਮੁਲਾਕਾਤ ਕਰਕੇ ਪਰਤੇ ਰਾਜ ਕੁਮਾਰ ਵੇਰਕਾ ਜਿਨ੍ਹਾਂ ਨੂੰ ਹਾਲ ਹੀ ਵਿਚ ਕਾਂਗਰਸ ਸਰਕਾਰ ਵੱਲੋਂ ਕੈਬਨਿਟ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ, ਨੇ ਦੱਸਿਆ ਕਿ ਉਹ ਨਿੱਜੀ ਤੌਰ 'ਤੇ ਸ੍ਰੀ ਸਿੱਧੂ ਨੂੰ ਮਿਲਣ ਗਏ ਸਨ। ਉਨ੍ਹਾਂ ਇਸ ਗੱਲ ਨੂੰ ਖਾਰਜ ਕੀਤਾ ਕਿ ਪਾਰਟੀ ਦੇ ਦਿਸ਼ਾ ਨਿਰਦੇਸ਼ਾਂ ਉਤੇ ਮੁਲਾਕਾਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਸਿੱਧੂ ਨੇ ਮੁਲਾਕਾਤ ਦੌਰਾਨ ਕਾਂਗਰਸ ਨਾਲ ਕਿਸੇ ਵੀ ਤਰ੍ਹਾਂ ਦੀ ਨਾਰਾਜ਼ਗੀ ਬਾਰੇ ਕੋਈ ਗੱਲ ਨਹੀਂ ਕੀਤੀ। ਉਹ ਪੱਕੇ ਤੌਰ 'ਤੇ ਕਾਂਗਰਸ ਨਾਲ ਹਨ ਅਤੇ ਕਾਂਗਰਸ ਵਾਸਤੇ ਕੰਮ ਕਰ ਰਹੇ ਹਨ। ਸ਼ਹਿਰ ਵਿਚ ਵਿਕਾਸ ਲਈ ਅਤੇ ਖਾਸ ਕਰਕੇ ਆਪਣੇ ਹਲਕੇ ਦੇ ਵਿਕਾਸ ਵਾਸਤੇ ਨਿਰੰਤਰ ਲੋਕਾਂ ਨਾਲ ਮੁਲਾਕਾਤਾਂ ਵੀ ਕਰ ਰਹੇ ਹਨ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਨੂੰ ਕੋਈ ਚੁਣੌਤੀ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਚੱਲ ਰਹੀ ਨਾਰਾਜ਼ਗੀ ਬਾਰੇ ਉਨ੍ਹਾਂ ਕੁਝ ਵੀ ਕਹਿਣ ਤੋਂ ਗੁਰੇਜ਼ ਕੀਤਾ।

ਦੱਸਣਯੋਗ ਹੈ ਕਿ ਸ੍ਰੀ ਸਿੱਧੂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਹੁਣ ਤੱਕ ਕਿਸੇ ਸੀਨੀਅਰ ਕਾਂਗਰਸੀ ਆਗੂ ਨੂੰ ਨਹੀਂ ਮਿਲੇ ਤੇ ਨਾ ਹੀ ਕੋਈ ਸੀਨੀਅਰ ਕਾਂਗਰਸੀ ਆਗੂ ਉਨ੍ਹਾਂ ਨਾਲ ਮੁਲਾਕਾਤ ਲਈ ਗਿਆ। ਜਦੋਂਕਿ ਸ਼ਹਿਰ ਵਿਚ ਕੈਬਨਿਟ ਮੰਤਰੀ ਓ ਪੀ ਸੋਨੀ, ਸੁਖਬਿੰਦਰ ਸਿੰਘ ਸਰਕਾਰੀਆ ਦੋ ਮੰਤਰੀ ਵੀ ਹਨ। ਲਗਭਗ ਇਕ ਹਫਤੇ ਬਾਅਦ ਪਹਿਲੀ ਵਾਰ ਰਾਜ ਕੁਮਾਰ ਵੇਰਕਾ ਸ੍ਰੀ ਸਿੱਧੂ ਨੂੰ ਮਿਲਣ ਲਈ ਗਏ ਹਨ। ਇਸ ਦੌਰਾਨ ਸ੍ਰੀ ਸਿੱਧੂ ਵੱਲੋਂ ਆਪਣੇ ਹਲਕੇ ਦੇ ਵਿਕਾਸ ਸਬੰਧੀ ਕਾਂਗਰਸੀ ਕੌਂਸਲਰਾਂ ਤੇ ਹੋਰ ਆਗੂਆਂ ਨਾਲ ਮੁਲਾਕਾਤ ਦਾ ਸਿਲਸਿਲਾ ਜਾਰੀ ਰੱਖਿਆ ਗਿਆ।

## ਆਸਟਰੇਲੀਆ ਪੜ੍ਹਦੇ ਪੰਜਾਬੀ ਵਿਦਿਆਰਥੀ ਦੀ ਮੌਤ

**ਨੂਰਪੁਰ ਬੇਦੀ:** ਆਸਟਰੇਲੀਆ ਸਟੱਡੀ ਵੀਜ਼ੇ 'ਤੇ ਗਏ ਨਜ਼ਦੀਕੀ ਪਿੰਡ ਜੱਟਪੁਰ ਦੇ 24 ਸਾਲਾ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਹਰਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ 4 ਸਾਲ ਪਹਿਲਾ ਸਿਡਨੀ ਗਿਆ ਸੀ ਤੇ ਉਸ ਦਾ ਕੋਰਸ ਖਤਮ ਹੋਣ ਵਾਲਾ ਸੀ। ਮ੍ਰਿਤਕ ਦਾ ਪਿਤਾ ਦੁਬਈ ਵਿਚ ਤੇ ਵੱਡਾ ਭਰਾ ਜਸਪ੍ਰੀਤ ਸਿੰਘ ਕੈਨੇਡਾ ਵਿਚ ਹੈ।

# ਪਰਵਾਸ ਦਾ ਚਾਅ: ਧੋਖੇਬਾਜ਼ ਏਜੰਟਾਂ ਦੇ ਜਾਲ ਵਿਚ ਫਸੇ ਪੰਜਾਬੀ ਨੌਜਵਾਨ

**ਚੰਡੀਗੜ੍ਹ:** ਪੰਜਾਬ ਵਿਚੋਂ ਕਿਸੇ ਵੀ ਹਾਲ ਵਿਦੇਸ਼ ਚਲੇ ਜਾਣ ਦੀ ਚਾਹਤ ਤਹਿਤ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋਏ ਸੱਤ ਨੌਜਵਾਨਾਂ ਦੇ ਵਾਪਸ ਆ ਜਾਣ ਨਾਲ ਮਾਪਿਆਂ ਨੇ ਸੁੱਖ ਦਾ ਸਾਹ ਲਿਆ ਹੈ। ਇਸ ਤੋਂ ਪਹਿਲਾਂ ਇਰਾਕ ਗਏ 30 ਦੇ ਕਰੀਬ ਪੰਜਾਬੀਆਂ ਦੇ ਪਿੰਜਰ ਹੀ ਵਾਪਸ ਆ ਸਕੇ ਸਨ ਅਤੇ ਸਾਲਾਂਬੱਧੀ ਮਾਪਿਆਂ ਨੂੰ ਉਡੀਕ ਕਰਨੀ ਪਈ ਸੀ।

ਏਜੰਟਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਵਰਗਲਾ ਕੇ 7 ਤੋਂ 800 ਡਾਲਰ ਪ੍ਰਤੀ ਮਹੀਨਾ ਤਨਖਾਹ ਅਤੇ ਖਾਣਾ ਮਿਲਣ ਦਾ ਵਾਅਦਾ ਕੀਤਾ ਸੀ ਪਰ ਉਥੇ ਜਾ ਕੇ ਹੀ ਪਤਾ ਲੱਗਿਆ ਕਿ ਕਾਗਜ਼ ਪੱਤਰਾਂ ਉਤੇ ਅਜਿਹਾ ਕੋਈ ਸਮਝੌਤਾ ਨਹੀਂ। ਇਥੋਂ ਤੱਕ ਕਿ ਇਨ੍ਹਾਂ ਨੌਜਵਾਨਾਂ ਦੇ ਨਾਮ ਕੋਈ ਵਰਕਿੰਗ ਐਗਰੀਮੈਂਟ ਵੀ ਨਹੀਂ ਹੈ। ਇਸ ਲਈ ਕੰਮ ਦੀ ਬਜਾਏ ਉਨ੍ਹਾਂ ਉਤੇ ਜੁਰਮਾਨਾ ਲਗਦਾ ਰਿਹਾ ਜੋ 14 ਹਜ਼ਾਰ ਡਾਲਰ ਤੱਕ ਪਹੁੰਚ ਗਿਆ। ਉਨ੍ਹਾਂ ਦੇ ਮਾਪਿਆਂ ਵੱਲੋਂ ਸੰਪਰਕ ਕਰਨ ਉਤੇ ਅਕਾਲੀ ਆਗੂਆਂ ਦੇ ਦਖਲ ਨਾਲ ਵਿਦੇਸ਼ ਮੰਤਰਾਲੇ ਨੇ ਇਨ੍ਹਾਂ ਨੂੰ ਵਾਪਸ ਲਿਆਉਣ ਦਾ ਰਾਹ ਤਿਆਰ ਕਰਵਾ ਦਿੱਤਾ।

ਇਹ ਪਹਿਲਾ ਮੌਕਾ ਨਹੀਂ ਕਿ ਨੌਜਵਾਨਾਂ ਨਾਲ ਧੋਖਾ ਹੋਇਆ ਹੈ। ਅਮਰੀਕਾ ਅਤੇ ਯੂਰਪੀਅਨ ਦੇਸ਼ਾਂ ਵਿਚ ਗੈਰਕਾਨੂੰਨੀ ਜਾਣ ਵਾਲੇ ਹਜ਼ਾਰਾਂ ਪੰਜਾਬੀ ਜੇਲ੍ਹਾਂ ਵਿਚ ਹਨ। ਵਿਦਿਆਰਥੀ ਵੀਜ਼ੇ ਰਾਹੀਂ ਜਾਣ ਵਾਲਿਆਂ ਦੀ ਗਿਣਤੀ ਪ੍ਰਤੀ ਸਾਲ ਵਧਦੀ ਜਾ ਰਹੀ ਹੈ ਅਤੇ ਇਹ ਡੇਢ ਲੱਖ ਨੂੰ ਢੁੱਕ ਚੁੱਕੀ ਹੈ। ਇਨ੍ਹਾਂ ਤੋਂ ਇਲਾਵਾ ਵੀ ਨੌਜਵਾਨਾਂ ਨੂੰ ਪੰਜਾਬ ਅੰਦਰ ਜਿਊਣ ਦੀ ਉਮੀਦ ਖਤਮ ਹੁੰਦੀ ਨਜ਼ਰ ਆ ਰਹੀ ਹੈ। ਰੁਜ਼ਗਾਰ ਦੀ ਗਰੰਟੀ ਜਾਂ ਸਵੈਮਾਣ ਨਾਲ ਜੀਵਨ ਜਿਊਣ ਦੇ ਹਾਲਾਤ ਨਾ ਹੋਣ ਦੀ ਦਲੀਲ ਦਿੰਦਿਆਂ ਪੰਜਾਬੀਆਂ ਦਾ ਆਪਣੀ ਮਿੱਟੀ ਨਾਲੋਂ ਮੋਹ ਭੰਗ ਹੋ ਚੁੱਕਾ ਹੈ। ਪੰਜਾਬ ਦੇ ਤਾਣੇ-ਬਾਣੇ ਨੂੰ ਠੀਕ ਕਰਨ ਦੇ ਸਮੂਹਿਕ ਉਪਰਾਲੇ ਦੀ ਥਾਂ ਇਕੱਲੇ ਇਕੱਲੇ ਆਪਣਾ ਜੀਵਨ ਸੰਵਾਰਨ ਦਾ ਰਾਹ ਵਿਦੇਸ਼ਾਂ ਦੀ ਖੁਆਰੀ ਦਾ ਸਬੱਬ ਵੀ ਬਣ ਰਿਹਾ ਹੈ।

ਇੰਨੇ ਵੱਡੇ ਪੱਧਰ ਉਤੇ ਇਕ ਤਰ੍ਹਾਂ ਇਸ ਮਜਬੂਰੀ ਵੱਸ ਹਿਜਰਤ ਦੇ ਬਾਵਜੂਦ ਨੀਤੀ ਘਾੜਿਆਂ ਅਤੇ ਸਰਕਾਰਾਂ ਲਈ ਇਹ ਚਿੰਤਾ ਅਤੇ ਚਿੰਤਨ ਦਾ ਮੁੱਦਾ ਹੀ ਨਹੀਂ। ਪੰਜਾਬ ਵਿਚ ਆਏ ਦਿਨ ਠੱਗ ਰਹੇ ਟਰੈਵਲ ਏਜੰਟਾਂ ਨੂੰ ਵੀ ਨੱਥ ਨਹੀਂ ਪਾਈ ਜਾ ਰਹੀ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਠ ਮਹੀਨਿਆਂ ਤੋਂ ਇਰਾਕ ਵਿਚ ਫਸੇ ਰਹਿਣ ਮਗਰੋਂ ਵਤਨ ਪਰਤੇ ਸੱਤ ਪੰਜਾਬੀ ਨੌਜਵਾਨਾਂ ਦਾ ਸਵਾਗਤ ਕੀਤਾ ਅਤੇ ਪੰਜਾਬ ਸਰਕਾਰ ਤੋਂ ਉਨ੍ਹਾਂ ਠੱਗ ਟਰੈਵਲ ਏਜੰਟਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ, ਜਿਹੜੇ ਪੰਜਾਬੀ ਲੜਕੀਆਂ ਨੂੰ ਵਿਦੇਸ਼ਾਂ ਵਿਚ ਨੌਕਰੀ ਦਿਵਾਉਣ ਦੀ ਆੜ ਵਿਚ ਵੇਚ ਦਿੰਦੇ ਹਨ। ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਅਕਾਲੀ ਦਲ ਪ੍ਰਧਾਨ ਨੇ ਵਿਦੇਸ਼ ਮੰਤਰਾਲੇ ਦਾ ਧੰਨਵਾਦ ਕੀਤਾ, ਜਿਸ ਨੇ ਸੱਤ ਲੜਕਿਆਂ ਦੀ ਵਾਪਸੀ ਲਈ ਇਰਬਿਲ ਦੇ ਕੌਂਸਲ ਜਨਰਲ ਨੂੰ ਦਖਲ ਦੇਣ ਅਤੇ ਲੋੜੀਂਦੇ ਕਦਮ ਚੁੱਕਣ ਲਈ ਕਿਹਾ ਸੀ। ਉਨ੍ਹਾਂ ਅਕਾਲੀ ਦਲ ਦੇ ਵਰਕਰਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੌਜਵਾਨਾਂ ਦੀ ਵਾਪਸੀ ਲਈ ਟਿਕਟਾਂ ਦਾ ਪ੍ਰਬੰਧ ਕੀਤਾ।

## ਟਰੈਵਲ ਏਜੰਟਾਂ ਖਿਲਾਫ ਸਖਤੀ ਦੀ ਉਠੀ ਮੰਗ

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਲੋਕਾਂ ਨੂੰ ਠੱਗਣ ਵਾਲੇ ਸਾਰੇ ਟਰੈਵਲ ਏਜੰਟਾਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਸਾਰੀਆਂ ਔਰਤਾਂ ਨੂੰ ਵਾਪਸ ਲਿਆਉਣ ਲਈ ਕਦਮ ਚੁੱਕਣੇ ਚਾਹੀਦੇ ਹਨ ਜਿਨ੍ਹਾਂ ਨੂੰ ਵਿਦੇਸ਼ਾਂ ਵਿਚ ਨੌਕਰੀਆਂ ਦਿਵਾਉਣ ਦੇ ਬਹਾਨੇ ਇਰਾਕ ਅਤੇ ਦੂਜੀਆਂ ਥਾਵਾਂ 'ਤੇ ਵੇਚ ਦਿੱਤਾ ਜਾਂਦਾ ਹੈ। ਹਰਸਿਮਰਤ ਬਾਦਲ ਨੇ ਕਿਹਾ ਕਿ ਇਨ੍ਹਾਂ ਨੌਜਵਾਨਾਂ ਨਾਲ ਦੋਹਰੀ ਠੱਗੀ ਵੱਜੀ ਹੈ। ਪਹਿਲਾਂ ਉਨ੍ਹਾਂ ਨੂੰ ਕਾਂਗਰਸ ਸਰਕਾਰ ਵੱਲੋਂ ਠੱਗਿਆ ਗਿਆ ਹੈ ਜਿਸ ਨੇ ਘਰ ਘਰ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ ਜੋ ਪੂਰਾ ਨਹੀਂ ਕੀਤਾ ਅਤੇ ਹੁਣ ਉਨ੍ਹਾਂ ਨੂੰ ਟਰੈਵਲ ਏਜੰਟਾਂ ਨੇ ਠੱਗ ਲਿਆ ਹੈ। ਬਿਕਰਮ ਸਿੰਘ ਮਜੀਠੀਆ ਨੇ ਖੁਲਾਸਾ ਕੀਤਾ ਕਿ ਕਾਂਗਰਸੀ ਆਗੂਆਂ ਨੇ ਉਸ ਏਜੰਟ ਨੂੰ ਸ਼ਰਨ ਦਿੱਤੀ ਸੀ, ਜਿਸ ਨੇ ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ ਭੇਜਿਆ ਸੀ।

## ਮਾਨਵਤਾ ਦੇ ਮਸੀਹਾ ਬਾਬਾ ਲਾਭ ਸਿੰਘ ਨਹੀਂ ਰਹੇ

**ਸ੍ਰੀ ਆਨੰਦਪੁਰ ਸਾਹਿਬ:** ਸੇਵਾ ਦੇ ਪੁੰਜ ਸੰਤ ਲਾਭ ਸਿੰਘ (97) ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਨੂੰ ਸਵੇਰੇ ਪ੍ਰਸ਼ਾਦਾ ਛਕਣ ਵੇਲੇ ਸਾਹ ਲੈਣ ਵਿਚ ਤਕਲੀਫ ਹੋਈ। ਉਨ੍ਹਾਂ ਨੂੰ ਤੁਰਤ ਸ੍ਰੀ ਆਨੰਦਪੁਰ ਸਾਹਿਬ ਦੇ ਗੁਰੂ ਤੇਗ ਬਹਾਦਰ ਮਲਟੀਸਪੈਸ਼ਲਿਟੀ ਹਸਪਤਾਲ ਲਿਜਾਇਆ ਗਿਆ ਜਿਥੇ ਉਨ੍ਹਾਂ ਆਖਰੀ ਸਾਹ ਲਏ। ਉਨ੍ਹਾਂ ਦਾ ਜਨਮ 15 ਜੂਨ, 1923 ਨੂੰ ਅੰਮ੍ਰਿਤਸਰ ਦੇ ਝਬਾਲ ਨਜ਼ਦੀਕ ਪੈਂਦੇ ਪਿੰਡ ਸਘਣਾ ਵਿਚ ਹੋਇਆ।

ਉਨ੍ਹਾਂ ਛੋਟੀ ਉਮਰੇ ਹੀ ਦਰਬਾਰ ਸਾਹਿਬ ਵਿਖੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੀ ਪ੍ਰਭੂ ਭਗਤੀ, ਸੇਵਾ ਤੇ ਸਿਮਰਨ ਦੀ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਕਿਲਾ ਅਨੰਦਗੜ੍ਹ ਸਾਹਿਬ ਦੇ ਸਮੁੱਚੇ ਪ੍ਰਬੰਧ ਦੀ ਸੇਵਾ ਸੌਂਪ ਦਿੱਤੀ ਗਈ। ਬਾਬਾ ਜੀ ਨੇ ਆਪਣੇ ਜੀਵਨ ਦੌਰਾਨ ਲਗਭਗ 259 ਗੁਰਦੁਆਰਿਆਂ, ਮੰਦਰਾਂ, ਮਸਜਿਦਾਂ, ਪੀ.ਜੀ.ਆਈ. ਵਿਚ ਸਰਾਂ ਤੇ ਲੰਗਰ ਤੋਂ ਇਲਾਵਾ 30 ਸਕੂਲਾਂ, ਕਾਲਜਾਂ ਦੀਆਂ ਇਮਾਰਤਾਂ ਦਾ ਨਿਰਮਾਣ ਕਰਵਾਇਆ ਜਿਸ ਕਰਕੇ ਉਨ੍ਹਾਂ ਨੂੰ ਸਿੱਖਿਆ ਵਿਭਾਗ ਪੰਜਾਬ ਵੱਲੋਂ ਮਾਨਤਾ ਦਾ ਮਸੀਹਾ ਐਵਾਰਡ ਦਿੱਤਾ ਗਿਆ।

# ਬੇਅਦਬੀ ਮਾਮਲਾ: ਕੇਂਦਰੀ ਜਾਂਚ ਏਜੰਸੀ ਸ਼ੱਕ ਦੇ ਘੇਰੇ ਵਿਚ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਤਿੰਨ ਘਟਨਾਵਾਂ ਸਬੰਧੀ ਕਾਬੂ ਕੀਤਾ ਡੇਰਾ ਪ੍ਰੇਮੀਆਂ ਨੂੰ ਬੇਗੁਨਾਹ ਗਰਦਾਨ ਕੇ ਕੇਸ ਬੰਦ ਕਰਨ ਦੀ ਸੀ.ਬੀ.ਆਈ. ਵੱਲੋਂ ਅਦਾਲਤ ਵਿਚ ਪੇਸ਼ ਕੀਤੀ ਰਿਪੋਰਟ ਨੇ ਜਿਥੇ ਕੈਪਟਨ ਸਰਕਾਰ ਲਈ ਕਸੂਤੀ ਸਥਿਤੀ ਪੈਦਾ ਕਰ ਦਿੱਤੀ ਹੈ, ਉਥੇ ਬੇਅਦਬੀ ਮਾਮਲੇ ਨੂੰ ਹੋਰ ਉਲਝਾ ਦਿੱਤਾ ਹੈ ਤੇ ਖੁਦ ਕੇਂਦਰੀ ਜਾਂਚ ਏਜੰਸੀ ਵੀ ਸਵਾਲਾਂ ਦੇ ਘੇਰੇ ਵਿਚ ਆ ਖੜ੍ਹੀ ਹੈ।

ਕਾਨੂੰਨੀ ਤੇ ਪੁਲਿਸ ਦੇ ਉਚ ਹਲਕਿਆਂ 'ਚ ਸਵਾਲ ਇਹ ਉਠ ਰਿਹਾ ਹੈ ਕਿ ਸੀ.ਬੀ. ਆਈ. ਨੇ ਨਵੰਬਰ 2015 ਤੋਂ ਜੂਨ 2017 ਤੱਕ ਕਰੀਬ ਡੇਢ ਸਾਲ ਦੀ ਛਾਣਬੀਣ ਕੀਤੀ ਸੀ ਤੇ ਕੇਸ ਬੰਦ ਕਰਨ ਦੀ ਸਿਫਾਰਸ਼ 'ਚ ਇਸ ਦਾ ਵਿਸਥਾਰਤ ਬਿਰਤਾਂਤ ਵੀ ਦਿੱਤਾ ਹੈ, ਜੇਕਰ ਸੀ.ਬੀ.ਆਈ. ਨੂੰ ਕੋਈ ਸਬੂਤ ਹੀ ਨਹੀਂ ਸੀ ਲੱਭਾ ਤੇ ਸਿੱਧੇ ਤੌਰ 'ਤੇ ਡੇਰਾ ਪ੍ਰੇਮੀ ਗੁਨਾਹਗਾਰ ਹੋਣ ਦੀ ਕਿਧਰੇ ਵੀ ਕੋਈ ਗਵਾਹੀ ਨਹੀਂ ਸੀ ਮਿਲ ਰਹੀ, ਫਿਰ ਤਿੰਨ ਡੇਰਾ ਪ੍ਰੇਮੀਆਂ ਨੂੰ ਗ੍ਰਿਫਤਾਰ ਕਿਉਂ ਕੀਤਾ ਸੀ? ਤੇ ਰਿਮਾਂਡ ਖਤਮ ਹੋਣ ਬਾਅਦ ਕਿਸ ਆਧਾਰ 'ਤੇ ਉਨ੍ਹਾਂ ਦੇ ਅਦਾਲਤੀ ਰਿਮਾਂਡ ਦੀ ਮੰਗ ਕੀਤੀ ਸੀ ? ਦੂਜਾ ਸਵਾਲ ਇਹ ਉਠ ਰਿਹਾ ਹੈ ਕਿ ਸੀ.ਬੀ.ਆਈ. ਨੇ ਉਕਤ ਤਿੰਨਾਂ ਦਾ ਰਿਮਾਂਡ ਤਾਂ ਲਿਆ ਪਰ ਪੰਜਾਬ ਪੁਲਿਸ ਵੱਲੋਂ ਬੇਅਦਬੀ ਦੇ ਦੋਸ਼ੀ ਕਰਾਰ ਦਿੱਤੇ 6 ਹੋਰ ਡੇਰਾ ਪ੍ਰੇਮੀਆਂ ਜੋ ਮੋਗਾ 'ਚ ਸਾੜਫੂਕ ਦੇ ਇਕ ਮਾਮਲੇ 'ਚ ਉਸ ਸਮੇਂ ਫਰੀਦਕੋਟ ਜੇਲ੍ਹ 'ਚ ਬੰਦ ਸਨ, ਦੀ ਤਾਂ ਕਦੇ ਪੁੱਛ-ਪੜਤਾਲ ਵੀ ਨਹੀਂ ਕੀਤੀ ਗਈ।

ਗੁਰਦੁਆਰਾ ਬੁਰਜ ਜਵਾਹਰਸਿੰਘ ਵਾਲਾ ਵਿਚੋਂ ਪਹਿਲੀ ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ ਵਾਲੇ ਦਿਨ ਖਰਬੂਜ਼ੇ ਵੇਚਣ ਵਾਲੇ ਵਿਅਕਤੀ ਦੀ ਸ਼ਨਾਖਤ ਦੇ ਮਾਮਲੇ ਦਾ ਭੇਤ ਬਰਕਰਾਰ ਰਹਿਣ ਦੇ ਬਾਵਜੂਦ ਸੀ.ਬੀ.ਆਈ ਨੇ ਬੇਅਦਬੀ ਮਾਮਲਿਆਂ ਵਿਚ ਕਲੋਜ਼ਰ ਰਿਪੋਰਟ ਦਾਖਲ ਕਰ ਦਿੱਤੀ ਹੈ। ਜਾਂਚ ਵਿਚ ਇਹ ਪਤਾ ਨਹੀਂ ਲੱਗਿਆ ਕਿ ਦੁਪਹਿਰ ਵੇਲੇ ਗੁਰਦੁਆਰੇ ਵਿਚੋਂ ਖਰਬੂਜ਼ੇ ਵੇਚਣ ਦਾ ਐਲਾਨ ਕਰਨ ਵਾਲਾ ਵਿਅਕਤੀ ਕੌਣ ਸੀ। ਇਸ ਦੇ ਨਾਲ ਹੀ ਬਰਗਾੜੀ ਮਾਮਲੇ ਦੇ 39 ਸ਼ੱਕੀਆਂ ਦੀ ਹੱਥ ਲਿਖਤ ਦੇ ਨਮੂਨਿਆਂ ਦੀ ਫੋਰੈਂਸਿਕ ਰਿਪੋਰਟ ਦਾ ਇੰਤਜ਼ਾਰ ਕੀਤੇ ਬਿਨਾਂ ਹੀ ਸੀ.ਬੀ.ਆਈ. ਨੇ ਕਲੋਜ਼ਰ



ਰਿਪੋਰਟ ਦਾਖਲ ਕਰ ਦਿੱਤੀ ਹੈ। ਸੀ.ਬੀ.ਆਈ. ਨੂੰ ਸ਼ੱਕੀਆਂ ਦੀਆਂ ਹੱਥ ਲਿਖਤਾਂ ਦੇ ਨਮੂਨਿਆਂ ਦੀ ਰਿਪੋਰਟ ਹਾਸਲ ਕਰਨ ਵਿਚ ਦੋ ਵਰ੍ਹਿਆਂ ਤੋਂ ਵੱਧ ਦਾ ਸਮਾਂ ਲੱਗ ਗਿਆ। ਸੀ.ਬੀ.ਆਈ. ਨੇ ਗ੍ਰਿਫਤਾਰ ਕੀਤੇ 10 ਮੁਲਜ਼ਮਾਂ ਨੂੰ ਇਹ ਕਹਿ ਕੇ ਕਲੀਨ ਚਿੱਟ ਦੇ ਦਿੱਤੀ ਸੀ ਕਿ ਉਨ੍ਹਾਂ ਦੀ ਹੱਥ ਲਿਖਤ ਅਤੇ ਫਿੰਗਰਪ੍ਰਿੰਟ ਪੋਸਟਰ ਨਾਲ ਨਹੀਂ ਮਿਲਦੇ। ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਮਾਮਲੇ ਦੇ ਦੋ ਮੁੱਖ ਗਵਾਹਾਂ ਬੁਰਜ ਜਵਾਹਰ ਸਿੰਘ ਵਾਲਾ ਦੇ ਹੈੱਡ ਗ੍ਰੰਥੀ ਗੋਰਾ ਸਿੰਘ ਅਤੇ ਉਸ ਦੀ ਪਤਨੀ ਸਵਰਨਜੀਤ ਕੌਰ ਨੇ ਖਰਬੂਜ਼ਾ ਵੇਚਣ ਵਾਲੇ ਦਾ ਜ਼ਿਕਰ ਕੀਤਾ ਸੀ। ਪੰਜਾਬ ਪੁਲਿਸ ਦੇ ਕਈ ਅਧਿਕਾਰੀ ਉਂਗਲ ਉਠਾ ਰਹੇ ਹਨ ਕਿ ਏਨੇ ਸੰਵੇਦਨਸ਼ੀਲ ਮਾਮਲੇ ਦੀ ਪੁੱਛ-ਪੜਤਾਲ ਇੰਨੇ ਹੌਲੇ ਢੰਗ ਨਾਲ ਹੁੰਦੀ ਕਦੇ ਨਹੀਂ ਵੇਖੀ। ਏਜੰਸੀ ਦੇ ਪੁੱਛਗਿੱਛ ਦੇ ਅਜਿਹੇ ਤਰੀਕੇ ਤੋਂ ਹੀ ਕਈ ਲੋਕਾਂ ਨੇ ਉਸ ਸਮੇਂ ਭਾਂਪਣਾ ਸ਼ੁਰੂ ਕਰ ਦਿੱਤਾ ਸੀ ਕਿ ਜਾਂਚ ਵਿਚੋਂ ਕੁਝ ਨਹੀਂ ਲੱਭਣਾ। ਸੀ.ਬੀ.ਆਈ. ਵੱਲੋਂ ਕੇਸ ਬੰਦ ਕਰਨ ਦੀ ਸਿਫਾਰਸ਼ ਵਿਚ ਜਿਸ ਤਰ੍ਹਾਂ ਕੱਲੇ-ਕੱਲੇ ਨੁਕਤੇ 'ਤੇ ਦੋਸ਼ੀਆਂ ਦਾ ਪੱਖ ਪੂਰਿਆ ਗਿਆ, ਉਸ ਤੋਂ ਕਾਨੂੰਨੀ ਪੁਲਿਸ ਹਲਕੇ ਹੈਰਾਨ ਰਹਿ ਗਏ ਹਨ।

ਪੰਜਾਬ ਪੁਲਿਸ ਦੀ 'ਸਿਟ' ਵਿਚ ਕੰਮ ਕਰਦਾ ਰਿਹਾ ਇਕ ਅਧਿਕਾਰੀ ਕਹਿ ਰਿਹਾ ਸੀ ਕਿ ਇੰਝ ਮਹਿਸੂਸ ਹੁੰਦਾ ਹੈ ਕਿ ਸੀ.ਬੀ.ਆਈ. ਜਾਂਚ ਏਜੰਸੀ ਦੀ ਥਾਂ ਦੋਸ਼ੀਆਂ ਦਾ ਪੱਖ ਪੂਰਨ ਵਾਲੇ ਵਕੀਲਾਂ ਦਾ ਗਰੁੱਪ ਹੋਵੇ। ਉਨ੍ਹਾਂ ਦਾ ਕਹਿਣਾ ਹੈ ਕਿ ਜਾਂਚ ਏਜੰਸੀ ਦਾ ਕੰਮ ਜੁਰਮ ਬਾਰੇ ਤੱਥ ਇਕੱਤਰ ਕਰਕੇ ਅਦਾਲਤ 'ਚ ਪੇਸ਼ ਕਰਨਾ ਹੁੰਦਾ ਹੈ, ਪਰ ਸੀ.ਬੀ.ਆਈ. ਅਧਿਕਾਰੀਆਂ ਨੇ ਪੰਜਾਬ ਪੁਲਿਸ ਦੀ ਸਿੱਟ ਵੱਲੋਂ ਕੀਤੀ ਪੜਤਾਲ ਦੇ ਸਿੱਟਿਆਂ ਨੂੰ ਝੁਠਲਾਉਣ 'ਤੇ ਸਾਰਾ ਧਿਆਨ ਕੇਂਦਰਿਤ ਕਰ ਦਿੱਤਾ ਹੈ।

ਪੰਜਾਬ ਪੁਲਿਸ ਦੀ 'ਸਿਟ' ਨੇ ਬਿੱਟੂ ਤੇ ਸ਼ਕਤੀ ਵੱਲੋਂ ਵਾਰਦਾਤ 'ਚ ਦੋ ਕਾਰਾਂ ਵਰਤਣ ਦਾ ਜ਼ਿਕਰ ਕੀਤਾ ਸੀ, ਪਰ ਕੇਂਦਰੀ ਏਜੰਸੀ ਦਾ ਕਹਿਣਾ ਹੈ ਕਿ ਇਹ ਪੁਰਾਣੀਆਂ ਕਾਰਾਂ ਤਾਂ ਬਿੱਟੂ ਤੇ ਸ਼ਕਤੀ ਨੇ ਜੁਰਮ ਤੋਂ ਕਈ ਮਹੀਨੇ ਬਾਅਦ 'ਚ ਖਰੀਦੀਆਂ ਸਨ, ਇਸ ਕਰਕੇ ਇਸ ਤੱਥ ਨੂੰ ਖਾਰਜ ਕਰ ਦਿੱਤਾ ਹੈ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਹ ਘੁੰਡੀਆਂ ਤਾਂ ਦੋਸ਼ੀਆਂ ਦੇ ਵਕੀਲਾਂ ਨੇ ਹੱਥ ਲੈਣੀਆਂ ਸਨ। ਉਨ੍ਹਾਂ ਕਿਹਾ ਕਿ ਏਜੰਸੀ ਦਾ ਕੰਮ ਕਾਰਾਂ ਦੀ ਜੁਰਮ 'ਚ ਵਰਤੋਂ ਦੀ ਜਾਂਚ ਕਰਨਾ ਸੀ, ਪਰ ਇਸ ਪਾਸੇ ਤੁਰਨ ਦੀ ਬਜਾਏ ਸੌਖਾ ਰਾਹ ਲੱਭਦਿਆਂ ਦੋਸ਼ੀਆਂ ਦਾ ਪੱਖ ਪੂਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪੜਤਾਲ ਕਰਵਾ ਲਈ ਜਾਵੇ ਤਾਂ ਅੱਧੇ ਪੁਰਾਣੇ ਖਰੀਦੇ ਵਾਹਨਾਂ ਦੀ ਰਜਿਸਟ੍ਰੇਸ਼ਨ 'ਚ ਤਬਦੀਲ ਦੋ-ਦੋ, ਤਿੰਨ-ਤਿੰਨ ਸਾਲ ਬਾਅਦ ਕਾਰਵਾਈ ਮਿਲੇਗੀ, ਫਿਰ ਜਿਹੜੇ ਲੋਕ ਜੁਰਮ ਕਰਦੇ ਹਨ, ਉਨ੍ਹਾਂ ਨੂੰ ਸੀ.ਬੀ.ਆਈ. ਨੂੰ ਸੱਚ ਪੁੱਤਰ ਯੁਧਿਸ਼ਟਰ ਕਿਥੋਂ ਸਮਝ ਲਿਆ।

ਬੇਅਦਬੀ ਕੇਸ ਬੰਦ ਕਰਨ ਲਈ ਫੋਰੈਂਸਿਕ ਜਾਂਚ ਵਿਚ ਕਿਸੇ ਵੱਲ ਵੀ ਉਂਗਲ ਨਾ ਉੱਠਣ ਨੂੰ ਅਹਿਮ ਕਾਰਨ ਵਜੋਂ ਪੇਸ਼ ਕੀਤਾ ਗਿਆ, ਪਰ ਬਹੁਤ ਸਾਰੇ ਨਾਮੀ ਵਕੀਲਾਂ ਦਾ ਕਹਿਣਾ ਹੈ ਕਿ ਫੋਰੈਂਸਿਕ ਜਾਂਚ ਕਿਸੇ ਨੂੰ ਵੀ ਝੂਠਾ ਜਾਂ ਸੱਚਾ ਸਾਬਤ ਕਰਨ ਲਈ ਸਬੂਤ ਵਜੋਂ ਨਹੀਂ ਵਰਤੀ ਜਾ ਸਕਦੀ, ਸਿਰਫ ਸਹਾਇਕ ਦਲੀਲ ਵਜੋਂ ਹੀ ਵਰਤੀ ਜਾ ਸਕਦੀ ਹੈ। ਉਚ ਪੁਲਿਸ ਅਧਿਕਾਰੀ ਸੀ.ਬੀ.ਆਈ. ਵੱਲੋਂ ਬਿੱਟੂ, ਸ਼ਕਤੀ ਤੇ ਸੰਨੀ ਦੀ ਕੇਂਦਰੀ ਫੋਰੈਂਸਿਕ ਸਾਇੰਸ ਲੈਬ ਦਿੱਲੀ ਤੋਂ ਕਰਵਾਈ ਜਾਂਚ ਰਿਪੋਰਟ ਨੂੰ ਵੀ ਚੁਣੌਤੀ ਦੇ ਰਹੇ ਹਨ। ਖੁਦ ਸੀ.ਬੀ.ਆਈ. ਪੇਸ਼ ਰਿਪੋਰਟ 'ਚ ਕਿਹਾ ਕਿ 24.8.2018 ਨੂੰ ਉਕਤ ਤਿੰਨਾਂ ਜਣਿਆਂ ਦਾ ਪੋਲੀਗ੍ਰਾਫ (ਝੂਠ ਫੜਨ) ਤੇ ਆਵਾਜ਼ ਪ੍ਰੀਖਣ ਟੈਸਟ ਸੀ. ਐਫ. ਐਸ. ਐਲ. ਕੇ. ਨਾਭਾ ਜੇਲ੍ਹ ਵਿਚ ਕੀਤਾ ਸੀ। ਅਜਿਹੇ ਅਧਿਕਾਰੀ ਚੁਣੌਤੀ ਦਿੰਦੇ ਹਨ ਕਿ ਅਜਿਹੇ ਪ੍ਰੀਖਣ ਹਮੇਸ਼ਾ ਦਿੱਲੀ ਵਿਖੇ ਲੈਬ 'ਚ ਹੀ ਕੀਤੇ ਜਾਂਦੇ ਹਨ, ਜੇਲ੍ਹਾਂ ਵਿਚ ਜਾ ਕੇ ਕੀਤੇ ਪ੍ਰੀਖਣ ਦਾ ਤਾਂ ਕੋਈ ਪ੍ਰਮਾਣਕਤਾ ਹੀ ਨਹੀਂ।

## ਕੈਪਟਨ ਸਰਕਾਰ ਦੀ ਨੀਅਤ ਉਤੇ ਸਵਾਲ

ਕੈਪਟਨ ਸਰਕਾਰ ਬੇਅਦਬੀ ਮਾਮਲੇ ਦਾ ਸਿਆਸੀ ਲਾਹਾ ਲੈਣ 'ਚ ਇਸ ਮੁੱਦੇ ਨੂੰ ਉਛਾਲਦੀ ਆ ਰਹੀ ਹੈ ਤੇ ਇਸ ਮਾਮਲੇ ਦੇ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹੇ ਕਰਨ ਤੇ ਸਜ਼ਾਵਾਂ ਦੇਣ ਦੇ ਵੱਡੇ-ਵੱਡੇ ਦਾਅਵੇ ਵੀ ਕੀਤੇ ਜਾਂਦੇ ਰਹੇ ਹਨ। ਵਿਧਾਨ ਸਭਾ ਚੋਣਾਂ ਵਿਚ ਤਾਂ ਇਹ ਮੁੱਦਾ ਉੱਭਰ ਕੇ ਸਾਹਮਣੇ ਆਇਆ ਸੀ ਤੇ ਕਾਂਗਰਸ ਨੇ ਦੋਸ਼ੀਆਂ ਨੂੰ ਸਜ਼ਾਵਾਂ ਨੂੰ ਅਹਿਮ ਮੁੱਦਾ ਬਣਾਇਆ ਸੀ, ਫਿਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਸੈਸ਼ਨ ਸੱਦ ਕੇ ਵੱਡੇ-ਵੱਡੇ ਦਮਗਜੇ ਮਾਰੇ ਗਏ ਤੇ ਨਵੀਂ 'ਸਿਟ' ਬਿਠਾ ਕੇ ਇਹ ਭਰਮ ਪੈਦਾ ਕੀਤਾ ਗਿਆ ਕਿ ਹੁਣ ਸਾਰੀਆਂ ਕਸਰਾਂ ਕੱਢ ਦਿੱਤੀਆਂ ਜਾਣਗੀਆਂ, ਪਰ ਹੁਣ ਤੱਥ ਸਾਹਮਣੇ ਆਏ ਹਨ ਕਿ ਲੋਕ ਸਭਾ ਚੋਣਾਂ ਵਿਚ ਵੀ ਇਸ ਨੂੰ ਅਹਿਮ ਮੁੱਦਾ ਬਣਾਉਣ ਵਾਲੀ ਕੈਪਟਨ ਸਰਕਾਰ ਨੇ ਬੇਅਦਬੀ ਜਾਂਚ ਬਾਰੇ ਨਾ ਕਦੇ ਗੰਭੀਰਤਾ ਦਿਖਾਈ ਤੇ ਨਾ ਹੀ ਕੋਈ ਠੋਸ ਕਾਰਵਾਈ ਹੀ ਕੀਤੀ। ਲੋਕਾਂ ਦੇ ਭਾਰੀ ਦਬਾਅ ਹੇਠ ਆ ਕੇ ਕੈਪਟਨ ਸਰਕਾਰ ਨੇ ਪਿਛਲੇ ਸਾਲ ਕੇਸ ਸੀ.ਬੀ.ਆਈ. ਤੋਂ ਵਾਪਸ ਲੈਣ ਦਾ ਫੈਸਲਾ ਤਾਂ ਕਰ ਲਿਆ, ਪਰ ਇਸ 'ਤੇ ਅਮਲ ਕਦੇ ਵੀ ਨਹੀਂ ਕੀਤਾ।

## ਆਸਾਰਾਮ ਤੇ ਉਸ ਦੇ ਪੁੱਤਰ ਨੂੰ ਕਲੀਨ ਚਿੱਟ

**ਗਾਂਧੀ ਨਗਰ:** ਪ੍ਰਚਾਰਕ ਆਸਾਰਾਮ ਵੱਲੋਂ ਚਲਾਏ ਜਾ ਰਹੇ ਇਕ ਆਸ਼ਰਮ 'ਚੋਂ ਜੁਲਾਈ 2008 'ਚ ਲਾਪਤਾ ਹੋਏ ਦੋ ਬੱਚਿਆਂ ਦੀ ਮੌਤ ਹੋ ਗਈ ਸੀ, ਜਿਸ ਦੀ ਜਾਂਚ ਕਰ ਰਹੇ ਜਸਟਿਸ ਡੀ. ਕੇ. ਤਿਵੇਦੀ ਕਮਿਸ਼ਨ ਨੇ ਆਸਾਰਾਮ ਤੇ ਉਸ ਦੇ ਪੁੱਤਰ ਨਰਾਇਣ ਸਾਈਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। 2013 'ਚ ਰਾਜ ਸਰਕਾਰ ਨੂੰ ਸੌਂਪੀ ਗਈ ਕਮਿਸ਼ਨ ਦੀ ਰਿਪੋਰਟ ਗੁਜਰਾਤ ਵਿਧਾਨ ਸਭਾ 'ਚ ਪੇਸ਼ ਕੀਤੀ ਗਈ। ਹਾਲਾਂਕਿ ਕਮਿਸ਼ਨ ਦਾ ਮੰਨਣਾ ਹੈ ਕਿ ਬੱਚਿਆਂ ਦੇ ਆਸ਼ਰਮ 'ਚੋਂ ਲਾਪਤਾ ਹੋਣ ਦਾ ਕਾਰਨ ਪ੍ਰਬੰਧਕਾਂ ਦੀ ਲਾਪਰਵਾਹੀ ਸੀ, ਜੋ ਬਰਦਾਸ਼ਤ ਯੋਗ ਨਹੀਂ ਸੀ। 5 ਜੁਲਾਈ 2008 ਨੂੰ ਆਸਾਰਾਮ ਦੇ ਗੁਰੂਕੁਲ ਆਸ਼ਰਮ 'ਚ ਪੜ੍ਹਨ ਵਾਲੇ ਦੋ ਚਚੇਰੇ ਭਰਾ ਦੀਪੇਸ਼ ਵਘੇਲਾ (10) ਤੇ ਅਭਿਸ਼ੇਕ ਵਘੇਲਾ (11) ਦੇ ਮ੍ਰਿਤਕ ਸਰੀਰ ਸਾਬਰਮਤੀ ਨਦੀ ਕਿਨਾਰੇ ਮਿਲੇ ਸਨ। ਆਸਾਰਾਮ ਦਾ ਆਸ਼ਰਮ ਜਿਸ 'ਚ ਸਕੂਲ ਤੇ ਹੋਸਟਲ ਦੋਵਾਂ ਦੀਆਂ ਸਹੂਲਤਾਂ ਹਨ, ਨਦੀ ਕਿਨਾਰੇ ਸਥਿਤ ਹੈ।

# ਸੁਖਬੀਰ ਬਾਦਲ ਨੇ ਬੰਨ੍ਹਿਆ ਸੀ ਡੇਰਾ ਮੁਖੀ ਦੀ ਰਿਹਾਈ ਦਾ ਮੁੱਢ: ਖਹਿਰਾ

**ਜਲੰਧਰ:** ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਸਿਰਸਾ ਦੇ ਡੇਰਾ ਮੁਖੀ ਦੀ ਰਿਹਾਈ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਢ ਬੰਨ੍ਹਿਆ ਸੀ ਤੇ ਹੁਣ ਉਹ ਸੀ.ਬੀ.ਆਈ. ਦੀ



ਕਲੋਜ਼ਰ ਰਿਪੋਰਟ ਵਿਰੁੱਧ ਸਵਾਲ ਉਠਾਉਣ ਦੇ ਡਰਾਮੇ ਕਰ ਰਿਹਾ ਹੈ। ਉਨ੍ਹਾਂ ਦਸਤਾਵੇਜ਼ ਜਨਤਕ ਕਰਦਿਆਂ ਕਿਹਾ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਹੁੰਦਿਆਂ ਸੁਖਬੀਰ ਸਿੰਘ ਬਾਦਲ ਨੇ ਡੇਰਾ ਮੁਖੀ ਨੂੰ ਗੁਰੂ ਗੋਬਿੰਦ ਸਿੰਘ ਵਾਂਗ ਸਵਾਂਗ ਰਚਣ ਦੇ ਕੇਸ ਵਿਚੋਂ ਬਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਸੀ।

ਸ੍ਰੀ ਖਹਿਰਾ ਨੇ ਕਿਹਾ ਕਿ 2007 ਵਿਚ ਜਦੋਂ ਡੇਰਾ ਮੁਖੀ ਸਵਾਂਗ ਰਚਣ ਦੇ ਮਾਮਲੇ ਵਿਚ ਘਿਰ ਗਿਆ ਸੀ ਤਾਂ ਉਸ ਨੂੰ ਜਿਥੇ ਅਕਾਲ ਤਖਤ ਸਾਹਿਬ ਤੋਂ ਉਦੋਂ ਮੁਆਫੀ ਦੁਆਉਣ ਦਾ ਯਤਨ ਕੀਤਾ ਗਿਆ, ਉਥੇ ਗ੍ਰਹਿ ਮੰਤਰੀ ਹੁੰਦਿਆਂ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਡੇਰਾ ਮੁਖੀ ਵਿਰੁੱਧ ਦਰਜ ਐਫ.ਆਈ.ਆਰ. ਨੂੰ ਰੱਦ ਕਰਨ ਲਈ ਪੰਜਾਬ ਪੁਲਿਸ ਨੇ ਅਦਾਲਤ ਤੱਕ ਪਹੁੰਚ ਕੀਤੀ ਸੀ। ਸ੍ਰੀ ਖਹਿਰਾ ਨੇ ਸਵਾਲ ਕੀਤਾ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡੇਰਾ ਮੁਖੀ ਵਿਰੁੱਧ ਦਰਜ ਐਫ. ਆਈ. ਆਰ. ਰੱਦ ਕਰਵਾਉਣ ਲਈ ਸੁਖਬੀਰ ਸਿੰਘ ਬਾਦਲ ਦੇ ਵਿਭਾਗ ਵੱਲੋਂ ਦਿਖਾਈ ਗਈ ਤੇਜ਼ੀ ਬਾਰੇ ਸ਼੍ਰੋਮਣੀ ਕਮੇਟੀ ਕਿਉਂ ਚੁੱਪ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਪੰਥਕ ਸਫਾਂ ਵਿਚ ਆਪਣੇ ਗੁਆਚੇ ਵਕਾਰ ਨੂੰ ਬਹਾਲ ਕਰਨ ਲਈ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਨੂੰ ਰਾਜਨੀਤਕ ਹਥਿਆਰ ਵਜੋਂ ਵਰਤਣ ਲਈ ਯਤਨ ਕਰ ਰਿਹਾ ਹੈ।

ਖਹਿਰਾ ਨੇ ਆਈ.ਜੀ. ਕੁੰਵਰ ਵਿਜੈਪ੍ਰਤਾਪ ਸਿੰਘ ਵੱਲੋਂ ਕੋਟਕਪੂਰਾ ਤੇ ਬਹਿਬਲ ਕਲਾਂ ਬਾਰੇ ਪੇਸ਼ ਕੀਤੇ ਗਏ ਚਲਾਨ ਦੀ ਰਿਪੋਰਟ ਦਿਖਾਉਂਦਿਆਂ ਕਿਹਾ ਕਿ ਇਸ ਵਿਚ ਸਪਸ਼ਟ ਲਿਖਿਆ ਗਿਆ ਹੈ ਕਿ ਡੇਰਾ ਮੁਖੀ ਵਿਰੁੱਧ ਦਰਜ ਕੇਸ ਨੂੰ ਰੱਦ ਕਰਵਾਉਣ ਲਈ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਮਹਿਜ਼ ਪੰਜ ਦਿਨ ਪਹਿਲਾਂ ਪੰਜਾਬ ਪੁਲਿਸ ਨੇ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਜਿਹੜਾ ਚਲਾਨ ਹੁਣ ਪੇਸ਼ ਕੀਤਾ ਹੈ ਉਸ ਨੇ ਸੁਖਬੀਰ ਬਾਦਲ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਇਸੇ ਸਾਲ 2 ਫਰਵਰੀ ਨੂੰ ਜਦੋਂ ਜੇਲ੍ਹ ਅੰਦਰ ਡੇਰਾ ਮੁਖੀ ਕੋਲੋਂ ਬੇਅਦਬੀ ਕਾਂਡ ਬਾਰੇ ਪੁੱਛਗਿੱਛ ਕਰਨ ਲਈ ਸਿਟ ਗਈ ਸੀ ਤਾਂ ਉਸ ਨੂੰ ਜੇਲ੍ਹ ਅੰਦਰ ਨਹੀਂ ਸੀ ਜਾਣ ਦਿੱਤਾ ਗਿਆ ਜਦ ਕਿ ਟੀਮ ਕੋਲ ਅਦਾਲਤ ਦੇ ਹੁਕਮ ਵੀ ਸਨ।

## 'ਗੋਲੀਕਾਂਡ ਦੀ ਜਾਂਚ ਸਿਆਸਤ ਤੋਂ ਪ੍ਰੇਰਿਤ'

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਕੀਤੇ ਗਏ ਤਾਜ਼ਾ ਖੁਲਾਸੇ ਕਿ ਕਾਂਗਰਸ ਸਰਕਾਰ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਨੂੰ ਗੋਲੀ ਕਾਂਡ ਮਾਮਲੇ ਦੀ ਜਾਂਚ ਕਰ ਰਹੀ ਸਿਟ ਦਾ ਮੈਂਬਰ ਬਣਾਈ ਰੱਖਣ ਲਈ ਕਮਿਸ਼ਨ ਦੇ ਆਦੇਸ਼ਾਂ ਦੀ ਵੀ ਹੁਕਮ-ਅਦੂਲੀ ਕਰਨ ਤੱਕ ਚਲੀ ਗਈ ਸੀ, ਇਸ ਗੱਲ ਦਾ ਸਬੂਤ ਹਨ, ਕਿ ਇਹ ਸਮੁੱਚੀ ਜਾਂਚ ਸਿਆਸਤ ਤੋਂ ਪ੍ਰੇਰਿਤ ਹੈ।

ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਪੰਜਾਬ ਦੇ ਮੁੱਖ ਸਕੱਤਰ ਨੂੰ ਲਿਖੀ ਚਿੱਠੀ ਨੇ ਨਾ ਸਿਰਫ ਕਾਂਗਰਸ ਸਰਕਾਰ ਨੂੰ ਕਮਿਸ਼ਨ ਵੱਲੋਂ ਆਈ.ਜੀ. ਦਾ ਤਬਾਦਲਾ ਕਰਨ ਲਈ ਦਿੱਤੇ ਸਪੱਸ਼ਟ ਹੁਕਮਾਂ ਦੀ ਉਲੰਘਣਾ ਕਰਨ ਦੀ ਦੋਸ਼ੀ ਠਹਿਰਾਇਆ ਹੈ, ਸਗੋਂ ਸਰਕਾਰ ਨੂੰ ਇਹ ਵੀ ਨਿਰਦੇਸ਼ ਦਿੱਤਾ ਹੈ ਕਿ ਅਜਿਹੀ ਘਟਨਾ ਦੁਬਾਰਾ ਨਹੀਂ ਵਾਪਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਜੁਆਬ ਦੇਣਾ ਚਾਹੀਦਾ ਹੈ ਕਿ ਆਈ.ਜੀ. ਨੂੰ ਸਿਟ ਦਾ ਮੈਂਬਰ ਬਣਾਈ ਰੱਖਣ ਲਈ ਇਸ ਹੱਦ ਤੱਕ ਕਿਉਂ ਗਈ।

## ਇਲੈਕਟ੍ਰਿਕ ਵਾਹਨਾਂ 'ਤੇ ਜੀ. ਐਸ. ਟੀ. ਘਟਾਈ

**ਨਵੀਂ ਦਿੱਲੀ:** ਵਸਤੂ ਅਤੇ ਸੇਵਾ ਕਰ (ਜੀ.ਐਸ.ਟੀ.) ਪ੍ਰੀਸ਼ਦ ਨੇ ਇਲੈਕਟ੍ਰਿਕ ਵਾਹਨਾਂ ਅਤੇ ਚਾਰਜਰਾਂ 'ਤੇ ਟੈਕਸ ਦੀ ਦਰ ਘਟਾ ਕੇ ਪੰਜ ਫੀਸਦੀ ਕਰਨ ਦਾ ਫੈਸਲਾ ਲਿਆ ਹੈ। ਵਿੱਤ ਮੰਤਰਾਲੇ ਨੇ ਜੀ.ਐਸ.ਟੀ. ਪ੍ਰੀਸ਼ਦ ਦੀ 36ਵੀਂ ਬੈਠਕ ਮਗਰੋਂ ਬਿਆਨ ਜਾਰੀ ਕਰਕੇ ਇਸ ਦੀ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਅਜਿਹੇ ਵਾਹਨਾਂ ਦੇ ਬੈਟਰੀ ਚਾਰਜਰਾਂ ਅਤੇ ਚਾਰਜਿੰਗ ਸਟੇਸ਼ਨਾਂ 'ਤੇ ਜੀ.ਐਸ.ਟੀ. ਦੀ ਦਰ 18 ਤੋਂ ਘਟਾ ਕੇ ਪੰਜ ਫੀਸਦੀ ਕਰ ਦਿੱਤੀ ਗਈ ਹੈ।

ਮੈਡੀਸਨ ਨੇੜੇ, ਵਿਸਕਾਨਸਿਨ ਵਿਚ

ਗੈਸ ਸਟੇਸ਼ਨ ਵਿਕਾਊ ਹੈ

ਇਨਸਾਈਡ ਸੇਲ: ਔਸਤਨ $50,000 ਮਹੀਨਾ
ਗੈਸ ਸੇਲ: 15000 ਗੈਲਨ ਪ੍ਰਤੀ ਮਹੀਨਾ
ਪੀਜ਼ੇ ਲਈ ਕਿਚਨ, ਲਿੱਕਰ ਅਤੇ ਬੀਅਰ ਲਾਇਸੈਂਸ
ਦੋ ਬੈਡਰੂਮ ਦੀ ਰਿਹਾਇਸ਼, ਕਿਚਨ ਤੇ ਲਾਂਡਰੀ ਡਾਊਨਸਟੇਅਰ
ਕੀਮਤ: $425000
ਸੰਪਰਕ ਕਰੋ: ਗੁਰਮੀਤ ਸਿੰਘ
ਫੋਨ: 608-843-6144

**Punjab Times**
**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਦੀ ਹਦਾਇਤ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕਿਸਾਨਾਂ ਨੂੰ ਫਸਲਾਂ ਦੀ ਢੁਕਵੀਂ ਕੀਮਤ ਦੇਣ ਲਈ ਪੰਜਾਬ ਸਰਕਾਰ ਨੂੰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਦੀ ਹਦਾਇਤ ਕੀਤੀ ਹੈ। ਡਵੀਜ਼ਨ ਬੈਂਚ ਨੇ ਇਹ ਹਦਾਇਤਾਂ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਵੱਲੋਂ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਦੇ ਹੱਕ 'ਚ ਹੋਏ ਫੈਸਲੇ ਵਿਰੁੱਧ ਦਾਖਲ ਅਪੀਲ 'ਤੇ ਫੈਸਲਾ ਸੁਣਾਉਂਦਿਆਂ ਜਾਰੀ ਕੀਤੀਆਂ ਹਨ।

ਜ਼ਿਕਰਯੋਗ ਹੈ ਕਿ ਬੈਂਕ ਨੇ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਮੁਲਾਜ਼ਮ ਹਾਈਕੋਰਟ ਪੁੱਜੇ ਸਨ। ਡਵੀਜ਼ਨ ਬੈਂਚ ਨੇ ਇਕਹਿਰੀ ਬੈਂਚ ਦਾ ਫੈਸਲਾ ਜਾਰੀ ਰੱਖਦਿਆਂ ਸਰਕਾਰ ਨੂੰ ਇਕਹਿਰੀ ਬੈਂਚ ਵੱਲੋਂ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਸਬੰਧੀ ਕੀਤੀਆਂ ਹਦਾਇਤਾਂ ਲਾਗੂ ਕਰਨ ਦਾ ਹੁਕਮ ਦਿੱਤਾ ਹੈ ਤੇ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕਾਂ ਨੂੰ ਕਿਸਾਨਾਂ ਦੀ ਹਾਲਤ ਸੁਧਾਰਨ ਹਿੱਤ ਵਿਸ਼ੇਸ਼ ਸੁਝਾਅ ਤੇ ਹਦਾਇਤਾਂ ਦਿੱਤੀਆਂ ਹਨ।

ਸੂਬਾ ਸਰਕਾਰ ਨੈਸ਼ਨਲ ਕਮਿਸ਼ਨ ਆਫ ਫਾਰਮਰਜ਼ ਦੇ ਚੇਅਰਮੈਨ ਐਮ.ਐਸ. ਸਵਾਮੀਨਾਥਨ ਵੱਲੋਂ ਸਾਲ 2004 ਵਿਚ ਦਿੱਤੀਆਂ ਸੋਤੀਆਂ ਸਿਫਾਰਸ਼ਾਂ ਲਾਗੂ ਕਰਵਾਉਣ 'ਤੇ ਵਿਚਾਰ ਕਰੇ। ਹਾਈਕੋਰਟ ਨੇ ਕਿਹਾ ਹੈ ਕਿ ਇਨ੍ਹਾਂ ਸਿਫਾਰਸ਼ਾਂ ਮੁਤਾਬਕ ਫਸਲਾਂ ਦਾ ਐਮ.ਐਸ.ਪੀ. ਦਿੱਤਾ ਜਾਣਾ ਚਾਹੀਦਾ ਹੈ। ਬੈਂਚ ਦਾ ਮੰਨਣਾ ਹੈ ਕਿ ਕਿਸਾਨਾਂ ਦੀ ਫਸਲ ਦਾ ਮੁੱਲ ਉਨ੍ਹਾਂ ਨੂੰ ਆਮ ਤੌਰ 'ਤੇ ਮਿਲਦੇ ਮੁੱਲ ਤੋਂ ਕਿਤੇ ਵੱਧ ਹੈ ਤੇ ਫਸਲ ਦਾ ਮੁੱਲ ਦੇਣ ਵੇਲੇ ਫਸਲ 'ਤੇ ਆਈ ਲਾਗਤ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ।

# ਰਾਜ ਸਭਾ ਵਿਚ ਗੂੰਜਿਆ 532 ਕਿਲੋ ਹੈਰੋਇਨ ਵਾਲਾ ਮੁੱਦਾ

**ਨਵੀਂ ਦਿੱਲੀ:** ਕੌਮਾਂਤਰੀ ਸਰਹੱਦ ਨੇੜਿਉਂ ਅਟਾਰੀ ਚੈੱਕਪੋਸਟ ਤੋਂ 532 ਕਿਲੋ ਹੈਰੋਇਨ ਫੜੇ ਜਾਣ ਮੁੱਦਾ ਰਾਜ ਸਭਾ ਵਿਚ ਚੁੱਕਦਿਆਂ ਕਾਂਗਰਸ ਦੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਨਸ਼ਿਆਂ ਦੀ ਤਸਕਰੀ ਨਾਲ ਜੁੜੇ ਲੋਕਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਸਿਫਰ ਕਾਲ ਦੌਰਾਨ ਸ੍ਰੀ ਬਾਜਵਾ ਨੇ ਕਿਹਾ ਕਿ ਕੇਂਦਰ ਸਰਕਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਵੇ।

ਬਾਜਵਾ ਨੇ ਕਿਹਾ ਕਿ ਹੈਰੋਇਨ ਫੜੇ ਜਾਣ ਦੇ ਮਾਮਲੇ ਸਬੰਧੀ ਉਸੇ ਦਿਨ ਗ੍ਰਿਫਤਾਰ ਕੀਤੇ ਗਏ ਮੁੱਖ ਮੁਲਜ਼ਮ ਦੀ 21 ਜੁਲਾਈ ਨੂੰ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਮੌਤ ਹੋ ਗਈ, ਉਸ ਨੂੰ ਵੱਖਰੇ ਤੌਰ 'ਤੇ ਰੱਖਿਆ ਜਾਣਾ ਚਾਹੀਦਾ ਸੀ। ਪੰਜਾਬ ਨੇ ਪਹਿਲਾਂ ਹੀ ਅਤਿਵਾਦ ਕਰਕੇ ਬਹੁਤ ਝੱਲਿਆ ਹੈ ਅਤੇ ਕੌਮਾਂਤਰੀ ਪੱਧਰ 'ਤੇ ਨਸ਼ਿਆਂ ਦੀ ਤਸਕਰੀ ਇਸ ਸੂਬੇ ਵਿਚ ਅਸਲਾ ਅਤੇ ਅਤਿਵਾਦ ਲਿਆ ਸਕਦੀ ਹੈ।

# ਪਾਕਿਸਤਾਨ ਵਾਲੇ ਪਾਸੇ ਕਰਤਾਰਪੁਰ ਲਾਂਘੇ ਦਾ ਕੰਮ ਅੰਤਿਮ ਪੜਾਅ ਵਿਚ

**ਇਸਲਾਮਾਬਾਦ:** ਪਾਕਿਸਤਾਨ ਵੱਲੋਂ ਸ਼ੁਰੂ ਕੀਤੀ ਗਈ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਅੰਤਿਮ ਪੜਾਅ 'ਚ ਪਹੁੰਚ ਚੁੱਕੀ ਹੈ। ਇਹ ਦਾਅਵਾ ਕਰਦਿਆਂ ਉਸਾਰੀ ਕਰਵਾ ਰਹੀ ਫਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ (ਐਫ.ਡਬਲਯੂ.ਓ.) ਦੇ ਅਧਿਕਾਰੀਆਂ ਨੇ ਦੱਸਿਆ ਕਿ 'ਡਿਵੈਲਪਮੈਂਟ ਆਫ ਕਰਤਾਰਪੁਰ ਕਾਰੀਡੋਰ' ਪ੍ਰੋਜੈਕਟ ਅਧੀਨ ਦਰਿਆ ਰਾਵੀ 'ਤੇ ਪੁਲ, ਜ਼ੀਰੋ ਪੁਆਇੰਟ ਤੋਂ ਸ਼ੱਕਰਗੜ੍ਹ ਰੋਡ ਤੱਕ ਸੜਕ, ਦਰਸ਼ਨੀ ਡਿਉਢੀ, ਲੰਗਰ ਭਵਨ, ਮੁਸਾਫਿਰਖਾਨਾ, ਪ੍ਰਸ਼ਾਸਨਿਕ ਬਲਾਕ ਅਤੇ ਪਖਾਨੇ ਆਦਿ ਦਾ ਕੰਮ 80 ਫੀਸਦੀ ਤੋਂ ਵਧੇਰੇ ਮੁਕੰਮਲ ਕਰ ਲਿਆ ਗਿਆ ਹੈ ਤੇ ਸੀਵਰੇਜ, ਪਾਣੀ ਸਪਲਾਈ ਤੇ ਨਿਕਾਸੀ, ਗੈਸ ਲਾਈਨ ਤੇ ਬਿਜਲੀ ਦੀਆਂ ਤਾਰਾਂ ਦੀ ਫਿਟਿੰਗ ਦਾ ਕੰਮ ਜਾਰੀ ਹੈ।

ਦੱਸਿਆ ਜਾ ਰਿਹਾ ਹੈ ਕਿ ਗੁਰਦੁਆਰਾ ਸਾਹਿਬ ਪਹੁੰਚਣ ਵਾਲੇ ਯਾਤਰੂਆਂ ਦੀ ਅਸਥਾਈ ਰਿਹਾਇਸ਼ ਲਈ 6 ਬਲਾਕ ਬਣਾਏ ਜਾ ਰਹੇ ਹਨ ਅਤੇ ਯਾਤਰਾ 'ਤੇ ਆਉਣ ਵਾਲੇ ਸ਼ਰਧਾਲੂਆਂ ਦੀ ਇਮੀਗ੍ਰੇਸ਼ਨ ਜਾਂਚ ਲਈ 100 ਕਾਊਂਟਰ ਲਗਾਏ ਜਾਣਗੇ। ਉਕਤ ਅਧਿਕਾਰੀਆਂ ਅਨੁਸਾਰ ਗੁਰਦੁਆਰਾ ਸਾਹਿਬ ਤੋਂ ਭਾਰਤੀ ਸਰਹੱਦ ਤੱਕ ਇਕ ਕਿਲੋਮੀਟਰ ਲੰਬੇ ਪੁਲ ਸਮੇਤ ਲਗਭਗ 4.6 ਕਿਲੋਮੀਟਰ ਲੰਬੀ ਸੜਕ ਬਣਾਉਣ ਦਾ ਕੰਮ ਲਗਭਗ ਮੁਕੰਮਲ ਕਰ ਲਿਆ ਗਿਆ ਹੈ। ਇਸ ਦੇ ਬਿਨਾ ਗੁਰਦੁਆਰਾ ਸਾਹਿਬ ਤੇ ਭਾਰਤੀ ਬਾਰਡਰ ਟਰਮੀਨਲ ਦੇ ਨਜ਼ਦੀਕ ਪਾਰਕਿੰਗ ਸਟੈਂਡ ਦੀ ਉਸਾਰੀ ਵੀ ਮੁਕੰਮਲ ਕਰ ਲਈ ਗਈ ਹੈ, ਜਦਕਿ ਬਾਰਡਰ ਟਰਮੀਨਲ ਦੀ ਉਸਾਰੀ ਵੀ ਨਿਰਧਾਰਿਤ ਕੀਤੇ ਸਮੇਂ ਤੱਕ ਪੂਰੀ ਕਰ ਲਈ ਜਾਵੇਗੀ।

# ਦਿੱਲੀ ਦੇ ਸਰਕਾਰੀ ਦਫਤਰਾਂ 'ਚ ਪੰਜਾਬੀ ਲਾਗੂ ਕਰਵਾਉਣ ਲਈ ਨੋਟਿਸ

**ਨਵੀਂ ਦਿੱਲੀ:** ਸਾਲ 2003 ਵਿਚ ਪੰਜਾਬੀ ਤੇ ਉਰਦੂ ਨੂੰ ਅਧਿਕਾਰਤ ਤੌਰ 'ਤੇ ਦਿੱਲੀ ਦੀ ਦੂਜੀ ਭਾਸ਼ਾ ਦਾ ਦਰਜਾ ਮਿਲਣ ਦੇ ਬਾਵਜੂਦ ਸਰਕਾਰੀ ਪੱਧਰ ਉਤੇ ਬਣਦਾ ਸਨਮਾਨ ਨਹੀਂ ਮਿਲ ਸਕਿਆ ਹੈ ਅਤੇ ਸਰਕਾਰ ਅਧੀਨ ਦਫਤਰਾਂ ਤੇ ਹੋਰ ਅਦਾਰਿਆਂ 'ਚ ਪੰਜਾਬੀ ਤੇ ਉਰਦੂ ਨੂੰ ਕੋਈ ਖਾਸ ਤਵੱਜੋ ਨਹੀਂ ਦਿੱਤੀ ਜਾਂਦੀ।

ਰਾਜ ਭਾਸ਼ਾ ਐਕਟ-2003 ਮੁਤਾਬਕ ਸਰਕਾਰੀ ਦਫਤਰਾਂ 'ਚ ਹਿੰਦੀ ਤੇ ਅੰਗਰੇਜ਼ੀ ਦੇ ਨਾਲ ਪੰਜਾਬੀ ਤੇ ਉਰਦੂ ਭਾਸ਼ਾ ਵੀ ਲਾਜ਼ਮੀ ਕਰਵਾਉਣ ਸਬੰਧੀ ਭਾਸ਼ਾ ਪ੍ਰੇਮੀਆਂ ਵੱਲੋਂ ਦਿੱਲੀ ਹਾਈਕੋਰਟ 'ਚ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਹਾਈਕੋਰਟ ਨੇ ਸਰਕਾਰ ਅਤੇ ਸਬੰਧਤ ਅਦਾਰਿਆਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

ਇਹ ਪਟੀਸ਼ਨ ਭਾਸ਼ਾ ਪ੍ਰੇਮੀ ਸਵ. ਕਿਸ਼ਨ ਸਿੰਘ ਦੀ ਪਤਨੀ ਸੁਰਜੀਤ ਕੌਰ ਤੇ ਨੂੰਹ ਰੁਪਿੰਦਰ ਕੌਰ ਦੇ ਵੱਲੋਂ ਦਾਇਰ ਕੀਤੀ ਗਈ। ਇਸ ਸਬੰਧੀ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਉਕਤ ਦੋਵੇਂ ਪਟੀਸ਼ਨਰਾਂ ਦੀ ਮੌਜੂਦਗੀ 'ਚ ਦੱਸਿਆ ਕਿ ਪਟੀਸ਼ਨ 'ਚ ਭਾਸ਼ਾ ਹਿਫਾਜ਼ਤ ਦੇ ਨਿਯਮ ਅਤੇ ਕਾਨੂੰਨਾਂ ਦੀ ਅਣਦੇਖੀ ਨੂੰ ਮੁੱਦਾ ਬਣਾਇਆ ਹੈ।

# ਗੁਰੂ ਗ੍ਰੰਥ ਸਾਹਿਬ ਦੀ ਛਪਾਈ ਲਈ ਲੱਗੀ ਪ੍ਰਿੰਟਿੰਗ ਪ੍ਰੈੱਸ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਲਈ ਈਕੋ ਫਰੈਂਡਲੀ, ਪੂਰੀ ਤਰ੍ਹਾਂ ਕੰਪਿਊਟਰੀਕ੍ਰਿਤ ਰੰਗੀਨ ਆਫਸੈੱਟ ਪ੍ਰਿੰਟਿੰਗ ਪ੍ਰੈੱਸ ਲਗਾਈ ਹੈ ਤਾਂ ਜੋ ਵਿਸ਼ਵ ਭਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਵਧ ਰਹੀ ਮੰਗ ਨੂੰ ਪੂਰਾ ਕੀਤਾ ਜਾ ਸਕੇ।

ਕਮੇਟੀ ਵਿਸ਼ਵ ਦੇ ਲਗਭਗ 50 ਮੁਲਕਾਂ ਵਿਚਲੇ ਪਰਵਾਸੀ ਸਿੱਖਾਂ ਨੂੰ ਧਾਰਮਿਕ ਪੁਸਤਕਾਂ ਅਤੇ ਸਾਹਿਤ ਸਪਲਾਈ ਕਰਦੀ ਹੈ। ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਨਵੀਂ ਮਸ਼ੀਨ ਨਾਲ ਵਿਦੇਸ਼ਾਂ ਵਿਚ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਸਾਹਿਤ ਦੀ ਵਧ ਰਹੀ ਮੰਗ ਨੂੰ ਪੂਰਾ ਕੀਤਾ ਜਾ ਸਕੇਗਾ। ਜ਼ਿਕਰਯੋਗ ਹੈ ਕਿ ਪੂਰੀ ਦੁਨੀਆਂ ਵਿਚ ਸਿਰਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੀ ਗੁਰੂ ਗ੍ਰੰਥ ਸਾਹਿਬ ਅਤੇ ਹੋਰਨਾਂ ਸਿੱਖ ਧਾਰਮਿਕ ਸਾਹਿਤ ਦੇ ਪ੍ਰਮਾਣਿਤ ਸੰਸਕਰਣ ਛਾਪਣ ਦਾ ਕਾਨੂੰਨੀ ਅਧਿਕਾਰ ਹੈ।

ਦਿੱਲੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਪ੍ਰਿੰਟਿੰਗ ਪ੍ਰੈੱਸ ਸਥਾਪਤ ਕਰਨ 'ਤੇ 8 ਕਰੋੜ ਰੁਪਏ ਖਰਚ ਹੋਏ ਹਨ। ਇਸ ਮਸ਼ੀਨ ਦੀ ਸਮਰਥਾ ਇਕ ਘੰਟੇ ਵਿਚ 15 ਹਜ਼ਾਰ ਪੰਨੇ ਛਾਪਣ ਦੀ ਹੈ। ਨਵੀਂ ਮਸ਼ੀਨ ਆਈ.ਐਸ.ਓ. 9001 ਕੁਆਲਿਟੀ ਮੈਨਜਮੈਂਟ ਸਟੈਂਡਰਡ ਅਤੇ ਆਈ.ਐਸ.ਓ. 14001 ਐਨਵਾਇਰਨਮੈਂਟ ਮੈਨੇਜਮੈਂਟ ਸਟੈਂਡਰਡ ਮਾਨਕ ਪੂਰੇ ਕਰਦੀ ਹੈ। ਇਹ ਮਸ਼ੀਨ 20 ਸਾਲ ਪੁਰਾਣੀ ਦੋ ਰੰਗਾਂ ਦੀ ਪ੍ਰਿੰਟਿੰਗ ਪ੍ਰੈੱਸ ਦੀ ਥਾਂ ਲਗਾਈ ਹੈ, ਜਿਸ ਤੋਂ ਹੁਣ ਤੱਕ ਗੁਰੂ ਗ੍ਰੰਥ ਸਾਹਿਬ ਦੇ ਇਕ ਲੱਖ ਸਰੂਪ ਛਾਪੇ ਜਾ ਚੁੱਕੇ ਹਨ।

ਨਵੀਂ ਮਸ਼ੀਨ ਗੁਰਦੁਆਰਾ ਰਕਾਬ ਗੰਜ ਕੰਪਲੈਕਸ ਵਿਚ ਨਵੇਂ ਬਣਾਏ ਗਏ ਗੁਰੂ ਗ੍ਰੰਥ ਸਾਹਿਬ ਭਵਨ ਵਿਚ ਲਗਾਈ ਗਈ ਹੈ। ਇਸ ਮਸ਼ੀਨ ਨਾਲ ਸਮੇਂ ਦੀ ਬੱਚਤ ਦੇ ਨਾਲ-ਨਾਲ ਪ੍ਰਿੰਟਿੰਗ ਲਾਗਤ ਵਿਚ ਵੀ ਕਮੀ ਆਵੇਗੀ।

# ਭਾਜਪਾ ਵਲੋਂ ਵਾਦੀ ਵਿਚ 'ਘੁਸਪੈਠ' ਦੀ ਤਿਆਰੀ

*(ਸਫਾ ਇਕ ਦੀ ਬਾਕੀ)*

ਹਾਲਾਤ ਵਿਗੜਨ ਦੇ ਡਰੋਂ ਰੇਲਵੇ ਨੇ ਕਸ਼ਮੀਰ ਵਿਚਲੇ ਆਪਣੇ ਸਟਾਫ ਲਈ ਐਡਵਾਈਜ਼ਰੀ ਜਾਰੀ ਕਰਦਿਆਂ ਉਨ੍ਹਾਂ ਨੂੰ ਲੋੜੀਂਦੇ ਜ਼ਰੂਰੀ ਸਾਮਾਨ ਸਮੇਤ ਚਾਰ ਮਹੀਨਿਆਂ ਦਾ ਸੁੱਕਾ ਰਾਸ਼ਨ ਭੰਡਾਰ ਕਰਨ ਲਈ ਆਖ ਦਿੱਤਾ ਹੈ। ਪਰ ਬਾਅਦ ਵਿਚ ਇਸ ਐਡਵਾਈਜ਼ਰੀ ਨੂੰ ਫਰਜ਼ੀ ਕਰਾਰ ਦੇ ਦਿੱਤਾ ਗਿਆ ਤੇ ਇਹ ਰੌਲਾ ਪਾ ਦਿੱਤਾ ਕਿ ਭਾਰਤ ਦੀਆਂ ਖੁਫੀਆ ਏਜੰਸੀਆਂ ਕੋਲ ਇਹ ਪੱਕੀ ਜਾਣਕਾਰੀ ਹੈ ਕਿ ਪਾਕਿਸਤਾਨ ਸਥਿਤ ਅਤਿਵਾਦੀ ਸਮੂਹ ਹੁਣ ਜੰਮੂ ਕਸ਼ਮੀਰ 'ਚ ਕੋਈ ਵੱਡੀ ਵਾਰਦਾਤ ਕਰਨ ਦੀ ਯੋਜਨਾ ਉਲੀਕ ਰਹੇ ਹਨ। ਦਰਅਸਲ ਧਾਰਾ 35ਏ ਦਾ ਖਾਤਮਾ ਭਾਜਪਾ ਦੇ ਮੁੱਖ ਏਜੰਡੇ ਵਿਚ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਵੀ ਭਾਜਪਾ ਨੇ ਇਸ ਧਾਰਾ ਦੇ ਖਾਤਮੇ ਨੂੰ ਮੁੱਦਾ ਬਣਾਇਆ ਸੀ ਪਰ ਕਸ਼ਮੀਰ ਵਿਚ ਪੀ.ਡੀ.ਪੀ. ਨਾਲ ਗੱਠਜੋੜ ਦੀ ਸਰਕਾਰ ਬਣਨ ਕਾਰਨ ਇਸ ਫੈਸਲੇ ਤੋਂ ਟਲ ਗਈ ਪਰ ਹੁਣ ਇਹ ਗੱਠਜੋੜ ਟੁੱਟ ਚੁੱਕਾ ਹੈ ਤੇ ਸਰਕਾਰ ਆਪਣਾ ਵਾਅਦਾ ਪੁਗਾਉਣ ਦੀ ਤਿਆਰੀਆਂ ਵੱਲ ਵਧਦੀ ਜਾਪ ਰਹੀ ਹੈ। ਸਰਕਾਰ ਭਾਵੇਂ ਇਸ ਫੈਸਲੇ ਦੇ ਅਸਲ ਕਾਰਨ ਦੱਸਣ ਤੋਂ ਭੱਜ ਰਹੀ ਹੈ ਪਰ ਮੋਦੀ ਸਰਕਾਰ ਦੇ ਇਸ ਫੈਸਲੇ ਨੇ ਵਾਦੀ ਦੇ ਲੋਕਾਂ ਵਿਚ ਸਹਿਮ ਪੈਦਾ ਕਰ ਦਿੱਤਾ ਹੈ।

# ਕਿਸ਼ਤੀ ਡੁੱਬਣ ਨਾਲ 100 ਤੋਂ ਵੱਧ ਪਰਵਾਸੀ ਲਾਪਤਾ

**ਤ੍ਰਿਪੋਲੀ:** ਲਿਬੀਆ ਦੇ ਕੰਢੇ 'ਤੇ ਪਰਵਾਸੀਆਂ ਦੀ ਕਿਸ਼ਤੀ ਡੁੱਬਣ ਕਰਕੇ 100 ਤੋਂ ਵੱਧ ਪਰਵਾਸੀ ਲਾਪਤਾ ਹੋ ਗਏ ਹਨ। ਕੌਮਾਂਤਰੀ ਪਰਵਾਸੀ ਜਥੇਬੰਦੀ ਦੀ ਤਰਜਮਾਨ ਸਫਾ ਮਸੇਹਲੀ ਨੇ ਕਿਹਾ ਕਿ ਖੋਮਸ ਸ਼ਹਿਰ ਦੇ ਕੰਢੇ 'ਤੇ ਇਹ ਹਾਦਸਾ ਵਾਪਰਿਆ। ਉਸ ਨੇ ਦੱਸਿਆ ਕਿ ਕਰੀਬ 145 ਪਰਵਾਸੀਆਂ ਨੂੰ ਲਿਬੀਆ ਦੇ ਤੱਟ ਰੱਖਿਅਕਾਂ ਨੇ ਬਚਾਅ ਲਿਆ ਹੈ। ਬਚੇ ਲੋਕਾਂ ਨੇ ਦੱਸਿਆ ਕਿ ਕਰੀਬ 150 ਵਿਅਕਤੀ ਲਾਪਤਾ ਹਨ।

ਲਿਬੀਆ ਦੀ ਜਲ ਸੈਨਾ ਦੇ ਤਰਜਮਾਨ ਜਨਰਲ ਅਯੂਬ ਕਾਸਿਮ ਨੇ ਕਿਹਾ ਕਿ 134 ਪਰਵਾਸੀਆਂ ਨੂੰ ਬਚਾਇਆ ਗਿਆ ਹੈ ਅਤੇ ਇਕ ਲਾਸ਼ ਮਿਲੀ ਹੈ ਜਦਕਿ 115 ਹੋਰ ਪਰਵਾਸੀ ਅਜੇ ਵੀ ਲਾਪਤਾ ਹਨ। ਲੱਕੜ ਦੀ ਕਿਸ਼ਤੀ 'ਚ ਕਰੀਬ 250 ਵਿਅਕਤੀ ਸਵਾਰ ਦੱਸੇ ਗਏ ਹਨ।

# ਫੈਡਰਲ ਅਦਾਲਤ ਵੱਲੋਂ ਟਰੰਪ ਪ੍ਰਸ਼ਾਸਨ ਨੂੰ ਝਟਕਾ

**ਵਾਸ਼ਿੰਗਟਨ:** ਕਿਸੇ ਹੋਰ ਮੁਲਕ ਰਾਹੀਂ ਅਮਰੀਕੀ ਸਰਹੱਦ 'ਤੇ ਪਹੁੰਚੇ ਲੋਕਾਂ ਨੂੰ ਹੁਣ ਅਮਰੀਕਾ ਸ਼ਰਨ ਦੇਣ ਤੋਂ ਇਨਕਾਰ ਨਹੀਂ ਕਰ ਸਕੇਗਾ। ਇਕ ਸੰਘੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਲਾਗੂ ਕੀਤੀ ਗਈ ਨੀਤੀ ਖਿਲਾਫ ਬੀਤੇ ਦਿਨ ਹੁਕਮ ਜਾਰੀ ਕੀਤਾ ਹੈ। ਅਦਾਲਤ ਦਾ ਇਹ ਹੁਕਮ ਮੈਕਸਿਕੋ ਤੋਂ ਆਉਣ ਵਾਲੇ ਵਿਅਕਤੀਆਂ ਨੂੰ ਰੋਕਣ ਸਬੰਧੀ ਰਾਸ਼ਟਰਪਤੀ ਦੀਆਂ ਕੋਸ਼ਿਸ਼ਾਂ ਦੀ ਕਾਨੂੰਨੀ ਹਾਰ ਹੈ।

ਸੈਨ ਫਰਾਂਸਿਸਕੋ 'ਚ ਅਮਰੀਕੀ ਜ਼ਿਲ੍ਹਾ ਜੱਜ ਜੋਨ ਟਿਗਾਰ ਦਾ ਇਹ ਹੁਕਮ ਵਾਸ਼ਿੰਗਟਨ ਡੀ.ਸੀ. 'ਚ ਸੰਘੀ ਜੱਜ ਦੇ ਉਸ ਹੁਕਮ ਤੋਂ ਬਾਅਦ ਆਇਆ ਹੈ ਜਿਸ 'ਚ ਉਨ੍ਹਾਂ ਨੇ ਦਿਨ ਪੁਰਾਣੀ ਨੀਤੀ ਜਾਰੀ ਰੱਖਣ ਦਾ ਹੁਕਮ ਦਿੱਤਾ ਸੀ। ਨਵੀਂ ਨੀਤੀ ਅਮਰੀਕਾ ਦੇ ਰਾਹ 'ਚ ਪੈਣ ਵਾਲੇ ਕਿਸੇ ਦੇਸ਼ 'ਚੋਂ ਲੰਘ ਕੇ ਆਉਣ ਵਾਲੇ ਵਿਅਕਤੀ ਨੂੰ ਸ਼ਰਨ ਦੇਣ ਤੋਂ ਇਨਕਾਰ ਕਰਦੀ ਹੈ ਜਿਸ ਨੇ ਉੱਥੇ ਸੁਰੱਖਿਆ ਦੀ ਮੰਗ ਨਾ ਕੀਤੀ ਹੋਵੇ। ਮੈਕਸਿਕੋ ਸਰਹੱਦ ਪਾਰ ਕਰਕੇ ਆਉਣ ਵਾਲੇ ਵਧੇਰੇ ਵਿਅਕਤੀ ਮੱਧ ਅਮਰੀਕਾ ਤੋਂ ਹੁੰਦੇ ਹਨ, ਪਰ ਨੀਤੀ ਇਹ ਸਾਰੇ ਦੇਸ਼ਾਂ ਦੇ ਨਾਗਰਿਕਾਂ 'ਤੇ ਲਾਗੂ ਹੋਵੇਗੀ ਤੇ ਸਿਰਫ ਅਮਰੀਕੀ ਸਰਹੱਦ ਨਾਲ ਲੱਗੇ ਦੇਸ਼ਾਂ ਦੇ ਨਾਗਰਿਕਾਂ ਨੂੰ ਇਸ ਤੋਂ ਛੋਟ ਹੋਵੇਗੀ। ਇਹ ਨਾਟਕੀ ਤਬਦੀਲੀ ਪਿਛਲੇ ਹਫਤੇ ਤੋਂ ਪ੍ਰਭਾਵ ਵਿਚ ਆਈ ਹੈ। ਹਾਲਾਂਕਿ ਇਸ ਗੱਲ 'ਤੇ ਵੱਖ-ਵੱਖ ਖਬਰਾਂ ਆ ਰਹੀਆਂ ਹਨ ਕਿ ਅਮਰੀਕੀ ਏਜੰਸੀਆਂ ਇਸ ਨੂੰ ਲਾਗੂ ਕਰ ਰਹੀਆਂ ਹਨ ਜਾਂ ਨਹੀਂ।

ਜਸਟਿਸ ਟਿਗਾਰ ਨੇ ਇਸ ਨੀਤੀ ਖਿਲਾਫ ਹੁਕਮਾਂ 'ਚ ਕਿਹਾ ਕਿ ਇਹ ਨੀਤੀ ਲੋਕਾਂ ਨੂੰ ਹਿੰਸਾ ਤੇ ਤਸ਼ੱਦਦ ਦੇ ਘੇਰੇ ਵਿਚ ਲਿਆ ਸਕਦੀ ਹੈ। ਕੌਮਾਂਤਰੀ ਕਾਨੂੰਨ ਤਹਿਤ ਉਨ੍ਹਾਂ ਦੇ ਅਧਿਕਾਰਾਂ ਤੋਂ ਦੂਰ ਕਰ ਸਕਦੀ ਹੈ ਅਤੇ ਉਨ੍ਹਾਂ ਨੂੰ ਉਸ ਦੇਸ਼ 'ਚ ਵਾਪਸ ਭੇਜ ਸਕਦੀ ਹੈ ਜਿਥੋਂ ਉਹ ਭੱਜੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

## Matrimonials

### ਲੜਕੀ ਦੀ ਲੋੜ ਹੈ

Looking for a suitable girl for Ramgarhia Sikh boy 31 yrs, 5'-10", working at a very reputed IT company in San Jose, California. Caste no bar. Pl contact: psingh03850@gmail.com or Ph: 512-806-4053

ਸੈਣੀ ਸਿੱਖ ਉਮਰ 33 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਾ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

Wanted suitable sikh girl from USA for New Zealand citizen boy, 29 years, 5'-9", bachelor in business. Good Job with established company in New Zealand. Also have USA tourist visa . Contact with photo, email sunnymaan84@yahoo.com or call Navpreet at 856-693-5401. 27-30

www.punjabtimesusa.com

### ਲੜਕੇ ਦੀ ਲੋੜ ਹੈ

Wanted suitable match for Khatri Sikh girl 33 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in USA. Divorced, no children. Turbaned Sikh boy preferred who resides in USA. Please contact, Ph: 262-444-9289 29-32

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. Contact: What's App 1-437-779-2765

# ਦਲੀਪ ਸਿੰਘ ਬਿਰਕ ਸਵਰਗਵਾਸ

**ਸ਼ਿਕਾਗੋ (ਬਿਊਰੋ):** ਇਥੋਂ ਦੀ ਸਬਰਬ ਨੇਪਰਵਿਲ ਵਿਚ ਰਹਿੰਦੇ ਬਿਰਕ ਪਰਿਵਾਰ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ



ਦਲੀਪ ਸਿੰਘ ਬਿਰਕ

ਸ. ਦਲੀਪ ਸਿੰਘ ਬਿਰਕ ਲੰਘੀ 28 ਜੁਲਾਈ ਨੂੰ ਸੰਖੇਪ ਬਿਮਾਰੀ ਪਿਛੋਂ ਸਦੀਵੀ ਵਿਛੋੜਾ ਦੇ ਗਏ। ਵੱਡੀ ਗੱਲ ਇਹ ਹੈ ਕਿ ਉਹ ਆਖਰੀ ਦਮ ਤੱਕ ਬਹੁਤ ਚੜ੍ਹਦੀ ਕਲਾ ਵਿਚ ਰਹੇ। ਸ. ਬਿਰਕ ਦਾ ਜਨਮ 1934 ਵਿਚ ਜਿਲਾ ਲੁਧਿਆਣਾ ਦੇ ਪਿੰਡ ਵਿਰਕ ਵਿਖੇ ਹੋਇਆ। ਉਹ 1954 'ਚ ਇੰਗਲੈਂਡ ਗਏ ਤੇ 1980 'ਚ ਅਮਰੀਕਾ ਆ ਵੱਸੇ। ਉਨ੍ਹਾਂ ਬ੍ਰਿਟਿਸ਼ ਏਅਰਵੇਜ਼ 'ਚ 25 ਸਾਲ ਨੌਕਰੀ ਕੀਤੀ।

ਸਵਰਗੀ ਦਲੀਪ ਸਿੰਘ ਬਿਰਕ ਆਪਣੇ ਪਿਛੇ ਪਤਨੀ ਰਾਜਿੰਦਰ ਕੌਰ ਬਿਰਕ, ਦੋ ਧੀਆਂ-ਸੁਖਨਿੰਦਰ ਕੌਰ (ਡੌਲੀ) ਤੇ ਡਾ. ਇੰਦਰਜੀਤ ਕੌਰ ਅਤੇ ਇਕ ਪੁੱਤਰ ਮਨਿੰਦਰ ਸਿੰਘ ਬਿਰਕ ਤੇ ਨੂੰਹ ਹਰਬਿੰਦਰ ਕੌਰ ਬਿਰਕ ਤੋਂ ਇਲਾਵਾ ਪੋਤਾ ਗੁਰਪ੍ਰੀਤ ਬਿਰਕ, ਪੋਤਰੀ ਸੁਰੀਨਾ ਬਿਰਕ ਤੇ ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਹ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਡਾ. ਹਰਗੁਰਮੁਖਪਾਲ ਸਿੰਘ ਤੇ ਭੁਪਿੰਦਰ ਸਿੰਘ ਬਾਵਾ ਦੇ ਸਹੁਰਾ ਸਾਹਿਬ ਸਨ। ਸ. ਦਲੀਪ ਸਿੰਘ ਦਾ ਇਕ ਛੋਟਾ ਭਰਾ ਗੁਰਚਰਨ ਸਿੰਘ ਬਿਰਕ ਸਿਆਟਲ ਵਿਚ ਰਹਿੰਦਾ ਹੈ।

ਸਵਰਗੀ ਦਲੀਪ ਸਿੰਘ ਬਿਰਕ ਦਾ ਅੰਤਿਮ ਸਸਕਾਰ ਸ਼ੁੱਕਰਵਾਰ, 2 ਅਗਸਤ 2019 ਨੂੰ ਬਾਅਦ ਦੁਪਹਿਰ 1 ਤੋਂ 3 ਵਜੇ ਤੱਕ ਬੀਡਲਮੈਨ ਕੁਨਸ਼ ਫਿਊਨਰਲ ਹੋਮ (24021 Royal Worlington Drive) ਨੇਪਰਵਿਲ ਵਿਖੇ ਹੋਵੇਗਾ। ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਵ੍ਹੀਟਨ ਵਿਖੇ ਸ਼ਾਮ 6 ਵਜੇ ਤੋਂ 8 ਵਜੇ ਤੱਕ ਹੋਣਗੇ। ਪਰਿਵਾਰ ਨਾਲ ਸੰਪਰਕ ਮਨਿੰਦਰ ਸਿੰਘ ਬਿਰਕ, ਫੋਨ: 630-707-9320 ਜਾਂ ਗੁਰਪ੍ਰੀਤ ਸਿੰਘ ਬਿਰਕ ਫੋਨ: 331-251-1846 ਰਾਹੀਂ ਕੀਤਾ ਜਾ ਸਕਦਾ ਹੈ।

## ਪਾਕਿਸਤਾਨ 2022 'ਚ ਪਹਿਲਾ ਯਾਤਰੀ ਪੁਲਾੜ 'ਚ ਭੇਜੇਗਾ

**ਇਸਲਾਮਾਬਾਦ:** ਪਾਕਿਸਤਾਨ ਨੇ ਐਲਾਨ ਕੀਤਾ ਕਿ ਉਹ 2022 'ਚ ਆਪਣੇ ਨਜ਼ਦੀਕੀ ਭਾਈਵਾਲ ਚੀਨ ਦੇ ਸੈਟੇਲਾਈਟ ਲਾਂਚਿੰਗ ਸਿਸਟਮ ਰਾਹੀਂ ਆਪਣਾ ਪਹਿਲਾ ਯਾਤਰੀ ਪੁਲਾੜ 'ਚ ਭੇਜੇਗਾ। ਪਾਕਿਸਤਾਨ ਦੇ ਵਿਗਿਆਨ ਤੇ ਤਕਨੀਕ ਮੰਤਰੀ ਫਵਾਦ ਚੌਧਰੀ ਨੇ ਕਿਹਾ ਕਿ ਪੁਲਾੜ 'ਚ ਭੇਜੇ ਜਾਣ ਵਾਲੇ ਯਾਤਰੀ ਦੀ ਚੋਣ ਦੀ ਪ੍ਰਕਿਰਿਆ ਫਰਵਰੀ 2020 'ਚ ਸ਼ੁਰੂ ਹੋਵੇਗੀ।


## ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।

ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਮਿ. ਸਿੰਘ

ਫੋਨ: 515-291-1961

28-


# ਸਿਮਰਨਜੀਤ ਸਿੰਘ ਮਾਨ ਨੇ ਅਮਰੀਕੀ ਇਕਾਈ ਨੂੰ ਜਾਬਤੇ ਵਿਚ ਰਹਿਣ ਅਤੇ ਪਾਰਟੀ ਦੇ ਪਛਾਣ ਪੱਤਰ ਜਾਰੀ ਕਰਨ 'ਤੇ ਲਾਈ ਰੋਕ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਆਪਣੇ ਦਸਤਖਤਾਂ ਹੇਠ ਵਿਦੇਸ਼ਾਂ ਵਿਚਲੀਆਂ ਸਭ ਇਕਾਈਆਂ, ਖਾਸ ਕਰ ਅਮਰੀਕਾ ਦੀ ਜਥੇਬੰਦੀ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ ਨੂੰ ਈਮੇਲ ਭੇਜ ਕੇ ਸੂਚਿਤ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁੱਖ ਦਫਤਰ ਕਿਲ੍ਹਾ ਹਰਨਾਮ ਸਿੰਘ ਤੋਂ ਬਿਨਾ ਕਿਸੇ ਵੀ ਯੂਨਿਟ ਨੂੰ ਇਹ ਹੱਕ ਨਹੀਂ ਹੈ ਕਿ ਉਹ ਪਛਾਣ ਪੱਤਰ ਜਾਰੀ ਕਰ ਸਕੇ। ਉਨ੍ਹਾਂ ਸਭ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਕ ਵਿਚਾਰਧਾਰਾ ਦਾ ਨਾਂ ਹੈ। ਇਸ ਦੀ ਨੀਤੀ ਸਿੱਖ ਕੌਮ ਦੀ ਆਜ਼ਾਦੀ ਲਈ



ਬੜੀ ਸਪਸ਼ਟ ਹੈ।

ਸ. ਮਾਨ ਨੇ ਕਿਹਾ ਕਿ ਇਸ ਜਥੇਬੰਦੀ ਵਿਚ ਇਕ ਪਾਰਟੀ (ਸ਼੍ਰੋਮਣੀ ਅਕਾਲੀ ਅੰਮ੍ਰਿਤਸਰ ਅਮਰੀਕਾ) ਅਲੱਗ ਅਲੱਗ ਪ੍ਰੋਗਰਾਮ ਹੋਣੇ ਪਾਰਟੀ ਵਿਚ ਪੈਦਾ ਹੋ ਰਹੀ ਅਨੁਸ਼ਾਨਹੀਣਤਾ ਦਾ ਸਬੂਤ ਹੈ। ਮੇਰੀ ਬੇਨਤੀ ਹੈ ਕਿ 11 ਅਗਸਤ ਨੂੰ ਨਿਊ ਯਾਰਕ ਵਿਖੇ ਹੋ ਰਹੀ ਮੀਟਿੰਗ ਉਦੋਂ ਤੱਕ ਰੱਦ ਕੀਤੀ ਜਾਵੇ, ਜਦੋਂ ਤੱਕ ਸਾਰੇ ਅਹੁਦੇਦਾਰਾਂ ਅਤੇ ਵਰਕਰਾਂ ਦਾ ਆਪਸੀ ਤਾਲਮੇਲ ਤੇ ਏਕਤਾ ਨਹੀਂ ਹੋ ਜਾਂਦੀ। ਆਪੋ ਧਾਪੀ ਵਿਚ ਜਿਥੇ ਪਾਰਟੀ ਦਾ ਸਮਾਂ ਅਤੇ ਧਨ ਬਰਬਾਦ ਹੁੰਦਾ ਹੈ, ਉਥੇ ਸਿੱਖ ਕੌਮ ਦਾ ਵੀ ਬਹੁਤ ਵੱਡਾ ਨੁਕਸਾਨ ਹੁੰਦਾ ਹੈ।

ਸ. ਮਾਨ ਨੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਕਨਵੀਨਰ ਸ. ਬੂਟਾ ਸਿੰਘ ਖੜੌਦ ਸਾਰੇ ਅਹੁਦੇਦਾਰਾਂ ਅਤੇ ਪ੍ਰਮੁੱਖ ਆਗੂਆਂ ਦੀ ਤੁਰੰਤ ਮੀਟਿੰਗ ਬੁਲਾ ਕੇ ਪਾਰਟੀ ਅਤੇ ਕੌਮ ਦੇ ਚੰਗੇਰੇ ਭਵਿੱਖ ਲਈ ਕੋਈ ਠੋਸ ਪ੍ਰਗੋਰਾਮ ਦੇਣ ਜਿਸ ਨਾਲ ਸਿੱਖ ਕੌਮ ਬੁਲੰਦੀਆਂ ਵੱਲ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਇੰਡੀਆ ਵਿਚ ਲੰਮੇ ਸਮੇਂ ਤੋਂ ਹੋ ਰਹੇ ਜਬਰ, ਜ਼ੁਲਮ, ਵਿਤਕਰੇ, ਬੇਇਨਸਾਫੀਆਂ ਅਤੇ ਧੱਕੇਸ਼ਾਹੀਆਂ ਖਿਲਾਫ ਵਿਦੇਸ਼ਾਂ ਵਿਚਲੀਆਂ ਸਾਰੀਆਂ ਯੂਨਿਟਾਂ ਇਕਮੁਠ ਹੋ ਕੇ ਆਪੋ ਆਪਣੀਆਂ ਰਾਜਧਾਨੀਆਂ ਅਤੇ ਸਫਾਰਤਖਾਨਿਆਂ ਤੱਕ ਪਹੁੰਚ ਕਰਨ।


## SUPER TRAVEL

847-676-9090, 773-465-5566

E-mail: supertravel2003@live.com

Lowest Fares With Excellent Service

United Airlines
British Airways



Etihad, Air India, KLM, Lufthansa, Delta, Qatar Airlines.

For Emergency Call anytime at 847-673-3825

EARLY BIRD SALE!!!!

Domestic fares available



## Restaurant and Grocery Store For Sale

A unique combination of Indian Restaurant and Grocery Store for sale in Lake County, IL.
Established business in a rich neighborhood.
Over 85K monthly sale
Asking Price $250K + Inventory

Call: 224-513-1051

29-36



## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+



## Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਪੰਜਾਬ ਟਾਈਮਜ਼

*ਸਨਿਚਰਵਾਰ, 3 ਅਗਸਤ 2019*

# ਮੋਦੀ ਸਰਕਾਰ ਦੀ ਮਾਰ

ਮੋਦੀ ਸਰਕਾਰ ਦੀ ਚੜ੍ਹਤ ਦਾ ਮਾਮਲਾ ਤਾਂ ਮਈ ਮਹੀਨੇ ਵਿਚ ਚੋਣ ਨਤੀਜਿਆਂ ਦੌਰਾਨ ਹੀ ਸਪਸ਼ਟ ਹੋ ਗਿਆ ਸੀ, ਪਰ ਪਿਛਲੇ ਦਿਨਾਂ ਦੌਰਾਨ ਇਸ ਦੀ ਮਾਰਖੋਰੀ ਪਹੁੰਚ ਨੇ ਹੋਰ ਵੀ ਕਈ ਭੁਲੇਖੇ ਦੂਰ ਕਰ ਦਿੱਤੇ ਹਨ। ਉਪਰੋਥਲੀ ਤਿੰਨ ਫੈਸਲਿਆਂ ਨੇ ਇਸ ਦੀ ਇਸ ਮਾਰਖੋਰੀ ਪਹੁੰਚ ਦੀ ਤਸਦੀਕ ਕਰ ਦਿੱਤੀ ਹੈ। ਪਹਿਲਾਂ ਤਾਂ ਸੂਚਨਾ ਅਧਿਕਾਰ ਐਕਟ (ਆਰ.ਟੀ.ਆਈ.) ਨੂੰ ਪੇਤਲਾ ਪਾ ਦਿੱਤਾ, ਫਿਰ ਕਿਸੇ ਵੀ ਸ਼ਖਸ ਨੂੰ ਅਤਿਵਾਦੀ ਐਲਾਨਣ ਲਈ ਖਾਸ ਕਾਨੂੰਨ ਵਿਚ ਸੋਧ ਕਰਵਾ ਲਈ ਅਤੇ ਹੁਣ ਤਿੰਨ ਤਲਾਕ ਵਾਲਾ ਬਿੱਲ ਪਾਸ ਕਰਵਾ ਲਿਆ। ਓਪਰੀ ਨਜ਼ਰੇ ਇਹ ਬਿੱਲ ਮੁਸਲਮਾਨ ਔਰਤਾਂ ਦੇ ਹੱਕ ਵਿਚ ਭੁਗਤਦਾ ਜਾਪਦਾ ਹੈ, ਪਰ ਇਸ ਦੀਆਂ ਸੂਖਮ ਤੰਦਾਂ ਹੇਠ ਵੀ ਮੁਸਲਮਾਨਾਂ ਖਿਲਾਫ ਵੈਰ ਦੀ ਕਨਸੋਅ ਸਾਫ ਸੁਣ ਰਹੀ ਹੈ। ਆਪਣੀਆਂ ਇਹ ਤਿੰਨੇ ਕਾਰਵਾਈਆਂ ਸਿਰੇ ਚਾੜ੍ਹਨ ਲਈ ਭਾਰਤੀ ਜਨਤਾ ਪਾਰਟੀ ਨੂੰ ਸੰਸਦ ਵਿਚ ਕੋਈ ਮੁਸ਼ਕਿਲ ਪੇਸ਼ ਨਹੀਂ ਆਈ, ਕਿਉਂਕਿ ਇਕ ਤਾਂ ਇਸ ਨੇ ਆਪਣੀ ਗਿਣਤੀ-ਮਿਣਤੀ ਦੇ ਹਿਸਾਬ ਨਾਲ ਪ੍ਰਬੰਧ ਹੀ ਬੜੇ ਪੁਖਤਾ ਢੰਗ ਨਾਲ ਕੀਤਾ ਹੋਇਆ ਸੀ, ਦੂਜੇ ਬੰਨੇ ਵਿਰੋਧੀ ਧਿਰ ਦੀ ਏਕਤਾ ਇਕ ਵਾਰ ਫਿਰ ਸੰਸਦ ਵਿਚ ਚੌਫਾਲ ਡਿੱਗ ਪਈ। ਲੋਕ ਸਭਾ ਚੋਣਾਂ ਵੇਲੇ ਵੀ ਐਨ ਇਸੇ ਤਰ੍ਹਾਂ ਵਾਪਰਿਆ ਸੀ। ਉਸ ਵਕਤ ਜਦੋਂ ਹਰ ਪਾਸਿਓਂ ਇਕੱਠੇ ਹੋ ਕੇ ਭਾਰਤੀ ਜਨਤਾ ਪਾਰਟੀ ਨੂੰ ਟੱਕਰ ਦੇਣ ਲਈ ਹੋਕਾ ਦਿੱਤਾ ਜਾ ਰਿਹਾ ਸੀ ਤਾਂ ਵਿਰੋਧੀ ਧਿਰ ਦੇ ਆਗੂਆਂ ਨੇ ਆਪੋ-ਆਪਣੀ ਸਿਆਸਤ ਦੀ ਹੀ ਡਫਲੀ ਵਜਾਈ ਅਤੇ ਨਤੀਜਾ ਸਭ ਦੇ ਸਾਹਮਣੇ ਹੈ। ਹੁਣ ਭਾਰਤੀ ਜਨਤਾ ਪਾਰਟੀ ਲੋਕ ਸਭਾ ਦੀਆਂ 303 ਸੀਟਾਂ ਜਿੱਤਣ ਦੀ ਕਲਗੀ ਸਜਾ ਕੇ ਬੈਠੀ ਹੈ। ਰਾਜ ਸਭਾ ਵਿਚ ਪਹਿਲਾਂ ਇਸ ਨੂੰ ਕਈ ਵਾਰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ, ਪਰ ਇਸ ਨੇ ਐਤਕੀਂ ਇਹ ਕਸਰ ਵੀ ਪੂਰੀ ਕਰ ਲਈ ਹੈ।

ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਵਿਚ ਕੀਤੀ ਸੋਧ ਦੇ ਮਾਮਲੇ ਵਿਚ ਵਿਰੋਧੀ ਧਿਰ ਰੌਲਾ ਪਾਉਂਦੀ ਹੀ ਰਹਿ ਗਈ ਪਰ ਸਰਕਾਰ ਨੇ ਚੰਮ ਦੀਆਂ ਚਲਾਈਆਂ ਅਤੇ ਹੁਣ ਇਸ ਸੋਧ ਦੇ ਨਤੀਜੇ ਵਜੋਂ ਸਰਕਾਰ ਦੇ ਹੱਥ ਵਿਰੋਧੀਆਂ ਉਤੇ ਸ਼ਿਕੰਜਾ ਕੱਸਣ ਦਾ ਹਥਿਆਰ ਆ ਗਿਆ ਹੈ। ਇਸ ਸੋਧ ਤਹਿਤ ਸਰਕਾਰ ਨੂੰ ਹੁਣ ਗ੍ਰਿਫਤਾਰ ਕੀਤੇ ਕਿਸੇ ਵੀ ਵਿਅਕਤੀ ਦੇ ਸਬੰਧ, ਕਿਸੇ ਪਾਬੰਦੀਸ਼ੁਦਾ ਜਥੇਬੰਦੀ ਨਾਲ ਸਾਬਤ ਕਰਨ ਦੀ ਲੋੜ ਨਹੀਂ, ਉਸ ਨੂੰ ਹੁਣ ਸਿੱਧਾ ਹੀ ਅਤਿਵਾਦੀ ਐਲਾਨਿਆ ਜਾਵੇਗਾ ਅਤੇ ਫਿਰ ਉਸ ਨੂੰ ਖੁਦ ਨੂੰ ਬੇਕਸੂਰ ਸਾਬਤ ਕਰਨਾ ਪਵੇਗਾ। ਸੂਚਨਾ ਅਧਿਕਾਰ ਐਕਟ (ਆਰ.ਟੀ.ਆਈ.) ਵਿਚ ਕੀਤੀ ਸੋਧ ਤਾਂ ਹੈ ਹੀ ਨਿਰੀ ਜ਼ਿਆਦਤੀ, ਕਿਉਂਕਿ ਇਹ ਕਾਨੂੰਨ ਬਣਾਇਆ ਹੀ ਇਸ ਕਰਕੇ ਗਿਆ ਸੀ ਤਾਂ ਕਿ ਸਰਕਾਰ ਅਤੇ ਸਰਕਾਰੀ ਅਦਾਰਿਆਂ ਨੂੰ ਲੋਕਾਂ ਪ੍ਰਤੀ ਜਵਾਬਦੇਹ ਬਣਾਇਆ ਜਾ ਸਕੇ, ਉਹ ਹਰ ਕਿਸਮ ਦੀ ਲੋੜੀਂਦੀ ਜਾਣਕਾਰੀ ਹਾਸਲ ਕਰ ਸਕਣ ਪਰ ਇਸ ਮਸਲੇ 'ਤੇ ਵੀ ਨੱਕਾ ਲਾ ਦਿੱਤਾ ਗਿਆ ਹੈ। ਪਹਿਲਾਂ ਵੀ ਕਈ ਮਾਮਲਿਆਂ 'ਤੇ ਪ੍ਰਧਾਨ ਮੰਤਰੀ ਦਫਤਰ ਅਤੇ ਦੇਸ਼ ਦੇ ਕਈ ਹੋਰ ਅਹਿਮ ਵਿਭਾਗ ਲੋਕਾਂ ਵਲੋਂ ਆਰ.ਟੀ.ਆਈ. ਤਹਿਤ ਮੰਗੀ ਜਾਣਕਾਰੀ ਦੇਣੋਂ ਨਾਂਹ ਕਰਦੇ ਰਹੇ ਹਨ, ਹੁਣ ਤਾਂ ਕਾਨੂੰਨੀ ਤੌਰ 'ਤੇ ਲੋਕਾਂ ਦਾ ਇਹ ਹੱਕ ਘਟਾ ਦਿੱਤਾ ਗਿਆ ਹੈ।

ਉਂਜ, ਸਭ ਤੋਂ ਦਿਲਚਸਪ ਮਾਮਲਾ ਤੀਹਰੇ ਤਲਾਕ ਦਾ ਹੈ। ਇਸ ਕਾਨੂੰਨ ਬਾਰੇ ਪ੍ਰਚਾਰ ਹੈ ਕਿ ਇਸ ਨਾਲ ਮੁਸਲਮਾਨ ਔਰਤਾਂ ਨਾਲ ਹੋ ਰਹੀਆਂ ਵਧੀਕੀਆਂ ਬੰਦ ਕਰਵਾਉਣ ਵਿਚ ਮਦਦ ਮਿਲੇਗੀ। ਇਹ ਮਸਲਾ ਸੱਚਮੁੱਚ ਵੱਡਾ ਹੈ, ਬਹੁਤ ਸਾਰੀਆਂ ਔਰਤਾਂ ਨੂੰ ਤੀਹਰੇ ਤਲਾਕ ਦੇ ਬੋਲੇ ਕਾਰਨ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਖਾਵੰਦ ਨੂੰ ਜੇਲ੍ਹ ਅੰਦਰ ਸੁੱਟਣਾ ਇਸ ਮਸਲੇ ਦਾ ਹੱਲ ਨਹੀਂ। ਵਿਰੋਧੀ ਧਿਰ ਦੀ ਮੰਗ ਮੁਤਾਬਕ, ਮੁਸਲਮਾਨ ਔਰਤ ਦੀ ਤੁਰੰਤ ਕੋਈ ਮਾਇਕ ਜਾਂ ਉਸ ਨੂੰ ਕੋਈ ਹੋਰ ਮਦਦ ਦੇਣ ਦੇ ਮਸਲੇ ਬਾਰੇ ਵਿਚਾਰ ਕਰਨੀ ਵੀ ਜ਼ਰੂਰੀ ਨਹੀਂ ਸਮਝੀ ਗਈ। ਅਜਿਹੇ ਗੁੰਝਲਦਾਰ ਬਿੱਲ ਆਮ ਕਰਕੇ ਵਿਚਾਰ ਹਿਤ 'ਸਿਲੈਕਟ ਕਮੇਟੀ' ਕੋਲ ਭੇਜੇ ਜਾਂਦੇ ਹਨ, ਪਰ ਇਸ ਬਿੱਲ ਦੇ ਮਾਮਲੇ ਵਿਚ ਅਜਿਹਾ ਨਹੀਂ ਕੀਤਾ ਗਿਆ। ਉਂਜ ਵੀ ਔਰਤਾਂ ਦੇ ਹੱਕਾਂ ਬਾਰੇ ਭਾਰਤੀ ਜਨਤਾ ਪਾਰਟੀ ਦਾ ਹੇਜ ਯੂ.ਪੀ. ਵਿਚ ਉਨਾਓ ਵਾਲੇ ਕੇਸ ਨੇ ਐਨ ਸਾਫ ਕਰ ਦਿੱਤਾ ਹੈ। ਇਸ ਕੇਸ ਵਿਚ ਭਾਰਤੀ ਜਨਤਾ ਪਾਰਟੀ ਦੇ ਐਮ.ਐਲ.ਏ. ਉਤੇ ਨਾਬਾਲਗ ਲੜਕੀ ਨਾਲ ਬਲਾਤਕਾਰ ਦਾ ਕੇਸ ਦਰਜ ਹੈ ਅਤੇ ਐਮ.ਐਲ.ਏ. ਜੇਲ੍ਹ ਅੰਦਰ ਬੰਦ ਹੈ ਪਰ ਇਸ ਦੌਰਾਨ ਪੀੜਤ ਲੜਕੀ ਦੇ ਪਿਤਾ ਨੂੰ ਕਿਸੇ ਕੇਸ ਵਿਚ ਫਸਾ ਦਿੱਤਾ ਗਿਆ ਅਤੇ ਫਿਰ ਪੁਲਿਸ ਹਿਰਾਸਤ ਵਿਚ ਉਸ ਦੀ ਮੌਤ ਹੋ ਗਈ। ਇਸ ਕੇਸ ਦੇ ਇਕ ਅਹਿਮ ਗਵਾਹ ਦੀ ਮੌਤ ਸ਼ੱਕੀ ਹਾਲਤ ਵਿਚ ਹੋ ਚੁਕੀ ਹੈ ਅਤੇ ਹੁਣ ਜਿਸ ਤਰ੍ਹਾਂ ਪੀੜਤ ਵਾਲੀ ਕਾਰ ਦਾ ਹਾਦਸਾ ਟਰੱਕ ਨਾਲ ਹੋਇਆ ਹੈ, ਉਸ ਨੇ ਸਭ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ।

ਅਜੇ ਦੋ ਹਫਤੇ ਪਹਿਲਾਂ ਹੀ ਪੀੜਤ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਚਿੱਠੀ ਲਿਖ ਕੇ ਦੱਸਿਆ ਸੀ ਕਿ ਉਸ ਅਤੇ ਉਸ ਦੇ ਪਰਿਵਾਰ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ। ਹੁਣ ਇਸ ਹਾਦਸੇ, ਜਿਸ ਵਿਚ ਪਰਿਵਾਰ ਦੇ ਦੋ ਜੀਆਂ ਦੀ ਮੌਤ ਹੋ ਚੁਕੀ ਹੈ, ਪੀੜਤ ਖੁਦ ਤੇ ਉਸ ਦੀ ਵਕੀਲ ਗੰਭੀਰ ਜ਼ਖਮੀ ਹੈ, ਤੋਂ ਬਾਅਦ ਰੌਲਾ ਪੈਣ 'ਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਬਿਆਨ ਆਇਆ ਹੈ ਕਿ ਐਮ.ਐਲ.ਏ. ਕੁਲਦੀਪ ਸਿੰਘ ਸੈਂਗਰ ਨੂੰ ਪਹਿਲਾਂ ਹੀ ਮੁਅੱਤਲ ਕੀਤਾ ਜਾ ਚੁਕਾ ਹੈ, ਪਰ ਹਕੀਕਤ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਦਾ ਨਵਾਂ ਬਣਿਆ ਲੋਕ ਸਭਾ ਮੈਂਬਰ ਸਾਕਸ਼ੀ ਮਹਾਰਾਜ, ਜੋ ਮੁਸਲਮਾਨਾਂ ਖਿਲਾਫ ਅਕਸਰ ਜ਼ਹਿਰ ਉਗਲਦਾ ਰਹਿੰਦਾ ਹੈ, ਐਮ.ਐਲ.ਏ. ਨੂੰ ਬਾਕਾਇਦਾ ਜੇਲ੍ਹ ਵਿਚ ਮਿਲ ਕੇ ਆਇਆ ਹੈ। ਜਾਹਰ ਹੈ ਕਿ ਭਾਰਤੀ ਜਨਤਾ ਪਾਰਟੀ ਦੋ-ਧਾਰੀ ਤਲਵਾਰ ਦੀ ਵਰਤੋਂ ਪੂਰੀ ਬੇਰਹਿਮੀ ਨਾਲ ਕਰ ਰਹੀ ਹੈ। ਇਕ ਪਾਸੇ ਵੱਖ-ਵੱਖ ਕਾਨੂੰਨ ਲਿਆ ਕੇ ਲੋਕਾਂ ਦੀ ਅਵਾਜ਼ ਬੰਦ ਕਰਨ ਲਈ ਲਗਾਤਾਰ ਸ਼ਿਕੰਜਾ ਕੱਸਿਆ ਜਾ ਰਿਹਾ ਹੈ, ਦੂਜੇ ਪਾਸੇ ਬੁਰਛਾਗਰਦੀ ਰਾਹੀਂ ਲੋਕਾਂ ਨਾਲ ਸ਼ੱਰੇਆਮ ਵਧੀਕੀਆਂ ਕੀਤੀਆਂ ਜਾ ਰਹੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜ਼ਿੰਦਗੀ ਜ਼ਿੰਦਾਬਾਦ !*

ਪੱਲੇ ਬੰਨ੍ਹੀਏ ਕਿਹਾ ਸਿਆਣਿਆਂ ਦਾ, ਚਾਦਰ ਦੇਖ ਕੇ ਪੈਰ ਪਸਾਰੀਏ ਜੀ।
ਪਈਆਂ ਖੋਟੀਆਂ ਆਦਤਾਂ ਮਾਰ ਦੇਈਏ, ਕਾਹਤੋਂ ਆਪਣੇ ਆਪ ਨੂੰ ਮਾਰੀਏ ਜੀ।
ਲੈਣੇ ਕਾਸਨੂੰ ਅੱਡੀਆਂ ਚੱਕ ਫਾਹੇ, ਨਾਲ ਸਬਰ ਸੰਤੋਖ ਦੇ ਸਾਰੀਏ ਜੀ।
ਚੜ੍ਹਦੀ ਕਲਾ ਦੇ ਪੁਰਖਿਆਂ ਗੀਤ ਗਾਏ, ਵਿਰਸਾ ਆਪਣਾ ਜ਼ਰਾ ਨਿਹਾਰੀਏ ਜੀ।
ਕਰਕੇ ਯਾਦ ਮਾਂ-ਬਾਪ ਦੀ ਘਾਲਣਾ ਨੂੰ, ਢਹਿੰਦੀ ਕਲਾ ਨੂੰ ਦਿਲੋਂ ਨਕਾਰੀਏ ਜੀ।
ਵਿਹਲੜਪੁਣਾ ਸਰਕਾਰਾਂ ਦੀ ਝਾਕ ਛੱਡੋ, ਆਪਣ ਹੱਥੀਂ ਹੀ 'ਕਾਜ ਸਵਾਰੀਏ' ਜੀ।

# ਯੂ.ਏ.ਪੀ.ਏ. ਵਿਚ ਤਰਮੀਮ ਦੇ ਬਹਾਨੇ ਨਵੇਂ ਹਮਲੇ ਦੀ ਤਿਆਰੀ

*ਭਾਰਤ ਦੀ ਮੋਦੀ ਸਰਕਾਰ ਨੇ ਆਪਣਾ ਹਿੰਦੂਤਵੀ ਏਜੰਡਾ ਤੇਜ਼ੀ ਨਾਲ ਲਾਗੂ ਕਰਨ ਲਈ ਵੱਖ-ਵੱਖ ਖੇਤਰਾਂ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਹੁਣੇ-ਹੁਣੇ 'ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ' (ਯੂ.ਏ.ਪੀ.ਏ.) ਵਿਚ ਖਾਸ ਤਰਮੀਮ ਕਰਕੇ ਕਿਸੇ ਵੀ ਸ਼ਖਸ ਨੂੰ ਅਤਿਵਾਦੀ ਐਲਾਨਣ ਲਈ ਰਾਹ ਖੋਲ੍ਹ ਦਿੱਤਾ ਗਿਆ ਹੈ। ਪੁਲਿਸ ਨੂੰ ਗ੍ਰਿਫਤਾਰ ਕੀਤੇ ਗਏ ਸ਼ਖਸ ਦਾ ਸਬੰਧ ਕਿਸੇ ਵੀ ਪਾਬੰਦੀਸ਼ੁਦਾ ਜਥੇਬੰਦੀ ਨਾਲ ਖੁਦ ਸਾਬਤ ਕਰਨਾ ਪੈਂਦਾ ਸੀ ਪਰ ਹੁਣ ਉਲਟ ਹੋਵੇਗਾ। ਹੁਣ ਅਤਿਵਾਦੀ ਐਲਾਨੇ ਸ਼ਖਸ ਨੂੰ ਖੁਦ ਨੂੰ ਬੇਕਸੂਰ ਸਾਬਤ ਕਰਨਾ ਪਵੇਗਾ। ਇਸ ਸਮੁੱਚੇ ਹਾਲਾਤ 'ਤੇ ਟਿੱਪਣੀ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤੀ ਹੈ। -ਸੰਪਾਦਕ*

24 ਜੁਲਾਈ ਨੂੰ ਮੋਦੀ ਸਰਕਾਰ ਵੱਲੋਂ ਪੇਸ਼ ਕੀਤਾ ਯੂ.ਏ.ਪੀ.ਏ. (ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ) ਤਰਮੀਮ ਬਿੱਲ-2019 ਲੋਕ ਸਭਾ ਨੇ ਪਾਸ ਕਰ ਦਿੱਤਾ। ਇਸ ਤਰਮੀਮ ਜ਼ਰੀਏ ਸਰਕਾਰ ਨੇ ਕਿਸੇ ਵੀ ਸ਼ਖਸ ਨੂੰ ਦਹਿਸ਼ਤਗਰਦ ਐਲਾਨਣ ਦਾ ਅਧਿਕਾਰ ਹਾਸਲ ਕਰਕੇ ਕਿਸੇ ਉਪਰ ਵੀ ਦਹਿਸ਼ਤਗਰਦ ਦਾ ਠੱਪਾ ਲਾਉਣ ਦੀ ਬੇਮਿਸਾਲ ਤਾਕਤ ਹਥਿਆ ਲਈ ਹੈ। ਜਿਨ੍ਹਾਂ ਨੂੰ ਹੁਣ ਤਕ 'ਰਾਸ਼ਟਰ ਵਿਰੋਧੀ' ਕਹਿ ਕੇ ਗ੍ਰਿਫਤਾਰ ਕੀਤਾ ਜਾਂਦਾ ਸੀ, ਉਨ੍ਹਾਂ ਨੂੰ ਦਹਿਸ਼ਤਗਰਦ ਦਾ ਠੱਪਾ ਲਗਾ ਕੇ ਕੁਚਲਿਆ ਜਾਵੇਗਾ। ਹੁਣ ਐਨ.ਆਈ.ਏ. (ਕੌਮੀ ਜਾਂਚ ਏਜੰਸੀ) ਨੂੰ ਹੋਰ ਮੁਲਕਾਂ ਵਿਚ ਵੀ ਕਥਿਤ ਦਹਿਸ਼ਤਗਰਦ ਮਾਮਲਿਆਂ ਦੀ ਜਾਂਚ ਦਾ ਅਧਿਕਾਰ ਮਿਲ ਗਿਆ ਹੈ।

ਸੱਤਾਧਾਰੀ ਧਿਰ ਦੀ ਦਲੀਲ ਇਹ ਹੈ ਕਿ ਪਹਿਲਾਂ ਜਥੇਬੰਦੀਆਂ ਨੂੰ ਗੈਰਕਾਨੂੰਨੀ ਐਲਾਨਣ ਦੀ ਵਿਵਸਥਾ ਤਾਂ ਸੀ ਲੇਕਿਨ ਵਿਅਕਤੀ ਨੂੰ ਦਹਿਸ਼ਤਗਰਦ ਐਲਾਨਣ ਲਈ ਇਹ ਕਾਨੂੰਨ

ਬੂਟਾ ਸਿੰਘ
ਫੋਨ: +91-94634-74342

ਲੋੜੀਂਦਾ ਕਾਰਗਰ ਅਤੇ ਸਖਤ ਨਾ ਹੋਣ ਕਾਰਨ ਦਹਿਸ਼ਤੀ ਇਰਾਦੇ ਵਾਲੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਤੋਂ ਅਸਮਰੱਥ ਸੀ। ਹੁਣ ਜਥੇਬੰਦੀਆਂ ਦੇ ਨਾਲ-ਨਾਲ ਦਹਿਸ਼ਤਵਾਦ ਨੂੰ ਅੰਜਾਮ ਦੇਣ ਵਾਲੇ ਜਾਂ ਕਿਸੇ ਵੀ ਤਰ੍ਹਾਂ ਦਹਿਸ਼ਤਵਾਦ ਵਿਚ ਸ਼ਾਮਲ, ਦਹਿਸ਼ਤਵਾਦ ਦੀ ਤਿਆਰੀ ਕਰ ਰਹੇ ਜਾਂ ਦਹਿਸ਼ਤਵਾਦ ਨੂੰ ਉਤਸ਼ਾਹਤ ਕਰਨ ਵਾਲੇ ਵਿਅਕਤੀ ਨੂੰ ਵੀ ਦਹਿਸ਼ਤਗਰਦ ਕਰਾਰ ਦਿੱਤਾ ਜਾ ਸਕੇਗਾ। ਦਹਿਸ਼ਤਵਾਦ ਦੇ ਮਾਮਲੇ ਵਿਚ ਜੇ ਹੁਣ ਤਫਤੀਸ਼ੀ ਅਧਿਕਾਰੀ ਐਨ.ਆਈ.ਏ. ਦਾ ਕੋਈ ਅਫਸਰ ਹੈ ਤਾਂ ਕਥਿਤ ਦਹਿਸ਼ਤਗਰਦ ਦੀ ਜਾਇਦਾਦ ਜ਼ਬਤ ਕਰਨ ਲਈ ਸਬੰਧਤ ਸੂਬੇ ਦੇ ਡੀ.ਜੀ.ਪੀ ਦੀ ਅਗਾਊਂ ਮਨਜ਼ੂਰੀ ਲੈਣ ਦੀ ਜ਼ਰੂਰਤ ਵੀ ਨਹੀਂ ਪਵੇਗੀ। ਐਨ.ਆਈ.ਏ. ਦੇ ਡਾਇਰੈਕਟਰ ਜਨਰਲ ਦੀ ਮਨਜ਼ੂਰੀ ਹੀ ਕਾਫੀ ਹੋਵੇਗੀ।

ਯੂ.ਏ.ਪੀ.ਏ. ਸੰਯੁਕਤ ਰਾਸ਼ਟਰ ਅਸੈਂਬਲੀ ਵਲੋਂ 1948 ਵਿਚ ਅਪਣਾਏ ਮਨੁੱਖੀ ਹੱਕਾਂ ਦੇ ਸਰਵਵਿਆਪਕ ਐਲਾਨਨਾਮੇ ਦਾ ਨਿਖੇਧ ਹੈ ਜੋ ਸਾਫ ਕਹਿੰਦਾ ਹੈ ਕਿ ਸਜ਼ਾਯੋਗ ਜੁਰਮ ਦੇ ਹਰ ਮੁਲਜ਼ਮ ਨੂੰ ਉਦੋਂ ਤਕ ਬੇਕਸੂਰ ਮੰਨੇ ਜਾਣ ਦਾ ਪੂਰਾ ਹੱਕ ਹੈ, ਜਦੋਂ ਤਕ ਕਾਨੂੰਨ ਅਨੁਸਾਰ ਮੁਕੱਦਮਾ ਚਲਾ ਕੇ ਉਸ ਨੂੰ ਕਸੂਰਵਾਰ ਸਾਬਤ ਨਹੀਂ ਕਰ ਦਿੱਤਾ ਜਾਂਦਾ ਜਿਥੇ ਉਸ ਨੂੰ ਆਪਣੇ ਬਚਾਓ ਦਾ ਹਰ ਮੌਕਾ ਦੇਣਾ ਜ਼ਰੂਰੀ ਹੈ; ਲੇਕਿਨ ਯੂ.ਏ.ਪੀ.ਏ. ਵਿਚ 'ਗੈਰਕਾਨੂੰਨੀ' ਦੀ ਪ੍ਰੀਭਾਸ਼ਾ ਇਸ ਕਦਰ ਮੋਕਲੀ ਬਣਾਈ ਗਈ ਕਿ ਹੁਕਮਰਾਨ ਧਿਰ ਜਿਸ ਨੂੰ ਜਦੋਂ ਚਾਹੇ ਗੈਰਕਾਨੂੰਨੀ ਖਾਨੇ ਵਿਚ ਰੱਖ ਕੇ ਦਬਾ ਸਕਦੀ ਸੀ। ਨਵੀਂ ਤਰਮੀਮ ਨੇ ਇਹ ਸੀਮਾ ਵੀ ਹਟਾ ਦਿੱਤੀ ਹੈ।

ਉਦੋਂ ਯੂ.ਏ.ਪੀ.ਏ. ਬਿੱਲ ਪਾਸ ਕਰਾਉਣ ਲਈ ਕੇਂਦਰ ਸਰਕਾਰ ਨੂੰ ਬਹੁਤ ਜ਼ਿਆਦਾ ਜ਼ੋਰ ਲਗਾਉਣਾ ਪਿਆ ਸੀ ਕਿਉਂਕਿ ਸਿਆਸਤਦਾਨਾਂ ਦਾ ਇਕ ਹਿੱਸਾ ਜੰਗੇ-ਆਜ਼ਾਦੀ ਦੌਰਾਨ ਬਸਤੀਵਾਦੀ ਰਾਜ ਵਿਰੁਧ ਜਾਨ-ਹੂਲਵੇਂ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਜਮਹੂਰੀ ਮੁੱਲਾਂ ਪ੍ਰਤੀ ਅਤੇ ਸੱਤਾ ਦੀ ਆਪਾਸ਼ਾਹ ਰੁਚੀ ਤੋਂ ਨਾਗਰਿਕ ਹੱਕਾਂ ਦੀ ਰਾਖੀ ਲਈ ਅਜੇ ਕੁਝ ਸੰਵੇਦਨਸ਼ੀਲ ਸੀ। ਯੂ.ਏ.ਪੀ.ਏ. ਬਿੱਲ ਦੋ ਵਾਰ ਤੀਸਰੀ ਲੋਕ ਸਭਾ ਦੌਰਾਨ ਅਤੇ ਫਿਰ ਚੌਥੀ ਲੋਕ ਸਭਾ ਦੌਰਾਨ ਸੰਸਦ ਵਿਚ ਪੇਸ਼ ਕੀਤਾ ਗਿਆ। ਵਿਰੋਧ ਕਾਰਨ ਬਿੱਲ ਵਾਪਸ ਲੈਣਾ ਪਿਆ ਸੀ। ਅੰਤ 1967 ਵਿਚ ਪੰਜਵੀਂ ਲੋਕ ਸਭਾ ਨੇ ਬਿੱਲ ਪਾਸ ਕਰ ਦਿੱਤਾ।

ਇਸ ਤੋਂ ਅੱਗੇ, ਯੂ.ਏ.ਪੀ.ਏ. ਅਤੇ ਹੋਰ ਸੰਵਿਧਾਨਕ ਉਪਾਵਾਂ ਜ਼ਰੀਏ ਰਾਜਕੀ ਜਬਰ ਦਾ ਲੰਮਾ ਇਤਿਹਾਸ ਹੈ। ਇਸ ਕਾਨੂੰਨ ਜ਼ਰੀਏ ਕੇਂਦਰ ਸਰਕਾਰ ਵਲੋਂ ਹਥਿਆਈਆਂ ਜਾ ਰਹੀਆਂ ਅਸਾਧਾਰਨ ਤਾਕਤਾਂ ਨੂੰ ਦੇਖਦਿਆਂ ਕਈ ਸੰਸਦ ਮੈਂਬਰਾਂ ਵਲੋਂ ਜ਼ਾਹਰ ਕੀਤੇ ਖਦਸ਼ੇ ਬਾਅਦ ਵਿਚ ਸੱਚੇ ਸਾਬਤ ਹੋਏ।

ਯੂ.ਏ.ਪੀ.ਏ. ਦੁਬਾਰਾ ਚਰਚਾ ਵਿਚ ਉਦੋਂ ਆਇਆ ਜਦੋਂ ਬਹੁਤ ਹੀ ਬਦਨਾਮ ਹੋ ਚੁੱਕੇ 'ਟਾਡਾ' ਅਤੇ 'ਪੋਟਾ' ਦੀਆਂ ਮੱਦਾਂ ਸ਼ਾਮਲ ਕਰਕੇ ਇਸ ਦਾ ਸੋਧਿਆ ਹੋਇਆ ਰੂਪ ਪੇਸ਼ ਕੀਤਾ ਗਿਆ। 'ਟਾਡਾ' ਦੀ ਮਿਆਦ ਲੰਘਾ ਕੇ 'ਪੋਟਾ' ਲਿਆਂਦਾ ਗਿਆ ਅਤੇ ਓੜਕ ਇਹ ਵੀ ਵਾਪਸ ਲੈਣਾ ਪਿਆ। ਇਸ ਦੇ ਬਦਲ ਵਜੋਂ, 2004 ਵਿਚ ਯੂ.ਏ.ਪੀ.ਏ. ਦੀ 'ਗੈਰਕਾਨੂੰਨੀ ਸਰਗਰਮੀ' ਦੀ ਪ੍ਰੀਭਾਸ਼ਾ ਵਿਚ ਅਹਿਮ ਬਦਲਾਓ ਕੀਤੇ ਗਏ। 'ਪੋਟਾ' ਦੀ 'ਦਹਿਸ਼ਤਗਰਦ' ਦੀ ਪ੍ਰੀਭਾਸ਼ਾ ਯੂ.ਏ.ਪੀ.ਏ. ਦਾ ਸ਼ਿੰਗਾਰ ਬਣ ਗਈ ਅਤੇ 'ਦਹਿਸ਼ਤਗਰਦ ਗਰੋਹ' ਦੀ ਨਵੀਂ ਧਾਰਨਾ ਵੀ ਲਿਆਂਦੀ ਗਈ।

26/11 ਦੇ ਮੁੰਬਈ ਹਮਲਿਆਂ ਤੋਂ ਬਾਅਦ 17 ਦਸੰਬਰ 2008 ਨੂੰ ਯੂ.ਏ.ਪੀ.ਏ. ਵਿਚ ਇਕ ਹੋਰ ਤਰਮੀਮ ਕੀਤੀ ਗਈ। ਵਧੇਰੇ ਕੇਂਦਰੀਕ੍ਰਿਤ ਕੌਮੀ ਜਾਂਚ ਏਜੰਸੀ ਬਣਾਈ ਗਈ। 2004 ਅਤੇ 2008 ਦੀਆਂ ਤਰਮੀਮਾਂ ਦੇ ਵਕਤ ਹਾਕਮ ਜਮਾਤੀ ਹਲਕਿਆਂ ਵਿਚ ਵਿਰੋਧ ਦੀ ਸੁਰ ਨਾਮਾਤਰ ਹੀ ਸੁਣਾਈ ਦਿੱਤੀ, ਕਿਉਂਕਿ ਹੁਣ ਨਵਉਦਾਰਵਾਦ ਦੇ ਯੁਗ ਵਿਚ 'ਅੰਦਰੂਨੀ ਸੁਰੱਖਿਆ' ਬਾਬਤ ਘੋਰ ਸੱਜੇਪੱਖੀਆਂ, ਪਾਰਲੀਮੈਂਟਰੀ ਖੱਬੇਪੱਖੀਆਂ ਸਭ ਦੀ ਆਮ ਸਹਿਮਤੀ ਬਣ ਚੁੱਕੀ ਸੀ। 2012 ਵਿਚ ਮਨਮੋਹਨ ਸਿੰਘ ਸਰਕਾਰ ਨੇ ਯੂ.ਏ.ਪੀ.ਏ. ਤਹਿਤ ਕੌਮੀ ਦਹਿਸ਼ਤਗਰਦੀ ਵਿਰੁਧ ਕੇਂਦਰ (ਐਨ.ਸੀ.ਟੀ.ਸੀ.) ਬਣਾਉਣ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਨੋਟੀਫੀਕੇਸ਼ਨ ਵਿਚ ਐਨ.ਸੀ.ਟੀ.ਸੀ. ਦੇ ਨਿਰਦੇਸ਼ਕ ਨੂੰ ਦਹਿਸ਼ਤਗਰਦੀ ਦੇ ਬਹਾਨੇ ਮੁਲਕ ਦੇ ਕਿਸੇ ਵੀ ਹਿੱਸੇ 'ਚ ਛਾਪੇ ਮਾਰਨ ਅਤੇ ਗ੍ਰਿਫਤਾਰੀਆਂ ਕਰਨ ਦੇ ਵਿਸ਼ੇਸ਼ ਅਧਿਕਾਰ ਦੀ ਵਿਵਸਥਾ ਸੀ। ਵਿਰੋਧ ਕਾਰਨ ਨੋਟੀਫਿਕੇਸ਼ਨ ਰੋਕਣਾ ਪਿਆ; ਲੇਕਿਨ ਇਹ ਜ਼ਾਹਿਰ ਹੋ ਗਿਆ ਕਿ ਹੁਕਮਰਾਨ ਜਮਾਤ ਨੇ ਜਮਹੂਰੀ ਵਿਰੋਧ ਦੀ ਹਰ ਸੰਵਿਧਾਨਕ ਗੁੰਜਾਇਸ਼ ਨੂੰ ਖਤਮ ਕਰਨ ਦੀ ਠਾਣ ਰੱਖੀ ਹੈ।

ਵਿਰੋਧੀ ਧਿਰ ਨੇ ਹੁਣ ਭਾਵੇਂ ਹਾਲੀਆ ਤਰਮੀਮ ਦਾ ਸੰਸਦ ਵਿਚ ਵਿਰੋਧ ਕੀਤਾ, ਲੇਕਿਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਤੱਥ ਨਾਲ ਉਨ੍ਹਾਂ ਦੇ ਮੂੰਹ ਬੰਦ ਕਰ ਦਿੱਤੇ ਕਿ ਯੂ.ਏ.ਪੀ.ਏ. ਕਾਂਗਰਸ ਦੇ ਰਾਜ ਵਿਚ ਬਣਾਇਆ ਗਿਆ ਅਤੇ ਤਿੰਨ ਵਾਰ ਸੋਧਿਆ ਗਿਆ। ਹੁਣ ਵੀ ਵਿਰੋਧੀ ਧਿਰ ਨੂੰ 'ਕੌਮੀ ਹਿਤ' ਵਿਚ ਤਰਮੀਮ ਦਾ ਸਾਥ ਦੇਣਾ ਚਾਹੀਦਾ ਹੈ। ਹਾਲੀਆ ਤਰਮੀਮ ਨੂੰ ਇਸ ਪ੍ਰਸੰਗ ਵਿਚ ਦੇਖਣਾ ਜ਼ਰੂਰੀ ਹੈ।

ਇਸ ਤਰਮੀਮ ਜ਼ਰੀਏ ਯੂ.ਏ.ਪੀ.ਏ. ਦੇ ਹਮਲੇ ਦਾ ਘੇਰਾ ਵਧਾਉਣ ਦੇ ਮਨੋਰਥ ਨੂੰ ਬਹਿਸ ਦੌਰਾਨ ਗ੍ਰਹਿ ਮੰਤਰੀ ਵਲੋਂ 'ਸ਼ਹਿਰੀ ਨਕਸਲੀ' ਦੇ ਵਾਰ-ਵਾਰ ਜ਼ਿਕਰ ਤੋਂ ਸਾਫ ਸਮਝਿਆ ਜਾ ਸਕਦਾ ਹੈ। ਭੀਮਾ-ਕੋਰੇਗਾਓਂ ਮਾਮਲੇ ਵਿਚ ਗ੍ਰਿਫਤਾਰ ਬੁੱਧੀਜੀਵੀਆਂ ਨੂੰ 'ਸ਼ਹਿਰੀ ਨਕਸਲੀ' ਸਾਬਤ ਕਰਨ ਲਈ ਸਰਕਾਰੀ ਪੱਖ ਪੱਬਾਂ ਭਾਰ ਹੈ। ਹੁਣ ਨਵੀਂ ਤਰਮੀਮ ਤਹਿਤ ਗੈਰਕਾਨੂੰਨੀ ਜਥੇਬੰਦੀ ਨਾਲ ਸਬੰਧ ਦਿਖਾਉਣਾ ਜ਼ਰੂਰੀ ਨਹੀਂ, ਵਿਅਕਤੀ ਨੂੰ ਹੀ ਦਹਿਸ਼ਤਗਰਦ ਐਲਾਨ ਕੇ ਗ੍ਰਿਫਤਾਰ ਕੀਤਾ ਜਾ ਸਕੇਗਾ। ਇਹ ਤਰਮੀਮ ਸੱਤਾਧਾਰੀ ਧਿਰ ਅਤੇ ਇਸ ਦੀ ਕੇਂਦਰੀ ਜਾਂਚ ਏਜੰਸੀ ਨੂੰ ਕਿਸੇ ਠੋਸ ਸਬੂਤ ਤੋਂ ਬਿਨਾ ਹੀ ਵਿਅਕਤੀ ਉਪਰ ਦਹਿਸ਼ਤਗਰਦ ਦਾ ਠੱਪਾ ਲਗਾਉਣ ਦਾ ਅਧਿਕਾਰ ਦਿੰਦੀ ਹੈ।

ਇਉਂ ਕਥਿਤ ਤੌਰ 'ਤੇ ਦਹਿਸ਼ਤਗਰਦ ਐਲਾਨੇ ਬੰਦੇ ਨੂੰ ਬਹੁਤ ਸਾਰੇ ਹੋਰ ਮਾਮਲਿਆਂ ਵਿਚ ਸ਼ਾਮਲ ਹੋਣ ਦੇ ਇਲਜ਼ਾਮ ਵਿਚ ਕਈ-ਕਈ ਸਾਲ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ। ਮੁਲਜ਼ਮ ਦੀ ਜ਼ਮਾਨਤ ਸਰਕਾਰੀ ਪੱਖ ਦੀ ਮਨਜ਼ੂਰੀ ਨਾਲ ਹੀ ਹੋਵੇਗੀ। ਜਾਂਚ ਏਜੰਸੀ ਦੀ ਕੋਈ ਜਵਾਬਦੇਹੀ ਨਹੀਂ, ਮੁਲਜ਼ਮ ਨੂੰ ਹੀ ਸਾਬਤ ਕਰਨਾ ਪਵੇਗਾ ਕਿ ਉਹ ਬੇਕਸੂਰ ਹੈ ਅਤੇ ਉਸ ਉਪਰ ਲਗਾਏ ਗਏ ਇਲਜ਼ਾਮ ਬੇਬੁਨਿਆਦ ਤੇ ਝੂਠੇ ਹੈ। ਅਜਿਹਾ ਉਹ ਫਿਰ ਹੀ ਕਰ ਸਕੇਗਾ, ਜੇ ਉਸ ਨੂੰ ਕਾਨੂੰਨੀ ਸਹਾਇਤਾ ਦਾ ਮੌਕਾ ਮਿਲਦਾ ਹੈ ਅਤੇ ਅਦਾਲਤ ਵਿਚ ਉਸ ਉਪਰ ਮੁਕੱਦਮਾ ਚਲਾਇਆ ਜਾਂਦਾ ਹੈ। ਇਹ ਸਭ ਜਾਂਚ ਏਜੰਸੀ ਅਤੇ ਇਸਤਗਾਸਾ ਦੇ ਹੱਥ ਵਿਚ ਹੈ। ਪਿਛਲੇ ਸਾਲ ਗ੍ਰਿਫਤਾਰ ਕੀਤੇ ਕਥਿਤ 'ਸ਼ਹਿਰੀ ਨਕਸਲੀਆਂ' ਦੀਆਂ ਜ਼ਮਾਨਤਾਂ ਦੀਆਂ ਅਰਜ਼ੀਆਂ ਦੀ ਸੁਣਵਾਈ ਅਜੇ ਤਕ ਮੁਕੰਮਲ ਨਹੀਂ ਹੋਈ।

ਹੁਕਮਰਾਨ ਜਮਾਤ ਦੀ ਦਹਿਸ਼ਤਵਾਦ ਨਾਲ ਨਜਿੱਠਣ ਦੀ ਸਿਆਸੀ ਪਹੁੰਚ ਸਥਾਪਤੀ ਨਾਲ ਅਸਹਿਮਤ ਅਤੇ ਸੱਤਾਧਾਰੀ ਧਿਰ ਦੇ ਆਲੋਚਕਾਂ ਨੂੰ ਅੱਖ ਦੇ ਫੋਰ ਵਿਚ ਮੁਜਰਮ ਬਣਾ ਦਿੰਦੀ ਹੈ। ਉਹ ਇਹ ਨਹੀਂ ਦੱਸਦੇ ਕਿ ਮੁੱਖਧਾਰਾ ਪਾਰਟੀਆਂ ਦੀ ਵਾਰ-ਵਾਰ ਵਾਅਦਾਖਿਲਾਫੀ ਅਤੇ ਰਾਜਕੀ ਢਾਂਚੇ ਤੋਂ ਬਦਜ਼ਨੀ ਦੀ ਸੂਰਤ ਵਿਚ ਹਾਸ਼ੀਏ 'ਤੇ ਧੱਕੀ ਅਵਾਮ ਸਾਹਮਣੇ ਸਟੇਟ ਦੀਆਂ ਨੀਤੀਆਂ ਦੇ ਜਥੇਬੰਦ ਵਿਰੋਧ ਤੋਂ ਸਿਵਾਏ ਹੋਰ ਰਸਤਾ ਕੀ ਹੈ ਅਤੇ ਇਹ ਗੈਰਕਾਨੂੰਨੀ ਕਿਵੇਂ ਹੈ? ਨਵੀਆਂ-ਨਵੀਆਂ ਜਾਂਚ ਏਜੰਸੀਆਂ ਅਤੇ ਕਾਲੇ ਕਾਨੂੰਨ ਕਥਿਤ ਦਹਿਸ਼ਤਵਾਦ ਨੂੰ ਰੋਕਣ ਵਿਚ ਅਸਫਲ ਕਿਉਂ ਹਨ? ਵਿਸ਼ਾਲ ਅਵਾਮ ਦੇ ਹਿਤਾਂ ਦੀ ਰਾਖੀ ਦੀ ਅਣਹੋਂਦ ਵਿਚ 'ਕੌਮੀ ਸੁਰੱਖਿਆ' ਦੀ ਵਾਜਬੀਅਤ ਕੀ ਹੈ ਜਿਸ ਵਿਚ ਹਾਕਮ ਜਮਾਤ ਦੇ ਹਿਤ ਹੀ ਕੌਮੀ ਹਿਤ ਹਨ?

ਇਸੇ ਲਈ ਹੀ ਤਾਂ ਜਮਹੂਰੀ/ਮਨੁੱਖੀ ਹੱਕਾਂ ਪ੍ਰਤੀ ਸੰਵੇਦਨਸ਼ੀਲ ਗਰੁੱਪ ਤਮਾਮ ਕਾਲੇ ਕਾਨੂੰਨਾਂ ਨੂੰ ਖਤਮ ਕਰਨ ਅਤੇ ਟਾਕਰਾ ਲਹਿਰਾਂ ਰਾਹੀਂ ਉਭਰ ਰਹੇ ਵੰਨਸੁਵੰਨੇ ਮਸਲਿਆਂ ਦੇ ਹੱਲ ਲਈ ਹੁਕਮਰਾਨਾਂ ਨੂੰ ਜਬਰ ਦੀ ਨੀਤੀ ਤਿਆਗ ਕੇ ਰਾਜਨੀਤਕ ਸੰਵਾਦ ਦੀ ਨੀਤੀ ਅਪਣਾਉਣ ਦੀ ਮੰਗ ਕਰਦੇ ਆ ਰਹੇ ਹਨ। ਯੂ.ਏ.ਪੀ.ਏ. ਕਿਉਂਕਿ ਨਾਗਰਿਕਾਂ ਦੇ ਵਿਚਾਰਾਂ ਦੇ ਪ੍ਰਗਟਾਵੇ ਅਤੇ ਜਥੇਬੰਦ ਸੰਘਰਸ਼ ਦੇ ਜਮਹੂਰੀ ਹੱਕ ਨੂੰ ਕੁਚਲਣ ਦਾ ਸੰਦ ਹੈ, ਇਸ ਲਈ ਇਸ ਕਾਨੂੰਨ ਨੂੰ ਮੁਕੰਮਲ ਤੌਰ 'ਤੇ ਖਤਮ ਕੀਤੇ ਜਾਣ ਦੀ ਮੰਗ ਅਵਾਮ ਦੀਆਂ ਜਮਹੂਰੀ ਰੀਝਾਂ ਦੀ ਤਰਜਮਾਨੀ ਕਰਦੀ ਹੈ ਪਰ ਦਿਨੋ-ਦਿਨ ਵਧੇਰੇ ਆਪਾਸ਼ਾਹ ਬਣ ਰਹੀ ਹੁਕਮਰਾਨ ਜਮਾਤ ਲਈ ਜਾਬਰ ਕਾਨੂੰਨ ਵਿਰੋਧ ਦੀ ਜ਼ੁਬਾਨਬੰਦੀ ਕਰਨ ਅਤੇ ਰਾਜਕੀ ਜਵਾਬਦੇਹੀ ਤੋਂ ਬਚਣ ਦਾ ਬਹੁਤ ਹੀ ਸੌਖਾ ਤਰੀਕਾ ਹੈ। ਇਸੇ ਲਈ ਖਾਸ ਕਾਨੂੰਨਾਂ ਨੂੰ ਵਧੇਰੇ ਤੋਂ ਵਧੇਰੇ ਜਾਬਰ ਜਦਕਿ ਲੋਕਾਂ ਨੂੰ ਅਧਿਕਾਰ ਦੇਣ ਵਾਲੇ ਆਰ.ਟੀ.ਆਈ., ਕਿਰਤ ਕਾਨੂੰਨ ਵਗੈਰਾ ਨੂੰ ਬਿਲਕੁਲ ਹੀ ਬੇਅਸਰ ਬਣਾਇਆ ਜਾ ਰਿਹਾ ਹੈ।

ਸੱਤਾ ਦੀ ਇਸ ਧੁਸ ਵਿਚ ਸਮੋਏ ਖਤਰਿਆਂ ਦੀ ਸ਼ਨਾਖਤ ਕਰਦੇ ਹੋਏ ਇਹ ਸਮਝਣਾ ਜ਼ਰੂਰੀ ਹੈ ਕਿ ਜਾਬਰ ਕਾਨੂੰਨ/ਤਰਮੀਮਾਂ ਪਿੱਛੇ ਅਸਲ ਮਨਸ਼ਾ ਦਹਿਸ਼ਤਵਾਦ ਨਾਲ ਨਜਿੱਠਣਾ ਨਹੀਂ ਸਗੋਂ ਇਸ ਬਹਾਨੇ ਵਿਰੋਧ ਦੀ ਹਰ ਜਾਇਜ਼ ਆਵਾਜ਼ ਨੂੰ ਦਬਾਉਣਾ ਅਤੇ ਜਥੇਬੰਦਕ ਸੰਘਰਸ਼ਾਂ ਨੂੰ ਕੁਚਲਣਾ ਹੈ। ਕਾਰਪੋਰੇਟ ਹਿਤੈਸ਼ੀ 'ਵਿਕਾਸ' ਮਾਡਲ ਅਤੇ ਰਾਜਤੰਤਰ ਦਾ ਵੱਧ ਤੋਂ ਵੱਧ ਪੁਲਿਸੀਕਰਨ ਇਕੋ ਸਿੱਕੇ ਦੇ ਦੋ ਪਾਸੇ ਹਨ। ਦਿਨੋ-ਦਿਨ ਵਧ ਰਹੀ ਸਮਾਜੀ-ਆਰਥਿਕ ਅਸੁਰੱਖਿਆ ਅਤੇ ਸਮਾਜੀ ਬੇਚੈਨੀ ਵਿਚੋਂ ਉਠਣ ਵਾਲੇ ਜਮਹੂਰੀ ਵਿਰੋਧ ਦਾ ਇਕੋਇਕ 'ਹੱਲ' ਹੁਕਮਰਾਨ ਪੁਲੀਸ ਰਾਜ ਵਿਚ ਦੇਖਦੇ ਹਨ। ਦੇਸ਼ ਦੀ ਸਭਿਆਚਾਰਕ-ਭਾਸ਼ਾਈ

*(ਬਾਕੀ ਸਫਾ 10 'ਤੇ)*

# ਜਦ ਮੁਲਕ ਮੌਤ ਦਾ ਜਬਾੜਾ ਬਣਦਾ ਹੈ...

## ਹੱਦਾਂ-ਸਰਹੱਦਾਂ ਅਤੇ ਪਰਵਾਸ ਦੀ ਸਿਆਸਤ

ਭਾਰਤ ਵਿਚ 12 ਜੁਲਾਈ 2019 ਦੀ ਸਵੇਰ ਦੀ ਸ਼ੁਰੂਆਤ 'ਬੇਹੱਦ ਮਾਮੂਲੀ' ਘਟਨਾ ਨਾਲ ਹੋਈ। ਮੁਲਕ ਦੇ ਇਕ ਖਿੱਤੇ ਆਸਾਮ ਵਿਚ ਦਸ ਜਣਿਆਂ ਖਿਲਾਫ, ਨੈਸ਼ਨਲ ਰਜਿਸਟਰ ਆਫ ਸਿਟੀਜ਼ਨ ਬਾਰੇ ਵਿਅੰਗਤਾਮਕ ਕਵਿਤਾ ਲਿਖਣ ਕਾਰਨ ਪੁਲਿਸ ਕੇਸ ਦਰਜ ਕੀਤਾ ਗਿਆ। ਕਵਿਤਾ ਲਿਖਣ-ਪੜ੍ਹਨ ਬਾਰੇ ਇੰਨੀ ਫੁਰਤੀ ਨਾਲ ਹਰਕਤ ਵਿਚ ਆਉਣ ਵਾਲਾ ਸਰਕਾਰੀ ਢਾਂਚਾ ਇਸ ਤੋਂ ਠੀਕ ਤਿੰਨ ਦਿਨ ਪਹਿਲਾ ਉਸੇ ਖਿੱਤੇ ਵਿਚ ਵਾਪਰੀ 'ਇਕ ਆਮ ਤੇ ਗੈਰ-ਜ਼ਰੂਰੀ ਘਟਨਾ' ਸਮੇਂ ਆਪਣੀ ਤਲਿੱਸਮੀ ਚੁੱਪ ਬਰਕਰਾਰ ਰੱਖਦਾ ਹੈ।



ਡਾ. ਕੁਲਦੀਪ ਕੌਰ
ਫੋਨ: +91-98554-04330

ਖਬਰ ਅਨੁਸਾਰ ਮਹਿਜ਼ ਚਾਲੀ ਦਿਨਾਂ ਦੀ ਬੱਚੀ ਜਿਹੜੀ ਕਈ ਦਿਨਾਂ ਤੋਂ ਆਪਣੇ ਮਾਂ-ਪਿਉ ਨਾਲ ਆਪਣਾ ਨਾਮ ਇਸ ਰਜਿਸਟਰ ਵਿਚ ਦਰਜ ਕਰਵਾਉਣ ਲਈ ਚੱਕਰ ਕੱਟ ਰਹੀ ਸੀ; ਗਰਮੀ, ਬਿਮਾਰੀ ਤੇ ਭੁੱਖ ਨਾਲ ਚੱਲ ਵਸੀ।

ਇਹ ਖਬਰ ਇੰਨੀ 'ਆਮ ਤੇ ਗੈਰ-ਜ਼ਰੂਰੀ' ਸੀ ਕਿ ਕਿਸੇ ਅਖਬਾਰ ਜਾਂ ਚੈਨਲ ਨੇ ਇਹ ਖਬਰ ਨਸ਼ਰ ਕਰਨੀ ਮੁਨਾਸਿਬ ਨਹੀਂ ਸਮਝੀ। ਇਸ ਬਾਲੜੀ ਦਾ 2015 ਵਿਚ ਕੈਨੇਡਾ ਪਹੁੰਚਣ ਦੀ ਕੋਸ਼ਿਸ ਵਿਚ ਬੀਚ 'ਤੇ ਡੁੱਬ ਗਏ ਸੀਰੀਅਨ ਮੁੰਡੇ ਐਲਨ ਕੁਰਦੀ ਨਾਲ ਕੀ ਰਿਸ਼ਤਾ ਬਣਦਾ ਹੈ? ਇਸ ਕੁੜੀ ਦਾ ਪਿਛਲੇ ਦਿਨੀਂ ਮੈਕਸਿਕੋ ਦੀ ਸਰਹੱਦ ਪਾਰ ਕਰਦਿਆਂ ਮਾਰੂਥਲ ਵਿਚ ਫੌਤ ਹੋਈ ਛੇ ਸਾਲਾਂ ਦੀ ਪੰਜਾਬੀ ਕੁੜੀ ਨਾਲ ਕੀ ਸਬੰਧ ਹੈ? ਇਹ ਕਿਹੜੇ ਮੁਲਕਾਂ ਦੇ ਬਦਨਸੀਬ ਮਾਪੇ ਹਨ ਜਿਹੜੇ ਆਪਣੇ ਬੱਚਿਆਂ ਨੂੰ ਅਥਾਹ ਸਮੁੰਦਰਾਂ ਦੇ ਤਲਾਂ ਤੇ ਟੁੱਟੀਆਂ ਕਿਸ਼ਤੀਆਂ, ਵੱਖ ਵੱਖ ਮੁਲਕਾਂ ਦੇ ਬਦਬੂਦਾਰ ਤੇ ਗੈਰ-ਮਾਨਵੀ ਡਿਟੈਨਸ਼ਨ ਕੈਂਪਾਂ, ਬਿਜਲੀ ਦੇ ਮਾਰੂ ਕਰੰਟਾਂ ਵਾਲੀਆਂ ਸਰਹੱਦਾਂ ਅਤੇ ਜੱਲਾਦਾਂ ਵਰਗੇ ਮਨੁੱਖੀ ਤਸਕਰਾਂ ਦੇ ਹੱਥਾਂ ਵਿਚ ਧੱਕ ਰਹੇ ਹਨ?

ਇਸ ਤੋਂ ਵੀ ਅਹਿਮ ਸਵਾਲ ਇਹ ਬਣਦਾ ਹੈ ਕਿ ਇਨ੍ਹਾਂ ਨੂੰ ਇਨ੍ਹਾਂ ਦੇ ਘਰਾਂ, ਖੇਤਾਂ, ਪਿੰਡਾਂ, ਸ਼ਹਿਰਾਂ, ਰੋਜ਼ੀ-ਰੋਟੀ ਤੋਂ ਜਲਾਵਤਨ ਕਰਨ ਦੀ ਸਿਆਸਤ ਦਾ ਧੁਰਾ ਕੀ ਹੈ? ਕੀ ਇਹ ਸਿਰਫ ਚੰਗੀ ਆਰਥਿਕਤਾ ਦੀ ਤਲਾਸ਼ ਦਾ ਮਸਲਾ ਹੈ? ਇਸ ਬਹੁ-ਪੱਖੀ ਉਜਾੜੇ ਵਿਚ ਧਾਰਮਿਕ ਪਛਾਣਾਂ, ਸਭਿਆਚਾਰਕ ਉਚਤਾ ਦੇ ਦੰਭ, ਜਾਤੀਵਾਦੀ ਹੰਕਾਰ, ਪਿਤਾ-ਪੁਰਖੀ ਢਾਂਚੇ ਵਿਚਲੀ ਸੰਸਥਾਈ ਹਿੰਸਾ, ਹਾਸ਼ੀਏ 'ਤੇ ਪਏ ਵਰਗਾਂ ਦੇ ਹੱਕਾਂ ਨੂੰ 'ਸਾਮ, ਦਾਮ, ਦੰਡ, ਭੇਦ' ਦੀ ਨੀਤੀ ਨਾਲ ਖਦੇੜਨ ਅਤੇ 'ਵੱਖਰੇਪਣ' ਨੂੰ ਨਫਰਤ ਕਰਨ ਦੇ ਮਨੋਵਿਗਿਆਨ ਦੀ ਕੀ ਭੂਮਿਕਾ ਹੈ?

ਜੇ ਪਰਵਾਸ ਨਾਲ ਸਬੰਧਿਤ ਅਧਿਐਨਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਦੇ ਚਾਰ ਮੂਲ ਕਾਰਨ ਹਨ ਜਿਨ੍ਹਾਂ ਨੂੰ ਗਹੁ ਨਾਲ ਵਾਚਣਾ ਜ਼ਰੂਰੀ ਹੈ। ਪਹਿਲਾ, ਸਭ ਤੋਂ ਮਹੱਤਵਪੂਰਨ ਕਾਰਨ ਸਿਆਸੀ ਹਿੰਸਾ ਹੈ। ਸੰਸਾਰ ਸਿਹਤ ਸੰਸਥਾ ਦੁਆਰਾ ਸਿਆਸੀ ਹਿੰਸਾ ਦੇ ਸਰੀਰਕ, ਮਾਨਸਿਕ ਤੇ ਸਮਾਜਿਕ ਦੁਰ-ਪ੍ਰਭਾਵਾਂ ਬਾਰੇ ਜਾਰੀ ਕੀਤੀਆਂ ਰਿਪੋਰਟਾਂ ਮੁਤਾਬਿਕ, ਸਿਆਸੀ ਹਿੰਸਾ ਦੀ ਸੰਰਚਨਾ ਮੂਲ ਰੂਪ ਵਿਚ ਦੋ ਤਰ੍ਹਾਂ ਦੀ ਹੁੰਦੀ ਹੈ। ਪਹਿਲੀ ਤਰ੍ਹਾਂ ਦੀ ਸਿਆਸੀ ਹਿੰਸਾ ਸੰਸਥਾਈ ਹਿੰਸਾ ਹੈ ਜਿਸ ਵਿਚ ਪੀੜਤ ਦੀ ਹੋਂਦ ਅਤੇ ਹੋਣੀ ਦਾ ਫੈਸਲਾ ਅਜਿਹੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਢਾਂਚੇ ਕਰਦੇ ਹਨ ਜਿਨ੍ਹਾਂ ਦੀ ਸਿਆਸਤ ਵਿਚੋਂ ਉਹ ਖੁਦ ਹੀ ਧਿਰ ਦੇ ਤੌਰ ਤੇ ਮਨਫੀ ਹੁੰਦੇ ਹਨ। ਉਨ੍ਹਾਂ ਦੀ ਮਨੁੱਖੀ ਪਛਾਣ ਇਨ੍ਹਾਂ ਢਾਂਚਿਆਂ ਦੀਆਂ ਗੈਰ-ਕੁਦਰਤੀ ਵੰਡਾਂ ਥੱਲੇ ਦਫਨ ਹੋ ਜਾਂਦੀ ਹੈ।

ਇਥੇ ਧਿਆਨ ਰੱਖਣ ਯੋਗ ਨੁਕਤਾ ਇਹ ਹੈ ਕਿ ਇਨ੍ਹਾਂ ਗੈਰ-ਕੁਦਰਤੀ ਵੰਡਾਂ ਦਾ ਸਬੰਧ ਸਿੱਧੇ ਤੌਰ ਤੇ ਉਤਪਾਦਨ ਦੇ ਸਾਧਨਾਂ ਦੀ ਵਰਗ ਵੰਡ ਨਾਲ ਜੁੜਦਾ ਹੈ ਜਿਹੜਾ ਸੱਤਾ ਦਾ ਮੂਲ ਧੁਰਾ ਹੈ। ਸਮਾਜਿਕ ਢਾਂਚਿਆਂ ਤੋਂ ਲੈ ਕੇ ਕਿਸੇ ਸਮਾਜ ਦੇ ਆਰਥਿਕ ਢਾਂਚਿਆਂ ਦੀ ਰੂਪ-ਰੇਖਾ ਅਤੇ ਕਾਰਗੁਜ਼ਾਰੀ ਦਾ ਦਾਰੋਮਦਾਰ ਸੱਤਾ ਦੇ ਰਹਿਮੋ-ਕਰਮ 'ਤੇ ਹੁੰਦਾ ਹੈ। ਤਰਾਸਦੀ ਇਹ ਹੈ ਕਿ ਪਿਛਲੀ ਸਦੀ ਦੌਰਾਨ ਬਰਾਬਰੀ ਅਤੇ ਜਮਹੂਰੀਕਰਨ ਦੇ ਆਧਾਰ 'ਤੇ ਵੱਖ-ਵੱਖ ਮੁਲਕਾਂ ਵਿਚ ਚੱਲੀਆਂ ਸਿਆਸੀ-ਸਮਾਜਿਕ ਲਹਿਰਾਂ ਅਤੇ ਅੰਦੋਲਨਾਂ ਦੀ ਸਾਰਥਿਕਤਾ ਸਿੱਧ ਹੋਣ ਦੇ ਬਾਵਜੂਦ ਧਰਮ, ਜਾਤ, ਨਸਲ, ਕੌਮੀਅਤ, ਲਿੰਗ, ਪੂੰਜੀ ਆਦਿ ਦੇ ਆਧਾਰ 'ਤੇ ਬਣੇ ਦਬਾਉ-ਸਮੂਹਾਂ ਨੇ ਵੱਡੀ ਪੱਧਰ ਤੇ ਗੈਰ-ਬਰਾਬਰੀ, ਗਰੀਬੀ ਦਾ ਸਭਿਆਚਾਰ ਤੇ ਲਿੰਗ ਵਿਤਕਰੇ ਬਾਰੇ ਸਾਜ਼ਿਸ਼ੀ ਚੁੱਪ ਧਾਰੀ ਹੈ। ਦੂਜੇ ਪਾਸੇ, ਸਾਧਨਾਂ ਤੇ ਆਪਣਾ ਇੰਤਜ਼ਾਮੀਆ ਬਰਕਰਾਰ ਰੱਖਣ ਦੀ ਸਿਆਸਤ ਨੇ ਇਨ੍ਹਾਂ ਦਬਾਉ-ਸਮੂਹਾਂ ਨੂੰ ਦਮਿਤ ਧਿਰ ਨੂੰ ਖਦੇੜਨ, ਅਣਦਿਸਦਾ ਰੱਖਣ ਅਤੇ ਰੱਦ ਕਰਨ ਦੇ ਵਰਤਾਰੇ ਨੂੰ ਜਨਮ ਦੇਣ ਲਈ ਮਜਬੂਰ ਕੀਤਾ ਹੈ।

ਪਰਵਾਸ ਦਾ ਦੂਜਾ ਵੱਡਾ ਕਾਰਨ ਇਸ ਦੀ ਦਿਸ਼ਾ ਦੇ ਰੁਝਾਨ ਵਿਚੋਂ ਅਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ। ਇਹ ਰੁਝਾਨ ਵਿਕਾਸਸ਼ੀਲ ਮੁਲਕਾਂ ਤੋਂ ਵਿਕਸਿਤ ਮੁਲਕਾਂ ਵੱਲ ਹੈ। ਇਥੇ ਦਿਲਚਸਪ ਤੱਥ ਇਹ ਹੈ ਕਿ ਇਤਿਹਾਸਕ ਤੌਰ 'ਤੇ ਇਨ੍ਹਾਂ ਵਿਕਸਿਤ ਮੁਲਕਾਂ ਦੇ ਵਿਕਾਸ ਦੀ ਸਿਆਸੀ ਆਰਥਿਕਤਾ ਇਨ੍ਹਾਂ ਦੇ ਬਸਤੀਵਾਦੀ ਖਾਸੇ ਦੀ ਦੇਣ ਹੈ। ਇਨ੍ਹਾਂ ਵਿਕਸਿਤ ਮੁਲਕਾਂ ਵਿਚੋਂ ਬਹੁਤਿਆਂ ਲਈ 'ਤੀਜੀ ਦੁਨੀਆ' ਦੇ ਇਹ ਬਾਸ਼ਿੰਦੇ ਆਪਣੀ ਆਰਥਿਕਤਾ ਦੀ ਗੱਡੀ ਵਿਚ ਝੋਕੇ ਜਾਣ ਵਾਲੇ ਬਾਲਣ ਤੋਂ ਵੱਧ ਕੁਝ ਵੀ ਨਹੀਂ। ਇਨ੍ਹਾਂ ਵਿਚੋਂ ਬਹੁਤੇ ਵਿਕਸਿਤ ਮੁਲਕਾਂ ਦਾ ਰਾਜ-ਪ੍ਰਬੰਧ ਵਾਲਸਟਰੀਟ ਵਰਗੀਆਂ ਬਦਨਾਮ ਗਲੀਆਂ ਦਾ ਪੂੰਜੀ-ਮਾਫੀਆ ਚਲਾਉਂਦਾ ਹੈ।

ਪਿਛਲੇ ਸਮਿਆਂ ਵਿਚ ਨਸ਼ਿਆਂ ਦੀਆਂ ਮੰਡੀਆਂ, ਔਰਤਾਂ-ਬੱਚਿਆਂ ਦੀ ਖਰੀਦੋ-ਫਰੋਖਤ, ਮਨੁੱਖੀ ਅੰਗਾਂ ਦੀ ਤਸਕਰੀ, ਸਾਈਬਰ ਕਰਾਈਮ, ਤੇਲ ਦੇ ਖੂਹਾਂ ਤੇ ਕਬਜ਼ਿਆਂ ਅਤੇ ਹਥਿਆਰਾਂ ਦੇ ਕਾਰੋਬਾਰ ਸਬੰਧੀ ਕਈ ਰਿਪੋਰਟਾਂ ਨੇ ਸੰਸਾਰ ਦੇ ਚਿੰਤਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਨ੍ਹਾਂ ਵਿਚ ਇਸ ਪੂੰਜੀ-ਮਾਫੀਏ ਦੀ ਸ਼ਮੂਲੀਅਤ ਚਿੱਟੇ ਦਿਨ ਵਾਂਗ ਸਾਫ ਹੈ। ਦੂਜੇ ਪਾਸੇ ਇਹ ਮੁੱਦਾ ਵੀ ਵਿਚਾਰਨ ਵਾਲਾ ਹੈ ਕਿ ਜਿਨ੍ਹਾਂ ਮੁਲਕਾਂ ਦੀ ਆਵਾਮ ਇਨ੍ਹਾਂ ਵਿਕਸਿਤ ਮੁਲਕਾਂ ਦੀਆਂ ਸਰਹੱਦਾਂ ਤੇ ਲਾਸ਼ਾਂ ਬਣ ਕੇ ਵਿਛ ਰਹੀ ਹੈ, ਉਨ੍ਹਾਂ ਦੀ ਆਰਥਿਕਤਾ, ਸਮਾਜਿਕਤਾ, ਸਿਆਸਤ ਅਤੇ ਸਭਿਆਚਾਰ ਨੂੰ ਨਾਕਾਰਾ ਕਰਨ ਵਿਚ ਇਨ੍ਹਾਂ ਵਿਕਸਿਤ ਮੁਲਕਾਂ ਦੀ ਕੀ ਭੂਮਿਕਾ ਹੈ। ਕੀ ਇਸ ਤੱਥ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਆਲਮੀ ਮਿਲਵਰਤਣ ਦੇ ਨਾਮ ਉਤੇ ਸ਼ੁਰੂ ਹੋਈਆਂ ਬਹੁਤੀਆਂ ਸੰਸਥਾਵਾਂ ਤੇ ਅਦਾਰੇ (ਖਾਸ ਤੌਰ 'ਤੇ ਆਲਮੀ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਤੇ ਯੂ.ਐਨ.ਓ.) ਵਿਕਸਿਤ ਮੁਲਕਾਂ ਵਲੋਂ ਵਿਕਾਸਸ਼ੀਲ ਮੁਲਕਾਂ ਵਿਚੋਂ ਕੱਚਾ ਮਾਲ ਖਰੀਦਣ ਅਤੇ ਆਪਣਾ ਤਿਆਰ ਕੀਤਾ ਗੈਰ-ਮਿਆਰੀ ਮਾਲ ਵੇਚਣ ਲਈ ਖਪਤਕਾਰਾਂ ਦੀਆਂ ਭੀੜਾਂ ਤਿਆਰ ਕਰਨ ਦਾ ਸੰਦ ਬਣ ਗਈਆਂ ਹਨ? ਇਥੇ ਇਸ ਸਵਾਲ ਦਾ ਜਵਾਬ ਲੱਭਣਾ ਵੀ ਜ਼ਰੂਰੀ ਹੈ ਕਿ ਕਿਤੇ ਇਸ ਸਾਰੇ ਕਾਰੋਬਾਰੀ ਮੱਕੜ-ਜਾਲ ਵਿਚ ਵਿਕਾਸਸ਼ੀਲ ਮੁਲਕਾਂ ਦੀਆਂ ਸਰਕਾਰਾਂ ਅਤੇ ਅਫਸਰਸ਼ਾਹੀ ਕਮਿਸ਼ਨ ਏਜੰਟਾਂ ਵਿਚ ਤਬਦੀਲ ਤਾਂ ਨਹੀਂ ਹੋ ਚੁੱਕੇ?

ਪਰਵਾਸ ਦਾ ਤੀਜਾ ਵੱਡਾ ਕਾਰਨ ਉਪਰਲੇ ਦੋਹਾਂ ਕਾਰਨਾਂ ਅੰਦਰ ਦਿਸ ਰਹੀਆਂ ਅਨੇਕਾਂ ਕੜੀਆਂ ਦੇ ਅੰਤਰ-ਸਬੰਧਾਂ ਨੂੰ ਸਮਝ ਕੇ ਜਾਣਿਆ ਜਾ ਸਕਦਾ ਹੈ। ਮਸਲਨ, ਕੀ ਅਸੀਂ ਇਸ ਨੂੰ ਪਿਛਲੇ ਵੀਹਾਂ ਸਾਲਾਂ ਦੌਰਾਨ ਦੱਖਣ-ਏਸ਼ਿਆਈ ਖਿੱਤੇ ਵਿਚ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ-ਮਜ਼ਦੂਰਾਂ, ਬੇਰੁਜ਼ਗਾਰਾਂ ਦੀਆਂ ਭੀੜਾਂ, ਵਿਕਾਸ ਦੇ ਉਦਾਰਵਾਦੀ ਮਾਡਲਾਂ ਦੇ ਅਸਫਲ ਹੋਣ, ਵੱਖ ਵੱਖ ਵਰਗਾਂ ਵਿਚ ਆਰਥਿਕ ਤੇ ਸਮਾਜਿਕ ਅਸਮਾਨਤਾ ਵਧਣ ਨਾਲ ਜੋੜ ਕੇ ਨਹੀਂ ਪੜ੍ਹ ਸਕਦੇ? ਇਕ ਸਵਾਲ ਜਿਹੜਾ ਪਰਵਾਸ ਦੀ ਗੁੰਝਲਦਾਰ ਸਿਆਸਤ ਬਾਰੇ ਬਹਿਸਾਂ ਤੋਂ ਅਕਸਰ ਨਜ਼ਰਅੰਦਾਜ਼ ਹੁੰਦਾ ਹੈ, ਉਹ ਇਹ ਹੈ ਕਿ ਉਪਰੋਕਤ ਸਾਰੇ ਵਰਤਾਰਿਆਂ ਦੀ ਸਾਂਝੀ ਤੰਦ ਤੀਜੀ ਦੁਨੀਆ ਦੇ ਮੁਲਕਾਂ ਵਿਚ ਕੋਹੜ ਦੀ ਹੱਦ ਤੱਕ ਫੈਲ ਚੁੱਕਿਆ ਭ੍ਰਿਸ਼ਟਾਚਾਰ ਹੈ। ਗੈਰ-ਬਰਾਬਰੀ ਵਾਲਾ ਅਤੇ ਗੈਰ-ਜਮਹੂਰੀ ਮੁਲਕ ਕਦੇ ਵੀ ਭ੍ਰਿਸ਼ਟਾਚਾਰ ਮੁਕਤ ਨਹੀਂ ਹੋ ਸਕਦਾ ਹੈ।

ਇਸ ਟਿੱਪਣੀ ਦੇ ਕੁਝ ਸ਼ਬਦਾਂ 'ਤੇ ਗੌਰ ਕਰੋ: ਗੈਰ-ਬਰਾਬਰੀ, ਸਿਆਸੀ ਸਮੂਹਾਂ ਦੀ ਸੱਤਾ ਉਪਰ ਕਬਜ਼ੇ ਦਾ ਮੁੱਖ ਸੰਦ ਹੈ। ਬਹੁਤ ਵਾਰ ਇਸ ਨੂੰ ਸਿਰਫ ਆਰਥਿਕਤਾ ਨਾਲ ਜੋੜ ਕੇ ਪੜ੍ਹਿਆ ਜਾਂਦਾ ਹੈ; ਐਪਰ ਇਤਿਹਾਸ ਗਵਾਹ ਹੈ ਕਿ ਜ਼ਿਆਦਾਤਰ ਧਾਰਮਿਕ, ਸਭਿਆਚਾਰਕ, ਲਿੰਗਕ ਜਾਂ ਅਜਿਹੀਆਂ ਹੀ ਪਛਾਣਾਂ ਦੇ ਆਧਾਰ 'ਤੇ ਬਣੇ ਪ੍ਰੈਸ਼ਰ ਗਰੁੱਪਾਂ ਦਾ ਅੰਤਿਮ ਨਿਸ਼ਾਨਾ ਸੱਤਾ ਹਾਸਿਲ ਕਰਨਾ ਹੁੰਦਾ ਹੈ। ਦੂਜਾ ਸ਼ਬਦ ਹੈ; ਗੈਰ-ਜਮਹੂਰੀਅਤ। ਇਸ ਸ਼ਬਦ ਦਾ ਅਰਥ ਸੱਤਾ ਨੂੰ ਮੂਲ ਰੂਪ ਵਿਚ ਲੋਕਾਈ ਲਈ ਜਵਾਬਦੇਹ ਬਣਾਉਣ ਨਾਲ ਵਾਬਸਤਾ ਹੈ। ਇਸ ਜਵਾਬਦੇਹੀ ਦੇ ਕੀ ਅਰਥ ਬਣਦੇ ਹਨ? ਇਹ ਜਵਾਬਦੇਹੀ ਉਤਪਾਦਨ ਦੇ ਸਾਧਨਾਂ ਦੀ ਸਾਵੀਂ ਵੰਡ, ਤਰੱਕੀ ਦੇ ਮੌਕਿਆਂ ਦੀ ਇਕਸਾਰਤਾ, ਸੱਤਾ ਵਿਚ ਹਿੱਸੇਦਾਰੀ ਤੋਂ ਲੈ ਕੇ ਸਮਾਜਿਕ ਨਿਆਂ ਦੀ ਬਰਾਬਰੀ ਨਾਲ ਸਿੱਧੀ ਸਿੱਧੀ ਜੁੜੀ ਹੋਈ ਹੈ। ਇਸ ਨੂੰ ਸਿਆਸੀ ਨੈਤਕਿਤਾ ਤੋਂ ਬਿਨਾ ਲਾਗੂ ਕਰਨਾ ਸੰਭਵ ਨਹੀਂ ਤੇ ਭ੍ਰਿਸ਼ਟਾਚਾਰ ਇਸ ਨੂੰ ਘੁਣ ਵਾਂਗ ਖੋਖਲਾ ਕਰ ਚੁੱਕਾ ਹੈ।

ਪਰਵਾਸ ਨਾਲ ਜੁੜੀ ਚੌਥੀ ਅੜਾਉਣੀ ਬੇਹੱਦ ਸੰਵੇਦਨਸ਼ੀਲ ਹੈ। ਇਹ ਪ੍ਰੰਪਰਾਗਤ ਸਭਿਆਚਾਰਕ ਕਦਰਾਂ-ਕੀਮਤਾਂ ਦੀ ਸਾਰਥਿਕਤਾ ਅਤੇ ਉਨ੍ਹਾਂ ਦੀ ਮੌਜੂਦਾ ਦੌਰ ਵਿਚ ਪੈਦਾ ਹੋਏ ਮਨੁੱਖਾਂ ਅੰਦਰਲੀ ਧੁੱਪ-ਛਾਂ ਨਾਲ ਹੁੰਦੇ ਕਲੇਸ਼ ਨਾਲ ਜੁੜੀ ਹੋਈ ਹੈ। ਨਿੱਤ ਬਦਲ ਰਹੀ ਅਤੇ ਤੇਜ਼ੀ ਨਾਲ ਇਕੱਲੀ ਹੋ ਰਹੀ ਦੁਨੀਆ ਵਿਚ ਮਨੁੱਖ ਦੀ ਰੂਹ ਨੂੰ ਰੱਜ ਦੇਣ ਵਾਲੀਆਂ ਨਿਆਮਤਾਂ ਤੇਜ਼ੀ ਨਾਲ ਬਾਜ਼ਾਰੀ ਮੁੱਲਾਂ ਵਿਚ ਵਟ ਰਹੀਆਂ ਹਨ। ਬਹੁਤ ਸਾਰੇ ਚਿੰਤਕ ਇਸ ਨੂੰ ਤਕਨੀਕ ਅਤੇ ਡਾਟਾ-ਬਾਜ਼ਾਰ ਦੀ ਬਹੁਤਾਤ ਨਾਲ ਜੋੜ ਕੇ ਸਮਝਣ ਦੀ ਕੋਸ਼ਿਸ ਕਰਦੇ ਹਨ ਪਰ ਇਹ ਮਸਲਾ ਮਨੁੱਖੀ ਸੰਵੇਦਨਾ ਨੂੰ ਸਿਰਜਣ ਵਾਲੇ ਅਦਾਰਿਆਂ ਦੀ ਅਸਫਲਤਾ ਦੀ ਨਿਸ਼ਾਨਦੇਹੀ ਕਰਦਾ ਹੈ।

ਇਸ ਦੀ ਉਘੜਵੀਂ ਮਿਸਾਲ ਸਿੱਖਿਆ ਦੀ ਦੁਰਗਤੀ ਵਿਚੋਂ ਦੇਖੀ ਜਾ ਸਕਦੀ ਹੈ ਜਿਥੋਂ ਸਰਮਾਏਦਾਰੀ ਆਪਣੀਆਂ ਮਸ਼ੀਨਾਂ ਲਈ ਕਲ-ਪੁਰਜ਼ੇ ਚੁਣਦੀ ਹੈ। ਇਸ ਸਿੱਖਿਆ ਵਿਚੋਂ ਸਮੂਹਿਕ ਜੀਵਨ ਜਾਚ ਦਾ ਫਲਸਫਾ ਨਦਾਰਦ ਹੈ। ਇਸ ਵਿਚੋ ਜ਼ਿੰਦਗੀ ਨੂੰ ਮੁਹੱਬਤ ਨਾਲ ਚੁੰਮਣ ਦੀ ਸ਼ਿੱਦਤ ਗੁੰਮ ਹੈ। ਇਸ ਵਿਚੋਂ ਦੂਜੇ ਮਨੁੱਖਾਂ ਨਾਲ ਜੀਣ-ਥੀਣ-ਮੌਲਣ ਦਾ ਮਾਨਵੀ ਤੱਤ ਖੁਰ ਗਿਆ ਹੈ। ਸਿੱਖਿਆ ਵਾਂਗ ਬਾਕੀ ਮਨੁੱਖੀ-ਪ੍ਰਬੰਧਾਂ ਨਾਲ ਥੋੜ੍ਹੇ ਬਹੁਤੇ ਫਰਕ ਨਾਲ ਵੀ ਅਜਿਹਾ ਹੀ ਵਾਪਰਿਆ ਹੈ। ਇਹ ਸਭ ਹੀ ਸਾਡੀਆਂ ਸਰਹੱਦਾਂ, ਡਿਟੈਨਸ਼ਨ ਕੈਂਪਾਂ, ਨਾਗਰਿਕ ਰਜਿਸਟਰਾਂ, ਇਥੋਂ ਤੱਕ ਕਿ ਸਾਡੀਆਂ ਕਿਤਾਬਾਂ, ਫਿਲਮਾਂ ਤੇ ਜ਼ੁਬਾਨਾਂ 'ਤੇ ਉਗ ਆਇਆ ਹੈ। ਇਸ ਦਾ ਤਤਕਾਲੀ ਫਲ ਜਿੰਨਾ ਵੀ ਮਰਜ਼ੀ ਮਿੱਠਾ ਹੋਵੇ ਪਰ ਅਸੀਂ ਆਪਣੀਆਂ ਅਗਲੀਆਂ ਨਸਲਾਂ ਲਈ ਭੱਖੜਾ ਬੀਜ ਦਿੱਤਾ ਹੈ।

ਇਥੇ ਇਹ ਲਿਖਣਾ ਕੁਥਾਂ ਨਹੀਂ ਕਿ ਮਨੁੱਖੀ ਇਤਿਹਾਸ ਵਿਚ ਹੱਦਾਂ-ਸਰਹੱਦਾਂ ਬਦਲਦੀਆਂ ਰਹੀਆਂ ਹਨ ਅਤੇ ਪਰਵਾਸ ਦੇ ਵਰਤਾਰੇ ਨੇ ਮਨੁੱਖੀ ਸਮਰੱਥਾਵਾਂ ਤੇ ਸੰਭਾਵਨਾਵਾਂ ਨੂੰ ਨਵੀਆਂ ਦਿਸ਼ਾਵਾਂ ਦਿੱਤੀਆਂ ਹਨ। ਸਮੱਸਿਆ ਇਹ ਹੈ ਕਿ ਮੌਜੂਦਾ ਪਰਵਾਸ ਆਲਮੀ ਪੱਧਰ ਤੇ ਜੰਗੀ ਮੁਹਿੰਮ ਦਾ ਰੂਪ ਧਾਰ ਚੁੱਕਾ ਹੈ ਜਿਸ ਵਿਚ ਮਨੁੱਖੀ ਜਾਨਾਂ ਦੇ ਨਾਲ ਨਾਲ ਮਨੁੱਖ ਹੋਣ ਦੀਆਂ ਜ਼ਰੂਰੀ ਸ਼ਰਤਾਂ ਵੀ ਦਾਅ 'ਤੇ ਲੱਗ ਚੁੱਕੀਆਂ ਹਨ।

# ਭਾਜਪਾ ਕਸ਼ਮੀਰ ਵਿਚ ਪਾਸੇ ਪਲਟਣਾ ਚਾਹੁੰਦੀ ਹੈ...

ਕਸ਼ਮੀਰ ਵਿਚ ਅਮਰਨਾਥ ਯਾਤਰਾ ਆਖਰੀ ਪੜਾਅ 'ਤੇ ਹੈ। ਰੋਜ਼ ਹੋ ਰਹੀ ਬਾਰਿਸ਼ ਘਾਟੀ ਨੂੰ ਸਰਦੀ ਦੇ ਮੌਸਮ ਵੱਲ ਲਿਜਾ ਰਹੀ ਹੈ। ਸਥਾਨਕ ਲੋਕ ਅੱਖਾਂ ਵਿਚ ਚਮਕ ਨਾਲ ਇਸ ਮਾਨਤਾ ਬਾਰੇ ਦੱਸਦੇ ਹਨ ਕਿ ਜਿਸ ਦਿਨ ਅਮਰਨਾਥ ਯਾਤਰਾ ਦੀ ਸਮਾਪਤੀ ਹੁੰਦੀ ਹੈ, ਉਸੇ ਦਿਨ ਹਰ ਸਾਲ ਸਰਦੀ ਦੇ ਮੌਸਮ ਦਾ 'ਜਨਮ' ਹੁੰਦਾ ਹੈ। ਪਰੰਪਰਾ ਅਤੇ ਉਮੀਦ ਨਾਲ ਭਰੇ ਹੋਏ ਇਸ ਮਾਹੌਲ ਵਿਚ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਵਲੋਂ ਆਈ

ਅਭੈ ਕੁਮਾਰ ਦੂਬੇ

ਖਬਰ ਨਾਲ ਘਾਟੀ ਵਿਚ ਸਿਆਸੀ ਬੇਚੈਨੀਆਂ ਕਰਵਟਾਂ ਲੈਣ ਲੱਗੀਆਂ ਹਨ। ਖਬਰ ਇਹ ਸੀ ਸੁਰੱਖਿਆ ਬਲਾਂ ਦੇ 10 ਹਜ਼ਾਰ ਹੋਰ ਜਵਾਨ ਉਥੇ ਭੇਜੇ ਜਾਣੇ ਹਨ ਤਾਂ ਕਿ ਕਾਨੂੰਨ ਵਿਵਸਥਾ ਨੂੰ ਹੋਰ ਦਰੁਸਤ ਕਰਦਿਆਂ ਅਤਿਵਾਦ ਨੂੰ ਰੋਕਣ ਲਈ ਬਣਾਇਆ ਸੁਰੱਖਿਆ ਗਰਿੱਡ ਹੋਰ ਮਜ਼ਬੂਤ ਕੀਤਾ ਜਾ ਸਕੇ।

ਆਮ ਲੋਕ ਤਾਂ ਅਜਿਹੀਆਂ ਖਬਰਾਂ ਸੁਣ ਕੇ ਸ਼ੱਕ ਨਾਲ ਭਰ ਜਾਂਦੇ ਹਨ, ਖਾਸ ਲੋਕ ਵੀ ਪ੍ਰੇਸ਼ਾਨ ਹੋ ਜਾਂਦੇ ਹਨ। ਜਾਣਕਾਰਾਂ ਨੂੰ ਇਸ ਵਾਰ ਇਹ ਸਮਝ ਹੀ ਨਹੀਂ ਆ ਰਿਹਾ ਹੈ ਕਿ ਜਦੋਂ ਕਸ਼ਮੀਰ ਵਿਚ ਅਤਿਵਾਦ ਪਤਨ ਵੱਲ ਵਧ ਰਿਹਾ ਹੈ (ਦੱਖਣੀ ਕਸ਼ਮੀਰ ਵਿਚ ਵਾਪਰਨ ਵਾਲੀਆਂ ਛੋਟੀਆਂ-ਮੋਟੀਆਂ ਘਟਨਾਵਾਂ ਨੂੰ ਛੱਡ ਕੇ), ਪਾਕਿਸਤਾਨ ਵਲੋਂ ਭੇਜੇ ਜਾਣ ਵਾਲੇ ਅਤਿਵਾਦੀਆਂ ਦੀ ਗਿਣਤੀ ਵਿਚ ਵੀ ਕਮੀ ਆਉਂਦੀ ਦਿਸ ਰਹੀ ਹੈ ਤੇ ਹੁਰੀਅਤ ਕਾਨਫਰੰਸ ਦੀ ਅਗਵਾਈ ਦੀ ਸਾਖ ਵੀ ਕਾਫੀ ਡਿੱਗ ਚੁੱਕੀ ਹੈ ਤਾਂ ਫਿਰ ਵੱਡੀ ਪੱਧਰ 'ਤੇ ਸੁਰੱਖਿਆ ਬਲਾਂ ਦੀ ਤਾਇਨਾਤੀ ਦਾ ਕੀ ਮਤਲਬ ਹੈ? ਦਿੱਲੀ ਤੋਂ ਆ ਰਹੀਆਂ ਸਫਾਈਆਂ ਨਾਲ ਇਸ ਫੈਸਲੇ ਦੇ ਪਿੱਛੇ ਦੀ ਇੱਛਾ ਸਪਸ਼ਟ ਨਹੀਂ ਹੁੰਦੀ, ਕਿਉਂਕਿ ਨੀਮ ਫੌਜੀ ਬਲਾਂ ਦੀਆਂ 197 ਕੰਪਨੀਆਂ ਘਾਟੀ ਵਿਚ ਪਹਿਲਾਂ ਤੋਂ ਹੀ ਤਾਇਨਾਤ ਹਨ। ਕੇਂਦਰ ਨੇ ਇਹ ਫੈਸਲਾ ਉਸ ਸਮੇਂ ਕੀਤਾ ਹੈ ਜਦੋਂ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਰਾਜਪਾਲ ਸਤਿਆਪਾਲ ਮਲਿਕ ਨਾਲ ਸਲਾਹ ਮਸ਼ਵਰਾ ਕਰਕੇ ਦਿੱਲੀ ਪਰਤੇ ਹਨ।

ਕਸ਼ਮੀਰੀਆਂ ਦਰਮਿਆਨ ਸਿਆਸੀ ਬੇਚੈਨੀ ਦਾ ਆਲਮ ਇਹ ਹੈ ਕਿ ਭਾਜਪਾ ਦੇ ਕੌਮੀ ਉਪ ਪ੍ਰਧਾਨ ਸ਼ਿਵਰਾਜ ਚੌਹਾਨ ਦੇ ਬਿਆਨ ਦੇ ਬਾਵਜੂਦ ਇਹ ਖਤਮ ਹੋਣ ਦਾ ਨਾਂ ਨਹੀਂ ਲੈ ਰਹੀਆਂ। ਚੌਹਾਨ ਨੇ ਸ੍ਰੀਨਗਰ ਵਿਚ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਧਾਰਾ 35ਏ ਹਟਾਉਣ ਦਾ ਫਿਲਹਾਲ ਕੋਈ ਇਰਾਦਾ ਨਹੀਂ ਹੈ, ਕਿਉਂਕਿ ਇਹ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ। ਕਸ਼ਮੀਰ ਦੇ ਜਾਣਕਾਰ ਲੋਕਾਂ ਅਤੇ ਨਾਗਰਿਕ ਸਮਾਜ ਦੀਆਂ ਸ਼ਕਤੀਆਂ ਨੂੰ ਲੱਗ ਰਿਹਾ ਹੈ ਕਿ ਭਾਜਪਾ ਆਪਣੀ ਸ਼ਕਤੀਸ਼ਾਲੀ ਕੇਂਦਰ ਸਰਕਾਰ ਦੇ ਰਾਹੀਂ ਕਿਸੇ ਅਜਿਹੀ ਯੋਜਨਾ 'ਤੇ ਅਮਲ ਦੀ ਸ਼ੁਰੂਆਤ ਕਰ ਰਹੀ ਹੈ ਜਿਸ ਨਾਲ ਕਸ਼ਮੀਰ ਦੇ ਸੰਵਿਧਾਨਕ ਹਾਲਾਤ ਅਤੇ ਉਸ 'ਤੇ ਆਧਾਰਿਤ ਉਸ ਦੀ ਸਿਆਸਤ ਪੂਰੀ ਤਰ੍ਹਾਂ ਬਦਲ ਜਾਵੇਗੀ।

ਪਹਿਲੀ ਨਜ਼ਰੇ ਭਾਜਪਾ ਦੀ ਯੋਜਨਾ ਤ੍ਰੈਪੱਖੀ ਲੱਗ ਰਹੀ ਹੈ। ਸਭ ਤੋਂ ਪਹਿਲਾਂ ਤਾਂ ਉਹ ਚਾਹੁੰਦੀ ਹੈ ਕਿ ਘਾਟੀ ਵਿਚ ਉਸ ਦੀ ਸਿਆਸੀ ਤਾਕਤ ਵਿਚ ਵਾਧਾ ਹੋਵੇ। ਉਸ ਲਈ ਉਸ ਦਾ ਜ਼ੋਰ ਉਥੇ ਜਥੇਬੰਦਕ ਭਰਤੀ 'ਤੇ ਹੈ। ਘਾਟੀ ਦੀਆਂ ਰਵਾਇਤੀ ਤਾਕਤਾਂ ਇਹ ਦੇਖ ਕੇ ਪ੍ਰੇਸ਼ਾਨ ਹਨ ਕਿ ਚੋਣ ਨਤੀਜੇ ਤੋਂ ਬਾਅਦ ਕਰੀਬ 85 ਹਜ਼ਾਰ ਲੋਕ ਹੁਣ ਤੱਕ ਭਾਜਪਾ ਵਿਚ ਜਾ ਚੁੱਕੇ ਹਨ। ਚੌਹਾਨ ਇਸੇ ਲਈ ਸ੍ਰੀਨਗਰ ਵਿਚ ਡੇਰਾ ਲਾ ਕੇ ਬੈਠੇ ਹਨ।

ਦੂਜੇ ਪਾਸੇ ਅਗਲੇ ਹਫਤੇ ਤੋਂ ਰਾਮ ਮਾਧਵ ਕਸ਼ਮੀਰ ਵਿਚ ਡਟ ਜਾਣਗੇ। ਭਾਜਪਾ ਦੇ ਘਾਟੀ ਨਾਲ ਸਬੰਧਿਤ ਉਤਸ਼ਾਹ ਵਿਚ ਲੋਕ ਸਭਾ ਚੋਣਾਂ ਨੇ ਵਾਧਾ ਕੀਤਾ ਹੈ। ਲੋਕ ਸਭਾ ਹਲਕੇ ਅਨੰਤਨਾਗ ਵਿਚ ਪੈਂਦੇ ਤ੍ਰਾਲ ਵਿਧਾਨ ਸਭਾ ਹਲਕੇ (ਜੋ ਸਭ ਤੋਂ ਵੱਧ ਅਤਿਵਾਦ ਪੀੜਤ ਹੈ) ਵਿਚ ਉਸ ਨੂੰ ਨੈਸ਼ਨਲ ਕਾਨਫਰੰਸ, ਪੀ.ਡੀ.ਪੀ. ਅਤੇ ਕਾਂਗਰਸ ਤੋਂ ਜ਼ਿਆਦਾ ਵੋਟਾਂ ਮਿਲੀਆਂ ਸਨ। ਭਾਜਪਾ ਤਾਂ ਇਹ ਵੀ ਮੰਨਦੀ ਹੈ ਕਿ ਜੇ ਘਾਟੀ ਤੋਂ ਬਾਹਰ ਰਹਿ ਰਹੇ ਕਸ਼ਮੀਰੀ ਪੰਡਿਤਾਂ ਨੂੰ ਵੋਟ ਪਾਉਣ ਦੇ ਲਈ ਐਮ. ਫਾਰਮ ਭਰਨ ਦੀ ਕਠਿਨ ਵਿਧੀ ਵਿਚੋਂ ਨਾ ਲੰਘਣਾ ਪਵੇ ਤਾਂ ਫਾਰੂਕ ਅਬਦੁੱਲਾ ਤੱਕ ਨੂੰ ਚੋਣਾਂ ਵਿਚ ਹਰਾਇਆ ਜਾ ਸਕਦਾ ਸੀ। ਇਸ ਲਈ ਭਾਜਪਾ ਪੰਡਿਤ ਵੋਟਰਾਂ ਨੂੰ ਇਸ ਬੰਧਨ ਵਿਚੋਂ ਬਾਹਰ ਕੱਢਣਾ ਚਾਹੁੰਦੀ ਹੈ ਤਾਂ ਕਿ ਉਹ ਖੁੱਲ੍ਹ ਕੇ 'ਕਮਲ' ਦਾ ਬਟਨ ਨੱਪ ਸਕਣ।

ਜੇ ਇਹ ਪਹਿਲਾ ਪੜਾਅ ਹੈ ਤਾਂ ਦੂਜਾ ਪੜਾਅ ਵਿਧਾਨ ਸਭਾ ਤੋਂ ਘਾਟੀ ਦਾ ਪ੍ਰਭਾਵ ਘਟਾਉਣਾ ਪਵੇਗਾ। ਵਿਧਾਨ ਸਭਾ ਵਿਚ ਕੁਲ 87 ਸੀਟਾਂ ਹਨ ਜਿਨ੍ਹਾਂ ਵਿਚ 46 ਘਾਟੀ ਦੀਆਂ, 37 ਜੰਮੂ ਦੀਆਂ ਅਤੇ 4 ਲੱਦਾਖ ਦੇ ਹਿੱਸੇ ਆਉਂਦੀਆਂ ਹਨ। ਜ਼ਾਹਿਰ ਹੈ ਕਿ ਜੋ ਘਾਟੀ ਵਿਚ ਜਿੱਤਦਾ ਹੈ, ਉਹੀ ਕਸ਼ਮੀਰ 'ਤੇ ਹਕੂਮਤ ਕਰਦਾ ਹੈ। ਇਸ ਸਮੀਕਰਨ ਨੂੰ ਬਦਲਣ ਲਈ ਸਰਕਾਰ 2 ਵਿਧੀਆਂ ਅਪਣਾ ਸਕਦੀ ਹੈ। ਪਹਿਲੀ, ਹਲਕਿਆਂ ਦੀ ਹੱਦਬੰਦੀ ਵਿਚ ਤਬਦੀਲੀ ਬਾਰੇ ਕਮਿਸ਼ਨ ਬਣਾ ਕੇ ਜੰਮੂ ਖੇਤਰ ਦੀਆਂ ਸੀਟਾਂ ਦੀ ਗਿਣਤੀ ਕੁਝ ਵਧਾਈ ਜਾ ਸਕਦੀ ਹੈ। ਦੂਜੀ, ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੀ ਨੁਮਾਇੰਦਗੀ ਕਰਨ ਵਾਲੀਆਂ ਜੋ 24 ਸੀਟਾਂ 'ਫ੍ਰੀਜ਼' ਪਈਆਂ ਹੋਈਆਂ ਹਨ, ਇਨ੍ਹਾਂ ਵਿਚੋਂ ਕੁਝ ਸੀਟਾਂ ਇਸ ਹੁਸ਼ਿਆਰੀ ਦੇ ਨਾਲ 'ਡੀਫ੍ਰੀਜ਼' ਕੀਤੀਆਂ ਜਾ ਸਕਦੀਆਂ ਹਨ ਕਿ ਉਨ੍ਹਾਂ ਦਾ ਲਾਭ ਵੀ ਭਾਜਪਾ ਨੂੰ ਮਿਲੇ। ਮਾਹਿਰਾਂ ਦਾ ਮੰਨਣਾ ਹੈ ਕਿ ਉਦੋਂ ਤੱਕ ਵਿਧਾਨ ਸਭਾ ਚੋਣਾਂ ਟਾਲੀਆਂ ਜਾਣਗੀਆਂ ਜਦੋਂ ਤੱਕ ਇਹ ਸਮੀਕਰਨ ਪਾਰਟੀ ਦੇ ਅਨੁਕੂਲ ਨਹੀਂ ਹੋ ਜਾਂਦਾ।

ਮੈਨੂੰ ਯਾਦ ਹੈ ਕਿ ਜਦੋਂ ਮੈਂ 2016 ਵਿਚ ਆਪਣੇ 2 ਪੱਤਰਕਾਰ ਮਿੱਤਰਾਂ ਦੇ ਨਾਲ ਕਸ਼ਮੀਰ ਗਿਆ ਸੀ, ਉਸ ਸਮੇਂ ਸ੍ਰੀਨਗਰ ਵਿਚ ਕਰਫਿਊ ਲੱਗਾ ਹੋਇਆ ਸੀ। ਹਾਲਾਤ ਇੰਨੇ ਖਰਾਬ ਸਨ ਕਿ ਜਦੋਂ ਸਰਕਾਰ ਕਰਫਿਊ ਹਟਾਉਂਦੀ ਸੀ ਤਾਂ ਹੁਰੀਅਤ ਵਾਲਿਆਂ ਦਾ ਕਰਫਿਊ ਲੱਗ ਜਾਂਦਾ ਸੀ। ਸ਼ਹਿਰ ਸੁੰਨਸਾਨ ਪਿਆ ਹੋਇਆ ਸੀ। ਅਸੀਂ ਕਰਫਿਊ ਪਾਸ ਰਾਹੀਂ ਇਧਰ-ਉਧਰ ਜਾਂਦੇ ਆਉਂਦੇ ਸੀ। ਕੋਸ਼ਿਸ਼ ਇਹੀ ਹੁੰਦੀ ਸੀ ਕਿ ਜੋ ਸਾਡੇ ਨਾਲ ਮਿਲਣਾ ਚਾਹੁੰਦੇ ਹਨ, ਉਹ ਖੁਦ ਕਿਸੇ ਤਰ੍ਹਾਂ ਹੋਟਲ ਆ ਕੇ ਮਿਲ ਜਾਣ ਪਰ ਇਸ ਸਮੇਂ ਹਾਲਾਤ ਬਹੁਤ ਸੁਧਰੇ ਹੋਏ ਹਨ। ਖੁੱਲ੍ਹੇ ਬਾਜ਼ਾਰਾਂ, ਖਰੀਦਦਾਰਾਂ ਅਤੇ ਆਵਾਜਾਈ ਜਾਮਾਂ ਵਾਲਾ ਸ੍ਰੀਨਗਰ ਭਰਿਆ ਅਤੇ ਗਹਿਮਾ-ਗਹਿਮੀ ਵਾਲਾ ਸ਼ਹਿਰ ਲੱਗ ਰਿਹਾ ਹੈ। ਸੁੰਦਰ ਨੈਣ ਨਕਸ਼ਾਂ ਵਾਲੇ ਨੌਜਵਾਨਾਂ ਅਤੇ ਖੂਬਸੂਰਤ ਮੁਟਿਆਰਾਂ ਵਾਲੀ ਇਹ ਦੁਨੀਆ ਅਸਲ ਵਿਚ ਭਾਰਤੀ ਉਪਮਹਾਂਦੀਪ ਲਈ ਮਾਣ ਵਾਲੀ ਗੱਲ ਹੈ। ਸ੍ਰੀਨਗਰ ਤੋਂ 55 ਕਿਲੋਮੀਟਰ ਦੂਰ ਗੁਲਮਰਗ ਜਾਓ, ਹਰੇ-ਭਰੇ ਘਾਹ ਦੀਆਂ ਵੱਡੀਆਂ-ਵੱਡੀਆਂ ਢਲਾਨਾਂ ਉਤੇ ਛੋਟੇ-ਛੋਟੇ ਚਿੱਟੇ ਫੁੱਲ ਨਜ਼ਰ ਆਉਂਦੇ ਹਨ। ਉਹ ਤੁਹਾਡੇ ਸਫਰ ਨੂੰ ਅਨੰਦਮਈ ਬਣਾ ਦੇਣਗੇ। ਇਹ ਕੁਦਰਤੀ ਨਿਆਮਤ ਯੂਰਪ ਦੀ ਖੂਬਸੂਰਤੀ ਨੂੰ ਵੀ ਚੁਣੌਤੀ ਦਿੰਦੀ ਹੈ। ਇਸ ਦੁਨੀਆ ਨੂੰ ਕਿਵੇਂ ਪਹਿਲਾਂ ਵਾਂਗ (1989 ਤੋਂ ਪਹਿਲਾਂ) ਸ਼ਾਂਤੀਪੂਰਵਕ ਬਣਾਇਆ ਜਾਵੇ? ਇਹ ਅਜਿਹਾ ਸਵਾਲ ਹੈ ਜਿਸ ਦਾ ਸਹੀ ਜਵਾਬ ਅਜੇ ਤੱਕ ਨਹੀਂ ਮਿਲਿਆ।

ਭਾਜਪਾ ਦੀ ਉਪਰੋਕਤ ਯੋਜਨਾ ਵਿਚ ਘਾਟੀ 'ਚ ਮੁਸਲਮਾਨ ਦਬਦਬਾ ਖਤਮ ਕਰਨ ਦਾ ਇਰਾਦਾ ਸਾਫ ਨਜ਼ਰ ਆ ਰਿਹਾ ਹੈ। ਪੀ.ਡੀ.ਪੀ. ਦੀ ਲੋਕਪ੍ਰਿਯਤਾ ਖਤਮ ਹੋ ਚੁੱਕੀ ਹੈ। ਭਾਜਪਾ ਦੇ ਨਾਲ ਗੱਠਜੋੜ ਕਰਨਾ ਉਸ ਨੂੰ ਬਹੁਤ ਮਹਿੰਗਾ ਪਿਆ ਹੈ। ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਦੀ ਵੀ ਹੁਣ ਪਹਿਲਾਂ ਵਾਲੀ ਚੜ੍ਹਤ ਨਹੀਂ ਰਹੀ। ਇਸ ਗੱਲ ਦਾ ਫਾਇਦਾ ਭਾਜਪਾ ਲੈਣਾ ਚਾਹੁੰਦੀ ਹੈ ਅਤੇ ਉਸ ਦਾ ਦਾਅ ਘਾਟੀ ਦੇ ਥੋੜ੍ਹੇ ਬਹੁਤੇ ਮੁਸਲਮਾਨ ਸਮਰਥਨ ਨੂੰ ਆਪਣੇ ਵੱਲ ਖਿੱਚਣਾ ਹੈ। ਅਗਲੇ 6 ਮਹੀਨੇ ਕਸ਼ਮੀਰ ਦੀ ਸਿਆਸਤ ਲਈ ਬਹੁਤ ਹੀ ਮਹੱਤਵਪੂਰਨ ਸਾਬਤ ਹੋਣ ਵਾਲੇ ਹਨ। ਇਸ ਦਰਮਿਆਨ ਉਥੋਂ ਦੀ ਸਿਆਸਤ ਪੂਰੀ ਤਰ੍ਹਾਂ ਬਦਲ ਸਕਦੀ ਹੈ।

# ਭਾਰਤੀ ਪੁਲਿਸ ਵਲੋਂ ਮਾਰੇ ਗਏ ਸਿੱਖਾਂ ਦਾ ਮਾਮਲਾ ਜੱਗ ਜਾਹਰ

ਭਾਰਤੀ ਰਾਜ ਵਲੋਂ ਸਿੱਖ ਘੱਟਗਿਣਤੀ ਨਾਲ ਕੀਤੀਆਂ ਗਈਆਂ ਵਧੀਕੀਆਂ ਤੇ ਜ਼ੁਲਮਾਂ ਦੀ ਗੱਲ ਕਰੀਏ ਤਾਂ ਇਹ ਮਾਮਲਾ ਮੁਨਾਸਿਬ ਦਸਤਾਵੇਜ਼ਾਂ ਅਤੇ ਜਥੇਬੰਦਕ ਘਾਟ ਕਾਰਨ ਕਿਸੇ ਨਿਆਂਪਾਲਿਕਾ ਤਕ ਪਹੁੰਚ ਨਹੀਂ ਪਾਉਂਦਾ। ਹੁਣੇ ਹੁਣੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਅਤੇ ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ ਵਲੋਂ ਅੰਮ੍ਰਿਤਸਰ ਵਿਖੇ ਤੱਥਾਂ ਸਮੇਤ ਇੱਕ ਦਸਤਾਵੇਜ਼ੀ ਫਿਲਮ ਦਿਖਾ ਕੇ ਸੰਨ 1984 ਤੋਂ ਸੰਨ 1995 ਤਕ ਭਾਰਤੀ ਪੁਲਿਸ ਤੇ ਨੀਮ ਫੌਜੀ ਦਸਤਿਆਂ ਵਲੋਂ ਮਾਰੇ ਗਏ ਸਿੱਖਾਂ ਦਾ ਮਾਮਲਾ ਜੱਗ ਜਾਹਰ ਕੀਤਾ ਗਿਆ ਹੈ।

ਸਬੰਧਿਤ ਸੰਸਥਾਵਾਂ ਵਲੋਂ ਐਲਾਨ ਕੀਤਾ ਗਿਆ ਹੈ ਕਿ ਉਹ ਇਹ ਮਾਮਲਾ ਸੁਪਰੀਮ ਕੋਰਟ ਵਿਚ ਲਿਜਾ ਰਹੇ ਹਨ। ਇਹ ਉਹ ਕੇਸ ਹਨ, ਜਿਨ੍ਹਾਂ ਵਿਚ ਸਿੱਖਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਲਾਪਤਾ ਕੀਤਾ ਗਿਆ ਜਾਂ ਜਿਨ੍ਹਾਂ ਦੀ ਪੁਲਿਸ ਤਸ਼ੱਦਦ ਨਾਲ ਮੌਤ ਹੋ ਗਈ ਅਤੇ ਫਿਰ ਉਨ੍ਹਾਂ ਦਾ ਗੁਪਤ ਤਰੀਕੇ

**ਕੁਲਵੰਤ ਸਿੰਘ ਢੇਸੀ**

ਨਾਲ ਸਸਕਾਰ ਕੀਤਾ ਗਿਆ। ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ ਦੇ ਵਕੀਲ ਸਤਨਾਮ ਸਿੰਘ ਮੁਤਾਬਕ ਇਹ ਮਾਮਲਾ ਭਾਈ ਜਸਵੰਤ ਸਿੰਘ ਖਾਲੜਾ ਦੀ ਖੋਜ 'ਤੇ ਆਧਾਰਤ ਹੈ, ਜੋ ਉਨ੍ਹਾਂ 2002 ਵਿਚ ਮੁੜ ਅਰੰਭਿਆ ਸੀ, ਪਰ ਭਾਰਤੀ ਪੁਲਿਸ ਨੇ ਮਨੁੱਖੀ ਹੱਕਾਂ ਦੇ ਰਾਖੇ ਭਾਈ ਖਾਲੜਾ ਨੂੰ ਹੀ ਘਰੋਂ ਚੁੱਕ ਕੇ ਸ਼ਹੀਦ ਕਰ ਦਿੱਤਾ ਸੀ।

ਇਹ ਰਿਪੋਰਟ ਵਾਰਸਾਂ ਵਲੋਂ ਦਰਜ ਐਫ. ਆਈ. ਆਰ., ਪੋਸਟ ਮਾਰਟਮਾਂ (ਲਾਵਾਰਸ ਲਾਸ਼ਾਂ), ਅਖਬਾਰੀ ਖਬਰਾਂ ਅਤੇ ਪੀੜਤ ਪਰਿਵਾਰਾਂ ਦੇ ਬਿਆਨਾਂ 'ਤੇ ਆਧਾਰਤ ਹੈ, ਜਿਸ ਨੂੰ ਦੋ ਸਾਲ ਪਹਿਲਾਂ ਇੰਡੀਪੈਂਡੈਂਟ ਪੀਪਲਜ਼ ਟ੍ਰਿਬਿਊਨਲ (ਆਈ. ਪੀ. ਟੀ) ਸਾਹਮਣੇ ਪੇਸ਼ ਕੀਤਾ ਗਿਆ ਸੀ, ਜਿਸ ਨੇ ਇਹ ਮਾਮਲਾ ਸੁਪਰੀਮ ਕੋਰਟ ਵਿਚ ਲਿਜਾਣ ਦੀ ਸਿਫਾਰਸ਼ ਕੀਤੀ ਸੀ। ਸਬੰਧਿਤ ਟ੍ਰਿਬਿਊਨਲ ਵਿਚ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਰਿਟਾਇਰਡ ਜੱਜਾਂ ਤੇ ਵਕੀਲਾਂ ਤੋਂ ਇਲਾਵਾ ਅਜਿਹੇ ਮਾਮਲਿਆਂ ਸਬੰਧੀ ਮਿਜ਼ੋਰਮ, ਮਨੀਪੁਰ ਅਤੇ ਕਸ਼ਮੀਰ ਵਿਚ ਜਾਂਚ ਕਰ ਰਹੀਆਂ ਸੰਸਥਾਵਾਂ ਦੇ ਪ੍ਰਤੀਨਿਧ ਵੀ ਸ਼ਾਮਲ ਸਨ।

ਸਬੰਧਿਤ ਟ੍ਰਿਬਿਊਨਲ ਨੇ ਇਹ ਵੀ ਮਹਿਸੂਸ ਕੀਤਾ ਹੈ ਕਿ ਪੰਜਾਬ ਸਬੰਧੀ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਭਾਰਤੀ ਸੁਪਰੀਮ ਕੋਰਟ ਵਲੋਂ ਜਾਰੀ ਕੀਤੇ ਹੁਕਮ ਦਾ ਦਾਇਰਾ ਬਹੁਤ ਸੀਮਤ ਕਰ ਦਿੱਤਾ, ਜਿਸ ਕਰਕੇ ਸਬੰਧਿਤ ਮਾਮਲਿਆਂ ਵਿਚ ਇਨਸਾਫ ਨੂੰ ਕਰਾਰੀ ਸੱਟ ਵੱਜੀ ਹੈ। ਵਕੀਲ ਸਤਨਾਮ ਸਿੰਘ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਮੁਤਾਬਕ ਸਿੱਖਾਂ ਦੇ ਗੈਰ ਕਾਨੂੰਨੀ ਕਤਲੇਆਮ ਦਾ ਸੱਚ ਸੰਸਾਰ ਸਾਹਮਣੇ ਲਿਆ ਕੇ ਪੀੜਤਾਂ ਨੂੰ ਇਨਸਾਫ ਤੇ ਮੁਆਵਜ਼ੇ ਦਿਵਾਉਣ ਦੇ ਨਾਲ ਨਾਲ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਭਾਰਤ ਵਿਚ ਕਿਸੇ ਗਿਣੀ ਮਿਥੀ ਸਾਜਿਸ਼ ਤਹਿਤ ਕੋਈ ਘੱਟਗਿਣਤੀ ਸਰਕਾਰੀ ਸ਼ੋਸ਼ਣ ਜਾਂ ਕਤਲੇਆਮ ਦਾ ਸ਼ਿਕਾਰ ਨਾ ਹੋਵੇ।

ਇੰਡੀਪੈਂਡੈਂਟ ਪੀਪਲਜ਼ ਟ੍ਰਿਬਿਊਨਲ ਦੀ ਰਿਪੋਰਟ: ਪੰਜਾਬ ਵਿਚ ਹੋਏ ਸਿੱਖ ਕਤਲੇਆਮ ਸਬੰਧੀ ਇਹ ਦੋ ਦਿਨਾ ਰਿਪੋਰਟ ਅਪਰੈਲ 2017 ਵਿਚ ਪੇਸ਼ ਕੀਤੀ ਗਈ ਸੀ, ਜਿਸ ਵਿਚ ਸ਼ਾਮਲ ਜਥੇਬੰਦੀਆਂ ਵਿਚ ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ ਪ੍ਰਾਜੈਕਟ, ਹਿਊਮਨ ਰਾਈਟਸ ਲਾਅ ਨੈਟਵਰਕ, ਕਮੇਟੀ ਫਾਰ ਕੋ-ਆਰਡੀਨੇਸ਼ਨ ਆਨ ਡਿਸਅਪੀਅਰੈਂਸਜ਼ ਇਨ ਪੰਜਾਬ, ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ, ਦਾ ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ, ਖਾਲੜਾ ਮਿਸ਼ਨ ਆਰਗੇਨਾਈਜੇਸ਼ਨ, ਸਿੱਖਸ ਫਾਰ ਹਿਊਮਨ ਰਾਈਟਸ ਅਤੇ ਅਨੇਕਾਂ ਹੋਰ ਜਥੇਬੰਦੀਆਂ ਨੇ ਹਿੱਸਾ ਲਿਆ ਸੀ। ਰਿਪੋਰਟ ਵਿਚ ਝੂਠੇ ਪੁਲਿਸ ਮੁਕਾਬਲਿਆਂ, ਗੈਰ ਕਾਨੂੰਨੀ ਗ੍ਰਿਫਤਾਰੀਆਂ, ਲਾਪਤਾ ਕੀਤੇ ਗਏ ਸਿੱਖਾਂ ਦਾ ਸੰਤਾਪ ਅਤੇ ਲਗਾਤਾਰ ਦੋ ਦਹਾਕੇ ਸਿੱਖਾਂ ਨੂੰ ਸਰਕਾਰੀ ਪੱਧਰ 'ਤੇ ਅਪੀਲ, ਦਲੀਲ ਅਤੇ ਵਕੀਲ ਦੇ ਹੱਕਾਂ ਤੋਂ ਵਾਂਝਾ ਕਰਨ ਦਾ ਦੁਖਾਂਤ ਸੀ, ਜਿਸ ਪ੍ਰਤੀ ਸਟੇਟ ਤੋਂ ਜਵਾਬਦੇਹੀ ਜ਼ਰੂਰੀ ਹੈ।

ਇਸ ਦਿਨ ਪੰਜਾਬ ਦੇ 22 ਜਿਲਿਆਂ ਨਾਲ ਸਬੰਧਿਤ ਸੈਂਕੜੇ ਹੀ ਅਜਿਹੇ ਵਾਰਸਾਂ ਦੇ ਬਿਆਨ ਸੁਣਨ ਨੂੰ ਮਿਲੇ, ਜਿਨ੍ਹਾਂ ਦੇ ਸਾਕਾਂ-ਸਬੰਧੀਆਂ ਨੂੰ ਪੁਲਿਸ ਨੇ ਲਾਵਾਰਸ ਲਾਸ਼ਾਂ ਕਹਿ ਕੇ ਸਾੜ ਦਿੱਤਾ ਸੀ, ਪਰ ਇਨ੍ਹਾਂ ਕੇਸਾਂ ਦੀ ਕਿਧਰੇ ਵੀ ਕੋਈ ਸੁਣਵਾਈ ਨਾ ਹੋਈ। ਇਸ ਅਮਲ ਵਿਚ ਸਬੰਧਿਤ ਪੈਨਲ ਵਲੋਂ ਪੀੜਤਾਂ ਨਾਲ ਹੋਏ ਸਰਕਾਰੀ ਅਨਿਆਂ



ਭਾਈ ਜਸਵੰਤ ਸਿੰਘ ਖਾਲੜਾ ਦਾ ਇਕ ਚਿੱਤਰ

ਅਤੇ ਗੈਰ ਜ਼ਮਾਨਤੀ ਕੇਸਾਂ ਨੂੰ ਜਨਤਕ ਕਰਨ ਦਾ ਮੌਕਾ ਦਿੱਤਾ ਗਿਆ। ਇਸ ਮੌਕੇ ਟ੍ਰਿਬਿਊਨਲ ਨੂੰ ਪੀੜਤਾਂ ਦੇ ਵਕੀਲਾਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਬਿਆਨ ਸੁਣਨ ਦਾ ਮੌਕਾ ਵੀ ਮਿਲਿਆ, ਜੋ ਸਰਕਾਰੀ ਜਬਰ ਦੇ ਖਿਲਾਫ ਜੂਝਦੇ ਰਹੇ ਸਨ।

ਇਸ ਟ੍ਰਿਬਿਊਨਲ ਵਲੋਂ ਨਿਯੁਕਤ ਜੱਜਾਂ ਦੇ ਪੈਨਲ ਵਿਚ ਜਸਟਿਸ ਏ. ਕੇ. ਗਾਂਗੁਲੀ (ਭਾਰਤੀ ਸੁਪਰੀਮ ਕੋਰਟ ਦਾ ਰਿਟਾਇਰਡ ਜੱਜ ਅਤੇ ਪੱਛਮੀ ਬੰਗਾਲ ਹਿਊਮਨ ਰਾਈਟਸ ਕਮਿਸ਼ਨ ਦਾ ਸਾਬਕਾ ਚੇਅਰਮੈਨ), ਜਸਟਿਸ ਸੁਰੇਸ਼ (ਮੁੰਬਈ ਹਾਈ ਕੋਰਟ ਦਾ ਰਿਟਾਇਰਡ ਜੱਜ), ਕੌਲਿਨ ਗੌਨਸਾਲਵੇਜ਼ (ਸੁਪਰੀਮ ਕੋਰਟ ਦਾ ਸੀਨੀਅਰ ਵਕੀਲ ਅਤੇ ਹਿਊਮਨ ਰਾਈਟਸ ਲਾਅ ਨੈਟਵਰਕ ਦਾ ਡਾਇਰੈਕਟਰ), ਬੀਬੀ ਪਰਮਜੀਤ ਕੌਰ ਖਾਲੜਾ (ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੀ ਆਗੂ ਅਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ), ਕਵਿਤਾ ਸ੍ਰੀ ਵਾਸਤਵ (ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੀ ਕਨਵੀਨਰ), ਸੋਨੀ ਸ਼ੋਰੀ (ਟਰਾਈਬਲ ਐਕਟਾਵਿਸਟ ਐਂਡ ਹਿਊਮਨ ਰਾਈਟਸ ਡਿਫੈਂਡਰ ਛਤੀਸਗੜ੍ਹ), ਤਪਨ ਬੋਸ (ਸੈਕਟਰੀ ਜਨਰਲ ਆਫ ਸਾਊਥ ਏਸ਼ੀਆ ਫੋਰਮ ਐਂਡ ਹਿਊਮਨ ਰਾਈਟਸ ਐਂਡ ਡਾਕੂਮੈਂਟਰੀ ਫਿਲਮ ਮੇਕਰ) ਅਤੇ ਪ੍ਰਵੀਨਾ ਅਹੈਂਗਰ (ਚੇਅਰਪਰਸਨ ਆਫ ਐਸੋਸੀਏਸ਼ਨ ਆਫ ਪੇਅਰੈਂਟਸ ਆਫ ਡਿਸਅਪੀਅਰਡ ਪਰਸਨਜ਼ ਇਨ ਕਸ਼ਮੀਰ) ਸ਼ਾਮਲ ਸਨ।

ਟ੍ਰਿਬਿਊਨਲ ਵਲੋਂ ਕੀਤੀ ਗਈ ਸੁਣਵਾਈ ਦੌਰਾਨ ਪਤਾ ਲੱਗਾ ਕਿ ਪੰਜਾਬ ਦੇ ਲੋਕਾਂ ਦੇ ਹੋਏ ਕਤਲੇਆਮ ਸਬੰਧੀ ਲੋਕਾਂ ਲਈ ਇਨਸਾਫ ਦੇ ਦਰਵਾਜੇ ਬੰਦ ਕਰ ਦਿੱਤੇ ਗਏ ਸਨ ਅਤੇ ਪੁਲਿਸ ਤੇ ਫੌਜ ਆਪ ਹੀ ਨਿਆਂਪਾਲਿਕਾ ਵੀ ਬਣੀ ਹੋਈ ਸੀ। ਜਿਨ੍ਹਾਂ ਥੋੜ੍ਹੇ ਬਹੁਤ ਲੋਕਾਂ ਨੇ ਆਪਣੀ ਗੁਹਾਰ ਅਦਾਲਤਾਂ ਵਿਚ ਲਾਈ ਵੀ, ਉਹ ਵੀ ਪੀੜਤਾਂ ਪ੍ਰਤੀ ਪੇਚੀਦਾ ਅਤੇ ਲੰਬੀ ਅਦਾਲਤੀ ਕਾਰਵਾਈ ਦੀ ਭੇਟ ਚੜ੍ਹ ਗਈ। ਇਸ ਸੁਣਵਾਈ ਵਿਚ ਟ੍ਰਿਬਿਊਨਲ ਤੋਂ ਆਸ ਕੀਤੀ ਗਈ ਕਿ ਉਹ ਦੋ ਦਹਾਕਿਆਂ ਤੋਂ ਲਟਕਦੇ ਆ ਰਹੇ ਅਦਾਲਤੀ ਕੇਸਾਂ ਦੇ ਨਿਪਟਾਰੇ ਅਤੇ ਪੀੜਤਾਂ ਨੂੰ ਮੁਆਫੀਆਂ/ਮੁਆਵਜ਼ੇ ਦੇਣ ਪ੍ਰਤੀ ਆਪਣਾ ਫੈਸਲਾ ਦੇਣਗੇ।

ਇਸ ਪੈਨਲ ਅੱਗੇ ਮਨੁੱਖੀ ਅਧਿਕਾਰ ਸੰਸਥਾ ਦੇ ਆਗੂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਉਨ੍ਹਾਂ 2097 ਕੇਸਾਂ ਦਾ ਮੁੜ ਜ਼ਿਕਰ ਹੋਇਆ, ਜਿਨ੍ਹਾਂ ਨੂੰ ਪੁਲਿਸ ਨੇ ਲਾਵਾਰਸ ਲਾਸ਼ਾਂ ਕਹਿ ਕੇ ਸਾੜ ਦਿੱਤਾ ਸੀ ਅਤੇ ਅਖੀਰ ਭਾਈ ਖਾਲੜਾ ਨੂੰ ਵੀ ਪੁਲਿਸ ਨੇ ਨਹੀਂ ਸੀ ਬਖਸ਼ਿਆ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ। ਪੈਨਲ ਵਲੋਂ ਉਨ੍ਹਾਂ ਵਕੀਲਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਕਾਰਕੁਨਾਂ ਨਾਲ ਹੋਈ ਬੀਤੀ ਦੇ ਕੌੜੇ ਤਜਰਬੇ ਸੁਣਨ ਦਾ ਮੌਕਾ ਵੀ ਮਿਲਿਆ, ਜੋ ਉਲਾਰ ਸਰਕਾਰੀ ਤੰਤਰ ਦਾ ਸ਼ਿਕਾਰ ਹੋ ਕੇ ਰਹਿ ਗਏ ਸਨ।

ਆਈ. ਪੀ. ਟੀ. ਨੇ ਸੀ. ਬੀ. ਆਈ. ਦੇ 1513 ਕੇਸਾਂ ਦੀ ਪੁਣਛਾਣ ਕਰਕੇ ਮੁਨਾਸਿਬ ਜਾਂ ਗੈਰਮੁਨਾਸਿਬ ਸਜ਼ਾਵਾਂ ਜਾਂ ਲਮਕਾ ਦਿੱਤੇ ਗਏ ਕੇਸਾਂ ਦਾ ਪਤਾ ਵੀ ਲਾਉਣਾ ਸੀ। ਇਸ ਪੈਨਲ ਨੇ ਪਤਾ ਲਾਇਆ ਕਿ ਪੰਜਾਬ ਦੇ ਸਾਰੇ ਹੀ ਜਿਲਿਆਂ ਵਿਚ ਅਜੇ ਵੀ ਸਿੱਖਾਂ ਦੇ ਅਨੇਕਾਂ ਕੇਸ ਲਟਕ ਰਹੇ ਹਨ ਤੇ ਸੰਨ 2013 ਵਿਚ ਯੂਨਾਈਟਿਡ ਨੇਸ਼ਨਜ਼ ਦੀ ਪੰਜਾਬ ਨਾਲ ਸਬੰਧਿਤ ਖਾਸ ਰਿਪੋਰਟ ਵਿਚ ਇਹ ਨੋਟ ਕੀਤਾ ਗਿਆ ਸੀ ਕਿ 'ਅਦਾਲਤੀ ਕੇਸਾਂ ਦਾ ਲਮਕਾਏ ਜਾਣਾ ਭਾਰਤੀ ਨਿਆਂਪਾਲਿਕਾ ਲਈ ਗੰਭੀਰ ਚੁਣੌਤੀ ਅਤੇ ਜਵਾਬਦੇਹੀ ਪ੍ਰਤੀ ਸਪੱਸ਼ਟ ਸੰਕੇਤ ਹੈ।' ਇਸ ਰਿਪੋਰਟ ਵਿਚ ਸੰਨ 1980 ਤੋਂ 1990 ਦੇ ਦਹਾਕੇ ਵਿਚ ਪੰਜਾਬ ਵਿਚ ਵੱਡੀ ਗਿਣਤੀ ਵਿਚ ਹੋਏ ਸਿੱਖ ਲਾਵਾਰਸ ਲਾਸ਼ਾਂ ਅਤੇ ਲਾਪਤਾ ਕੇਸਾਂ ਦੇ ਨਾਲ ਨਾਲ ਕਾਨੂੰਨੀ ਕਾਰਵਾਈ ਦੇ ਲਟਕਾਏ ਜਾਣ ਦਾ ਜ਼ਿਕਰ ਸੀ।

ਇਸ ਟ੍ਰਿਬਿਊਨਲ ਵਲੋਂ ਕੀਤੀ ਗਈ ਸੁਣਵਾਈ ਅਤੇ ਸੁਪਰੀਮ ਕੋਰਟ ਨੂੰ ਕੀਤੀਆਂ ਸਿਫਾਰਸ਼ਾਂ 'ਤੇ ਆਧਾਰਤ ਸਿੱਖਾਂ ਨੂੰ ਅਜੇ ਵੀ ਇਨਸਾਫ ਦੀ ਉਡੀਕ ਹੈ, ਭਾਵੇਂ ਕਿਹਾ ਜਾਂਦਾ ਹੈ ਕਿ ਇਨਸਾਫ ਵਿਚ ਖੜੋਤ ਦਾ ਮਤਲਬ ਇਨਸਾਫ ਤੋਂ ਇਨਕਾਰ ਹੀ ਹੁੰਦਾ ਹੈ।

ਜਾਗਦੀ ਜ਼ਮੀਰ ਵਾਲਿਆਂ ਦੀ ਪੈੜ ਨੱਪਣ ਦੀ ਲੋੜ: ਪੰਜਾਬ ਦੇ ਦੁਖਾਂਤ ਪ੍ਰਤੀ ਜਿਹੜੇ ਜੱਜ, ਵਕੀਲ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ, ਉਨ੍ਹਾਂ ਦੀ ਜਿੰਨੀ ਵੀ ਸਿਫਤ ਕੀਤੀ ਜਾਵੇ, ਥੋੜ੍ਹੀ ਹੈ। ਪੰਜਾਬੀ ਸੁਭਾਅ ਜਜ਼ਬਾਤੀ ਹੈ ਅਤੇ ਲੋਕ ਜਜ਼ਬਾਤੀ ਨਾਅਰੇ ਲਾ ਕੇ ਜਾਂ ਮੁਜਾਹਰੇ ਕਰ ਕੇ ਆਪਣੀ ਸਮੱਸਿਆ ਦਾ ਹੱਲ ਕੀਤਾ ਲੋੜਦੇ ਹਨ, ਜੋ ਵਕਤੀ ਤੌਰ 'ਤੇ ਸਾਰਥਕ ਹੋਣ ਦਾ ਭੁਲੇਖਾ ਤਾਂ ਪਾਉਂਦੇ ਹਨ, ਪਰ ਨਤੀਜਾ ਕੁਝ ਵੀ ਨਾ ਨਿਕਲਦਾ ਹੋਣ ਕਰਕੇ ਕੌਮ ਵਿਚ ਢਹਿੰਦੀ ਕਲਾ ਆਉਂਦੀ ਹੈ। ਇਸ ਦਾ ਪ੍ਰਤੱਖ ਪ੍ਰਮਾਣ ਬਰਗਾੜੀ ਮੋਰਚਾ ਹੈ, ਜਿਸ ਬਾਰੇ ਲੋਕ ਅੱਜ ਵੀ ਆਗੂਆਂ ਕੋਲੋਂ ਸਵਾਲ ਪੁੱਛ ਰਹੇ ਹਨ, ਪਰ ਆਗੂ ਕੋਈ ਬਣਦਾ ਜਵਾਬ ਨਹੀਂ ਦੇ ਰਹੇ। ਅਜੋਕੇ ਭਾਰਤੀ ਪ੍ਰਬੰਧ 'ਚ ਅਮਲੀ ਤੌਰ 'ਤੇ ਇੱਕ ਖਾਸ ਰਣਨੀਤੀ ਅਪਨਾਉਣ ਦੀ ਲੋੜ ਹੈ, ਜਿਥੇ ਨਾ ਸਿਰਫ ਪੁਲਿਸ ਪ੍ਰਸ਼ਾਸਨ, ਸਗੋਂ ਹਰ ਮਹਿਕਮੇ ਦੀ ਜਨਤਕ ਤੌਰ 'ਤੇ ਜਵਾਬਦੇਹੀ ਜ਼ਰੂਰੀ ਹੋਵੇ।

# ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਸਾਰੇ ਉਲਾਂਭੇ ਲਾਹੁਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੇ ਰੋਸੇ ਦੂਰ ਕਰਨ ਦਾ ਫੈਸਲਾ ਕਰ ਲਿਆ ਹੈ। ਮੰਤਰੀ ਮੰਡਲ ਦੀ ਮੀਟਿੰਗ ਵਿਚ ਮੁਲਾਜ਼ਮਾਂ ਦੀਆਂ ਤਰੱਕੀ ਸ਼ਰਤਾਂ ਨੂੰ ਨਰਮ ਕਰਦਿਆਂ ਤਰੱਕੀ ਲਈ ਮੌਜੂਦਾ ਘੱਟੋ-ਘੱਟ ਨੌਕਰੀ ਦੇ ਸਾਲਾਂ 'ਚ ਕਮੀ ਕਰਨ ਦਾ ਫੈਸਲਾ ਕੀਤਾ। ਮੰਤਰੀ ਮੰਡਲ ਵੱਲੋਂ ਲਏ ਗਏ ਫੈਸਲੇ ਅਨੁਸਾਰ 2 ਸਾਲ ਤੋਂ ਵੱਧ ਤਜਰਬੇ ਵਾਲੇ ਮੁਲਾਜ਼ਮਾਂ ਨੂੰ ਤਰੱਕੀ ਲਈ ਇਕ ਸਾਲ ਦੀ ਛੋਟ ਮਿਲ ਸਕੇਗੀ ਪਰ ਇਸ ਲਈ ਉਨ੍ਹਾਂ ਦਾ ਤਜਰਬਾ 5 ਸਾਲ ਤੋਂ ਘੱਟ ਹੋਣਾ ਚਾਹੀਦਾ ਹੈ, ਜਿਨ੍ਹਾਂ ਮੁਲਾਜ਼ਮਾਂ ਦਾ ਸੇਵਾਕਾਲ 7 ਸਾਲ ਜਾਂ ਉਸ ਤੋਂ ਵੱਧ ਹੋਵੇਗਾ ਉਨ੍ਹਾਂ ਲਈ ਇਹ ਛੋਟ 2 ਸਾਲ ਦੀ ਹੋਵੇਗੀ, ਜਦੋਂਕਿ 10 ਸਾਲ ਅਤੇ ਇਸ ਤੋਂ ਵੱਧ ਤਜਰਬੇ ਵਾਲੇ ਮੁਲਾਜ਼ਮਾਂ ਲਈ ਇਹ ਛੋਟ 3 ਸਾਲ ਦੀ ਹੋਵੇਗੀ।

ਇਸੇ ਤਰ੍ਹਾਂ ਟੀਚਿੰਗ ਤੇ ਗੈਰ-ਟੀਚਿੰਗ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਮੰਤਰੀ ਮੰਡਲ ਵੱਲੋਂ 228 ਅਸਾਮੀਆਂ ਨੂੰ ਪ੍ਰਵਾਨਗੀ ਦਿੱਤੀ, ਜਿਨ੍ਹਾਂ 'ਚ 88 ਟੀਚਿੰਗ, 140 ਗੈਰ-ਟੀਚਿੰਗ ਅਸਾਮੀਆਂ ਰਾਮਪੁਰਾ ਫੂਲ ਦੇ ਨਵੇਂ ਵੈਟਰਨਰੀ ਸਾਇੰਸ ਕਾਲਜ ਲਈ ਹੋਣਗੀਆਂ। ਮੰਤਰੀ ਮੰਡਲ ਵੱਲੋਂ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ 'ਚ ਸਹਾਇਕ ਪ੍ਰੋਫੈਸਰਾਂ ਦੀਆਂ 127 ਅਸਾਮੀਆਂ ਨੂੰ ਵੀ ਨਿਯਮਿਤ ਕਰਨ ਦਾ ਫੈਸਲਾ ਲਿਆ, ਜਿਸ ਨਾਲ ਸਰਕਾਰੀ ਖਜ਼ਾਨੇ 'ਤੇ 4.38 ਕਰੋੜ ਦਾ ਸਾਲਾਨਾ ਬੋਝ ਪਵੇਗਾ। ਮੰਤਰੀ ਮੰਡਲ ਵੱਲੋਂ ਸੂਬੇ ਦੇ ਸੈਰ ਸਪਾਟਾ, ਸੱਭਿਆਚਾਰਕ ਮਾਮਲੇ, ਜਲ ਸਪਲਾਈ ਤੇ ਸੈਨੀਟੇਸ਼ਨ, ਲੋਕ ਨਿਰਮਾਣ ਵਿਭਾਗ ਤੇ ਸਕੂਲ ਸਿੱਖਿਆ ਵਿਭਾਗ ਲਈ ਵਿਕਾਸ ਦੇ ਟਿਕਾਊ ਟੀਚੇ ਨਿਰਧਾਰਤ ਕਰਨ ਵਾਸਤੇ 4 ਸਾਲਾ ਰਣਨੀਤਕ ਕਾਰਜ ਯੋਜਨਾ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ। ਇਸ ਨੀਤੀ ਅਧੀਨ ਸਰਕਾਰੀ ਮੁਲਾਜ਼ਮਾਂ ਲਈ ਕਾਰਗੁਜ਼ਾਰੀ ਮਾਪਦੰਡ ਕਾਇਮ ਕੀਤੇ ਜਾਣਗੇ ਅਤੇ ਇਹ ਮਾਪਦੰਡ ਸੰਯੁਕਤ ਰਾਸ਼ਟਰ ਦੇ 2030 ਦੇ ਵਿਕਾਸ ਏਜੰਡੇ ਦੀਆਂ ਲੀਹਾਂ 'ਤੇ ਹੋਣਗੇ।

ਮੰਤਰੀ ਮੰਡਲ ਨੇ ਦਿਹਾਤੀ ਜਲ ਸਪਲਾਈ ਸਕੀਮਾਂ ਦੇ ਬਿਜਲੀ ਬਿੱਲਾਂ ਦੇ ਲੰਮੇ ਸਮੇਂ ਤੋਂ ਲਟਕ ਰਹੇ ਬਕਾਇਆ ਕਾਰਨ ਕਈ ਖੇਤਰਾਂ ਨੂੰ ਜਲ ਸਪਲਾਈ ਨਾ ਮਿਲ ਸਕਣ ਕਾਰਨ ਇਨ੍ਹਾਂ ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਲਈ ਅਜਿਹੇ ਬਕਾਇਆ ਦਾ ਯਕਮੁਸ਼ਤ ਨਿਪਟਾਰਾ ਕਰਨ ਲਈ ਵਿੱਤ ਵਿਭਾਗ ਨੂੰ 298.68 ਕਰੋੜ ਰੁਪਏ ਸਰਕਾਰੀ ਖਜ਼ਾਨੇ 'ਚੋਂ ਅਦਾ ਕੀਤੇ ਜਾਣ ਦਾ ਫੈਸਲਾ ਲਿਆ ਗਿਆ। ਇਸ ਤੋਂ ਬਾਅਦ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ 690 ਕਰੋੜ ਦੇ ਬਕਾਇਆ 'ਤੇ ਵਿਆਜ ਤੇ ਜੁਰਮਾਨਾ ਮੁਆਫ ਕਰਨ ਲਈ ਪਾਵਰਕਾਮ ਨੂੰ ਕੇਸ ਭੇਜਿਆ ਜਾਵੇਗਾ, ਕਿਉਂਕਿ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਇਸ ਸਬੰਧੀ ਅਪੀਲ ਪਹਿਲਾਂ ਹੀ ਪ੍ਰਵਾਨ ਕਰ ਲਈ ਗਈ ਹੈ।

ਮੰਤਰੀ ਮੰਡਲ ਵੱਲੋਂ ਰਾਜ 'ਚ ਨਿੱਜੀ ਖੇਤਰ ਦੀਆਂ ਯੂਨੀਵਰਸਿਟੀਆਂ ਲਈ ਘੱਟੋ-ਘੱਟ ਜ਼ਮੀਨ ਦੀ ਲੋੜ ਸਬੰਧੀ 35 ਏਕੜ ਦੀ ਸ਼ਰਤ ਨੂੰ ਘਟਾ ਕੇ 25 ਏਕੜ ਕਰਨ ਦਾ ਫੈਸਲਾ ਲਿਆ ਗਿਆ, ਜਦੋਂਕਿ ਪਹਿਲਾਂ ਵੀ ਰਾਜ ਸਰਕਾਰ ਇਕ ਵਾਰੀ ਇਸ ਸ਼ਰਤ ਨੂੰ 50 ਏਕੜ ਤੋਂ ਘਟਾ ਕੇ 35 ਏਕੜ ਕਰਨ ਦਾ ਫੈਸਲਾ ਲੈ ਚੁੱਕੀ ਹੈ। ਸੂਚਨਾ ਅਨੁਸਾਰ ਰਾਜ ਸਰਕਾਰ ਵੱਲੋਂ ਲਏ ਗਏ ਇਸ ਫੈਸਲੇ ਨਾਲ 2 ਪੁਰਾਣੀਆਂ ਤੇ 2 ਨਵੀਆਂ ਯੂਨੀਵਰਸਿਟੀਆਂ ਨੂੰ ਸ਼ਰਤਾਂ ਪੂਰੀਆਂ ਕਰਨ 'ਚ ਮਦਦ ਮਿਲ ਸਕੇਗੀ, ਕਿਉਂਕਿ 2 ਪੁਰਾਣੀਆਂ ਯੂਨੀਵਰਸਿਟੀਆਂ ਜ਼ਮੀਨ ਦੀ ਸ਼ਰਤ ਪੂਰੀ ਨਾ ਹੋਣ ਕਾਰਨ ਸੰਕਟ 'ਚ ਫਸੀਆਂ ਹੋਈਆਂ ਸਨ।

ਮੰਤਰੀ ਮੰਡਲ ਦੇ ਏਜੰਡੇ 'ਚ ਦੱਸਿਆ ਗਿਆ ਕਿ ਰਾਜਸਥਾਨ 'ਚ ਇਸ ਵੇਲੇ ਯੂਨੀਵਰਸਿਟੀਆਂ ਲਈ 30 ਏਕੜ, ਹਿਮਾਚਲ ਪ੍ਰਦੇਸ਼ 'ਚ 10 ਏਕੜ ਅਤੇ ਮੱਧ ਪ੍ਰਦੇਸ਼ 'ਚ 20 ਏਕੜ ਜ਼ਮੀਨ ਦੀ ਸ਼ਰਤ ਹੈ, ਜਦੋਂਕਿ ਮਹਾਰਾਸ਼ਟਰ 'ਚ 50 ਏਕੜ ਤੇ ਮੁੰਬਈ 'ਚ 10 ਏਕੜ ਦੀ ਸ਼ਰਤ ਹੈ। ਮੰਤਰੀ ਮੰਡਲ ਵੱਲੋਂ ਗੋਬਿੰਦਗੜ੍ਹ ਕਿਲ੍ਹੇ ਅੰਮ੍ਰਿਤਸਰ ਦੇ ਰੱਖ-ਰਖਾਅ ਲਈ ਦਾਖਲਾ ਫੀਸ ਲਗਾਉਣ ਨੂੰ ਵੀ ਹਰੀ ਝੰਡੀ ਦੇ ਦਿੱਤੀ ਪਰ 5 ਸਾਲ ਅਤੇ ਉਸ ਤੋਂ ਛੋਟੇ ਬੱਚਿਆਂ ਨੂੰ ਇਸ ਟਿਕਟ ਤੋਂ ਛੋਟ ਹੋਵੇਗੀ। ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਵੱਲੋਂ ਭੇਜੀ ਗਈ ਤਜਵੀਜ਼ ਅਨੁਸਾਰ ਦਾਖਲਾ ਫੀਸ 30 ਰੁਪਏ ਹੋਵੇਗੀ, ਜਦੋਂਕਿ ਵਿਦਿਆਰਥੀਆਂ ਲਈ 20 ਰੁਪਏ ਅਤੇ 60 ਸਾਲ ਤੋਂ ਉਪਰ ਦੀ ਉਮਰ ਤੇ ਫੌਜੀਆਂ ਲਈ ਵੀ ਇਹ ਫੀਸ 20 ਰੁਪਏ ਹੋਵੇਗੀ। ਅਪਾਹਜ ਲੋਕਾਂ ਨੂੰ ਵੀ ਇਸ ਮੰਤਵ ਲਈ 20 ਰੁਪਏ ਦੀ ਫੀਸ ਦੇਣੀ ਪਵੇਗੀ।

ਵਿਭਾਗ ਵੱਲੋਂ ਹਥਿਆਰਾਂ ਦੇ ਸਿੱਕਿਆਂ ਦੇ ਮਿਊਜ਼ੀਅਮ ਲਈ ਦਾਖਲਾ ਫੀਸ 5 ਰੁਪਏ ਰੱਖੀ ਗਈ ਹੈ। ਮੰਤਰੀ ਮੰਡਲ ਵੱਲੋਂ ਲਏ ਗਏ ਇਕ ਹੋਰ ਫੈਸਲੇ ਅਨੁਸਾਰ ਰਾਜ 'ਚ ਸਥਾਪਤ ਕੀਤੇ ਜਾਣ ਵਾਲੇ ਨਿੱਜੀ ਖੇਤਰ ਦੇ ਮਾਰਕਿਟ ਯਾਰਡਾਂ 'ਚ ਸਰਕਾਰੀ ਖਰੀਦ ਮੁੱਲ ਤੋਂ 2 ਪ੍ਰਤੀਸ਼ਤ ਵਾਧੂ ਫੀਸ ਦੇਣ ਦਾ ਫੈਸਲਾ ਵੀ ਵਾਪਸ ਲੈਣ ਦਾ ਫੈਸਲਾ ਲਿਆ ਗਿਆ ਹੈ ਤਾਂ ਜੋ ਨਿੱਜੀ ਖੇਤਰ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਇਸ ਮੰਤਵ ਲਈ ਪੰਜਾਬ ਖੇਤੀਬਾੜੀ ਮਾਰਕੀਟਿੰਗ ਬੋਰਡ ਵੱਲੋਂ ਨਿੱਜੀ ਖੇਤਰ ਦੇ ਮਾਰਕਿਟ ਯਾਰਡ ਸ਼ੁਰੂ ਕਰਨ ਲਈ ਪ੍ਰਵਾਨਗੀ ਦਿੱਤੀ ਜਾ ਸਕੇਗੀ ਪਰ 2 ਪ੍ਰਤੀਸ਼ਤ ਵਾਧੂ ਟੈਕਸ ਨੂੰ ਵਾਪਸ ਲੈਣ ਲਈ ਮੌਜੂਦਾ ਕਾਨੂੰਨ 'ਚ ਤਰਮੀਮ ਕੀਤੀ ਜਾਵੇਗੀ। ਮੰਤਰੀ ਮੰਡਲ ਵੱਲੋਂ ਲਏ ਗਏ ਇਕ ਹੋਰ ਫੈਸਲੇ ਅਨੁਸਾਰ ਪੰਜਾਬ ਵਿਧਾਨ ਸਭਾ ਦਾ ਮਾਨਸੂਨ ਇਜਲਾਸ 2 ਅਗਸਤ ਤੋਂ 6 ਅਗਸਤ, 2019 ਤੱਕ ਸੱਦਣ ਦਾ ਫੈਸਲਾ ਲਿਆ ਹੈ।

# ਯੂ.ਏ.ਪੀ.ਏ. ਵਿਚ ਤਰਮੀਮ ਦੇ ਬਹਾਨੇ ਨਵੇਂ ਹਮਲੇ ਦੀ ਤਿਆਰੀ

(ਸਫਾ 8 ਦੀ ਬਾਕੀ)

ਵੰਨ-ਸਵੰਨਤਾ ਨੂੰ ਖਤਮ ਕਰਕੇ ਹਿੰਦੂ ਰਾਸ਼ਟਰ ਥੋਪਣ ਲਈ ਫਾਸ਼ੀਵਾਦੀ ਮਾਡਲ ਹੋਰ ਵੀ ਜ਼ਰੂਰੀ ਹੈ।

ਦੂਸਰੀ ਗੱਲ, ਮੁਲਕ ਦੇ ਅੰਦਰੋਂ ਉਠਣ ਵਾਲੇ 'ਅੰਦਰੂਨੀ ਖਤਰੇ' ਨਾਲ ਸਖਤ ਕਾਨੂੰਨਾਂ ਰਾਹੀਂ ਨਜਿੱਠਣ ਦੀ ਨੀਤੀ ਤਰਕਹੀਣ ਹੈ ਕਿਉਂਕਿ ਇਹ ਅਮਨ-ਕਾਨੂੰਨ ਦੇ ਮਸਲੇ ਨਾ ਹੋ ਕੇ ਬੁਨਿਆਦੀ ਤੌਰ 'ਤੇ ਸਮਾਜੀ-ਆਰਥਿਕ ਮਸਲੇ ਹਨ ਅਤੇ ਇਨ੍ਹਾਂ ਨੂੰ ਸਿਆਸੀ ਪਹੁੰਚ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ।

ਤੀਸਰੀ ਗੱਲ, ਇਤਿਹਾਸ ਗਵਾਹ ਹੈ ਕਿ ਦਹਿਸ਼ਤਵਾਦ ਦੇ ਨਾਂ ਹੇਠ ਬਣਾਏ ਕਾਨੂੰਨਾਂ ਨੂੰ ਮੁੱਖ ਤੌਰ 'ਤੇ ਮੁਸਲਮਾਨ, ਸਿੱਖ, ਦਲਿਤ, ਆਦਿਵਾਸੀ ਆਦਿ ਹਿੱਸਿਆਂ ਦੇ ਅੰਦੋਲਨਾਂ ਨੂੰ ਦਬਾਉਣ ਅਤੇ ਸਜ਼ਾ ਦੇਣ ਲਈ ਵਰਤਿਆ ਗਿਆ। ਇਨ੍ਹਾਂ ਕਾਨੂੰਨਾਂ ਤਹਿਤ ਅਦਾਲਤੀ ਅਮਲ ਰਾਹੀਂ ਦੋਸ਼ੀ ਕਰਾਰ ਦਿੱਤੇ ਜਾਣ ਦੀ ਮਾਮੂਲੀ ਫੀਸਦੀ ਇਸ ਦਾ ਸਬੂਤ ਹੈ।

ਚੌਥੀ ਗੱਲ, ਨਾਬਰਾਬਰੀ ਅਧਾਰਤ ਰਾਜਤੰਤਰ ਦਾ ਸੁਭਾਅ ਨਹਾਇਤ ਪੱਖਪਾਤੀ ਹੋਣ ਕਾਰਨ ਹਾਕਮ ਜਮਾਤਾਂ ਅਤੇ ਸੱਤਾਧਾਰੀਆਂ ਦੇ ਚਹੇਤੇ ਮੁਜਰਮਾਂ ਦੀਆਂ ਕਾਰਵਾਈਆਂ ਨੂੰ ਕਦੇ ਵੀ ਗੈਰਕਾਨੂੰਨੀ ਜਾਂ ਦਹਿਸ਼ਤਵਾਦੀ ਘੇਰੇ ਵਿਚ ਨਹੀਂ ਲਿਆਂਦਾ ਜਾਂਦਾ। ਸਿੱਖ ਕਤਲੇਆਮ (1984), ਗੁਜਰਾਤ ਕਤਲੇਆਮ (2002) ਅਤੇ ਬਹੁਤ ਸਾਰੇ ਖੌਫਨਾਕ ਦਹਿਸ਼ਤਵਾਦੀ ਕਾਂਡ ਜਿਨ੍ਹਾਂ ਵਿਚ ਹਿੰਦੂਤਵ ਜਥੇਬੰਦੀਆਂ ਦਾ ਹੱਥ ਸੀ, ਦੇ ਮੁਜਰਮਾਂ ਉਪਰ ਦਹਿਸ਼ਤਗਰਦ ਕਾਨੂੰਨ ਲਾਗੂ ਨਹੀਂ ਕੀਤੇ ਗਏ ਜਦਕਿ ਇਨ੍ਹਾਂ ਬੰਬ ਕਾਂਡਾਂ ਦੇ ਬਹਾਨੇ ਜੋ ਬੇਕਸੂਰ ਮੁਸਲਮਾਨ ਯੂ.ਏ.ਪੀ.ਏ. ਤਹਿਤ ਗ੍ਰਿਫਤਾਰ ਕੀਤੇ ਗਏ, ਉਨ੍ਹਾਂ ਨੂੰ ਅਦਾਲਤਾਂ 15-20 ਸਾਲ ਜੇਲ੍ਹਾਂ ਵਿਚ ਸਾੜੇ ਜਾਣ ਪਿੱਛੋਂ ਸਾਫ ਬਰੀ ਕਰ ਰਹੀਆਂ ਹਨ।

ਇਸ ਲਈ ਸਵਾਲ ਮਹਿਜ ਤਰਮੀਮਾਂ ਪ੍ਰਤੀ ਫਿਕਰਮੰਦੀ ਦਾ ਨਹੀਂ ਸਗੋਂ ਸਾਲਮ ਰੂਪ ਵਿਚ ਯੂ.ਏ.ਪੀ. ਐਕਟ-1967 ਨੂੰ ਰੱਦ ਕਰਾਉਣ ਦਾ ਹੈ। ਸਮੂਹ ਇਨਸਾਫਪਸੰਦ ਤਾਕਤਾਂ ਨੂੰ ਇਸ ਮੰਗ ਉਪਰ ਜ਼ੋਰ ਦੇਣਾ ਚਾਹੀਦਾ ਹੈ।


# ਕੈਪਟਨ ਵਲੋਂ ਪ੍ਰਧਾਨਗੀ ਲਈ ਪ੍ਰਿਯੰਕਾ ਗਾਂਧੀ ਦੇ ਨਾਮ ਦੀ ਸਿਫਾਰਸ਼

**ਚੰਡੀਗੜ੍ਹ:** ਕਾਂਗਰਸ ਪਾਰਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਉਤੇ ਭਰੋਸਾ ਜ਼ਾਹਿਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇ ਪ੍ਰਿਯੰਕਾ ਗਾਂਧੀ ਕਾਂਗਰਸ ਦੀ ਪ੍ਰਧਾਨ ਚੁਣੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਚੁਫੇਰਿਓਂ ਸਮਰਥਨ ਮਿਲੇਗਾ। ਮੁੱਖ ਮੰਤਰੀ ਨੇ ਇਥੇ ਕਾਂਗਰਸ ਦੀ ਪ੍ਰਧਾਨਗੀ ਤੋਂ ਰਾਹੁਲ ਗਾਂਧੀ ਵੱਲੋਂ ਪਿੱਛੇ ਹਟਣ ਦੇ ਫੈਸਲੇ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਭਾਰਤ ਨੌਜਵਾਨਾਂ ਦਾ ਦੇਸ਼ ਹੈ ਅਤੇ ਨੌਜਵਾਨ ਆਗੂ ਹੀ ਇਸ ਦੀ ਅਗਵਾਈ ਕਰਨ ਲਈ ਢੁਕਵਾਂ ਹੈ।

ਕਾਂਗਰਸੀ ਆਗੂ ਸ਼ਸ਼ੀ ਥਰੂਰ ਦੇ ਬਿਆਨ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਪ੍ਰਿਯੰਕਾ ਗਾਂਧੀ ਪਾਰਟੀ ਦੇ ਮੁਖੀ ਵਜੋਂ ਬਹੁਤਿਆਂ ਦੀ ਪਸੰਦ ਹੋਣਗੇ। ਕੈਪਟਨ ਨੇ ਕਿਹਾ ਕਿ ਪ੍ਰਿਯੰਕਾ ਗਾਂਧੀ ਪਾਰਟੀ ਦੀ ਵਾਗਡੋਰ ਸੰਭਾਲਣ ਲਈ ਢੁਕਵੇਂ ਹਨ ਪਰ ਫੈਸਲਾ ਕਾਂਗਰਸ ਵਰਕਿੰਗ ਕਮੇਟੀ (ਸੀ.ਡਬਲਿਊ.ਸੀ.) 'ਤੇ ਨਿਰਭਰ ਕਰਦਾ ਹੈ ਜੋ ਕਿ ਇਸ ਮਾਮਲੇ 'ਤੇ ਫੈਸਲਾ ਲੈਣ ਲਈ ਅਧਿਕਾਰਤ ਹੈ। ਮੁੱਖ ਮੰਤਰੀ ਨੇ ਪਹਿਲਾਂ ਵੀ ਪਾਰਟੀ ਦੀ ਵਾਗਡੋਰ ਕਿਸੇ ਨੌਜਵਾਨ ਆਗੂ ਨੂੰ ਸੌਂਪਣ ਦੀ ਵਕਾਲਤ ਕੀਤੀ ਸੀ।

# ਕੱਟੜਪੰਥੀ ਦਹਿਸ਼ਤ: ਬਾਕੀ ਸਭ ਖੈਰ ਹੈ...

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਹ ਸਤਰਾਂ ਲਿਖਣ ਵੇਲੇ ਮਨ ਉਦਾਸ ਹੈ। ਇੱਕ ਮਿੱਤਰ ਨੇ ਵਿਦੇਸ਼ ਤੋਂ ਪੁੱਛਿਆ ਹੈ, "ਕੀ ਹਾਲ ਐ?" ਮੈਂ ਆਖਿਆ, "ਠੀਕ ਹੈ।" ਉਸ ਨੇ ਫਿਰ ਦੁਹਰਾ ਕੇ ਪੁੱਛਿਆ, "ਮੈਂ ਕਿਹਾ, ਕੀ ਹਾਲ ਐ?" ਜਵਾਬ ਮੈਂ ਵੀ ਵਧਾ ਕੇ ਦਿੱਤਾ, "ਪਹਿਲਾਂ ਤੋਂ ਕੁਝ ਠੀਕ ਹੈ।" ਉਸ ਤੀਜੀ ਵਾਰੀ ਇਹ ਪੁੱਛ ਲਿਆ, "ਮੈਂ ਪੁੱਛ ਰਿਹਾ ਹਾਂ, ਕੀ ਬਣੇਗਾ?" ਮੈਨੂੰ ਉਸ ਸੱਜਣ ਦੇ ਸਵਾਲ ਦੀ ਸਮਝ ਪੈ ਗਈ ਤਾਂ ਮੈਂ ਜਵਾਬ ਦਿੱਤਾ, "ਕਿਉਂ ਜ਼ਖਮਾਂ 'ਤੇ ਲੂਣ ਧੂੜਦੇ ਹੋ? ਪਿੰਡ ਤੋਂ ਫੌਜੀ ਜਵਾਨ ਨੂੰ ਗਈ ਚਿੱਠੀ ਵਿਚ ਇਹ ਲਿਖਿਆ ਸੀ: ਤਾਈ ਬਲਵੰਤ ਕੌਰ ਗੁਜ਼ਰ ਗਈ, ਕਰਨੈਲ ਸਿੰਘ ਦੀ ਮੱਝ ਹਲਕੇ ਕੁੱਤੇ ਵੱਲੋਂ ਵੱਢੇ ਜਾਣ ਨਾਲ ਮਰ ਗਈ ਤੇ ਤੇਰੀ ਮਾਸੀ ਦਾ ਜੇਠ ਬਿਮਾਰੀ ਨਾਲ ਮਰਨਾਊ ਪਿਐ, ਬਾਕੀ ਸਭ ਠੀਕ-ਠਾਕ ਹੈ।"

ਉਸ ਦੋਸਤ ਨੂੰ ਮੈਂ ਕਿਹਾ, "ਤੂੰ ਇੱਕੀਆਂ ਦੀ 'ਕੱਤੀ ਪਾਉਣ ਦਾ ਮੁਹਾਵਰਾ ਸੁਣਿਆ ਹੋਊ, ਪਰ ਅੱਜ ਕੱਲ੍ਹ ਸਾਡੇ ਦੇਸ਼ ਵਿਚ ਉਣੰਜਾ ਦੀ ਥਾਂ ਉਨਾਹਠ ਪੈਂਦੀ ਹੈ। ਉਣੰਜਾ ਜਣਿਆਂ ਨੇ ਇਹ ਕਿਹਾ ਸੀ ਕਿ ਹਿੰਸਾ ਕਰਦੀਆਂ ਭੀੜਾਂ ਨੂੰ ਲਗਾਮ ਦਿਓ ਤੇ ਉਨਾਹਠਾਂ ਨੇ ਕਹਿ ਦਿੱਤੈ, ਏਥੇ ਕੁਝ ਗਲਤ ਹੋਇਆ ਹੀ ਨਹੀਂ, ਤੁਸੀਂ ਆਪਣੀ ਜ਼ਬਾਨ ਨੂੰ ਲਗਾਮ ਦੇ ਲਓ, ਬਹੁਤਾ ਚਪਰ-ਚਪਰ ਕਰਨ ਲੱਗ ਪਈ ਹੈ। ਇਸ ਤਰ੍ਹਾਂ ਦੀਆਂ ਕੁਝ ਗੱਲਾਂ ਤੋਂ ਬਿਨਾ ਬਾਕੀ ਸਭ ਠੀਕ ਜਿਹਾ ਹੀ ਜਾਪਦਾ ਹੈ।"

'ਉਣੰਜਾ' ਅਤੇ 'ਉਨਾਹਠ' ਵੀ ਸਹੀ ਨਹੀਂ, ਅਸਲ ਵਿਚ ਜਦੋਂ ਉਣੰਜਾ ਪ੍ਰਮੁੱਖ ਹਸਤੀਆਂ ਨੇ ਇਹ ਆਖਿਆ ਸੀ ਕਿ ਮੌਜੂਦਾ ਰਾਜ ਦੌਰਾਨ ਭਾਰਤ ਵਿਚ ਭੀੜਾਂ ਭੜਕ ਕੇ ਘੱਟ-ਗਿਣਤੀਆਂ ਅਤੇ ਦਲਿਤਾਂ ਦਾ ਖੂਨ ਵਹਾਉਣ ਲੱਗ ਪੈਂਦੀਆਂ ਹਨ ਤੇ ਸਰਕਾਰ ਉਨ੍ਹਾਂ 'ਤੇ ਰੋਕ ਲਾਵੇ, ਤਾਂ ਸਰਕਾਰ ਦੇ ਸਮਰਥਕ ਭੜਕ ਪਏ। ਹਰਕਤ ਵਿਚ ਆਉਣ ਲਈ ਸਰਕਾਰ ਨੂੰ ਕਿਹਾ ਗਿਆ ਸੀ, ਸਰਕਾਰ ਦੀ ਥਾਂ ਉਸ ਦੇ ਸਮਰਥਕ ਹਰਕਤ ਵਿਚ ਆਏ ਤੇ ਉਣੰਜਾ ਤੋਂ ਦਸ ਵਧਾ ਕੇ ਉਨਾਹਠ ਤੱਕ ਸਬਰ ਨਹੀਂ ਕੀਤਾ, ਦੋ ਹੋਰ ਵਧਾ ਕੇ ਇਕਾਹਠ ਹਸਤੀਆਂ ਕੋਲੋਂ ਬਿਆਨ ਦਿਵਾਇਆ ਹੈ ਕਿ ਸਰਕਾਰ ਠੀਕ ਚੱਲਦੀ ਪਈ ਹੈ, ਸਿਰਫ ਤੁਸੀਂ ਲੋਕ ਹੀ ਠੀਕ ਨਹੀਂ ਕਰਦੇ। ਭਾਜੀ-ਮੋੜਵੇਂ ਬਿਆਨ ਵਿਚ ਇਹ ਮਿਹਣੇ ਦਿੱਤੇ ਹਨ ਕਿ ਜੰਮੂ-ਕਸ਼ਮੀਰ ਵਿਚੋਂ ਹਿੰਦੂਆਂ ਨੂੰ ਉਜਾੜਿਆ ਗਿਆ, ਤੁਸੀਂ ਉਦੋਂ ਬੋਲੇ ਨਹੀਂ ਸੀ, ਨਕਸਲੀਆਂ ਨੇ ਆਦਿ ਵਾਸੀਆਂ ਨੂੰ ਮਾਰਿਆ ਤਾਂ ਬੋਲੇ ਨਹੀਂ ਤੇ ਜਦੋਂ ਤਿੰਨ ਤਲਾਕ ਦੇ ਵਿਰੁਧ ਬਿੱਲ ਪਾਸ ਕਰਨਾ ਸੀ, ਇਸ ਪੈਂਤੜੇ ਨਾਲ ਵੀ ਖੜੋਤੇ ਨਹੀਂ ਸੀ ਤੇ ਅੱਜ ਸਰਕਾਰ ਨੂੰ ਸਾਰੇ ਸੰਸਾਰ ਵਿਚ ਭੰਡਣ ਤੁਰ ਪਏ ਹੋ। ਇਸ ਸਾਰੇ ਬਿਆਨ ਵਿਚ ਆਹ ਪਿਛਲੀ ਗੱਲ ਲਿਖ ਦਿੱਤੀ ਜਾਣੀ ਜਾਹਰ ਕਰ ਦਿੰਦੀ ਹੈ ਕਿ ਅਸਲ ਵਿਚ ਇਹ ਕਿਹੜੀ ਧਾੜ ਹੈ, ਜੋ ਆਪਣੇ ਦੇਸ਼ ਵਿਚ ਭੀੜਤੰਤਰ ਦੇ ਵਿਰੁਧ ਅਵਾਜ਼ ਚੁੱਕ ਰਹੇ ਪ੍ਰਸਿੱਧੀ ਪ੍ਰਾਪਤ ਲੋਕਾਂ ਨੂੰ ਬਰਦਾਸ਼ਤ ਕਰਨ ਲਈ ਵੀ ਤਿਆਰ ਨਹੀਂ ਤੇ ਧਮਕਾਊ ਬੋਲੀ ਵਿਚ ਜਵਾਬ ਦੇਣ ਲਈ ਨਿੱਤਰ ਪਈ ਹੈ। ਗੁਜਰਾਤ ਦੇ ਦੰਗਿਆਂ ਵੇਲੇ ਜਿਨ੍ਹਾਂ ਨੇ ਏਦਾਂ ਦੀ ਭੂਮਿਕਾ ਨਿਭਾਈ ਸੀ, ਉਨ੍ਹਾਂ ਨੂੰ ਮੌਜਾਂ ਲੱਗਣ ਬਾਰੇ ਸਭ ਨੂੰ ਪਤਾ ਹੈ ਤੇ ਉਸ ਵਕਤ ਜੋ ਲੋਕ ਵਾਜਪਾਈ ਦੇ ਪ੍ਰਭਾਵ ਹੇਠ ਵਗਦੀ ਗੰਗਾ ਵਿਚ ਹੱਥ ਧੋਣੋਂ ਰਹਿ ਗਏ ਸਨ, ਉਨ੍ਹਾਂ ਨੂੰ ਅੱਜ ਦਾ ਮਾਹੌਲ ਉਦੋਂ ਵਾਲੀ ਕਸਰ ਕੱਢਣ ਲਈ ਢੁਕਵਾਂ ਜਾਪਣ ਲੱਗ ਪਿਆ ਹੈ। ਓਦਾਂ ਬਾਕੀ ਸਭ ਠੀਕ ਜਾਪਦਾ ਹੈ!

ਸਾਨੂੰ ਸ਼ਾਇਰ ਇਕਬਾਲ ਦੀ ਯਾਦ ਕਦੇ-ਕਦਾਈਂ ਆ ਜਾਂਦੀ ਹੈ, ਜੋ ਕਹਿੰਦਾ ਸੀ, 'ਮਜ਼ਹਬ ਨਹੀਂ ਸਿਖਾਤਾ, ਆਪਸ ਮੇਂ ਬੈਰ ਰਖਨਾ' ਅਤੇ ਇਸ ਦੇ ਨਾਲ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਕਹਿੰਦਾ ਸੀ, ਪਰ ਪਾਕਿਸਤਾਨ ਜਾ ਕੇ ਕਹਿਣ ਲੱਗ ਪਿਆ, 'ਮੁਸਲਿਮ ਹੈਂ ਹਮ, ਵਤਨ ਹੈ ਸਾਰਾ ਜਹਾਂ ਹਮਾਰਾ।' ਸਾਨੂੰ ਐਮ. ਜੇ. ਅਕਬਰ ਦੀ ਚਾਲੀ ਸਾਲਾਂ ਦੀ ਉਡਾਰੀ ਵੀ ਯਾਦ ਆਉਂਦੀ ਹੈ। ਕਦੇ ਉਹ ਬੰਦਾ ਇਸ ਦੇਸ਼ ਨੂੰ ਵੱਸਦਾ ਰੱਖਣ ਦੀਆਂ ਗੱਲਾਂ ਕਰਦਿਆਂ ਕਹਿੰਦਾ ਹੁੰਦਾ ਸੀ ਕਿ ਭਾਜਪਾ ਸਮੇਤ ਸਭ ਫਿਰਕੂ ਧਿਰਾਂ ਤੋਂ ਭਾਰਤ ਨੂੰ ਵੱਧ ਖਤਰਾ ਹੈ ਤੇ ਬਾਹਰੋਂ ਖਤਰੇ ਘੱਟ ਲੱਗਦੇ ਹਨ, ਪਰ ਵਜ਼ੀਰੀ ਦਾ ਚੋਗਾ ਪੈਂਦੇ ਸਾਰ ਉਹ ਭਾਜਪਾ ਵਿਚ ਜਾ ਵੜਿਆ ਸੀ।

ਸਾਨੂੰ ਆਪਣੇ ਤੋਂ ਪਹਿਲੀ ਪੀੜ੍ਹੀ ਤੋਂ ਸੁਣੀ ਹੋਈ ਲਾਹੌਰ ਦੇ ਤੋਤਾ ਰਾਮ ਗੁਲਾਟੀ ਦੀ ਗੱਲ ਯਾਦ ਆਉਂਦੀ ਹੈ। ਇੱਕ ਤੋੜ ਕੇ ਦੋ ਦੇਸ਼ ਬਣੇ ਤੋਂ ਤੋਤਾ ਰਾਮ ਦਾ ਸਾਰਾ ਪਰਿਵਾਰ ਭਾਰਤ ਆ ਗਿਆ ਤੇ ਉਹ ਜਾਇਦਾਦ ਦੇ ਮੋਹ ਖਾਤਰ ਲਾਹੌਰ ਰਹਿ ਗਿਆ ਸੀ। ਬਾਅਦ ਵਿਚ ਹਾਲਾਤ ਦਾ ਸਾਹਮਣਾ ਕਰਨਾ ਪਿਆ ਤਾਂ ਕੱਟੜਪੰਥੀਆਂ ਦੇ ਦਬਕੇ ਹੇਠ ਲਾਹੌਰ ਰੇਡੀਓ ਤੋਂ ਸ਼ਾਮ ਦੇ ਪ੍ਰੋਗਰਾਮ ਵਿਚ ਤੋਤਾ ਰਾਮ ਇਹ ਕਿਹਾ ਕਰਦਾ ਸੀ ਕਿ ਪਾਕਿਸਤਾਨ ਵਿਚ ਮੇਰੇ ਵਰਗੇ ਹਿੰਦੂਆਂ ਨੂੰ ਏਨੇ ਹੱਕ ਹਾਸਲ ਹਨ, ਜਿੰਨੇ ਹਿੰਦੁਸਤਾਨ ਵਿਚ ਰਹਿੰਦੇ ਹਿੰਦੂਆਂ ਨੂੰ ਕਦੇ ਨਹੀਂ ਮਿਲ ਸਕਦੇ। ਉਸ ਦਾ ਚੇਤਾ ਆਉਂਦੇ ਸਾਰ ਘੱਟ-ਗਿਣਤੀ ਭਾਈਚਾਰੇ ਵਿਚ ਪੈਦਾ ਹੋਏ ਉਹ ਆਗੂ ਦਿੱਸਣ ਲੱਗਦੇ ਹਨ, ਜੋ ਸਾਨੂੰ ਇਹ ਕਹਿੰਦੇ ਹਨ ਕਿ ਘੱਟ-ਗਿਣਤੀਆਂ ਨੂੰ ਜਿੰਨਾ ਮਾਣ-ਸਤਿਕਾਰ ਭਾਜਪਾ ਰਾਜ ਵਿਚ ਮਿਲ ਰਿਹਾ ਹੈ, ਏਨਾ ਮਾਣ ਤਾਂ ਉਨ੍ਹਾਂ ਘੱਟ-ਗਿਣਤੀਆਂ ਦੇ ਆਪਣੇ ਧਰਮ ਦੇ ਰਾਜ ਵਿਚ ਨਹੀਂ ਮਿਲ ਸਕਦਾ। ਤਿੰਨ-ਚਾਰ ਆਗੂ ਇਸ ਤਰ੍ਹਾਂ ਦੀ ਬਿਆਨਬਾਜ਼ੀ ਕਰ ਕੇ ਦਿਨ ਨੂੰ ਰਾਤ ਜਾਂ ਰਾਤ ਨੂੰ ਦਿਨ ਕਹਿੰਦੇ ਹਨ। ਬਾਕੀ ਸਭ ਠੀਕ-ਠਾਕ ਹੈ।

ਗੱਲ ਫਿਰ ਪਹਿਲੇ ਨੁਕਤੇ 'ਤੇ ਆ ਜਾਂਦੀ ਹੈ। ਅਸੀਂ ਇਸ ਵਕਤ ਉਦਾਸ ਹਾਂ, ਪਰ ਉਦਾਸੀ ਨਿੱਜੀ ਕਾਰਨਾਂ ਕਰ ਕੇ ਨਹੀਂ। ਬੰਦੇ ਦਾ ਨਿੱਜ ਕੋਈ ਬਹੁਤੇ ਮਾਅਨੇ ਨਹੀਂ ਰੱਖਦਾ। ਬੰਦਾ ਸਿਰਫ ਇੱਕ ਬੰਦਾ ਹੋ ਸਕਦਾ ਹੈ, ਉਹ ਬਾਬੇ ਨਾਨਕ ਦੇ ਸ਼ਬਦਾਂ ਮੁਤਾਬਕ 'ਹਮ ਆਦਮੀ ਹੈਂ ਇਕ ਦਮੀ' ਮੰਨਿਆ ਜਾਂਦਾ ਹੈ। 'ਤਿੜਕੇ ਘੜੇ ਦਾ ਪਾਣੀ' ਪਤਾ ਨਹੀਂ ਕੱਲ੍ਹ ਤੱਕ ਰਹੇਗਾ ਕਿ ਨਹੀਂ, ਪਰ ਇਹ ਦੇਸ਼ ਸਾਡੇ ਜਨਮ ਤੋਂ ਪਹਿਲਾਂ ਵੀ ਸੀ, ਸਾਡੇ ਤੋਂ ਬਾਅਦ ਵੀ ਏਥੇ ਰਹਿਣਾ ਹੈ। ਦੇਸ਼ ਧਰਤੀ 'ਤੇ ਵਾਹੀਆਂ ਲਕੀਰਾਂ ਨਾਲ ਨਹੀਂ ਬਣ ਜਾਂਦੇ। ਇਨ੍ਹਾਂ ਵਿਚ ਇਨਸਾਨਾਂ ਦਾ ਵਸੇਬਾ ਹੋਇਆਂ ਤੋਂ ਇਨ੍ਹਾਂ ਨੂੰ ਦੇਸ਼ ਦਾ ਦਰਜਾ ਦਿੱਤਾ ਜਾਂਦਾ ਹੈ। ਇਸ ਲਈ ਇਨਸਾਨ ਤੇ ਇਨਸਾਨੀ ਭਾਵਨਾ ਦਾ ਸਤਿਕਾਰ ਵੱਧ ਅਹਿਮ ਮੰਨਿਆ ਜਾਣਾ ਚਾਹੀਦਾ ਹੈ। ਭਾਰਤ ਵਿਚ ਇਸ ਵਕਤ ਇਨਸਾਨ ਤੋਂ ਵੱਧ ਮਹੱਤਵ ਧਰਮ ਨੂੰ ਤੇ ਧਰਮ ਵਿਚੋਂ ਵੀ ਆਪੋ-ਆਪਣੇ ਧਰਮ ਨੂੰ ਦਿੱਤਾ ਜਾਣ ਲੱਗ ਪਿਆ ਹੈ। ਦੂਜੇ ਦੇ ਧਰਮ ਦੀ ਇੱਜਤ ਕਰਨੀ ਮਖੌਲ ਬਣਦਾ ਜਾਂਦਾ ਹੈ। ਬਾਕੀ ਸਭ ਠੀਕ-ਠਾਕ ਹੈ!

ਅਸੀਂ ਭਾਰਤ ਦੇ ਵਾਸੀ ਹਾਂ, ਉਸ ਭਾਰਤ ਦੇਸ਼ ਦੇ, ਜਿਸ ਦੇ ਸੰਤਾਂ ਤੇ ਸੂਫੀ ਫਕੀਰਾਂ ਨੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਸੀ। ਉਨ੍ਹਾਂ ਨੇ ਇੱਕ ਜਾਂ ਦੂਸਰੇ ਧਰਮ ਵੱਲ ਝੁਕਣ ਦੀ ਥਾਂ ਆਪਣੇ ਵਕਤ ਦੋਵਾਂ ਧਰਮਾਂ ਵਿਚ ਫੈਲਦੇ ਕੱਟੜਪੁਣੇ ਅਤੇ ਫਿਰਕੂ ਨਫਰਤ ਤੋਂ ਉਪਜੇ ਦਵੈਤ ਦਾ ਵਿਰੋਧ ਕੀਤਾ ਤੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ। ਗੁਰੂ ਅਰਜਨ ਦੇਵ ਜੀ ਨੇ ਏਹੋ ਭਾਵਨਾ ਪ੍ਰਗਟ ਕਰਦਿਆਂ ਕਿਹਾ ਸੀ, "ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥" ਉਨ੍ਹਾਂ ਨੇ ਵਿਚਾਰਾਂ ਦੇ ਨਾਲ ਅਕੀਦੇ ਦੀ ਆਜ਼ਾਦੀ ਲਈ ਆਖਿਆ ਸੀ, "ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥"

ਮਹਾਰਾਸ਼ਟਰ ਤੋਂ ਸਮਾਜ ਸੁਧਾਰ ਯਾਤਰਾ ਸ਼ੁਰੂ ਕਰ ਕੇ ਬਾਬਾ ਨਾਮਦੇਵ ਨੇ ਪੰਜਾਬ ਵਿਚ ਆਉਣ ਤੱਕ ਇਸ ਕੱਟੜਪੁਣੇ ਦੇ ਵਰਤਾਰੇ ਦਾ ਵਿਰੋਧ ਕਰਨ ਲਈ ਲਿਖਿਆ ਸੀ, "ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥" ਉਸੇ ਦੌਰ ਵਿਚ ਸੰਤ ਕਬੀਰ ਜੀ ਨੂੰ ਇਹ ਕਹਿਣ ਦੀ ਲੋੜ ਪੈ ਗਈ ਸੀ, "ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥" ਤੇ ਇਹ ਵੀ ਕਹਿ ਦਿੱਤਾ ਸੀ ਕਿ "ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥" ਇਸ ਦੇ ਵੱਡੇ ਅਰਥ ਨਿਕਲਦੇ ਹਨ।

ਅੱਜ ਪੰਡਿਤ ਤੇ ਮੁੱਲਾਂ ਨਹੀਂ ਲੜਦੇ, ਉਨ੍ਹਾਂ ਦੇ ਨਾਂ 'ਤੇ ਰਾਜਨੀਤੀ ਕਰਦੇ ਆਗੂ ਤੇ ਆਗੂਆਂ ਦੇ ਕੱਟੜਪੁਣੇ ਦਾ ਝੰਡਾ ਚੁੱਕੀ ਫਿਰਦੇ ਪਿਛਲੱਗ ਲੜਦੇ ਹਨ। ਉਹ ਆਪਣੇ ਤੋਂ ਸਿਵਾ ਕਿਸੇ ਦੀ ਗੱਲ ਵੀ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਤੇ ਜੋ ਕੋਈ ਆਪਣੀ ਗੱਲ ਕਹਿਣੀ ਚਾਹੁੰਦਾ ਹੈ, ਉਸ ਨੂੰ 'ਪਾਕਿਸਤਾਨ ਚਲਾ ਜਾਹ' ਸਮੇਤ ਕੋਈ ਵੀ ਫਤਵਾ ਦੇਣ ਨੂੰ ਕਮਰਾਂ ਕੱਸੀ ਫਿਰਦੇ ਹਨ।

ਇਤਿਹਾਸ ਸਿਰਫ ਕਿਤਾਬਾਂ ਵਿਚ ਨਹੀਂ ਦਰਜ ਹੁੰਦਾ, ਇਸ ਦਾ ਇੱਕ ਹਿੱਸਾ ਜਨਤਕ ਕਥਾਵਾਂ ਅਤੇ ਕਹਾਣੀਆਂ ਵਿਚ ਮਿਲਦਾ ਹੈ। ਔਰੰਗਜ਼ੇਬ ਦੇ ਵਕਤ ਦੀ ਵੀ ਇੱਕ ਲੋਕ-ਕਥਾ ਸੁਣੀ ਜਾਂਦੀ ਹੈ। ਕਹਿੰਦੇ ਹਨ, ਕੁਝ ਨੇਕ-ਦਿਲ ਸੂਫੀ ਫਕੀਰਾਂ ਨੇ ਔਰੰਗਜ਼ੇਬ ਨੂੰ ਦੱਸਣ ਦਾ ਮਨ ਬਣਾਇਆ ਕਿ ਅੱਲ੍ਹਾ ਅਤੇ ਰਾਮ ਦੋਵੇਂ ਇੱਕੋ ਹੁੰਦੇ ਨੇ, ਫਰਕ ਤਾਂ ਦੁਨੀਆਂ ਵਿਚ ਮਨੁੱਖਾਂ ਨੇ ਪਾਏ ਨੇ। ਉਨ੍ਹਾਂ ਦਰਬਾਰ ਵਿਚ ਜਾ ਕੇ ਔਰੰਗਜ਼ੇਬ ਨੂੰ ਮਿਲਣ ਦਾ ਸੁਨੇਹਾ ਭੇਜਿਆ ਤਾਂ ਅੱਗੋਂ ਗੱਲਬਾਤ ਲਈ ਮੁੱਦਾ ਪੁੱਛਿਆ ਗਿਆ। ਆਉਣ ਵਾਲਿਆਂ ਨੇ ਕਿਹਾ ਕਿ ਉਹ ਦੱਸਣ ਆਏ ਹਨ ਕਿ ਅੱਲ੍ਹਾ ਤੇ ਰਾਮ-ਦੋਹਾਂ ਦਾ ਭਾਵ ਇੱਕੋ ਹੁੰਦਾ ਹੈ, ਸਿਰਫ ਭਾਸ਼ਾ ਵਿਚ ਫਰਕ ਹੈ। ਔਰੰਗਜ਼ੇਬ ਨੇ ਦਰਬਾਰ ਵਿਚ ਆ ਕੇ ਪਹਿਲੀ ਗੱਲ ਇਹ ਪੁੱਛ ਲਈ, 'ਕਿਸ ਕਾਫਰ ਨੇ ਬੋਲਾ ਹੈ?' ਸੂਫੀ ਸੰਤ ਜਾਣਦੇ ਸਨ ਕਿ ਕੁਫਰ ਦੀ ਸਜ਼ਾ ਮੌਤ ਹੈ ਤੇ ਜਿਸ ਨੇ ਮੰਨਿਆ ਕਿ ਉਸ ਨੇ ਇਹ ਕਿਹਾ ਹੈ, ਬਾਦਸ਼ਾਹ ਪਹਿਲਾਂ ਹੀ ਕਹਿ ਚੁੱਕਾ ਹੈ ਕਿ 'ਕਿਸ ਕਾਫਰ ਨੇ ਬੋਲਾ ਹੈ', ਇਸ ਲਈ ਕਾਫਰ ਹੋਣ ਲਈ ਮੌਤ ਦੀ ਸਜ਼ਾ ਤੋਂ ਨਹੀਂ ਬਚ ਸਕੇਗਾ। ਕਹਿੰਦੇ ਹਨ, ਉਦੋਂ ਉਹ ਸੂਫੀ ਸੰਤ ਮੁੜ ਆਏ ਸਨ।

ਅੱਜ ਵਾਲੇ ਸਮੇਂ ਵਿਚ ਵੀ ਜੋ ਕੋਈ ਸਾਂਝੀਵਾਲਤਾ ਦੀ ਗੱਲ ਕਰਨ ਦੀ ਹਿੰਮਤ ਕਰੇ, ਉਸ ਨੂੰ 'ਨਕਲੀ ਧਰਮ ਨਿਰਪੱਖਤਾ ਗੈਂਗ' ਦਾ ਬੰਦਾ ਕਹਿ ਕੇ ਇਸ ਤਰ੍ਹਾਂ ਦੇ ਫਤਵੇ ਦਿੱਤੇ ਜਾਣ ਲੱਗਦੇ ਹਨ ਕਿ ਕੱਲ੍ਹ ਨੂੰ ਕਿਸੇ ਥਾਂ ਭੜਕੀ ਭੀੜ ਉਸ ਨੂੰ ਧਰਮ-ਦੋਖੀ ਕਹਿ ਕੇ ਉਸ ਦਾ ਹਰ ਹਸ਼ਰ ਕਰਨ ਤੱਕ ਜਾ ਸਕਦੀ ਹੈ। ਅਸਲ ਵਿਚ ਸਾਂਝੀਵਾਲਤਾ ਦੇ ਨਾਂ 'ਤੇ ਕੋਈ ਗੈਂਗ ਨਹੀਂ, ਕੱਟੜਪੰਥੀਆਂ ਦੇ ਇਹੋ ਜਿਹੇ ਗੈਂਗ ਅੱਜ ਕੱਲ੍ਹ ਭਾਰਤ ਵਿਚ ਖੁੰਬਾਂ ਵਾਂਗ ਉਗ ਰਹੇ ਹਨ। ਜਦੋਂ ਇਸ ਕਿਸਮ ਦੇ ਪੜ੍ਹੇ-ਲਿਖੇ ਲੋਕ ਏਦਾਂ ਦਾ ਵਿਹਾਰ ਕਰਨ ਲੱਗੇ ਹਨ ਤਾਂ ਜਣੇ-ਖਣੇ ਅਨਪੜ੍ਹਾਂ ਦੀ ਭੀੜ ਵਲੋਂ ਰਾਹ ਜਾਂਦੇ ਕਿਸੇ ਬੰਦੇ ਨੂੰ ਕੁੱਟਣ ਤੋਂ ਲੈ ਕੇ ਮਾਰ ਸੁੱਟਣ ਤੱਕ ਦੇ ਵਰਤਾਰੇ ਨੂੰ ਨਿੰਦ ਕੇ ਕੀ ਲੱਭੇਗਾ? ਫੌਜੀ ਦੇ ਮਾਪਿਆਂ ਦੀ ਚਿੱਠੀ ਵਾਂਗ ਇਸ ਵੇਲੇ ਇਸ ਦੇਸ਼ ਵਿਚ ਹਾਲਾਤ ਜਦੋਂ ਇਹੋ ਜਿਹੇ ਨਹੀਂ ਰਹਿ ਗਏ ਕਿ ਮਨ ਦੀ ਗੱਲ ਖੁੱਲ੍ਹੇ ਦਿਲ ਨਾਲ ਕਹੀ ਜਾਵੇ, ਉਦੋਂ ਉਸ ਚਿੱਠੀ ਦੇ ਲੇਖਕ ਵਾਂਗ ਇਹ ਹੀ ਲਿਖਣਾ ਰਹਿ ਜਾਂਦਾ ਹੈ ਕਿ 'ਬਾਕੀ ਸਭ ਠੀਕ-ਠਾਕ ਜਿਹਾ ਹੀ ਲੱਗਦਾ ਹੈ!' ਸੱਚਮੁੱਚ ਠੀਕ-ਠਾਕ ਹੀ ਤਾਂ ਹੈ!

## ਫੂਲਕਾ ਨੇ ਪੰਜਾਬ ਵਿਧਾਨ ਸਭਾ ਨੂੰ ਪੱਕੇ ਤੌਰ 'ਤੇ ਅਲਵਿਦਾ ਕਹੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਤੋਂ ਅਸਤੀਫਾ ਦੇ ਚੁੱਕੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪਦਮਸ੍ਰੀ ਹਰਵਿੰਦਰ ਸਿੰਘ ਫੂਲਕਾ ਨੇ ਪੰਜਾਬ ਵਿਧਾਨ ਸਭਾ ਨੂੰ ਪੱਕੇ ਤੌਰ 'ਤੇ



ਅਲਵਿਦਾ ਕਹਿਣ ਦਾ ਮਨ ਬਣਾ ਲਿਆ ਹੈ। ਉਹ 2 ਅਗਸਤ ਤੋਂ ਸ਼ੁਰੂ ਹੋ ਰਹੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਹਾਜ਼ਰ ਨਹੀਂ ਰਹਿਣਗੇ।

ਦੱਸਣਯੋਗ ਹੈ ਕਿ 'ਆਪ' ਦੇ ਦਾਖਾ ਤੋਂ ਵਿਧਾਇਕ ਸ੍ਰੀ ਫੂਲਕਾ ਨੇ ਕਈ ਮਹੀਨੇ ਪਹਿਲਾਂ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਅਸਤੀਫਾ ਦੇ ਦਿੱਤਾ ਸੀ ਜੋ ਹਾਲੇ ਤੱਕ ਪ੍ਰਵਾਨ ਨਹੀਂ ਕੀਤਾ ਗਿਆ ਹੈ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬੇਅਦਬੀ ਅਤੇ ਬਰਗਾੜੀ ਕਾਂਡ ਦੇ ਮੁੱਖ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦਾ ਵਾਅਦਾ ਨਾ ਨਿਭਾਏ ਜਾਣ ਦੇ ਰੋਸ ਵਜੋਂ ਅਸਤੀਫਾ ਦਿੱਤਾ ਸੀ। ਉਨ੍ਹਾਂ ਪਹਿਲਾਂ 'ਆਪ' ਤੋਂ ਇਹ ਕਹਿ ਕੇ ਅਸਤੀਫਾ ਦਿੱਤਾ ਸੀ ਕਿ ਉਹ ਜਿਸ ਮਕਸਦ ਲਈ ਸਿਆਸਤ ਵਿਚ ਆਏ ਸਨ, ਇਸ ਪਾਰਟੀ 'ਚ ਉਹ ਟੀਚੇ ਪੂਰੇ ਕਰਨੇ ਸੰਭਵ ਨਹੀਂ ਲਗਦੇ।

ਸ. ਫੂਲਕਾ ਨੇ ਕਿਹਾ ਕਿ ਉਹ ਵਿਧਾਨ ਸਭਾ ਦੇ ਸਪੀਕਰ ਨੂੰ ਬੇਨਤੀ ਕਰਨਗੇ ਕਿ 2 ਅਗਸਤ ਤੋਂ ਪਹਿਲਾਂ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਕੀਤਾ ਜਾਵੇ। ਪਹਿਲਾਂ ਸਪੀਕਰ ਨੇ ਕਿਹਾ ਸੀ ਕਿ ਨਿਰਧਾਰਤ ਸ਼ਬਦਾਵਲੀ ਨਾ ਹੋਣ ਕਾਰਨ ਅਸਤੀਫਾ ਸਵੀਕਾਰ ਨਹੀਂ ਹੋਇਆ ਹੈ। ਹੁਣ ਜੇ ਸਪੀਕਰ ਕਹਿਣਗੇ ਤਾਂ ਉਹ ਮੁੜ ਨਿਰਧਾਰਤ ਸ਼ਬਦਾਵਲੀ ਵਿਚ ਵੀ ਅਸਤੀਫਾ ਭੇਜ ਦੇਣਗੇ।

## ਦਰਬਾਰ ਸਾਹਿਬ ਨੇੜਲੀਆਂ ਨਾਜਾਇਜ਼ ਇਮਾਰਤਾਂ ਖਿਲਾਫ ਕਾਰਵਾਈ

**ਅੰਮ੍ਰਿਤਸਰ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਅੰਮ੍ਰਿਤਸਰ ਵਾਲਡ ਸਿਟੀ ਐਕਟ 'ਤੇ ਰੋਕ ਲਾਉਣ ਅਤੇ ਗੈਰਕਾਨੂੰਨੀ ਢੰਗ ਨਾਲ ਬਣੀਆਂ ਇਮਾਰਤਾਂ ਖਿਲਾਫ ਕਾਰਵਾਈ ਲਈ ਦਿੱਤੇ ਆਦੇਸ਼ਾਂ ਤੋਂ ਬਾਅਦ ਨਗਰ ਨਿਗਮ ਨੇ ਪੰਜਾਬ ਰਾਜ ਬਿਜਲੀ ਨਿਗਮ ਅਤੇ ਪੁਲਿਸ ਦੀ ਮਦਦ ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਗਲਿਆਰੇ ਨੇੜੇ ਬਣੇ ਹੋਟਲਾਂ ਦੀਆਂ ਨਾਜਾਇਜ਼ ਇਮਾਰਤਾਂ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਤਹਿਤ ਕੁਝ ਹੋਟਲਾਂ ਅਤੇ ਦੁਕਾਨਾਂ ਦੇ ਬਿਜਲੀ ਅਤੇ ਪਾਣੀ ਦੇ ਕੁਨੈਕਸ਼ਨ ਕੱਟ ਦਿੱਤੇ ਗਏ ਹਨ। ਦੂਜੇ ਪਾਸੇ ਹੋਟਲ ਮਾਲਕਾਂ ਵੱਲੋਂ ਇਸ ਕਾਰਵਾਈ ਖਿਲਾਫ ਰੋਸ ਵਿਖਾਵਾ ਕੀਤਾ ਗਿਆ ਹੈ।

ਸਾਂਝੀ ਕਾਰਵਾਈ ਤਹਿਤ ਸਮੁੱਚੀ ਟੀਮ ਗਲਿਆਰੇ ਦੇ ਆਲੇ ਦੁਆਲੇ ਲਗਭਗ 25 ਵਪਾਰਕ ਇਮਾਰਤਾਂ ਦੇ ਮਾਲਕਾਂ ਕੋਲ ਗਈ, ਜਿਨ੍ਹਾਂ ਵਿਚ ਹੋਟਲ, ਗੈਸਟ ਹਾਊਸ ਅਤੇ ਦੁਕਾਨਾਂ ਸ਼ਾਮਲ ਸਨ। ਉਨ੍ਹਾਂ ਨੇ ਲਗਭਗ 9 ਇਮਾਰਤਾਂ ਦੇ ਪਾਣੀ ਦੇ ਅਤੇ 17 ਇਮਾਰਤਾਂ ਦੇ ਬਿਜਲੀ ਦੇ ਕੁਨੈਕਸ਼ਨ ਕੱਟੇ ਹਨ। ਇਹ ਕਾਰਵਾਈ ਨਗਰ ਨਿਗਮ ਦੇ ਜੁਆਇੰਟ ਕਮਿਸ਼ਨਰ ਨਿਤਿਸ਼ ਸਿੰਗਲਾ ਦੀ ਅਗਵਾਈ ਹੇਠ ਕੀਤੀ ਗਈ ਹੈ।

ਟੀਮ ਨੇ ਗਲਿਆਰੇ 'ਚ ਬਣੀਆਂ ਕੁਝ ਦੁਕਾਨਾਂ ਦੇ ਵੀ ਬਿਜਲੀ ਦੇ ਕੁਨੈਕਸ਼ਨ ਕੱਟੇ ਹਨ। ਦੁਕਾਨਦਾਰਾਂ ਨੇ ਰੋਸ ਵਿਖਾਵਾ ਕੀਤਾ। ਕਾਠੀਆਂ ਵਾਲਾ ਬਾਜ਼ਾਰ ਵਿਚ ਕਾਰਵਾਈ ਸਮੇਂ ਹੋਟਲ ਮਾਲਕ ਇਕੱਠੇ ਹੋ ਗਏ ਤੇ ਉਨ੍ਹਾਂ ਨੇ ਨਗਰ ਨਿਗਮ ਦੀ ਟੀਮ ਨੂੰ ਕਾਰਵਾਈ ਕਰਨ ਤੋਂ ਰੋਕਣ ਦਾ ਯਤਨ ਕੀਤਾ।

ਇੱਥੇ ਹੋਈ ਤਕਰਾਰ ਮਗਰੋਂ ਨਗਰ ਨਿਗਮ ਦੇ ਅਧਿਕਾਰੀਆਂ ਅਤੇ ਹੋਟਲ ਮਾਲਕਾਂ ਵਿਚਾਲੇ ਮੀਟਿੰਗ ਹੋਈ। ਇਸ ਦੌਰਾਨ ਕਈ ਹੋਟਲਾਂ ਦੇ ਮਾਲਕਾਂ ਵੱਲੋਂ ਅਦਾਲਤ ਤੋਂ ਮਿਲੇ ਸਟੇਅ ਆਰਡਰ ਵੀ ਇਸ ਟੀਮ ਨੂੰ ਦਿਖਾਏ ਗਏ, ਜਿਨ੍ਹਾਂ ਨੂੰ ਇਸ ਕਾਰਵਾਈ ਤੋਂ ਫਿਲਹਾਲ ਛੋਟ ਦੇ ਦਿੱਤੀ ਗਈ ਹੈ।

## ਸ਼੍ਰੋਮਣੀ ਅਕਾਲੀ ਦਲ (ਮਾਨ) ਦੇ ਆਗੂ ਸੁਲਤਾਨ ਸਿੰਘ ਦੇ ਛੋਟੇ ਭਰਾ ਦਲੇਰ ਸਿੰਘ ਦਾ ਦੇਹਾਂਤ

**ਸਟਾਕਟਨ (ਬਿਊਰੋ):** ਪਿਛਲੇ ਦਿਨੀਂ ਸ. ਦਲੇਰ ਸਿੰਘ ਦੀ ਘਰ ਵਿਚ ਅਚਾਨਕ ਹੋਈ ਮੌਤ ਨਾਲ ਪਰਿਵਾਰ, ਰਿਸ਼ਤੇਦਾਰਾਂ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਮੁੱਚੀ ਪਾਰਟੀ ਵਿਚ ਸੋਗ ਦੀ ਲਹਿਰ ਦੌੜ ਗਈ। ਸ. ਦਲੇਰ ਸਿੰਘ ਜੋ ਕਿ ਤੀਹ ਇਕੱਤੀ ਸਾਲ ਦਾ ਨੌਜਵਾਨ ਸੀ। ਉਨ੍ਹਾਂ ਦਾ ਵੱਡਾ ਭਰਾ ਸੁਲਤਾਨ ਸਿੰਘ ਮਿਸੀ ਸਿੱਪੀ ਦੇ ਏਰੀਏ ਵਿਚ ਆਪਣੇ ਪਰਿਵਾਰ ਸਮੇਤ ਰਹਿੰਦੇ ਹਨ। ਸ. ਦਲੇਰ ਸਿੰਘ ਦੇ ਪੰਜ ਭੂਤਕ ਸਰੀਰ ਦਾ ਅੰਤਿਮ ਸਸਕਾਰ ਮੰਗਲਵਾਰ, 30 ਜੁਲਾਈ ਨੂੰ ਕਰ ਦਿਤਾ ਗਿਆ।

ਇਸ ਦੁੱਖ ਦੀ ਘੜੀ ਵਿਚ ਸਮੁੱਚੀ ਜਥੇਬੰਦੀ ਪਰਿਵਾਰ ਦੇ ਨਾਲ ਖੜੀ ਹੈ ਅਤੇ ਕੈਲੀਫੋਰਨੀਆ ਯੂਨਿਟ ਦੇ ਮੁਖੀ ਸ. ਤਰਸੇਮ ਸਿੰਘ ਟੁਲੇਰੀ, ਰਮਿੰਦਰਜੀਤ ਸਿੰਘ ਮਿੰਟੂ ਅਤੇ ਯੂਥ ਆਗੂ ਅਰਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਰਿਵਾਰ ਨੂੰ ਪੂਰਾ ਸਹਿਯੋਗ ਦੇ ਰਹਿ ਹਨ। ਸ. ਸੁਲਤਾਨ ਸਿੰਘ



ਨਾਲ ਸੰਪਰਕ ਫੋਨ: 859-967-4088 ਰਾਹੀਂ ਕੀਤਾ ਜਾ ਸਕਦਾ ਹੈ।

## ਇਮਰਾਨ ਖਾਨ ਦੀ ਫੇਰੀ ਮਗਰੋਂ ਨਰਮ ਹੋਇਆ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਵਿਚਕਾਰ ਬੈਠਕ ਦੇ ਕੁਝ ਦਿਨਾਂ ਮਗਰੋਂ ਪੈਂਟਾਗਨ ਨੇ ਪਾਕਿਸਤਾਨ ਨੂੰ ਸਾਢੇ 12 ਕਰੋੜ ਡਾਲਰ ਦੀ ਵਿਦੇਸ਼ੀ ਮਿਲਟਰੀ ਵਿਕਰੀ ਨੂੰ ਮਨਜ਼ੂਰੀ ਦੇਣ ਦੇ ਆਪਣੇ ਫੈਸਲੇ ਤੋਂ ਕਾਂਗਰਸ ਨੂੰ ਜਾਣੂ ਕਰਵਾਇਆ ਹੈ ਜਿਸ ਤਹਿਤ ਐਫ-16 ਲੜਾਕੂ ਜਹਾਜ਼ਾਂ 'ਤੇ ਨਜ਼ਰ ਰੱਖੀ ਜਾ ਸਕੇਗੀ। ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਸੁਰੱਖਿਆ ਸਹਾਇਤਾ ਸਬੰਧੀ ਅਮਰੀਕਾ ਦੀ ਨੀਤੀ 'ਚ ਦਰਅਸਲ ਕੋਈ ਬਦਲਾਅ ਨਹੀਂ ਆਇਆ ਹੈ। ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਸੁਰੱਖਿਆ ਸਹਾਇਤਾ 'ਤੇ ਰੋਕ ਲਗਾ ਰੱਖੀ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਨੇ ਬਾਲਾਕੋਟ 'ਚ ਹਮਲੇ ਮਗਰੋਂ ਭਾਰਤ ਖਿਲਾਫ ਐਫ-16 ਜੈੱਟਾਂ ਦੀ ਵਰਤੋਂ ਕੀਤੀ ਸੀ।

ਸੂਤਰਾਂ ਨੇ ਦੱਸਿਆ ਕਿ ਵਿਦੇਸ਼ੀ ਮਿਲਟਰੀ ਵਿਕਰੀ (ਐਫ.ਐਮ.ਐਸ.) ਤਹਿਤ ਪਾਕਿਸਤਾਨ ਨੂੰ ਭੁਗਤਾਨ ਕਰਨਾ ਪਵੇਗਾ। ਇਸ 'ਚ ਅਮਰੀਕੀ ਕਰਦਾਤਿਆਂ ਦਾ ਪੈਸਾ ਸ਼ਾਮਲ ਨਹੀਂ ਹੋਵੇਗਾ। ਇਸ ਰਕਮ ਦੀ ਵਰਤੋਂ ਪਾਕਿਸਤਾਨ 'ਚ ਐਫ-16 ਜਹਾਜ਼ਾਂ ਦੇ ਇਸਤੇਮਾਲ ਉਤੇ ਨਜ਼ਰ ਰੱਖਣ ਲਈ 60 ਅਮਰੀਕੀ ਠੇਕੇਦਾਰਾਂ ਦੀ ਤਨਖਾਹ ਦੇ ਭੁਗਤਾਨ ਲਈ ਕੀਤੀ ਜਾਵੇਗੀ।

ਅਮਰੀਕੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਨੇ ਦੱਸਿਆ ਕਿ ਅਮਰੀਕੀ ਕਰਮੀਆਂ ਦੀ ਲਗਾਤਾਰ ਮੌਜੂਦਗੀ ਨਾਲ ਅਮਰੀਕੀ ਤਕਨਾਲੋਜੀ ਦੀ ਰੱਖਿਆ ਹੋਵੇਗੀ ਜਿਸ ਨਾਲ ਅਮਰੀਕਾ ਦੀ ਵਿਦੇਸ਼ ਨੀਤੀ ਅਤੇ ਕੌਮੀ ਸੁਰੱਖਿਆ ਨੂੰ ਮਜ਼ਬੂਤੀ ਮਿਲੇਗੀ।

# ਪੰਜਾਬ ਦੇ ਮੁੱਦਿਆਂ 'ਤੇ ਸੰਘਰਸ਼ ਵਿੱਢਣ ਲਈ ਇਕ ਮੰਚ 'ਤੇ ਆਈਆਂ ਜਥੇਬੰਦੀਆਂ

**ਚੰਡੀਗੜ੍ਹ:** ਪੰਜਾਬ ਦੀਆਂ 6 ਸਿੱਖ ਜਥੇਬੰਦੀਆਂ ਅਤੇ ਵਿਰੋਧੀ ਧਿਰਾਂ ਨੇ ਇਕ ਪਲੇਟਫਾਰਮ ਤੋਂ ਸੂਬੇ ਦੇ ਅਹਿਮ ਮੁੱਦਿਆਂ ਉਪਰ ਸਾਂਝਾ ਸੰਘਰਸ਼ ਛੇੜਨ ਦਾ ਐਲਾਨ ਕੀਤਾ ਹੈ, ਜਿਸ ਦੇ ਪਹਿਲੇ ਪੜਾਅ ਵਿਚ 15 ਅਗਸਤ ਨੂੰ ਆਜ਼ਾਦੀ ਦਿਵਸ ਨੂੰ ਕਾਲੇ ਦਿਵਸ ਵਜੋਂ ਮਨਾਉਣ ਅਤੇ ਇਸ ਦਿਨ ਪੰਜਾਬ ਭਰ ਵਿਚ ਕਾਲੀਆਂ ਝੰਡੀਆਂ ਨਾਲ ਪ੍ਰਦਰਸ਼ਨ ਕਰਨ ਦਾ ਫੈਸਲਾ ਲਿਆ ਹੈ। ਅਕਾਲੀ ਦਲ, ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਕਾਂਗਰਸ ਨੂੰ ਛੱਡ ਕੇ ਬਾਕੀ ਇਕੱਠੀਆਂ ਹੋਈਆਂ 6 ਧਿਰਾਂ ਕਾਰਨ ਪੰਜਾਬ ਵਿਚ ਨਵੇਂ ਸਿਆਸੀ ਸਮੀਕਰਨ ਬਣਨ ਦੇ ਆਸਾਰ ਨਜ਼ਰ ਆ ਰਹੇ ਹਨ।

ਕਿਸਾਨ ਭਵਨ ਵਿਚ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਜਸਕਰਨ ਸਿੰਘ ਕਾਹਨਸਿੰਘ ਵਾਲਾ, ਗੁਰਸੇਵਕ ਸਿੰਘ ਜਵਾਹਰਕੇ ਤੇ ਗੋਪਾਲ ਸਿੰਘ ਸਿੱਧੂ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਗੁਰਦੀਪ ਸਿੰਘ ਬਠਿੰਡਾ ਤੇ ਗੁਰਨਾਮ ਸਿੰਘ ਸਿੱਧੂ, ਦਲ ਖਾਲਸਾ ਦੇ ਪ੍ਰਧਾਨ ਐਡਵੋਕੇਟ ਹਰਪਾਲ ਸਿੰਘ ਚੀਮਾ ਦੇ ਕੰਵਰਪਾਲ ਸਿੰਘ, ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸਕੱਤਰ ਰਾਜਾ ਰਜਿੰਦਰ ਸਿੰਘ ਮਨਹੇੜੀਆਂ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਆਗੂ ਜਗਤਾਰ ਸਿੰਘ ਘੜੂੰਆਂ, ਬਹੁਜਨ ਮੁਕਤੀ ਮੋਰਚੇ ਦੇ ਪ੍ਰਧਾਨ ਕੁਲਦੀਪ ਸਿੰਘ ਈਸ਼ਾਪੁਰ ਅਤੇ ਐਸ.ਐਫ.ਐਸ. ਦੇ ਆਗੂ ਹਰਮਨਜੀਤ ਸਿੰਘ ਅਤੇ ਮਨੁੱਖੀ ਅਧਿਕਾਰਾਂ ਦੇ ਵਕੀਲ ਆਰ.ਐਸ. ਬੈਂਸ ਸਮੇਤ ਵੱਡੀ ਗਿਣਤੀ ਵਿਚ ਲੀਡਰਸ਼ਿਪ ਦੀ ਹੋਈ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਹੈ।



ਆਗੂਆਂ ਨੇ ਸੰਕੇਤ ਦਿੱਤੇ ਕਿ ਜਲਦ ਹੀ ਇਨ੍ਹਾਂ ਸਾਰੀਆਂ ਧਿਰਾਂ ਦਾ ਸਾਂਝਾ ਪਲੇਟਫਾਰਮ ਬਣਾ ਕੇ ਪੰਜਾਬ ਦੇ ਗੰਭੀਰ ਮੁੱਦਿਆਂ ਉਪਰ ਸਾਂਝਾ ਮੋਰਚਾ ਲਾਇਆ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਇਸ ਮੁਹਾਜ਼ ਨੂੰ ਹੋਰ ਵਿਸ਼ਾਲ ਕਰਨ ਲਈ ਉਨ੍ਹਾਂ ਦੀ ਵਿਚਾਰਧਾਰਾ ਨਾਲ ਮੇਲ ਖਾਣ ਵਾਲੀਆਂ ਹੋਰ ਧਿਰਾਂ ਨੂੰ ਵੀ ਇਸ ਮੰਚ ਨਾਲ ਜੋੜਿਆ ਜਾਵੇਗਾ। ਸਿਆਸੀ ਹਲਕਿਆਂ ਅਨੁਸਾਰ ਸਿੱਖ ਧਿਰਾਂ ਦੀ ਅਜਿਹੀ ਸਾਂਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀ ਤਿਆਰੀ ਵਜੋਂ ਵੀ ਦੇਖੀ ਜਾ ਰਹੀ ਹੈ ਕਿਉਂਕਿ ਪੰਥਕ ਧਿਰਾਂ ਨੇ ਇਸ ਵਾਰ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਗਲਬਾ ਤੋੜਨ ਦੀ ਤਿਆਰੀ ਕੀਤੀ ਹੈ। ਇਨ੍ਹਾਂ 6 ਧਿਰਾਂ ਨੇ ਪਹਿਲੇ ਪੜਾਅ ਵਿਚ ਸੂਬੇ ਦੇ 4 ਅਹਿਮ ਮੁੱਦਿਆਂ ਉਪਰ ਸੰਘਰਸ਼ ਛੇੜਨ ਦਾ ਫੈਸਲਾ ਲਿਆ ਹੈ, ਜਿਨ੍ਹਾਂ ਵਿਚ ਸਤਲੁਜ ਯਮਨਾ ਲਿੰਕ ਨਹਿਰ (ਐਸ.ਵਾਈ.ਐਲ.) ਦੀ ਉਸਾਰੀ ਮੁੜ ਸ਼ੁਰੂ ਕਰਵਾਉਣ ਦੀ ਚੱਲ ਰਹੀ ਚਾਲ, ਸਿੱਖ ਨੌਜਵਾਨ ਦੇ ਕਾਤਲ 4 ਪੁਲਿਸ ਮੁਲਾਜ਼ਮਾਂ ਦੀ ਸਜ਼ਾ ਮੁਆਫ ਕਰਨ, ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਬੇਅਦਬੀਆਂ ਦੇ ਕਾਂਡ ਦੇ ਮਾਮਲੇ ਸਬੰਧੀ ਅਦਾਲਤ ਵਿਚ ਪੇਸ਼ ਕੀਤੀ ਕਲੋਜ਼ਰ ਰਿਪੋਰਟ ਅਤੇ ਐਨ.ਆਈ.ਏ. ਨੂੰ ਅਤਿਵਾਦੀ ਗਤੀਵਿਧੀਆਂ ਠੱਲ੍ਹਣ ਦੀ ਆੜ ਵਿਚ ਦਿੱਤੇ ਜਾ ਰਹੇ ਅਥਾਹ ਅਧਿਕਾਰ ਦੇ ਮੁੱਦੇ ਸ਼ਾਮਲ ਹਨ। ਆਗੂਆਂ ਨੇ ਦੋਸ਼ ਲਾਇਆ ਕਿ ਅਕਾਲੀ ਦਲ ਨੇ ਬੇਅਦਬੀ ਕਾਂਡ ਦੀ ਜਾਂਚ ਸੀ.ਬੀ.ਆਈ. ਨੂੰ ਦਿੱਤੀ ਸੀ ਅਤੇ ਸੀ.ਬੀ.ਆਈ. ਨੇ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੀ ਪੜਤਾਲ ਵਿਚ ਆਏ ਤੱਥਾਂ ਨੂੰ ਨਕਾਰ ਕੇ ਕਲੋਜ਼ਰ ਰਿਪੋਰਟ ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ, ਜੋ ਸਿੱਖਾਂ ਨਾਲ ਇਕ ਹੋਰ ਵੱਡੀ ਸਾਜ਼ਿਸ਼ ਹੋਈ ਹੈ।

# ਗੈਰਕਾਨੂੰਨੀ ਰੇਤ ਖਣਨ ਮਾਮਲਾ: ਪੰਜਾਬ ਸਣੇ ਪੰਜ ਰਾਜਾਂ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਗੈਰਕਾਨੂੰਨੀ ਰੇਤ ਖਣਨ ਵਿਚ ਸ਼ਾਮਲ ਲੋਕਾਂ ਦੇ ਪਟਿਆਂ ਦੇ ਲਾਇਸੈਂਸ ਰੱਦ ਕਰਨ ਤੇ ਗੈਰਕਾਨੂੰਨੀ ਰੇਤ ਖਣਨ ਦੇ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ ਤੋਂ ਜਾਂਚ ਲਈ ਦਾਇਰ ਪਟੀਸ਼ਨ 'ਤੇ ਕੇਂਦਰ, ਸੀ.ਬੀ.ਆਈ. ਅਤੇ ਪੰਜ ਰਾਜਾਂ ਨੂੰ ਨੋਟਿਸ ਜਾਰੀ ਕੀਤਾ ਹੈ। ਬੈਂਚ ਨੇ ਕੇਂਦਰ ਤੇ ਸੀ.ਬੀ.ਆਈ. ਦੇ ਨਾਲ ਹੀ ਪੰਜਾਬ, ਮੱਧ ਪ੍ਰਦੇਸ਼, ਮਹਾਰਾਸ਼ਟਰ, ਆਂਧਰ ਪ੍ਰਦੇਸ਼ ਅਤੇ ਤਾਮਿਲਨਾਡੂ ਨੂੰ ਨੋਟਿਸ ਜਾਰੀ ਕੀਤਾ ਹੈ।

ਇਨ੍ਹਾਂ ਸਾਰਿਆਂ ਨੂੰ ਚਾਰ ਹਫਤਿਆਂ ਵਿਚ ਨੋਟਿਸ ਦਾ ਜਵਾਬ ਦੇਣਾ ਹੈ। ਹਾਲਾਂਕਿ ਸ਼ੁਰੂ ਵਿਚ ਬੈਂਚ ਨੇ ਪਟੀਸ਼ਨਕਰਤਾ ਨੂੰ ਹਾਈ ਕੋਰਟ ਜਾਣ ਲਈ ਕਿਹਾ ਸੀ। ਰੇਤ ਦੇ ਗੈਰਕਾਨੂੰਨੀ ਖਣਨ ਨਾਲ ਵਾਤਾਵਰਨ ਨੂੰ ਹੋ ਰਹੇ ਨੁਕਸਾਨ ਸਬੰਧੀ ਇਹ ਪਟੀਸ਼ਨ ਐਮ ਅਲਗਾਰਸਾਮੀ ਨੇ ਦਾਇਰ ਕੀਤੀ ਹੈ। ਪਟੀਸ਼ਨਕਰਤਾ ਵੱਲੋਂ ਪ੍ਰਸ਼ਾਂਤ ਭੂਸ਼ਣ ਅਤੇ ਪ੍ਰਣਬ ਸਚਦੇਵ ਨੇ ਬਹਿਸ ਦੌਰਾਨ ਕਿਹਾ ਕਿ ਇਨ੍ਹਾਂ ਰਾਜਾਂ ਵਿਚ ਵਾਤਾਵਰਨ ਦੀ ਮਨਜ਼ੂਰੀ ਤੋਂ ਬਿਨਾਂ ਹੀ ਰੇਤ ਦਾ ਖਣਨ ਹੋ ਰਿਹਾ ਹੈ। ਅਜਿਹਾ ਕਰਨ ਨਾਲ ਜਿਥੇ ਵਾਤਾਵਰਨ 'ਤੇ ਮਾੜਾ ਅਸਰ ਪੈਂਦਾ ਹੈ, ਉਥੇ ਹੀ ਨੇੜਲੇ ਖੇਤਰਾਂ ਦੇ ਵਾਸੀਆਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ 'ਤੇ ਬੈਂਚ ਨੇ ਪ੍ਰਸ਼ਾਂਤ ਭੂਸ਼ਣ ਨੂੰ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਹਾਈ ਕੋਰਟ ਕੋਰਟ ਜਾਣਾ ਚਾਹੀਦਾ ਹੈ।

ਬੈਂਚ ਨੇ ਕਿਹਾ ਕਿ ਅਸੀਂ ਹਾਈ ਕੋਰਟ ਦੇ ਆਦੇਸ਼ ਦਾ ਲਾਭ ਲੈਣਾ ਚਾਹੁੰਦੇ ਹਾਂ, ਤਾਂ ਕਿ ਅਸੀਂ ਠੀਕ ਤਰੀਕੇ ਨਾਲ ਇਸ ਮੁੱਦੇ 'ਤੇ ਫੈਸਲਾ ਦੇ ਸਕੀਏ। ਬਾਅਦ ਵਿਚ ਬੈਂਚ ਨੇ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ। ਸ੍ਰੀ ਭੂਸ਼ਣ ਨੇ ਕਿਹਾ ਕਿ ਸਬੰਧਤ ਅਧਿਕਾਰੀਆਂ ਨੇ ਵਾਤਾਵਰਨ ਯੋਜਨਾ ਅਤੇ ਮਨਜ਼ੂਰੀ ਤੋਂ ਬਗੈਰ ਹੀ ਖਣਨ ਕਰਨ ਦੀ ਸਹਿਮਤੀ ਦਿੱਤੀ ਹੋਈ ਹੈ। ਭੂਸ਼ਣ ਨੇ ਕਿਹਾ ਕਿ ਇਹ ਸਾਰੇ ਦੇਸ਼ ਲਈ ਵੱਡੀ ਸਮੱਸਿਆ ਹੈ ਤੇ ਇਸ ਦਾ ਕੋਈ ਹੱਲ ਕੱਢਣਾ ਜ਼ਰੂਰੀ ਹੈ। ਪਟੀਸ਼ਨਕਰਤਾ ਨੇ ਆਪਣੀ ਪਟੀਸ਼ਨ ਵਿਚ ਦੇਸ਼ ਦੀਆਂ ਸਾਰੀਆਂ ਨਦੀਆਂ ਅਤੇ ਉਨ੍ਹਾਂ ਦੇ ਕਿਨਾਰਿਆਂ 'ਤੇ ਰੇਤ ਦੀ ਗੈਰਕਾਨੂੰਨੀ ਖਣਨ ਨਾਲ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਦੱਸਦੇ ਹੋਏ ਦਾਅਵਾ ਕੀਤਾ ਕਿ ਇਸ 'ਤੇ ਕਾਬੂ ਪਾਉਣ ਲਈ ਸਬੰਧਤ ਰਾਜਾਂ ਦੀ ਜ਼ਿੰਮੇਵਾਰੀ ਹੈ, ਪਰ ਉਹ ਇਸ 'ਤੇ ਰੋਕ ਲਾਉਣ ਲਈ ਫੇਲ੍ਹ ਹੋਏ ਹਨ। ਪਟੀਸ਼ਨ ਵਿਚ ਕਿਹਾ ਗਿਆ ਕਿ ਅਜਿਹਾ ਕਰਨ ਨਾਲ ਜਿੱਥੇ ਨਾਗਰਿਕਾਂ ਦੇ ਜਿਉਣ ਦਾ ਅਧਿਕਾਰ ਵੀ ਗੰਭੀਰ ਰੂਪ ਵਿਚ ਪ੍ਰਭਾਵਿਤ ਹੋਇਆ ਹੈ, ਉਥੇ ਹੀ ਇਸ ਨਾਲ ਦੇਸ਼ ਵਿਚ ਕਾਨੂੰਨ ਵਿਵਸਥਾ ਵੀ ਵਿਗੜੀ ਹੈ। ਪਟੀਸ਼ਨ ਵਿਚ ਉਚ ਅਧਿਕਾਰੀਆਂ ਨੂੰ ਇਹ ਆਦੇਸ਼ ਦੇਣ ਲਈ ਕਿਹਾ ਗਿਆ ਹੈ ਕਿ ਵਾਤਾਵਰਨ ਦੀ 2006 ਦੀ ਅਧਿਸੂਚਨਾ ਅਨੁਸਾਰ ਰੇਤ ਖਣਨ ਦੀ ਕਿਸੇ ਵੀ ਯੋਜਨਾ ਨੂੰ ਮਨਜ਼ੂਰੀ ਨਾ ਦਿੱਤੀ ਜਾਵੇ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਗੈਰ ਕਾਨੂੰਨੀ ਖਣਨ ਕਰਨ ਵਾਲੇ ਸਾਰੇ ਲੋਕਾਂ 'ਤੇ ਮੁਕੱਦਮਾ ਚਲਾਇਆ ਜਾਵੇ। ਅਜਿਹੇ ਵਿਅਕਤੀਆਂ ਦੇ ਰੇਤ ਖਣਨ ਦੇ ਪਟੇ ਰੱਦ ਕਰਕੇ, ਇਨ੍ਹਾਂ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣੀ ਚਾਹੀਦੀ ਹੈ।

## ਦੂਜੇ ਦੇਸ਼ ਦੀ ਨਾਗਰਿਕਤਾ ਲਈ ਹੁਣ ਵਿਦੇਸ਼ ਮੰਤਰਾਲੇ ਤੋਂ ਲੈਣੀ ਪਵੇਗੀ ਮਨਜ਼ੂਰੀ

**ਚੰਡੀਗੜ੍ਹ:** ਨੀਰਵ ਮੋਦੀ ਸਮੇਤ ਹੋਰ ਕਈ ਵੱਡੇ ਕਾਰੋਬਾਰੀਆਂ ਵਲੋਂ ਬੈਂਕਾਂ ਨੂੰ ਚੂਨਾ ਲਗਾ ਕੇ ਦੂਜੇ ਦੇਸ਼ਾਂ 'ਚ ਭੱਜਣ ਤੋਂ ਬਾਅਦ ਕੇਂਦਰ ਸਰਕਾਰ ਨੇ ਕਈ ਤਰ੍ਹਾਂ ਦੀ ਸਖਤੀ ਕਰ ਦਿੱਤੀ ਹੈ। ਹੁਣ ਕੇਂਦਰ ਨੇ ਇਸ ਮਾਮਲੇ 'ਚ ਹੋਰ ਵੀ ਸਖਤੀ ਕਰਦੇ ਹੋਏ ਉਨ੍ਹਾਂ ਲੋਕਾਂ ਨੂੰ ਵਿਦੇਸ਼ ਮੰਤਰਾਲੇ ਤੋਂ ਐਨ. ਓ. ਸੀ. ਲੈਣ ਲਈ ਕਿਹਾ ਹੈ, ਜਿਹੜੇ ਦੂਜੇ ਦੇਸ਼ਾਂ ਦੀ ਨਾਗਰਿਕਤਾ ਲੈਣਾ ਚਾਹੁੰਦੇ ਹਨ। ਹੁਣ ਤੱਕ ਪੁਲਿਸ ਵੱਲੋਂ ਦਿੱਤੀ ਜਾਂਦੀ ਐਨ.ਓ.ਸੀ. ਦੇ ਆਧਾਰ 'ਤੇ ਲੋਕ ਦੂਜੇ ਦੇਸ਼ਾਂ 'ਚ ਨਾਗਰਿਕਤਾ ਲੈਂਦੇ ਸਨ।

ਵਿਦੇਸ਼ ਮੰਤਰਾਲੇ ਦੇ ਤਾਜ਼ਾ ਆਦੇਸ਼ ਮੁਤਾਬਿਕ ਜੇਕਰ ਕਿਸੇ ਵਿਅਕਤੀ ਨੇ ਦੂਜੇ ਦੇਸ਼ ਦੀ ਨਾਗਰਿਕਤਾ ਲੈਣੀ ਹੈ ਤਾਂ ਉਸ ਨੂੰ ਇਸ ਲਈ ਵਿਦੇਸ਼ ਮੰਤਰਾਲੇ ਨੂੰ ਅਰਜ਼ੀ ਦੇਣੀ ਪਏਗੀ। ਵਿਦੇਸ਼ ਮੰਤਰਾਲੇ ਤੋਂ ਬਾਅਦ ਦੂਜੇ ਦੇਸ਼ ਦੀ ਨਾਗਰਿਕਤਾ ਲੈਣ ਵਾਲੇ ਚਾਹਵਾਨ ਦੇ ਸਾਰੇ ਰਿਕਾਰਡ ਦੀ ਜਾਂਚ ਕੇਂਦਰੀ ਖੁਫੀਆ ਏਜੰਸੀਆਂ ਕਰਨਗੀਆਂ। ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਤੋਂ ਬਾਅਦ ਹੀ ਵਿਦੇਸ਼ ਮੰਤਰਾਲਾ ਇਸ ਤਰ੍ਹਾਂ ਦੇ ਚਾਹਵਾਨ ਵਿਅਕਤੀਆਂ ਨੂੰ ਆਪਣੇ ਵੱਲੋਂ ਐਨ.ਓ.ਸੀ. ਜਾਰੀ ਕਰੇਗਾ।

ਸਰਕਾਰ ਨੂੰ ਆਸ ਹੈ ਕਿ ਇਸ ਫੈਸਲੇ ਨਾਲ ਆਰਥਿਕ ਅਪਰਾਧ ਕਰਨ ਵਾਲੇ ਆਸਾਨੀ ਨਾਲ ਦੇਸ਼ ਛੱਡ ਕੇ ਨਹੀਂ ਜਾ ਸਕਣਗੇ। ਖੁਫੀਆ ਏਜੰਸੀਆਂ ਵੱਲੋਂ ਜਾਂਚ ਤੋਂ ਇਲਾਵਾ ਵਿੱਤ ਮੰਤਰਾਲੇ ਤੇ ਗ੍ਰਹਿ ਮੰਤਰਾਲੇ ਦੀ ਇਸ ਮਾਮਲੇ 'ਚ ਸਹਿਮਤੀ ਦੀ ਲੋੜ ਹੋਵੇਗੀ। ਖੇਤਰੀ ਪਾਸਪੋਰਟ ਅਫਸਰ ਹਰਮਨਬੀਰ ਸਿੰਘ ਗਿੱਲ ਨੇ ਕਿਹਾ ਕਿ ਜੇਕਰ ਦੂਜੇ ਦੇਸ਼ ਦੀ ਨਾਗਰਿਕਤਾ ਲੈਣ ਲਈ ਕੋਈ ਅਰਜ਼ੀ ਦਿੰਦਾ ਹੈ ਤਾਂ ਉਹ ਫਾਈਲ ਮਨਜ਼ੂਰੀ ਲਈ ਵਿਦੇਸ਼ ਮੰਤਰਾਲੇ ਨੂੰ ਦਿੱਲੀ ਭੇਜੀ ਜਾਵੇਗੀ। ਇਸ ਦੀ ਮਨਜ਼ੂਰੀ ਮੰਤਰਾਲੇ ਵੱਲੋਂ ਜਾਂਚ ਪਿਛੋਂ ਹੀ ਦਿੱਤੀ ਜਾਵੇਗੀ।

## ਮਹਿਲਾ ਮੁਲਾਜ਼ਮ ਲਈ ਸਿਰ ਉਤੇ ਚੁੰਨੀ ਲੈਣਾ ਲਾਜ਼ਮੀ!

**ਫਾਜ਼ਿਲਕਾ:** ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਮਨਪ੍ਰੀਤ ਸਿੰਘ ਛਤਵਾਲ ਨੇ ਔਰਤ ਕਰਮਚਾਰੀਆਂ ਨੂੰ ਦਫਤਰੀ ਡਿਊਟੀ ਸਮੇਂ ਸਿਰ 'ਤੇ ਦੁਪੱਟਾ ਨਾ ਲੈਣ ਅਤੇ ਪੁਰਸ਼ ਕਰਮਚਾਰੀਆਂ ਨੂੰ ਟੀ-ਸ਼ਰਟ ਪਾ ਕੇ ਦਫਤਰ ਆਉਣ 'ਤੇ ਕਾਰਵਾਈ ਦਾ ਸਾਹਮਣਾ ਕਰਨ ਦੀ ਚਿਤਾਵਨੀ ਜਾਰੀ ਕੀਤੀ ਹੈ। ਹਾਲਾਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਹੁਕਮ ਰੱਦ ਕਰ ਦਿੱਤੇ ਹਨ।

ਇਸ ਬਾਰੇ ਡੀ.ਸੀ. ਨੇ ਪੱਤਰ ਜਾਰੀ ਕੀਤਾ ਹੈ। ਇਸ ਵਿਚ ਦਰਜ ਹੈ ਕਿ ਦਫਤਰੀ ਸਮੇਂ ਦੌਰਾਨ ਇਸਤਰੀ ਬਿਨਾਂ ਦੁਪੱਟਾ ਲਏ ਦਫਤਰ ਨਾ ਆਵੇ ਤੇ ਕੋਈ ਵੀ ਕਰਮਚਾਰੀ ਟੀ-ਸ਼ਰਟ ਪਾ ਕੇ ਨਾ ਆਵੇ। ਨਾਲ ਹੀ ਚਿਤਾਵਨੀ ਦਿੱਤੀ ਗਈ ਹੈ ਕਿ ਹੁਕਮ-ਅਦੂਲੀ 'ਤੇ ਕਾਰਵਾਈ ਹੋਵੇਗੀ। ਮੁਲਾਜ਼ਮਾਂ ਲਈ ਸਾਦੇ ਡਰੈੱਸ ਕੋਡ ਸਬੰਧੀ ਜਾਰੀ ਪੱਤਰ ਬਾਰੇ ਛੱਤਵਾਲ ਨੇ ਕਿਹਾ ਹੈ ਕਿ ਇਹ ਫੈਸਲਾ ਆਰਥਿਕ ਤੌਰ 'ਤੇ ਖੁਸ਼ਹਾਲ ਅਤੇ ਕਮਜ਼ੋਰ ਵਰਗਾਂ ਵਿਚਲੇ ਸਮਾਜਿਕ ਪਾੜੇ ਨੂੰ ਪੂਰਨ ਦੇ ਮੱਦੇਨਜ਼ਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਦਫਤਰਾਂ ਵਿਚ ਮੁਲਾਜ਼ਮਾਂ ਦੇ ਪਹਿਰਾਵੇ ਵਿਚ ਬਹੁਤ ਜ਼ਿਆਦਾ ਅੰਤਰ ਹੋਣ ਕਾਰਨ ਕਮਜ਼ੋਰ ਵਰਗ ਨਾਲ ਸਬੰਧਤ ਮੁਲਾਜ਼ਮ ਹੀਣਾ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਨਾਲ ਸਬੰਧਤ ਜਥੇਬੰਦੀ ਦੇ ਸੁਝਾਅ ਅਨੁਸਾਰ ਹੀ ਇਹ ਹੁਕਮ ਜਾਰੀ ਕੀਤਾ ਗਿਆ ਹੈ।

## ਛਾਤੀ ਦੇ ਕੈਂਸਰ ਦਾ ਪਤਾ ਲਾਉਣ ਵਾਲੀ ਜੈਕਟ ਜਾਰੀ

**ਅਕੋਲਾ:** ਛਾਤੀ ਦੇ ਕੈਂਸਰ ਦਾ ਪਤਾ ਲਗਾਉਣ ਲਈ ਕੇਂਦਰੀ ਇਲੈਕਟ੍ਰਾਨਿਕਸ ਤੇ ਸੂਚਨਾ ਤਕਨੀਕ ਮੰਤਰਾਲੇ ਵੱਲੋਂ ਤਿਆਰ ਕੀਤੀ ਗਈ ਜੈਕਟ ਮਹਾਰਾਸ਼ਟਰ ਦੇ ਅਕੋਲਾ 'ਚ ਜਾਰੀ ਕੀਤੀ ਗਈ। ਕੇਂਦਰੀ ਰਾਜ ਮੰਤਰੀ ਸੰਜੈ ਧੋਤਰੇ ਦੀ ਹਾਜ਼ਰੀ ਪਹਿਲੀ ਜੈਕਟ ਜ਼ਿਲ੍ਹਾ ਮਹਿਲਾ ਹਸਪਤਾਲ ਨੂੰ ਦਿੱਤੀ ਗਈ ਹੈ।

## ਭੁਪਿੰਦਰ ਸਿੰਘ ਉਰਫ ਦਿਲਾਵਰ ਸਿੰਘ ਨੂੰ ਮਿਲੀ ਜ਼ਮਾਨਤ

**ਨਾਭਾ:** ਨਾਭਾ ਜੇਲ੍ਹ 'ਚ ਨਜ਼ਰਬੰਦ ਭੁਪਿੰਦਰ ਸਿੰਘ ਉਰਫ ਦਿਲਾਵਰ ਸਿੰਘ ਨੂੰ ਮੁਹਾਲੀ ਅਦਾਲਤ ਨੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ। ਦਿਲਾਵਰ ਸਿੰਘ 'ਤੇ ਗੈਰ-ਕਾਨੂੰਨੀ ਗਤੀਵਿਧੀਆਂ ਬਾਰੇ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਦਿਲਾਵਰ ਸਿੰਘ ਉੱਪਰ ਬੱਬਰ ਖਾਲਸਾ ਨਾਲ ਸਬੰਧ ਹੋਣ ਦੇ ਵੀ ਦੋਸ਼ ਹਨ।

ਦਿਲਾਵਰ ਸਿੰਘ 'ਤੇ 29 ਮਈ 2017 ਨੂੰ ਮੁਹਾਲੀ 'ਚ ਮਾਮਲਾ ਦਰਜ ਕੀਤਾ ਗਿਆ ਸੀ। ਜੇਲ੍ਹ ਤੋਂ ਬਾਹਰ ਆਏ ਭਾਈ ਦਿਲਾਵਰ ਸਿੰਘ ਨੇ ਦੱਸਿਆ ਕਿ ਉਸ 'ਤੇ ਕੋਈ ਮਾਮਲਾ ਦਰਜ ਨਹੀਂ ਹੈ। ਬੱਸ ਮੇਰਾ ਕਸੂਰ ਐਨਾ ਸੀ ਕਿ ਮੈਂ ਆਪਣੇ ਦੋਸਤ ਰਣਦੀਪ ਸਿੰਘ ਨੂੰ 12 ਹਜ਼ਾਰ ਰੁਪਏ ਭੇਜੇ ਸਨ ਤੇ ਉਸ ਬਿਆਨ 'ਤੇ ਹੀ ਮੇਰੇ ਉਪਰ ਮਾਮਲਾ ਦਰਜ ਕਰ ਦਿੱਤਾ। ਮੈਂ ਉਸ ਸਮੇਂ ਸਾਉਦੀ ਅਰਬ 'ਚ ਟਰੱਕ ਚਲਾਉਂਦਾ ਸੀ ਤੇ ਸਾਉਦੀ ਅਰਬ ਤੋਂ ਕਮਾਏ 62 ਹਜ਼ਾਰ ਰੁਪਏ ਦੇ ਕਰੀਬ ਵੀ ਮੁਹਾਲੀ ਪੁਲਿਸ ਹੀ ਖਾ ਗਈ। ਦਿਲਾਵਰ ਸਿੰਘ ਦੀ ਵਕੀਲ ਕੁਲਵਿੰਦਰ ਕੌਰ ਨੇ ਕਿਹਾ ਕਿ ਪੁਲਿਸ ਨੇ ਦਿਲਾਵਰ ਸਿੰਘ 'ਤੇ ਝੂਠਾ ਪਰਚਾ ਦਰਜ ਕੀਤਾ।

# ਚੇਅਰਮੈਨ ਬਣਨ ਦੇ ਚਾਹਵਾਨਾਂ ਦੀ ਉਡੀਕ ਮੁੱਕੀ

**ਬਠਿੰਡਾ:** ਪੰਜਾਬ ਸਰਕਾਰ ਨੇ ਆਖਰ ਲੰਮੀ ਉਡੀਕ ਮਗਰੋਂ ਪੰਚਾਇਤ ਸਮਿਤੀਆਂ ਦੇ ਚੇਅਰਮੈਨਾਂ ਅਤੇ ਵਾਈਸ ਚੇਅਰਮੈਨਾਂ ਦਾ ਰਾਖਵਾਂਕਰਨ ਜਾਰੀ ਕਰ ਦਿੱਤਾ ਹੈ, ਜਿਸ ਨਾਲ ਚੇਅਰਮੈਨ ਬਣਨ ਲਈ ਚਾਹਵਾਨਾਂ ਦਾ ਰਾਹ ਖੁੱਲ੍ਹ ਗਿਆ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਨੇ 150 ਪੰਚਾਇਤ ਸਮਿਤੀਆਂ ਦੇ ਚੇਅਰਮੈਨ ਤੇ ਵਾਈਸ ਚੇਅਰਮੈਨ ਦੇ ਰਾਖਵੇਂਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ, ਜਿਸ ਤਹਿਤ 94 ਸਮਿਤੀਆਂ ਦੇ ਚੇਅਰਮੈਨ ਜਨਰਲ ਵਰਗ ਦੇ ਹੋਣਗੇ ਜਦੋਂ ਕਿ 56 ਸਮਿਤੀਆਂ 'ਤੇ ਦਲਿਤ ਵਰਗ ਲਈ ਰਾਖਵੀਆਂ ਹੋਣਗੀਆਂ।

ਨੋਟੀਫਿਕੇਸ਼ਨ ਅਨੁਸਾਰ ਪੰਜਾਬ ਭਰ 'ਚ ਦਲਿਤ ਵਰਗ ਦੇ ਪੁਰਸ਼ਾਂ ਲਈ 34 ਸਮਿਤੀਆਂ, ਦਲਿਤ ਵਰਗ ਦੀਆਂ ਔਰਤ ਮੈਂਬਰਾਂ ਲਈ 22 ਸਮਿਤੀਆਂ, ਜਨਰਲ ਵਰਗ ਦੀਆਂ ਔਰਤਾਂ ਲਈ 43 ਅਤੇ ਜਨਰਲ ਵਰਗ ਦੇ ਪੁਰਸ਼ਾਂ ਲਈ 51 ਸਮਿਤੀਆਂ ਦੀ ਚੇਅਰਮੈਨੀ ਰੱਖੀ ਗਈ ਹੈ। ਭਾਵੇਂ ਰੋਟੇਸ਼ਨ ਅਨੁਸਾਰ ਇਹ ਰਾਖਵਾਂਕਰਨ ਕੀਤਾ ਗਿਆ ਪ੍ਰੰਤੂ ਮੰਤਰੀਆਂ ਦੇ ਹਲਕੇ ਰਾਖਵੇਂਕਰਨ ਦੀ ਮਾਰ ਤੋਂ ਬਚ ਗਏ ਹਨ। ਬਠਿੰਡਾ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਮੌੜ ਤੇ ਸੰਗਤ, ਐਸ.ਸੀ. (ਔਰਤ) ਲਈ ਨਥਾਣਾ, ਜਨਰਲ ਵਰਗ ਦੀ ਔਰਤ ਲਈ ਰਾਮਪੁਰਾ, ਫੂਲ ਤੇ ਗੋਨਿਆਣਾ ਅਤੇ ਜਨਰਲ ਵਰਗ ਦੇ ਪੁਰਸ਼ ਲਈ ਤਲਵੰਡੀ ਸਾਬੋ ਤੇ ਭਗਤਾ ਭਾਈਕਾ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ।

ਮਾਨਸਾ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਬੁਢਲਾਡਾ, ਐਸ.ਸੀ. (ਔਰਤ) ਲਈ ਸਰਦੂਲਗੜ੍ਹ, ਜਨਰਲ ਵਰਗ (ਮਹਿਲਾ) ਲਈ ਭੀਖੀ ਅਤੇ ਜਨਰਲ ਵਰਗ (ਪੁਰਸ਼) ਲਈ ਝੁਨੀਰ ਤੇ ਮਾਨਸਾ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ। ਮੋਗਾ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਨਿਹਾਲ ਸਿੰਘ ਵਾਲਾ, ਐਸ.ਸੀ. (ਔਰਤ) ਲਈ ਮੋਗਾ ਵਨ, ਜਨਰਲ ਵਰਗ (ਮਹਿਲਾ) ਲਈ ਧਰਮਕੋਟ ਅਤੇ ਜਨਰਲ ਵਰਗ (ਪੁਰਸ਼) ਲਈ ਬਾਘਾ ਪੁਰਾਣਾ ਤੇ ਮੋਗਾ ਟੂ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ। ਫਾਜ਼ਿਲਕਾ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਜਲਾਲਾਬਾਦ, ਐਸ.ਸੀ. (ਔਰਤ) ਲਈ ਖੂਹੀਆ ਸਰਵਰ, ਜਨਰਲ ਵਰਗ (ਮਹਿਲਾ) ਲਈ ਫਾਜ਼ਿਲਕਾ ਅਤੇ ਜਨਰਲ ਵਰਗ (ਪੁਰਸ਼) ਲਈ ਅਰਨੀਵਾਲਾ ਤੇ ਅਬੋਹਰ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ।



ਫਰੀਦਕੋਟ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਜੈਤੋ, ਜਨਰਲ ਵਰਗ (ਮਹਿਲਾ) ਲਈ ਕੋਟਕਪੂਰਾ ਅਤੇ ਜਨਰਲ ਵਰਗ (ਪੁਰਸ਼) ਲਈ ਫਰੀਦਕੋਟ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ। ਫਿਰੋਜ਼ਪੁਰ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਫਿਰੋਜ਼ਪੁਰ ਤੇ ਮਮਦੋਟ, ਐਸ.ਸੀ. (ਔਰਤ) ਲਈ ਮਖੂ, ਜਨਰਲ ਵਰਗ (ਮਹਿਲਾ) ਲਈ ਘੱਲ ਖੁਰਦ ਤੇ ਗੁਰੂਹਰਸਹਾਏ ਅਤੇ ਜਨਰਲ ਵਰਗ (ਪੁਰਸ਼) ਲਈ ਜ਼ੀਰਾ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ। ਬਰਨਾਲਾ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਸ਼ਹਿਣਾ, ਜਨਰਲ ਵਰਗ (ਮਹਿਲਾ) ਲਈ ਮਹਿਲ ਕਲਾਂ ਅਤੇ ਜਨਰਲ ਵਰਗ (ਪੁਰਸ਼) ਲਈ ਬਰਨਾਲਾ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ। ਮੁਕਤਸਰ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਲੰਬੀ, ਐਸ.ਸੀ. (ਔਰਤ) ਲਈ ਮਲੋਟ, ਜਨਰਲ ਵਰਗ (ਮਹਿਲਾ) ਲਈ ਮੁਕਤਸਰ ਅਤੇ ਜਨਰਲ ਵਰਗ (ਪੁਰਸ਼) ਲਈ ਕੋਟਭਾਈ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ।

ਪਟਿਆਲਾ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਰਾਜਪੁਰਾ ਤੇ ਸਮਾਣਾ, ਐਸ.ਸੀ. (ਔਰਤ) ਲਈ ਭੁੱਨਰਹੇੜੀ, ਜਨਰਲ ਵਰਗ (ਮਹਿਲਾ) ਲਈ ਪਾਤੜਾਂ, ਘਨੌਰ ਤੇ ਸ਼ੰਭੂ ਕਲਾਂ ਅਤੇ ਜਨਰਲ ਵਰਗ (ਪੁਰਸ਼) ਲਈ ਨਾਭਾ, ਪਟਿਆਲਾ ਤੇ ਸਨੌਰ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ। ਸੰਗਰੂਰ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਮਾਲੇਰਕੋਟਲਾ ਵਨ ਤੇ ਸੁਨਾਮ, ਐਸ.ਸੀ. (ਔਰਤ) ਲਈ ਸ਼ੇਰਪੁਰ, ਜਨਰਲ ਵਰਗ (ਮਹਿਲਾ) ਲਈ ਲਹਿਰਾਗਾਗਾ, ਸੰਗਰੂਰ, ਧੂਰੀ, ਦਿੜਬਾ ਅਤੇ ਜਨਰਲ ਵਰਗ (ਪੁਰਸ਼) ਲਈ ਭਵਾਨੀਗੜ੍ਹ, ਮੂਨਕ ਤੇ ਮਲੇਰਕੋਟਲਾ-2 ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ।

ਫਤਹਿਗੜ੍ਹ ਸਾਹਿਬ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਬੱਸੀ ਪਠਾਣਾਂ, ਐਸ.ਸੀ. (ਔਰਤ) ਲਈ ਅਮਲੋਹ, ਜਨਰਲ ਵਰਗ (ਮਹਿਲਾ) ਲਈ ਸਰਹਿੰਦ ਅਤੇ ਜਨਰਲ ਵਰਗ (ਪੁਰਸ਼) ਲਈ ਖਮਾਣੋਂ ਤੇ ਖੇੜਾ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ। ਰੋਪੜ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਰੋਪੜ, ਜਨਰਲ ਵਰਗ (ਮਹਿਲਾ) ਲਈ ਚਮਕੌਰ ਸਾਹਿਬ ਤੇ ਮੋਰਿੰਡਾ ਅਤੇ ਜਨਰਲ ਵਰਗ (ਪੁਰਸ਼) ਲਈ ਆਨੰਦਪੁਰ ਸਾਹਿਬ ਤੇ ਨੂਰਪੁਰ ਬੇਦੀ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ। ਮੁਹਾਲੀ ਜ਼ਿਲ੍ਹੇ 'ਚ ਐਸ.ਸੀ. (ਪੁਰਸ਼) ਲਈ ਮਾਜਰੀ, ਜਨਰਲ ਵਰਗ (ਮਹਿਲਾ) ਲਈ ਖਰੜ ਅਤੇ ਜਨਰਲ ਵਰਗ (ਪੁਰਸ਼) ਲਈ ਡੇਰਾ ਬੱਸੀ ਸਮਿਤੀ ਦੀ ਚੇਅਰਮੈਨੀ ਜਨਰਲ ਰੱਖੀ ਗਈ ਹੈ।

## ਅਰਦਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨ 'ਤੇ ਪਰਚਾ ਦਰਜ

**ਭਾਈਰੂਪਾ:** ਸਥਾਨਕ ਕਸਬੇ ਦੇ ਨੇੜਲੇ ਪਿੰਡ ਦੁੱਲੇਵਾਲਾ ਦੇ ਨੌਜਵਾਨ ਵੱਲੋਂ ਸੋਸ਼ਲ ਮੀਡੀਆ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰਦਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਕਤ ਨੌਜਵਾਨ 'ਤੇ ਸਿੱਖਾਂ ਦੀਆਂ ਭਾਵਨਾਵਾਂ ਭੜਕਾਉਣ ਦੇ ਮਾਮਲੇ ਅਧੀਨ ਥਾਣਾ ਫੂਲ ਦੀ ਪੁਲਿਸ ਵੱਲੋਂ ਪਰਚਾ ਦਰਜ ਕੀਤਾ ਗਿਆ ਹੈ।

ਥਾਣਾ ਫੂਲ ਦੇ ਮੁਖੀ ਦਰਸ਼ਨ ਸਿੰਘ ਨੇ ਦੱਸਿਆ ਕਿ ਨੌਜਵਾਨ ਦੀ ਪਛਾਣ ਅਰਸ਼ਦੀਪ ਸਿੰਘ ਵਾਸੀ ਦੁੱਲੇਵਾਲਾ ਵਜੋਂ ਹੋਈ ਹੈ। ਪੁਲਿਸ ਨੇ ਅਰਸ਼ਦੀਪ ਸਿੰਘ ਖਿਲਾਫ ਆਈ.ਪੀ.ਸੀ. ਧਾਰਾ 295 ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ ਵਿਖੇ ਲੱਗਿਆ ਬੱਚਿਆਂ ਦਾ ਸਮਰ ਕੈਂਪ

**ਸਟਰਲਿੰਗ ਹਾਈਟਸ, ਮਿਸ਼ੀਗਨ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ ਵਿਖੇ ਬੱਚਿਆਂ ਦਾ ਸਮਰ ਕੈਂਪ ਲੰਘੀ 15 ਜੁਲਾਈ ਤੋਂ 20 ਜੁਲਾਈ ਤੱਕ ਲਾਇਆ ਗਿਆ, ਜਿਸ ਵਿਚ ਵੱਖ ਵੱਖ ਗਰੁਪਾਂ ਦੇ 55 ਬੱਚਿਆਂ ਨੇ ਹਿੱਸਾ ਲਿਆ।

ਦੁਪਹਿਰ 12 ਵਜੇ ਤੋਂ ਰਾਤ 8 ਵਜੇ ਤੱਕ ਚੱਲੇ ਇਸ ਕੈਂਪ ਵਿਚ ਬੱਚਿਆਂ ਨੂੰ ਵੱਖ ਵੱਖ ਗਤੀਵਿਧੀਆਂ ਸਿਖਾਈਆਂ ਗਈਆਂ। ਇਸ ਦੌਰਾਨ ਬੱਚਿਆਂ ਨੇ ਪਾਠ ਕਰਨਾ, ਗੁਰਬਾਣੀ ਦਾ ਗਿਆਨ ਪ੍ਰਾਪਤ ਕਰਨਾ, ਕੀਰਤਨ ਕਰਨਾ, ਗਤਕਾ, ਦਸਤਾਰ ਤੇ ਕੇਸਕੀ ਬੰਨਣਾ ਆਦਿ ਸਿੱਖਦੇ ਰਹੇ। ਕੈਂਪ ਦੌਰਾਨ ਬੱਚੇ ਗੁਰੂ ਘਰ ਦੀਆਂ ਸਾਰੀਆਂ ਸੇਵਾਵਾਂ ਨਿਭਾਉਂਦੇ ਰਹੇ।

18 ਜੁਲਾਈ, ਵੀਰਵਾਰ ਨੂੰ ਸੀ. ਜੇ. ਬੇਰੀਮੌਰ ਵਿਖੇ ਫੀਲਡ ਟਰਿਪ ਗਿਆ ਤੇ ਬੱਚਿਆਂ ਨੇ ਖੂਬ ਅਨੰਦ ਮਾਣਿਆ। ਇਸ ਕੈਂਪ ਦੌਰਾਨ ਬੱਚਿਆਂ ਨੇ ਜਿੱਥੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕੀਤੀ, ਉਥੇ ਲੰਗਰ ਦੇ ਬਰਤਨ ਸਾਫ ਕਰਨ ਦੀ ਸੇਵਾ ਤੇ ਲੰਗਰ ਹਾਲ ਨੂੰ ਸਾਫ ਕਰਨ ਦੀ ਸੇਵਾ ਵੀ ਨਿਭਾਈ।

ਪ੍ਰਬੰਧਕਾਂ ਨੇ ਹੋਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਕੈਂਪ ਹਰ ਗੁਰੂ ਘਰ ਵਿਚ ਲੱਗਣੇ ਚਾਹੀਦੇ ਹਨ ਤਾਂ ਜੋ ਬੱਚਿਆਂ ਨੂੰ ਅਸੀਂ ਆਪਣੇ ਧਰਮ ਨਾਲ ਜੋੜ ਸਕੀਏ।








# ਪਾਕਿਸਤਾਨ 'ਚ 50% ਪਰਿਵਾਰਾਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ

**ਇਸਲਾਮਾਬਾਦ:** ਪਾਕਿਸਤਾਨ 'ਚ 50 ਫੀਸਦੀ ਪਰਿਵਾਰ ਇਸ ਤਰ੍ਹਾਂ ਦੇ ਹਨ, ਜਿਨ੍ਹਾਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੋ ਰਹੀ। 40 ਫੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਬਲੋਚਿਸਤਾਨ ਤੇ ਸਿੰਧ 'ਚ ਬੱਚਿਆਂ 'ਚ ਕੁਪੋਸ਼ਣ ਦੀ ਸਮੱਸਿਆ ਇਸ ਹੱਦ ਤੱਕ ਹੈ ਕਿ ਉਨ੍ਹਾਂ ਦਾ ਪੂਰਾ ਵਿਕਾਸ ਨਹੀਂ ਹੋ ਰਿਹਾ ਅਤੇ ਉਨ੍ਹਾਂ ਦਾ ਕੱਦ ਘੱਟ ਰਹਿ ਰਿਹਾ ਹੈ। ਪਾਕਿਸਤਾਨ ਦੇ ਅਖਬਾਰ ਐਕਸਪ੍ਰੈੱਸ ਨਿਊਜ਼ ਦੀ ਰਿਪੋਰਟ ਮੁਤਾਬਿਕ ਇਹ ਜਾਣਕਾਰੀਆਂ ਰਾਸ਼ਟਰੀ ਪੋਸ਼ਣ ਸਰਵੇਖਣ-2018 ਤਹਿਤ ਜਾਰੀ ਕੀਤੀਆਂ ਗਈਆਂ ਹਨ। ਇਹ ਸਰਵੇਖਣ ਪੂਰੇ ਪਾਕਿਸਤਾਨ 'ਚ ਕਰਵਾਇਆ ਗਿਆ ਸੀ। ਇਸ ਤੋਂ ਪਤਾ ਲੱਗਾ ਕਿ ਦੇਸ਼ 'ਚ ਪੋਸ਼ਣ ਦੇ ਮਾਮਲੇ 'ਚ ਹਾਲਾਤ ਚਿੰਤਾਜਨਕ ਹਨ।

ਸਰਵੇ ਅਨੁਸਾਰ ਦੇਸ਼ 'ਚ ਕੁੱਲ 40.2% ਬੱਚੇ ਗੰਭੀਰ ਕੁਪੋਸ਼ਣ ਦਾ ਸ਼ਿਕਾਰ ਹਨ ਤੇ ਉਮਰ ਦੇ ਹਿਸਾਬ ਨਾਲ ਉਨ੍ਹਾਂ ਦੀ ਲੰਬਾਈ ਘੱਟ ਹੈ। ਇਸ ਕਾਰਨ ਉਨ੍ਹਾਂ ਦਾ ਸਰੀਰਕ ਤੇ ਮਾਨਸਿਕ ਵਿਕਾਸ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਇਨ੍ਹਾਂ ਦੀ ਸਿੱਖਣ ਦੀ ਸਮਰੱਥਾ 'ਤੇ ਵੀ ਗੰਭੀਰ ਅਸਰ ਪਿਆ ਹੈ। ਇਹ ਸਰਵੇ ਦੇਸ਼ ਦੇ ਰਾਸ਼ਟਰੀ ਸਿਹਤ ਸੇਵਾ ਨਾਲ ਸਬੰਧਤ ਮੰਤਰਾਲੇ ਵਲੋਂ ਕਰਵਾਇਆ ਗਿਆ।


**Singh Tax & Accounting Services LLC.**

**Individual & Business Taxes, Accounting, Payroll & Financial Consulting Services.**

Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.

ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

**Ph: 248-982-2036**



**Mohan Singh**
M.COM, MBA (Finance), ACA
Master in Taxation.
IRS Enrolled agent,
Notary Public

Office Locations
**Michigan:** 38565 Joy Rd, Westland, MI 48185
**Minnesota:** 6043 Hudson Rd, Suite#399A Woodbury, Minnesota 55125

Email : jhand_mohan@yahoo.com; www.SinghTaxServices.com



# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਮਿਡਵੈਸਟ ਸ਼ਿਕਾਗੋ

## ਕਲੱਬ ਦਾ ਕਬੱਡੀ ਕੱਪ ਪਹਿਲੀ ਸਤੰਬਰ 2019 ਨੂੰ

ਇਸ ਹਫਤੇ ਹੋਈ ਕਲੱਬ ਦੀ ਮੀਟਿੰਗ ਵਿਚ ਸਮੂਹ ਕਲੱਬ ਮੈਂਬਰਾਂ ਨੇ ਸੁਪੋਰਟਰਾਂ, ਸਪਾਂਸਰਾਂ ਅਤੇ ਕਬੱਡੀ ਪ੍ਰੇਮੀਆਂ ਦੀ ਪੁਰਜ਼ੋਰ ਮੰਗ 'ਤੇ ਸਾਲਾਨਾ ਕਬੱਡੀ ਕੱਪ ਲੇਬਰ ਡੇਅ 'ਤੇ ਪਹਿਲੀ ਸਤੰਬਰ 2019 ਨੂੰ ਕਰਾਉਣ ਦਾ ਫੈਸਲਾ ਲਿਆ ਹੈ। ਕਲੱਬ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਗਿੱਲ ਨੇ ਸਮੂਹ ਸੰਸਥਾਵਾਂ ਅਤੇ ਸਹਿਯੋਗੀਆਂ ਨੂੰ ਆਉਂਦੇ ਲੇਬਰ ਡੇਅ 'ਤੇ ਪਹਿਲੀ ਸਤੰਬਰ ਨੂੰ ਪਹੁੰਚਣ ਦਾ ਸੱਦਾ ਦਿੱਤਾ ਹੈ।



ਅੰਮ੍ਰਿਤਪਾਲ ਸਿੰਘ ਗਿੱਲ

ਹਮੇਸ਼ਾ ਦੀ ਤਰ੍ਹਾਂ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਭਾਰਤ ਦੇ ਧਨੰਤਰ ਕਬੱਡੀ ਖਿਡਾਰੀ ਆਪਣੀ ਖੇਡ ਦੇ ਜੌਹਰ ਦਿਖਾਉਣਗੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
ਅੰਮ੍ਰਿਤਪਾਲ ਸਿੰਘ ਗਿੱਲ, ਫੋਨ: 920-460-1001
ਦੀਪਾ ਬਦੇਸ਼ਾ, ਫੋਨ: 815-546-0525
ਬਲਵਿੰਦਰ ਸਿੰਘ ਚੱਠਾ, ਫੋਨ: 630-523-3412




ਸ਼ਾਮੀਂ 4 ਵਜੇ ਤੋਂ ਸਭਿਆਚਾਰਕ ਪ੍ਰੋਗਰਾਮ ਹੋਵੇਗਾ ਜਿਸ ਦੌਰਾਨ ਮਾਨ ਭਰਾ-ਹਰਭਜਨ ਮਾਨ ਤੇ ਗੁਰਸੇਵਕ ਮਾਨ ਸਰੋਤਿਆਂ ਦਾ ਮਨੋਰੰਜਨ ਕਰਨਗੇ।

# ਸਿਮਰਨਜੀਤ ਤੇ ਸ਼ੇਰੇ ਪੰਜਾਬ ਅਕੈਡਮੀ ਚਕਰ ਨੂੰ ਮੁਬਾਰਕਾਂ!

**ਖੇਡ ਸੰਸਾਰ**

ਮੇਰੇ ਪਿੰਡ ਚਕਰ ਦੀ ਜੰਮਪਲ ਹੈ, ਸਿਮਰਨਜੀਤ ਕੌਰ ਬਾਠ। ਨਿੱਕਾ ਨਾਂ 'ਸਿਮਰ ਚਕਰ।' ਨਿਮਨ ਕਿਸਾਨ ਦੀ ਹੋਣਹਾਰ ਧੀ। ਮੇਰੇ ਮ੍ਰਿਤਕ ਮਿੱਤਰ ਮਹਿੰਦਰ ਸਿੰਘ ਚਕਰ ਦੀ ਪੋਤੀ। ਮਹਿੰਦਰ ਮੈਥੋਂ ਇਕ ਸਾਲ ਵੱਡਾ ਸੀ। ਉਹ ਲੇਖਕ ਸੀ ਤੇ ਪਿੰਡ ਦੀ ਸਹਿਕਾਰੀ ਸਭਾ ਦਾ ਸੈਕਟਰੀ। ਉਸ ਨੂੰ 'ਮਹਿੰਦਰ ਸੈਕਟਰੀ' ਕਿਹਾ ਜਾਂਦਾ ਸੀ। ਉਸ ਦਾ ਪਹਿਲਾ ਨਾਵਲ 'ਕੱਲਰ ਦੇ ਕੰਵਲ'

**ਪ੍ਰਿੰ. ਸਰਵਣ ਸਿੰਘ ਚਕਰ**

ਸੀ। ਉਸ ਦੀ ਪੋਤੀ ਸੱਚਮੁੱਚ ਕੱਲਰ ਦਾ ਕੰਵਲ ਬਣ ਖਿੜੀ ਹੈ। ਕਾਮਰੇਡ ਮਹਿੰਦਰ ਸਿੰਘ ਚਕਰ ਨੂੰ ਦਹਿਸ਼ਤੀ ਦੌਰ ਵਿਚ ਦੋ ਪਾਗਲ ਬੰਦਿਆਂ ਨੇ ਏ. ਕੇ. 47 ਦਾ ਬ੍ਰਸਟ ਮਾਰ ਕੇ ਮਾਰ ਕਰ ਦਿੱਤਾ ਸੀ। ਉਸ ਦਿਨ ਮੈਂ ਉਹਦੇ ਨਾਲ ਨਹੀਂ ਸਾਂ। ਕੁਦਰਤੀ ਮੇਰਾ ਬਚਾਓ ਹੋ ਗਿਆ। ਨਾਲ ਹੁੰਦਾ ਤਾਂ ਸ਼ਾਇਦ ਉਹ ਵੀ ਬਚ ਜਾਂਦਾ ਜਾਂ ਉਹਦੇ ਨਾਲ ਹੀ ਮੈਂ ਵੀ ਤੁਰ ਜਾਂਦਾ। ਵੇਰਵਾ ਮੇਰੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਦੇ ਕਾਂਡ 'ਮੌਤ ਦਾ ਪਹਿਰਾ' ਵਿਚ ਦਰਜ ਹੈ।

ਅੱਜ ਮੈਂ ਸੋਚਦਾਂ, ਮਹਿੰਦਰ ਜਿਉਂਦਾ ਹੁੰਦਾ ਤਾਂ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਹੁੰਦੇ ਵੇਖਦਾ। ਹੁਣ ਤਾਂ ਸਿਮਰਨਜੀਤ ਦਾ ਪਿਤਾ ਕਮਲਜੀਤ ਵੀ ਜੱਗ 'ਤੇ ਨਹੀਂ ਰਿਹਾ। ਹਾਂ, ਉਹਦੀ ਮਾਂ ਜੱਗ 'ਤੇ ਹੈ, ਜੋ ਔਖੇ ਸੌਖੇ ਦੋ ਧੀਆਂ ਤੇ ਦੋ ਪੁੱਤਰਾਂ ਨੂੰ ਪਾਲ ਰਹੀ ਹੈ। ਦਾਦੀ ਵਿਚਾਰੀ ਬੁਢਾਪਾ ਕੱਟ ਰਹੀ ਹੈ।

ਗੱਲਾਂ ਬਹੁਤ ਹਨ, ਜੋ ਕਦੇ ਫੇਰ ਕਰਾਂਗਾ। ਅੱਜ ਸਿਮਰਨ ਦੇ ਗੋਲਡ ਮੈਡਲ ਜਿੱਤਣ ਦੀ ਗੱਲ ਕਰਦੇ ਹਾਂ। ਉਸ ਨੇ ਇੰਡੋਨੇਸ਼ੀਆ ਵਿਚ ਹੋਏ 23ਵੇਂ ਪ੍ਰੈਜ਼ੀਡੈਂਟ ਕੱਪ ਇੰਟਰਨੈਸ਼ਨਲ ਬਾਕਸਿੰਗ ਟੂਰਨਾਮੈਂਟ ਵਿਚੋਂ 28 ਜੁਲਾਈ ਨੂੰ ਗੋਲਡ ਮੈਡਲ ਜਿੱਤਿਆ ਹੈ। ਦੇਸ਼ਵਾਸੀਆਂ ਵੱਲੋਂ 'ਸਿਮਰ ਚਕਰ' ਨੂੰ ਹਾਰਦਿਕ ਵਧਾਈਆਂ! ਉਹ ਉਚੇਰੀਆਂ ਮੰਜ਼ਿਲਾਂ ਵੱਲ ਵਧ ਰਹੀ ਹੈ। ਉਹਦਾ ਨਿਸ਼ਾਨਾ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਜਿੱਤਣਾ ਹੈ।

ਪੰਜਾਬ ਦੀ ਮੈਰੀਕਾਮ ਕਹੀ ਜਾਂਦੀ ਸਿਮਰ ਚਕਰ ਨੇ 2018 ਵਿਚ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ 'ਚੋਂ ਕਾਂਸੀ ਦਾ ਮੈਡਲ ਜਿੱਤ ਕੇ ਆਪਣਾ ਪਿੰਡ ਚਕਰ ਚਰਚਾ ਵਿਚ ਲੈ ਆਂਦਾ ਸੀ। ਪਹਿਲਾਂ ਇਸੇ ਪਿੰਡ ਦੀ ਮਨਦੀਪ ਕੌਰ ਸੰਧੂ ਨੇ ਜੂਨੀਅਰ ਵਰਲਡ ਚੈਂਪੀਅਨ ਬਣ ਕੇ ਚਕਰ ਚਰਚਾ ਵਿਚ ਲਿਆਂਦਾ ਸੀ। ਦੋਹੇਂ ਲੜਕੀਆਂ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਚਕਰ ਦੀ ਦੇਣ ਹਨ। ਉਨ੍ਹਾਂ ਨੂੰ ਬਚਪਨ ਤੋਂ ਮੁੱਕੇਬਾਜ਼ੀ ਦੀ ਟ੍ਰੇਨਿੰਗ ਦੇਣ ਵਾਲੀ ਚਕਰ ਦੀ



ਅਕੈਡਮੀ ਨੇ ਪੰਜਾਬ ਦੀ ਮੁੱਕੇਬਾਜ਼ੀ ਦਾ ਮਾਣ ਹੋਰ ਵਧਾ ਦਿੱਤਾ ਹੈ।

ਇਹ ਪਹਿਲੀ ਵਾਰ ਹੋਇਐ ਕਿ ਪੰਜਾਬ ਦੀ ਕੋਈ ਲੜਕੀ ਵਿਸ਼ਵ ਵੂਮਨ ਬਾਕਸਿੰਗ ਚੈਂਪੀਅਨਸ਼ਿਪ ਦੇ ਜਿੱਤ ਮੰਚ 'ਤੇ ਚੜ੍ਹਨ ਵਿਚ ਕਾਮਯਾਬ ਹੋਈ। ਗਰੀਬ ਪਰਿਵਾਰ ਦੀ ਧੀ, ਚਕਰ ਦੇ ਸਰਕਾਰੀ ਸਕੂਲਾਂ ਵਿਚ ਪੜ੍ਹੀ, ਚਕਰ ਦੀ ਸਪੋਰਟਸ ਅਕੈਡਮੀ ਦੀ ਤਰਾਸ਼ੀ ਮੁੱਕੇਬਾਜ਼ ਕੁੜੀ ਸਿਮਰ ਦਾ ਵਿਸ਼ਵ ਦੀਆਂ ਉਪਰਲੀਆਂ ਚਾਰ ਮੁੱਕੇਬਾਜ਼ਾਂ ਵਿਚ ਆ ਖੜ੍ਹਨਾ ਬੜੀ ਵੱਡੀ ਪ੍ਰਾਪਤੀ ਹੈ। 24 ਸਾਲਾਂ ਦੀ ਇਸ ਪੇਂਡੂ ਲੜਕੀ ਤੋਂ ਸਤੰਬਰ 2019 ਦੀ ਵਿਸ਼ਵ ਵੂਮਨ ਚੈਂਪੀਅਨਸ਼ਿਪ ਅਤੇ ਟੋਕੀਓ ਦੀਆਂ ਓਲੰਪਿਕ ਖੇਡਾਂ ਵਿਚ ਹੋਰ ਵੱਡੀਆਂ ਪ੍ਰਾਪਤੀਆਂ ਦੀ ਆਸ ਹੈ। ਪੰਜਾਬ ਦੇ ਖੇਡ ਮੰਤਰੀ ਨੇ ਸਿਮਰਨਜੀਤ, ਉਹਦੇ ਮਾਪਿਆਂ ਤੇ ਚਕਰ ਦੀ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਨੂੰ ਵਧਾਈ ਦਿੱਤੀ ਹੈ। ਵੇਖਦੇ ਹਾਂ, ਹੁਣ ਤਕ ਸਰਕਾਰੀ ਇਮਦਾਦ ਤੋਂ ਬਿਨਾ ਚੱਲ ਰਹੀ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਚਕਰ ਨੂੰ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ਕਿਹੋ ਜਿਹੀ 'ਸਰਪ੍ਰਸਤੀ' ਦਿੰਦੀਆਂ ਹਨ? ਉਸ ਨੂੰ ਭਾਰਤ ਸਰਕਾਰ 'ਸਾਈ' ਦਾ ਕੋਚਿੰਗ ਕੇਂਦਰ ਬਣਾਉਂਦੀ ਹੈ ਜਾਂ ਪੰਜਾਬ ਸਰਕਾਰ ਸਪੋਰਟਸ ਵਿਭਾਗ ਦਾ ਕੋਚਿੰਗ ਕੇਂਦਰ?

ਚਕਰ ਦਾ ਮਸੀਹਾ, ਸ਼ੇਰੇ ਪੰਜਾਬ ਅਕੈਡਮੀ ਦੀ ਜਿੰਦ ਜਾਨ ਸਵਰਗੀ ਅਜਮੇਰ ਸਿੰਘ ਸਿੱਧੂ ਜੇ ਅੱਜ ਜ਼ਿੰਦਾ ਹੁੰਦਾ ਤਾਂ ਪਤਾ ਨਹੀਂ ਕਿੰਨਾ ਖੁਸ਼ ਹੁੰਦਾ! ਉਸ ਦਾ ਜੋੜਾ ਭਰਾ ਬਲਦੇਵ ਸਿੰਘ ਸਿੱਧੂ ਆਪਣੇ ਭਰਾ ਦੇ ਸੁਪਨਿਆਂ ਨੂੰ ਸਾਕਾਰ ਕਰਨ ਲੱਗਾ ਹੋਇਐ। ਸਾਰੇ ਚਕਰੀਏ ਹੀ ਬਣਦਾ ਸਰਦਾ ਯੋਗਦਾਨ ਪਾ ਰਹੇ ਹਨ। ਅਕੈਡਮੀ ਦਾ ਬੂਟਾ ਡਾ. ਬਲਵੰਤ ਸਿੰਘ ਸੰਧੂ ਨੇ ਲਾਇਆ ਸੀ, ਜੋ ਹੁਣ ਬਰੋਟਾ ਬਣ ਚੁੱਕਾ ਹੈ। ਉਹ ਆਪਣੇ ਪਿੰਡ ਚਕਰ ਵਿਚ ਹੀ ਰਹਿੰਦਾ ਹੈ ਅਤੇ ਹੁਣ ਕਲਗੀਧਰ ਕਾਲਜ ਕਮਾਲਪੁਰੇ ਦਾ ਪ੍ਰਿੰਸੀਪਲ ਹੈ। ਸੰਤ ਸੀਚੇਵਾਲ, ਐਸ. ਪੀ. ਦੇਵਿੰਦਰ ਸਿੰਘ, ਬਾਕਸਿੰਗ ਕੋਚ ਗੁਰਬਖ਼ਸ਼ ਸਿੰਘ ਸੰਧੂ, ਸਾਡੇ ਪਿੰਡ ਵਾਸੀ ਤੇ ਪਰਵਾਸੀ 'ਚਕਰ' ਨੂੰ ਦੇਸ਼ ਦਾ ਮਾਡਲ ਪਿੰਡ ਬਣਾਉਣ ਲੱਗੇ ਹੋਏ ਹਨ, ਪਰ ਸਰਕਾਰਾਂ ਨੂੰ ਵੀ ਤਾਂ ਜਾਗਣਾ ਚਾਹੀਦੈ। ਜੇ ਨਹੀਂ ਜਾਗਦੀਆਂ ਤਾਂ ਜਾਗਦੇ ਲੋਕਾਂ ਨੂੰ ਜਗਾਉਣਾ ਬਣਦੈ। ਗਰਕਦੇ ਪੰਜਾਬ ਵਿਚ ਜਿਥੇ ਕਿਤੇ ਅਜੇ ਵੀ ਚਾਨਣ ਦਾ ਛੱਟਾ ਦਿੱਤਾ ਜਾ ਰਿਹੈ, ਉਨ੍ਹਾਂ ਛੱਟਿਆਂ ਨੂੰ ਵੇਖਣਾ ਚਾਹੀਦੈ। ਸਿਮਰਨ ਧੀਏ! ਕੁਝ ਵੀ ਹੋਵੇ, ਤੂੰ ਉਦੋਂ ਤਕ ਸੰਘਰਸ਼ ਜਾਰੀ ਰੱਖੀਂ ਜਦੋਂ ਤਕ ਆਪਣੀ ਮਿਥੀ ਮੰਜ਼ਿਲ 'ਤੇ ਨਹੀਂ ਪਹੁੰਚਦੀ।

# ਸਿੱਖ ਸੀਨੀਅਰ ਸਿਟੀਜ਼ਨਜ਼ ਦਾ ਆਰਕੀਟੈਕਚਰਲ ਬੋਟ ਟਰਿੱਪ

**ਸ਼ਿਕਾਗੋ:** ਸਿੱਖ ਸੀਨੀਅਰ ਸਿਟੀਜ਼ਨ ਬੀਤੇ ਬੁਧਵਾਰ ਸ਼ਿਕਾਗੋ ਦੇ ਮਸ਼ਹੂਰ ਆਰਕੀਟੈਕਚਰਲ ਬੋਟ ਟੂਰ 'ਤੇ ਗਏ। ਵੈਸੇ ਤਾਂ ਕਈ ਕੰਪਨੀਆਂ ਇਹ ਟੂਰ ਵੱਖ-ਵੱਖ ਸਮੇਂ ਲਈ ਦਿੰਦੀਆਂ ਹਨ, ਪਰ ਸ਼ੋਰਲਾਈਨ ਨਾਲ ਵਧੇਰੇ ਜਾਣਕਾਰੀ ਹੋਣ ਕਰਕੇ ਵਾਜਬ ਕੀਮਤ 'ਤੇ ਟਿਕਟਾਂ ਮਿਲ ਗਈਆਂ ਅਤੇ 40 ਡਾਲਰ ਵਿਚ ਗੁਰਦੁਆਰਾ ਪੈਲਾਟਾਈਨ ਤੋਂ ਲਗਜਰੀ ਬੱਸ ਦਾ ਸਫਰ ਅਤੇ ਸਵਾ ਘੰਟੇ ਦਾ ਟੂਰ ਬਣ ਗਿਆ।

ਵੱਡਾ ਮਨੋਰੰਜਨ ਬੱਸ ਦੀ ਯਾਤਰਾ ਹੀ ਸੀ। ਬਜੁਰਗਾਂ ਨੇ ਚੁਟਕਲਿਆਂ, ਕਵਿਤਾਵਾਂ ਅਤੇ ਸ਼ਾਇਰੀ ਦਾ ਅਨੰਦ ਮਾਣਿਆ। ਚੁਟਕਲੇ ਸੁਣਾਉਣ ਵਿਚ ਬੀਬੀ ਕਮਲ ਮਾਹਲ ਨੇ ਬਾਜ਼ੀ ਮਾਰੀ, ਨਾਲ ਹੀ ਉਨ੍ਹਾਂ ਕਵਿਤਾਵਾਂ ਸੁਣਾਈਆਂ। ਬੀਬੀ ਸੁਖਦੇਵ ਵਿਰਦੀ, ਅਮਰਜੀਤ ਸਿੰਘ ਬੱਗਾ, ਠਾਕਰ ਸਿੰਘ ਬਸਾਤੀ ਨੇ ਵੀ ਚੁਟਕਲਿਆਂ ਦਾ ਮੀਂਹ ਵਰ੍ਹਾਈ ਰੱਖਿਆ। ਬੀਬੀ ਸੁਰਜੀਤ ਕੌਰ ਗਿੱਲ ਨੇ ਆਪਣੀਆਂ ਪਸੰਦੀਦਾ ਕਵਿਤਾਵਾਂ ਸੁਣਾਈਆਂ। ਜੀਤ ਸਿੰਘ ਨੇ ਮਨਭਾਉਂਦੇ ਸ਼ਿਅਰ ਸੁਣਾਏ। ਦੁਪਹਿਰ ਦਾ ਖਾਣਾ



ਸਭ ਨੇ ਆਪੋ-ਆਪਣੀ ਪਸੰਦ ਅਨੁਸਾਰ ਖਾਧਾ।

ਬੋਟ ਟਰਿਪ ਸਵਾ ਘੰਟੇ ਦਾ ਸੀ ਜਿਸ ਵਿਚ ਗਾਈਡ ਨੇ ਦਰਿਆ ਕਿਨਾਰੇ ਸਥਿਤ ਸਾਰੀਆਂ ਬਿਲਡਿੰਗਾਂ ਦੀ ਪਛਾਣ ਕਰਵਾਈ। ਕਈ ਬਿਲਡਿੰਗਾਂ 100 ਸਾਲ ਤੋਂ ਵੀ ਵੱਧ ਪੁਰਾਣੀਆਂ ਹਨ। ਉਹ ਜਗ੍ਹਾ ਵੀ ਦਿਖਾਈ ਗਈ, ਜਿਥੇ ਖੁਦਾਈ ਸਮੇਂ ਸੁਰੰਗ ਫਟ ਗਈ ਸੀ ਤੇ ਮਿਲੀਅਨ ਡਾਲਰਾਂ ਦਾ ਨੁਕਸਾਨ ਹੋ ਗਿਆ ਸੀ। ਵੱਖਰੇ-ਵੱਖਰੇ ਪੁਲਾਂ ਬਾਰੇ ਜਾਣਕਾਰੀ ਵੀ ਦਿੱਤੀ। ਬੇਬੇ ਲਿਅਰੀ ਦੀ ਜਗ੍ਹਾ ਵੀ ਦੱਸੀ ਜਿਥੋਂ ਸ਼ਿਕਾਗੋ ਦੀ ਮਸ਼ਹੂਰ ਭਿਆਨਕ ਅੱਗ ਸ਼ੁਰੂ ਹੋਈ ਸੀ। ਵੱਡੀਆਂ-ਵੱਡੀਆਂ ਬਿਲਡਿੰਗਾਂ ਸੀਅਰਜ਼ ਟਾਵਰ (ਅੱਜ ਕੱਲ੍ਹ ਵਿਲਿਸ ਟਾਵਰ) ਬਾਰੇ ਦੱਸਿਆ ਕਿ ਕਿਸੇ ਸਮੇਂ ਇਹ ਦੁਨੀਆਂ ਦੀ ਸਭ ਤੋਂ ਉਚੀ ਬਿਲਡਿੰਗ ਸੀ। ਮਰਕੈਨਟਾਈਲ ਮਾਰਟ, ਜਾਨ ਹੈਨਕੌਕ ਬਿਲਡਿੰਗ ਜੋ ਭਿਆਨਕ ਅੱਗ ਤੋਂ ਬਚ ਗਈਆਂ ਸਨ, ਬਾਰੇ ਦੱਸਿਆ। ਗਾਈਡ ਨੇ ਰਿਗਲੀ ਬਿਲਡਿੰਗ, ਟ੍ਰਿਬਿਊਨ ਟਾਵਰ ਦਾ ਇਤਿਹਾਸ ਵੀ ਦੱਸਿਆ। ਐਨ.ਬੀ.ਸੀ. ਟਾਵਰ ਬਾਰੇ ਜਾਣਕਾਰੀ ਦਿੱਤੀ, ਜਿਥੇ ਭਾਰਤੀ ਸਫਾਰਤਖਾਨਾ ਹੈ। ਮੌਸਮ ਵੀ ਸੁਹਾਵਣਾ ਸੀ। ਥੋੜ੍ਹਾ ਬੇਸੁਆਦਾ ਕੰਮ ਦੋ ਸਪੈਨਿਸ਼ ਬੀਬੀਆਂ ਨੇ ਕੀਤਾ, ਜੋ ਰਾਹ ਵਿਚ ਸਪੈਨਿਸ਼ ਬੋਲਣੋਂ ਨਹੀਂ ਹਟੀਆਂ, ਜਿਸ ਕਾਰਨ ਗਾਈਡ ਦੀਆਂ ਗੱਲਾਂ ਸੁਣਨ ਵਿਚ ਪ੍ਰੇਸ਼ਾਨੀ ਆਈ।

ਟਰਿਪ ਤੋਂ ਵਾਪਸੀ ਮੌਕੇ ਬਜੁਰਗਾਂ ਲਈ ਗੁਰਦੁਆਰਾ ਪੈਲਾਟਾਈਨ ਦੇ ਭਾਈ ਸਾਹਿਬਾਨ ਨੇ ਬੜੀ ਸਵਾਦਲੀ ਗੁੜ ਦੀ ਚਾਹ ਬਣਾਈ ਹੋਈ ਸੀ, ਜਿਸ ਨਾਲ ਟੂਰ ਵਾਲੀ ਸਾਰੀ ਥਕਾਵਟ ਲਹਿ ਗਈ। ਪ੍ਰੋਗਰਾਮ ਦਾ ਇੰਤਜ਼ਾਮ ਠਾਕਰ ਸਿੰਘ ਬਸਾਤੀ ਨੇ ਕੀਤਾ।

ਸਿੱਖ ਸੀਨੀਅਰ ਸਿਟੀਜ਼ਨਜ਼ ਮਹੀਨੇ ਦੇ ਪਹਿਲੇ ਹਫਤੇ ਦੁਪਹਿਰ 3:30 ਤੋਂ ਸ਼ਾਮ 6 ਵਜੇ ਤੱਕ ਗੁਰਦੁਆਰਾ ਪੈਲਾਟਾਈਨ ਵਿਚ ਮਿਲਦੇ ਹਨ, ਜਿਥੇ ਕਿਸੇ ਮਾਹਿਰ ਦਾ ਲੈਕਚਰ ਹੁੰਦਾ ਹੈ। ਇਸ ਤੋਂ ਇਲਾਵਾ ਮਹੀਨੇ ਦੇ ਤੀਜੇ ਹਫਤੇ ਲੰਚ ਮੌਕੇ ਬਜੁਰਗਾਂ ਦਾ ਜਨਮ ਦਿਨ ਮਨਾਇਆ ਜਾਂਦਾ ਹੈ ਅਤੇ ਪ੍ਰੋਗਰਾਮ ਵੀ ਉਲੀਕੇ ਜਾਂਦੇ ਹਨ। ਹੋਰ ਜਾਣਕਾਰੀ ਲਈ ਇਕਬਾਲ ਸਿੰਘ ਚੋਪੜਾ (ਫੋਨ: 224-358-7769), ਸੁਰਿੰਦਰਪਾਲ ਸਿੰਘ ਕਾਲੜਾ (847-305-9119), ਜਸਬੀਰ ਸਿੰਘ ਭੱਲਾ (630-229-1460), ਕੁਲਦੀਪ ਸਿੰਘ ਸਰਾਂ (630-305-3486) ਜਾਂ basatit@aol.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਆਰ.ਟੀ.ਆਈ. ਐਕਟ ਦੇ ਖੰਭ ਕੁਤਰਨ 'ਤੇ ਉਤਾਰੂ ਹੋਈ ਮੋਦੀ ਸਰਕਾਰ

**ਚੰਡੀਗੜ੍ਹ:** ਮੋਦੀ ਸਰਕਾਰ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਐਕਟ-2005 ਦੇ ਖੰਭ ਕੁਤਰਨ ਉਤੇ ਉਤਾਰੂ ਹੈ। ਦੱਸ ਦਈਏ ਕਿ ਇਹ ਹੋਈ ਸਖਤ ਕਾਨੂੰਨ ਹੈ ਜਿਸ ਨੇ ਭ੍ਰਿਸ਼ਟਾਚਾਰੀਆਂ ਨੂੰ ਭਾਜੜਾਂ ਪਾ ਦਿੱਤੀਆਂ ਸਨ। ਇਸ ਐਕਟ-2005 ਤਹਿਤ ਲੋਕ ਹਿੱਤ ਦੀਆਂ ਸੂਚਨਾਵਾਂ ਜਨਤਕ ਕਰ ਕੇ ਕਈ ਆਰ. ਟੀ. ਆਈ. ਕਾਰਕੁਨ ਸੰਸਦ ਮੈਂਬਰਾਂ ਤੇ ਵਿਧਾਇਕਾਂ ਤੋਂ ਵੀ ਬਿਹਤਰ ਢੰਗ ਨਾਲ ਲੋਕ ਅਵਾਜ਼ ਬੁਲੰਦ ਕਰ ਰਹੇ ਹਨ। ਇਸ ਐਕਟ ਤਹਿਤ ਕਈ ਕਾਰਕੁਨ, ਸਰਕਾਰਾਂ ਤੇ ਹੋਰ ਅਦਾਰਿਆਂ ਦੇ ਗੁੱਝੇ ਭੇਤ ਖੋਲ੍ਹ ਚੁੱਕੇ ਹਨ ਅਤੇ ਕਈ ਭ੍ਰਿਸ਼ਟ ਅਧਿਕਾਰੀ, ਸਿਆਸਤਦਾਨ ਅਤੇ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਦੇ ਕਾਲੇ ਕਾਰੇ ਜੱਗ-ਜ਼ਾਹਿਰ ਹੋ ਚੁੱਕੇ ਹਨ। ਕੁੱਲ ਮਿਲਾ ਕੇ ਇਹ ਐਕਟ ਭ੍ਰਿਸ਼ਟ ਅਨਸਰਾਂ ਲਈ ਖਤਰੇ ਦੀ ਘੰਟੀ ਸਾਬਤ ਹੋਇਆ ਹੈ। ਇਸ ਐਕਟ ਰਾਹੀਂ ਕਈ ਘਪਲੇ ਜਿਥੇ ਬੇਨਕਾਬ ਹੋ ਚੁੱਕੇ ਹਨ, ਉਥੇ ਕਈ ਭ੍ਰਿਸ਼ਟ ਅਧਿਕਾਰੀਆਂ ਦੇ ਚਿਹਰੇ ਵੀ ਨੰਗੇ ਹੋ ਚੁੱਕੇ ਹਨ।

ਕੁਝ ਸਮਾਜਿਕ ਕਾਰਕੁਨਾਂ ਵੱਲੋਂ ਸੂਚਨਾ ਦਾ ਅਧਿਕਾਰ ਕਾਨੂੰਨ ਲਈ ਚਲਾਈ ਜੱਦੋ-ਜਹਿਦ ਤੋਂ ਬਾਅਦ ਸੂਚਨਾ ਦਾ ਅਧਿਕਾਰ ਕਾਨੂੰਨ 2005 ਬਣ ਤਾਂ ਗਿਆ ਪਰ ਹੁਣ ਸੱਤਾਧਾਰੀ ਧਿਰ ਇਸ ਦੇ ਖੰਭ ਕੁਤਰਨ ਉਤੇ ਉਤਾਰੂ ਹੈ। ਇਸ ਤੋਂ ਇਲਾਵਾ ਹੋਰ ਤਾਕਤਵਰ ਲੋਕ ਵੀ ਹਮੇਸ਼ਾ ਸੂਚਨਾ ਦਾ ਅਧਿਕਾਰ ਕਾਨੂੰਨ ਨੂੰ ਲਾਗੂ ਕਰਵਾਉਣ ਵਾਲੇ ਕਾਰਕੁਨਾਂ ਖਿਲਾਫ ਰਹੇ ਹਨ ਅਤੇ ਕਈਆਂ ਦੀਆਂ ਜਾਨਾਂ ਵੀ ਚਲੀਆਂ ਗਈਆਂ। ਸੂਚਨਾ ਦਾ ਅਧਿਕਾਰ ਕਾਨੂੰਨ (ਸੋਧ) ਬਿੱਲ 2019 ਕਾਨੂੰਨ ਦੀ ਰੂਹ ਨੂੰ ਪੂਰੀ ਤਰ੍ਹਾਂ ਖਤਮ ਕਰਨ ਵਾਲਾ ਹੈ। ਦੇਸ਼ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ, ਰਾਸ਼ਟਰਪਤੀ ਦਫਤਰ, ਫੌਜਾਂ ਦੇ ਮੁਖੀ, ਸੁਪਰੀਮ ਕੋਰਟ ਸਮੇਤ



ਬਹੁਤ ਸਾਰੇ ਵੱਡੇ ਅਤੇ ਤਾਕਤਵਰ ਦਫਤਰ ਖੁਦ ਨੂੰ ਇਸ ਕਾਨੂੰਨ ਦੀ ਜੱਦ ਵਿਚੋਂ ਬਾਹਰ ਰਹਿਣ ਦੀ ਸਫਲ ਕੋਸ਼ਿਸ਼ ਕਰਦੇ ਆਏ ਹਨ। 2005 ਵਿਚ ਬਣੇ ਕਾਨੂੰਨ ਦੀ ਕਾਰਗੁਜ਼ਾਰੀ ਨੂੰ ਵੀ ਮੱਠੀ ਕਰਨ ਲਈ ਇਨ੍ਹਾਂ ਦੇ ਮੁੱਖ ਕਮਿਸ਼ਨਰ ਅਤੇ ਕਮਿਸ਼ਨਰਾਂ ਦੀ ਚੋਣ ਦਾ ਅਨੁਪਾਤ ਸੇਵਾ ਮੁਕਤ ਪੁਰਾਣੇ ਅਫਸਰਸ਼ਾਹਾਂ ਦੇ ਪੱਖ ਵਿਚ ਮੁਕੰਮਲ ਤੌਰ ਉਤੇ ਤਬਦੀਲ ਕੀਤਾ ਜਾਂਦਾ ਰਿਹਾ ਹੈ ਪਰ ਹੁਣ ਇਸ ਸੋਧ ਨਾਲ ਕਮਿਸ਼ਨਰ ਕੋਲ ਪਹੁੰਚ ਕਰਕੇ ਲੋੜੀਂਦੀ ਸੂਚਨਾ ਲੈਣ ਦਾ ਨਾਗਰਿਕ ਦਾ ਹੱਕ ਇਕ ਤਰ੍ਹਾਂ ਨਾਲ ਖਤਮ ਕੀਤਾ ਜਾ ਰਿਹਾ ਹੈ।

ਸੂਚਨਾ ਦਾ ਅਧਿਕਾਰ ਕਾਨੂੰਨ ਨੇ ਲੋਕਾਂ ਨੂੰ ਸੂਚਨਾ ਦਾ ਬੁਨਿਆਦੀ ਅਧਿਕਾਰ ਦੇ ਦਿੱਤਾ। ਸੰਸਦ ਮੈਂਬਰ ਜਾਂ ਵਿਧਾਇਕ ਆਪਣੇ ਸਦਨ ਵਿਚ ਕਿਸੇ ਵੀ ਮੁੱਦੇ ਉਤੇ ਸੁਆਲ ਪੁੱਛ ਸਕਦੇ ਹਨ ਅਤੇ ਮੰਤਰੀਆਂ ਤੋਂ ਜਵਾਬ ਲੈ ਸਕਦੇ ਹਨ, ਇਸ ਕਾਨੂੰਨ ਨਾਲ ਆਮ ਨਾਗਰਿਕ ਨੂੰ ਵੀ ਇਹ ਅਧਿਕਾਰ ਮਿਲ ਗਿਆ। ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਲਈ ਦਸ ਰੁਪਏ ਵੀ ਜ਼ਰੂਰੀ ਨਹੀਂ ਅਤੇ ਦੂਸਰੇ ਨਾਗਰਿਕਾਂ ਨੂੰ ਦਸ ਰੁਪਏ ਫੀਸ ਭਰ ਕੇ ਕਿਸੇ ਵੀ ਤਰ੍ਹਾਂ ਦੀ ਸੂਚਨਾ ਲੈਣ ਦਾ ਹੱਕ ਮਿਲ ਗਿਆ ਹੈ। ਇਸ ਕਾਨੂੰਨ ਦੇ ਪਿੱਛੇ ਮੁੱਖ ਧਾਰਨਾ ਸੀ ਕਿ ਭ੍ਰਿਸ਼ਟਾਚਾਰ ਵਿਚ ਫਸਦੇ ਜਾ ਰਹੇ ਦੇਸ਼ ਵਿਚ ਆਗੂਆਂ, ਸੰਸਥਾਵਾਂ ਅਤੇ ਅਫਸਰਾਂ ਦੀ ਜਵਾਬਦੇਹੀ ਲਿਆਉਣਾ। ਹਰ ਦਫਤਰ ਨੇ ਸੂਚਨਾ ਅਧਿਕਾਰੀ ਬਣਾਉਣਾ ਹੁੰਦਾ ਹੈ। ਜੇ 30 ਦਿਨਾਂ ਅੰਦਰ ਸੂਚਨਾ ਨਾ ਮਿਲੇ ਤਾਂ ਉਚ ਅਪੀਲੀ ਅਥਾਰਟੀ ਨੂੰ ਅਪੀਲ ਹੋ ਸਕਦੀ ਹੈ। ਜੇਕਰ ਉਥੇ ਵੀ ਨਾ ਮਿਲੇ ਤਾਂ ਕੇਂਦਰ ਸਰਕਾਰ ਦੇ ਵਿਭਾਗਾਂ ਦੀ ਸੂਚਨਾ ਬਾਰੇ ਕੇਂਦਰੀ ਸੂਚਨਾ ਕਮਿਸ਼ਨ ਅਤੇ ਰਾਜਾਂ ਵਿਚ ਰਾਜ ਸੂਚਨਾ ਕਮਿਸ਼ਨਾਂ ਦੀ ਸਥਾਪਨਾ ਕੀਤੀ ਗਈ ਹੈ।

ਸੂਚਨਾ ਦੇ ਅਧਿਕਾਰ ਲਈ ਜੱਦੋ-ਜਹਿਦ ਕਰਨ ਵਾਲੇ ਕਾਰਕੁਨਾਂ ਅਤੇ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਅਜਿਹਾ ਹੋਣ ਨਾਲ ਕਮਿਸ਼ਨ ਦੇ ਅਧਿਕਾਰੀ ਡਰ ਅਤੇ ਲਾਲਚ ਦੋਵਾਂ ਤਰੀਕਿਆਂ ਨਾਲ ਸਰਕਾਰ ਦੇ ਕੰਟਰੋਲ ਵਿਚ ਆ ਜਾਣਗੇ ਅਤੇ ਕਮਿਸ਼ਨਾਂ ਦੀ ਆਜ਼ਾਦ ਹੋਂਦ ਖਤਮ ਹੋ ਜਾਵੇਗੀ।

## ਮੋਦੀ ਸਰਕਾਰ ਦੀ ਨੀਅਤ 'ਤੇ ਸਵਾਲ

ਸੰਸਥਾਵਾਂ ਨੂੰ ਕਾਬੂ ਵਿਚ ਰੱਖਣ ਦੀ ਖਾਹਿਸ਼ ਤੋਂ ਇਲਾਵਾ ਇਕ ਸਾਬਕਾ ਕੇਂਦਰੀ ਸੂਚਨਾ ਕਮਿਸ਼ਨਰ ਦੇ ਮੁਤਾਬਕ ਦੋ ਵੱਡੇ ਖੁਲਾਸਿਆਂ ਕਰਕੇ ਵੀ ਮੋਦੀ ਸਰਕਾਰ ਇਹ ਸੋਧ ਕਰਵਾ ਰਹੀ ਹੈ। ਜਨਵਰੀ 2017 ਵਿਚ ਸੂਚਨਾ ਕਮਿਸ਼ਨਰ ਸ੍ਰੀਧਰ ਅਚਾਰਗੁਲੂ ਨੇ ਦਿੱਲੀ ਯੂਨੀਵਰਸਿਟੀ ਨੂੰ 1978 ਦੇ ਬੀਏ ਦੇ ਨਤੀਜੇ ਵਾਲੇ ਦਸਤਾਵੇਜ਼ ਦਿਖਾਉਣ ਦਾ ਹੁਕਮ ਕੀਤਾ ਸੀ। ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰੀਖਿਆ ਪਾਸ ਕਰਨ ਵਾਲਾ ਸਾਲ ਸੀ। ਉਸ ਵਕਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡਿਗਰੀ ਦਾ ਮਾਮਲਾ ਚੱਲ ਰਿਹਾ ਸੀ। ਇਸ ਤੋਂ ਦੋ ਤਿੰਨ ਦਿਨਾਂ ਦੇ ਅੰਦਰ ਹੀ ਸਬੰਧਤ ਕਮਿਸ਼ਨਰ ਤੋਂ ਮਨੁੱਖੀ ਸਰੋਤ ਮੰਤਰਾਲੇ ਦਾ ਸੂਚਨਾ ਦਿਵਾਉਣ ਦਾ ਕੰਮ ਵਾਪਸ ਲੈ ਲਿਆ ਗਿਆ। ਦੂਸਰਾ ਕੇਸ ਸਰਕਾਰੀ ਬੈਂਕਾਂ ਦੇ ਪੈਸੇ ਲੈ ਕੇ ਵਾਪਸ ਨਾ ਮੋੜਨ ਵਾਲਿਆਂ (ਐਨ.ਪੀ.ਏ.) ਭਾਵ ਡਿਫਾਲਟਰਾਂ ਦੇ ਨਾਵਾਂ ਦੀ ਸੂਚੀ ਜਾਰੀ ਕਰਨ ਦੇ ਹੁਕਮ ਨਾਲ ਸਬੰਧਤ ਸੀ। 2015 ਵਿਚ ਸੁਪਰੀਮ ਕੋਰਟ ਦੇ ਦਖਲ ਨਾਲ ਇਨ੍ਹਾਂ ਨਾਵਾਂ ਦਾ ਖੁਲਾਸਾ ਕੀਤਾ ਗਿਆ ਸੀ। ਇਸ ਤੋਂ ਸਰਕਾਰ ਦੀ ਮਨਸ਼ਾ ਜ਼ਾਹਰ ਹੁੰਦੀ ਹੈ।

## ਸੂਚਨਾ ਅਧਿਕਾਰ ਕਾਨੂੰਨ ਲਈ ਹੋਈ ਸੀ ਲੰਬੀ ਜੱਦੋ-ਜਹਿਦ

ਮਜ਼ਦੂਰ ਕਿਸਾਨ ਸ਼ਕਤੀ ਸੰਗਠਨ ਦੀ ਮੁਖੀ ਅਤੇ ਆਈ.ਏ.ਐਸ. ਤੋਂ ਤਿਆਗ ਪੱਤਰ ਦੇ ਕੇ ਲੋਕਾਂ ਦੀ ਲੜਾਈ ਲੜ ਰਹੀ ਅਰੁਣਾ ਰਾਏ ਦੀ ਅਗਵਾਈ ਹੇਠ 1994 ਵਿਚ ਰਾਜਸਥਾਨ ਸਰਕਾਰ ਤੇ ਸੂਚਨਾ ਦਾ ਅਧਿਕਾਰ ਕਾਨੂੰਨ ਬਣਾਉਣ ਲਈ ਜਨਤਕ ਮੁਹਿੰਮ ਸ਼ੁਰੂ ਕੀਤੀ ਗਈ। 1996 ਵਿਚ ਵੱਖ-ਵੱਖ ਜਥੇਬੰਦੀਆਂ ਨੇ ਇਸ ਮੁੱਦੇ ਉਤੇ ਨੈਸ਼ਨਲ ਕੰਪੇਨ ਫਾਰ ਪੀਪਲਜ਼ ਮੂਵਮੈਂਟ ਬਣਾਈ। ਇਸੇ ਦੌਰਾਨ ਵੱਖ-ਵੱਖ ਰਾਜਾਂ ਨੇ ਕਾਨੂੰਨ ਬਣਾਏ ਜਿਵੇਂ ਸਾਲ 1997-ਤਾਮਿਲਨਾਡੂ ਅਤੇ ਗੋਆ, ਸਾਲ 2000- ਰਾਜਸਥਾਨ, ਕਰਨਾਟਕ ਅਤੇ ਮਹਾਰਾਸ਼ਟਰ, ਸਾਲ 2001- ਦਿੱਲੀ, ਸਾਲ 2002- ਕੇਂਦਰ ਸਰਕਾਰ ਨੇ ਫਰੀਡਮ ਆਫ ਇਨਫਰਮੇਸ਼ਨ ਕਾਨੂੰਨ ਬਣਾਇਆ, ਸਾਲ 2004 ਵਿਚ ਯੂ.ਪੀ.ਏ. ਸਰਕਾਰ ਨੇ ਨੈਸ਼ਨਲ ਐਡਵਾਈਜ਼ਰੀ ਕਮੇਟੀ ਨੂੰ ਕਾਨੂੰਨ ਦੇ ਡਰਾਫਟ ਦੀ ਜ਼ਿੰਮੇਵਾਰੀ ਸੌਂਪੀ ਤੇ ਸਾਲ 2005 ਵਿਚ ਕਾਨੂੰਨ ਬਣ ਗਿਆ।

# ਫਿਲਮ 'ਲੰਡਨ ਸਿੰਘ' ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ ਵਿਖੇ 4 ਅਗਸਤ ਨੂੰ

**ਸਟਰਲਿੰਗ ਹਾਈਟਸ, ਮਿਸ਼ੀਗਨ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ ਵਿਖੇ ਡਾ. ਰੁਪਿੰਦਰ ਸਿੰਘ ਵਲੋਂ ਤਿਆਰ ਕੀਤੀ ਗਈ ਸਿੱਖ ਧਰਮ 'ਤੇ ਆਧਾਰਿਤ ਫਿਲਮ 'ਲੰਡਨ ਸਿੰਘ' ਆਉਂਦੀ 4 ਅਗਸਤ, ਐਤਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 4 ਵਜੇ ਤੱਕ ਦਿਖਾਈ ਜਾਵੇਗੀ।

ਪ੍ਰਬੰਧਕਾਂ ਨੇ ਸੰਗਤ ਨੂੰ ਇਹ ਫਿਲਮ ਦੇਖਣ ਦੀ ਬੇਨਤੀ ਕੀਤੀ ਹੈ। ਇਸ ਮੌਕੇ ਡਾ. ਰੁਪਿੰਦਰ ਸਿੰਘ ਵੀ ਹਾਜ਼ਰ ਹੋਣਗੇ ਅਤੇ ਫਿਲਮ ਦੇਖਣ ਤੋਂ ਬਾਅਦ ਬੱਚਿਆਂ ਨੂੰ ਸਵਾਲ-ਜਵਾਬ ਕਰਨ ਦਾ ਮੌਕਾ ਵੀ ਦਿੱਤਾ ਜਾਵੇਗਾ। ਜੇਤੂ ਬੱਚਿਆਂ ਨੂੰ ਇਨਾਮ ਵੀ ਦਿੱਤੇ ਜਾਣਗੇ।

ਹੋਰ ਜਾਣਕਾਰੀ ਲਈ ਫੋਨ: 248-547-0927 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।





**Need Professional Non Veg. and Veg. Experienced cook in Missouri**

**ਮਿਜ਼ੌਰੀ ਸਟੇਟ ਵਿਚ ਅਨੁਭਵੀ ਪ੍ਰੋਫੈਸ਼ਨਲ ਵੈਸ਼ਨੂੰ ਤੇ ਗੈਰ ਵੈਸ਼ਨੂੰ ਕੁੱਕ ਦੀ ਲੋੜ ਹੈ**

ਮਿਜ਼ੌਰੀ ਸਟੇਟ ਦੇ ਸਿਟੀ ਜੋਪਲਿਨ ਵਿਚ ਫਰੀਵੇ I-44 'ਤੇ ਨਵੇਂ ਬਣੇ ਤੇ ਛੇਤੀ ਖੁਲ੍ਹ ਰਹੇ ਫੁੱਲ ਸਰਵਿਸ ਟਰੱਕ ਸਟਾਪ (ਪੰਜਾਬੀ ਰੈਸਟੋਰੈਂਟ) ਲਈ ਅਨੁਭਵੀ ਪ੍ਰੋਫੈਸ਼ਨਲ ਵੈਸ਼ਨੂੰ ਤੇ ਗੈਰ ਵੈਸ਼ਨੂੰ ਕੁੱਕ ਦੀ ਲੋੜ ਹੈ
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

**ਸੰਪਰਕ ਕਰੋ: ਦਰਸ਼ਨ ਸਿੰਘ ਗਿੱਲ**
**ਫੋਨ 909-367-5846**



# ☬ ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ ☬

ਮਹੀਨਾ ਸਾਵਣ ਤੇ ਭਾਦੋਂ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸਨਿੱਚਰਵਾਰ |
|---|---|---|---|---|---|---|
| | | 15 ਸਾਵਣ 30 ਜੁਲਾਈ | 16 ਸਾਵਣ 31 ਜੁਲਾਈ | 17 ਸਾਵਣ 1 ਅਗਸਤ | 18 ਸਾਵਣ 2 ਅਗਸਤ | 19 ਸਾਵਣ 3 ਅਗਸਤ |
| 20 ਸਾਵਣ 4 ਅਗਸਤ | 21 ਸਾਵਣ 5 ਅਗਸਤ | 22 ਸਾਵਣ 6 ਅਗਸਤ | 23 ਸਾਵਣ 7 ਅਗਸਤ | 24 ਸਾਵਣ 8 ਅਗਸਤ | 25 ਸਾਵਣ 9 ਅਗਸਤ | 26 ਸਾਵਣ 10 ਅਗਸਤ |
| 27 ਸਾਵਣ 11 ਅਗਸਤ | 28 ਸਾਵਣ 12 ਅਗਸਤ | 29 ਸਾਵਣ 13 ਅਗਸਤ | 30 ਸਾਵਣ 14 ਅਗਸਤ | 31 ਸਾਵਣ 15 ਅਗਸਤ | 1 ਭਾਦੋਂ 16 ਅਗਸਤ | 2 ਭਾਦੋਂ 17 ਅਗਸਤ |
| 3 ਭਾਦੋਂ 18 ਅਗਸਤ | 4 ਭਾਦੋਂ 19 ਅਗਸਤ | 5 ਭਾਦੋਂ 20 ਅਗਸਤ | 6 ਭਾਦੋਂ 21 ਅਗਸਤ | 7 ਭਾਦੋਂ 22 ਅਗਸਤ | 8 ਭਾਦੋਂ 23 ਅਗਸਤ | 9 ਭਾਦੋਂ 24 ਅਗਸਤ |
| 10 ਭਾਦੋਂ 25 ਅਗਸਤ | 11 ਭਾਦੋਂ 26 ਅਗਸਤ | 12 ਭਾਦੋਂ 27 ਅਗਸਤ | 13 ਭਾਦੋਂ 28 ਅਗਸਤ | 14 ਭਾਦੋਂ 29 ਅਗਸਤ | 15 ਭਾਦੋਂ 30 ਅਗਸਤ | 16 ਭਾਦੋਂ 31 ਅਗਸਤ |
| 17 ਭਾਦੋਂ 1 ਸਤੰਬਰ | 18 ਭਾਦੋਂ 2 ਸਤੰਬਰ | 19 ਭਾਦੋਂ 3 ਸਤੰਬਰ | 20 ਭਾਦੋਂ 4 ਸਤੰਬਰ | 21 ਭਾਦੋਂ 5 ਸਤੰਬਰ | 22 ਭਾਦੋਂ 6 ਸਤੰਬਰ | 23 ਭਾਦੋਂ 7 ਸਤੰਬਰ |
| 24 ਭਾਦੋਂ 8 ਸਤੰਬਰ | 25 ਭਾਦੋਂ 9 ਸਤੰਬਰ | 26 ਭਾਦੋਂ 10 ਸਤੰਬਰ | 27 ਭਾਦੋਂ 11 ਸਤੰਬਰ | 28 ਭਾਦੋਂ 12 ਸਤੰਬਰ | 29 ਭਾਦੋਂ 13 ਸਤੰਬਰ | 30 ਭਾਦੋਂ 14 ਸਤੰਬਰ |

**15 ਭਾਦੋਂ (30 ਅਗਸਤ)**
ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ
**17 ਭਾਦੋਂ (1 ਸਤੰਬਰ)**
ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ

ਉਹੀ ਤਰੀਕ ਹਰ ਸਾਲ, ਠੀਕ ਇਤਿਹਾਸ ਤਰਤੀਬ ਨਾਲ।


ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਧਾਰਮਕ ਤੇ ਇਤਿਹਾਸਕ ਦਿਹਾੜੇ ਮਨਾਉਣ ਵਿਚ ਇਕਸਾਰਤਾ ਲਿਆਉਣ ਲਈ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਓ

SIKH Religious Society PALATINE GURDWARA
**Sikh Religious Society**
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org



# Sistar Mortgage

Minimizing Cost, Maximizing Investment
www.SistarMortgage.com



**Balbir (Bill) Grewal, Loan Officer (NMLS 353442)**
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

*Refinance up to 125% value of the house.

- Residential Loans (Purchase, Refinance & Cash Out Refinance).
- Self Employed and H1 Visa
- Jumbo loans
- Commercial Property With Business or Business Only.
- Business Equity Line of Credit.
- Multi Unit Investment Property.



# Michigan Truck Driving School

6405 Middlebelt Road, Romulus, MI 48174

**ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!**
**ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ**




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai **Cell:734-644-1010** Office:734-747-4298



ੴ ਸਤਿਗੁਰ ਪ੍ਰਸਾਦਿ ॥

ਸ਼੍ਰੋਮਣੀ ਅਕਾਲੀ ਦਲ
SHIROMANI AKALI DAL
PRESIDENT : S. SIMRANJIT SINGH MANN

ਮੁੱਖ ਦਫਤਰ
ਕਿਲ੍ਹਾ ਸ: ਹਰਨਾਮ ਸਿੰਘ
ਜ਼ਿਲ੍ਹਾ ਫਤਹਿਗੜ੍ਹ ਸਾਹਿਬ
ਪਿੰਨ ਕੋਡ-140406
ਪੰਜਾਬ (ਇੰਡੀਆ)
ਟੈਲੀਫੈਕਸ : 0091-1763-233764

HEAD OFFICE
QUILLA S.HARNAM SINGH
DISTT. FATEHGARH SAHIB
PIN CODE 140406
PANJAB (INDIA)
TELEFAX : 0091-1763-233764


6539/ਸਅਦ(ਅ)/2019 27 ਜੁਲਾਈ 2019

ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਹਿ॥

ਕੱਲ੍ਹ ਮੈਂ ਆਪਣੇ ਨਿੱਜੀ ਸਕੱਤਰ ਗੁਰਜੰਟ ਸਿੰਘ ਕੱਟੂ ਰਾਹੀ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀਆਂ ਵਿਦੇਸ਼ਾਂ ਵਿਚ ਕੰਮ ਕਰ ਰਹੀਆ ਯੂਨਿਟਾਂ ਬਾਰੇ ਇਕ ਈਮੇਲ ਰਾਹੀ ਪੱਤਰ ਭੇਜਿਆ ਸੀ ਕਿ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁੱਖ ਦਫਤਰ ਕਿਲ੍ਹਾ ਸ. ਹਰਨਾਮ ਸਿੰਘ ਤੋਂ ਬਿਨ੍ਹਾਂ ਕੋਈ ਵੀ ਯੂਨਿਟ ਇਹ ਅਧਿਕਾਰ ਨਹੀਂ ਰੱਖਦੀ ਕਿ ਉਹ ਆਈ.ਡੀਜ਼ ਜਾਰੀ ਕਰ ਸਕੇ । ਇਹ ਵੀ ਬੇਨਤੀ ਕੀਤੀ ਸੀ ਕਿ ਇੰਡੀਆਂ ਵਿਚ ਲੰਮੇਂ ਸਮੇਂ ਤੋਂ ਸਿੱਖ ਕੌਮ ਤੇ ਹੋ ਰਹੇ ਜਬਰ-ਜੁਲਮ, ਵਿਤਕਰੇ, ਬੇਇਨਸਾਫੀਆਂ ਅਤੇ ਧੱਕੇਸਾਹੀਆ ਖਿਲਾਫ ਵਿਦੇਸ਼ਾਂ ਵਿਚਲੀਆ ਸਾਰੀਆਂ ਯੂਨਿਟਾਂ ਇਕ ਜੁੱਟਤਾ ਨਾਲ lobbing ਕਰਕੇ ਆਪਣੀਆ-ਆਪਣੀਆ ਰਾਜਧਾਨੀਆਂ ਅਤੇ ਸਫਾਰਤਖਾਨਿਆ ਤੱਕ ਪਹੁੰਚ ਕੀਤੀ ਜਾਵੇ ।

ਮੈਂ ਹੁਣ ਆਪ ਜੀ ਨੂੰ ਨਿਮਰਤਾ ਸਹਿਤ ਅਪੀਲ ਕਰਨੀ ਚਾਹੁੰਦਾ ਹਾਂ ਕਿ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਕ ਵਿਚਾਰਧਾਰਾ ਦਾ ਨਾਮ ਹੈ । ਇਸਦੀ ਨੀਤੀ ਸਿੱਖ ਕੌਮ ਦੀ ਆਜ਼ਾਦੀ ਲਈ ਬੜੀ ਸਪੱਸ਼ਟ ਹੈ । ਇਸ ਜਥੇਬੰਦੀ ਵਿਚ ਇਕ ਪਾਰਟੀ ਹੁੰਦਿਆ ਦੋ-ਦੋ, ਅਲੱਗ-ਅਲੱਗ ਪ੍ਰੋਗਰਾਮ ਹੋਣੇ ਪਾਰਟੀ ਵਿਚ ਪੈਦਾ ਹੋ ਰਹੀ ਅਨੁਸਾਸਨਹੀਣਤਾ ਦਾ ਸਬੂਤ ਹੈ । ਮੇਰੀ ਬੇਨਤੀ ਹੈ ਕਿ 11 ਅਗਸਤ ਨੂੰ ਨਿਊਯਾਰਕ ਵਿਖੇ ਹੋ ਰਹੀ ਮੀਟਿੰਗ ਉਦੋਂ ਤੱਕ ਰੱਦ ਕੀਤੀ ਜਾਵੇ ਜਦੋਂ ਤੱਕ ਸਾਰੇ ਅਹੁਦੇਦਾਰਾਂ ਅਤੇ ਵਰਕਰ ਸਾਹਿਬਾਨਾਂ ਦਾ ਆਪਸੀ ਤਾਲਮੇਲ ਅਤੇ ਏਕਤਾ ਨਹੀਂ ਹੋ ਜਾਂਦੀ । ਆਪੋ-ਧਾਪੀ ਵਿਚ ਜਿਥੇ ਪਾਰਟੀ ਦਾ ਸਮਾਂ ਅਤੇ ਧਨ ਬਰਬਾਦ ਹੁੰਦਾ ਹੈ ਉਥੇ ਸਿੱਖ ਕੌਮ ਦਾ ਵੀ ਬਹੁਤ ਵੱਡਾ ਨੁਕਸਾਨ ਹੁੰਦਾ ਹੈ । ਮੈਂ ਹੁਣ ਇਹ ਕਹਿਣਾ ਚਾਹੁੰਦਾ ਹਾਂ ਕਿ ਪਾਰਟੀ ਦੇ ਕੰਨਵੀਨਰ ਸਾਹਿਬਾਨ, ਸਾਰੇ ਅਹੁਦੇਦਾਰਾਂ ਅਤੇ ਪ੍ਰਮੁੱਖ ਆਗੂਆਂ ਦੀ ਤੁਰੰਤ ਮੀਟਿੰਗ ਬੁਲਾਕੇ ਪਾਰਟੀ ਅਤੇ ਕੌਮ ਦੇ ਚੰਗੇਰੇ ਭਵਿੱਖ ਲਈ ਕੋਈ ਠੋਸ ਪ੍ਰੋਗਰਾਮ ਦੇਣ ਜਿਸ ਨਾਲ ਸਿੱਖ ਕੌਮ ਬੁਲੰਦੀਆ ਵੱਲ ਜਾ ਸਕੇ ।

ਗੁਰੂਘਰ ਤੇ ਪੰਥ ਦਾ ਦਾਸ,
ਸਿਮਰਨਜੀਤ ਸਿੰਘ ਮਾਨ,
27-VII-19 ਪ੍ਰਧਾਨ,
ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)।

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ

ਬੱਚਿਆਂ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ, ਹਿੱਸਾ ਲੈਣ ਵਾਲੇ ਬੱਚਿਆਂ ਨੂੰ ਮੈਡਲ ਦਿੱਤਾ ਜਾਵੇਗਾ

**24 ਅਗਸਤ 2019**

**ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ**

ਨਾਮੀ ਕਬੱਡੀ ਟੀਮਾਂ ਦੇ ਮੁਕਾਬਲੇ ਹੋਣਗੇ

ਪ੍ਰਸਿੱਧ ਗਾਇਕ ਸੁਰਜੀਤ ਖਾਨ ਖੁੱਲ੍ਹਾ ਅਖਾੜਾ ਲਾਉਣਗੇ

ਸੁਰਜੀਤ ਖਾਨ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ

ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ, ਮੁਫਤ ਪਾਰਕਿੰਗ

ਬੀਬੀਆਂ ਲਈ ਫਰੀ ਮਹਿੰਦੀ



ਵਾਲੀਬਾਲ ਦੇ ਇਨਾਮ ਢੀਂਡਸਾ ਪਰਿਵਾਰ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ

ਰੱਸਾਕਸ਼ੀ ਦੇ ਮੁਕਾਬਲੇ ਵੀ ਹੋਣਗੇ

### ਸਾਬਕਾ ਚੇਅਰਮੈਨ



ਗੁਰਬਚਨ ਸਿੰਘ ਪੱਪੂ | ਪਰਮਿੰਦਰ ਸਿੰਘ ਗਰੇਵਾਲ | ਰਣਬੀਰ ਸਿੰਘ ਧਾਲੀਵਾਲ | ਹਰਇੰਦਰਜੀਤ ਧਾਲੀਵਾਲ | ਬਲਦੇਵ ਸਿੰਘ ਸੱਲ੍ਹਾਂ | ਗੁਰਮੀਤ ਸਿੰਘ ਸੱਲ੍ਹਾਂ | ਸਰਬਜੀਤ ਸਿੰਘ ਸੱਲ੍ਹਾਂ | ਦੀਦਾਰ ਸਿੰਘ ਧਨੋਆ | ਅਮਰਜੀਤ ਸਿੰਘ ਢੀਂਡਸਾ

### ਚੇਅਰਮੈਨ ਪ੍ਰਧਾਨ ਮੀਤ ਪ੍ਰਧਾਨ



ਹਰਦੀਪ ਸਿੰਘ ਭੱਟੀ | ਜਿੰਦਰ ਬੈਨੀਪਾਲ | ਕਾਬਲ ਸਿੰਘ ਭੁੱਲਰ

### ਕਲੱਬ ਮੈਂਬਰ



ਬਲਜਿੰਦਰ ਨੀਲੋਂ | ਬਲਜੀਤ ਟਿਵਾਣਾ | ਦੀਪਇੰਦਰ ਵਿਰਕ | ਗਗਨ ਬਾਜਵਾ | ਗੋਲਡੀ ਲਾਲੀ | ਗੋਗਾ ਘੁਮਾਣ | ਸੁਖਰਾਜ ਸਿੰਘ ਤੱਖਰ | ਧਰਮਿੰਦਰ ਜਸਵਾਲ | ਹਨੀ ਖੰਗੂੜਾ



ਹਰਪ੍ਰੀਤ ਗਿੱਲ | ਹਰਬੰਤ ਗਰੇਵਾਲ | ਹਰਜਿੰਦਰ ਸਮਰਾ | ਇੰਦਰਜੀਤ ਸਿੰਘ | ਜਗਜੀਤ ਨਾਹਲ | ਜੰਗੀ ਬੋਲੀਨਾ | ਜਸਪ੍ਰੀਤ ਮਠਾੜੂ | ਜਿੰਦੀ ਖੰਗੂੜਾ | ਜੋਧ ਸਿੰਘ ਸਿੱਧੂ



ਜਸਵਿੰਦਰ ਗਿੱਲ | ਜੱਸੀ ਸਹੋਤਾ | ਜੋਤੀ ਸਹੋਤਾ | ਕਾਲਾ ਪੱਡਾ | ਕਮਲਜੀਤ ਘੁਮਾਣ | ਕੁਲਵਿੰਦਰ ਨੀਲੋਂ | ਲਖਵਿੰਦਰ ਬਿਹਾਰੀਪੁਰੀਆ | ਮਨਜੀਤ ਸਿੰਘ | ਮਨਮੋਹਨ ਸਿੰਘ ਭੱਠਲ



ਮਿੰਦਰ ਭੱਠਲ | ਨੰਨਾ ਸਹੋਤਾ | ਓਂਕਾਰ ਸਹੋਤਾ | ਪਰਮਿੰਦਰ ਸਿੰਘ | ਪਿੰਦੀ ਛੀਨਾ | ਰਾਜਾ ਤੱਲ੍ਹਣ | ਰਾਣਾ ਭੰਡਾਲ | ਰਾਣਾ ਗਾਖਲ | ਹਰਕਮਲਦੀਪ ਸਿੰਘ | ਸ਼ੇਰਾ ਖਾਂਬੜਾ



ਸੁਰਿੰਦਰ ਭੱਟੀ | ਸੋਨੂੰ ਸਹੋਤਾ | ਸੁਰਜੀਤ ਸਿੰਘ ਡੀ ਸੀ | ਵਿੱਕੀ ਸ਼ੰਮੀਪੁਰੀਆ | ਯਾਦਵਿੰਦਰ ਗਿੱਲ | ਜਗਦੀਸ਼ ਸੰਧੂ | ਸੁਖਦੀਪ ਸਿੰਘ | ਗੁਰਪਾਲ ਸੰਧੂ | ਗੁਰਜੀਤ ਸੰਧੂ | ਰਾਜਵੀਰ ਟਾਂਡੀ

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਵਿੱਕੀ ਸ਼ੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਰਾਣਾ ਭੰਡਾਲ 847-778-7519
ਜਿੰਦੀ ਖੰਗੂੜਾ 847-529-1464
ਜੋਧ ਸਿੰਘ ਸਿੱਧੂ 630-669-7175
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਰਾਜਾ ਤੱਲ੍ਹਣ 608-566-6655
ਜੱਸੀ ਗਿੱਲ 773-759-0433

## ਮੁੱਖ ਮਹਿਮਾਨ



ਦਰਸ਼ਨ ਸਿੰਘ ਧਾਲੀਵਾਲ

## ਕਬੱਡੀ ਦਾ ਪਹਿਲਾ ਇਨਾਮ



ਸਵ. ਫੁੰਮਣ ਸਿੰਘ ਟਿਵਾਣਾ | ਸਵ. ਪ੍ਰੇਮ ਸਿੰਘ ਓਬਰਾਏ

ਟਿਵਾਣਾ ਪਰਿਵਾਰ ਅਤੇ ਭੁੱਲਰ ਪਰਿਵਾਰ ਵਲੋਂ ਸਵਰਗਵਾਸੀ ਫੁੰਮਣ ਸਿੰਘ ਟਿਵਾਣਾ ਅਤੇ ਸਵਰਗਵਾਸੀ ਪ੍ਰੇਮ ਸਿੰਘ ਓਬਰਾਏ ਦੀ ਯਾਦ ਵਿਚ ਕਬੱਡੀ ਦਾ ਪਹਿਲਾ ਇਨਾਮ ਦਿਤਾ ਜਾਵੇਗਾ

## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ



ਗੁਰਸਾਹਿਬ ਸਿੰਘ ਤੂਰ | ਗੁਰਦੀਪ ਤੂਰ | ਸਤੀਸ਼ ਭਾਰਦਵਾਜ | ਗੈਰੀ ਤੂਰ

ਕਬੱਡੀ ਦਾ ਦੂਜਾ ਇਨਾਮ ਤੂਰ ਪਰਿਵਾਰ ਅਤੇ ਭਾਰਦਵਾਜ ਪਰਿਵਾਰ ਵਲੋਂ



ਸਵਰਗੀ ਅੰਮ੍ਰਿਤਪਾਲ ਧਾਮੀ | ਸਵਰਗੀ ਗੁਰਪ੍ਰੀਤ ਬੈਂਸ

ਸਵਰਗੀ ਅੰਮ੍ਰਿਤਪਾਲ ਧਾਮੀ ਅਤੇ ਸਵਰਗੀ ਗੁਰਪ੍ਰੀਤ ਬੈਂਸ ਦੀ ਯਾਦ 'ਚ ਧਾਮੀ ਪਰਿਵਾਰ ਵਲੋਂ ਕਬੱਡੀ ਦਾ ਚੌਥਾ ਇਨਾਮ

## ਚੌਥੀ ਟੀਮ ਦੇ ਸਪਾਂਸਰ ਬੱਬੂ ਅਤੇ ਸੰਨੀ ਧਾਮੀ (ਧਾਮੀ ਟਰਾਂਸਪੋਰਟ)

ਬੈਸਟ ਰੇਡਰ ਤੇ ਬੈਸਟ ਸਟਾਪਰ ਦਾ ਇਨਾਮ ਸਮਰਾ ਪਰਿਵਾਰ ਬਿਲੋਇਟ, ਵਿਸਕਾਨਿਸਨ ਵਲੋਂ

**ਬੱਚਿਆਂ ਲਈ ਫਰੀ ਪੀਜ਼ਾ**

ਵਲੋਂ

**Expedited Transport**

ਮਨਮੋਹਨ ਸਿੰਘ ਭੱਠਲ

## ਕਬੱਡੀ ਕੁਮੈਂਟੇਟਰ



ਮੱਖਣ ਅਲੀ | ਕਾਲਾ ਰਸ਼ੀਨ

## ਵਿਸ਼ੇਸ਼ ਮਹਿਮਾਨ



ਬਚਨ ਸਿੰਘ ਗਿੱਲ | ਜਥੇਦਾਰ ਤਾਰਾ ਸਿੰਘ ਸੱਲ੍ਹਾਂ | ਬੱਬੂ ਐਪਲਟਨ | ਸੁਖਵੀਰ ਨਾਰੀਕੇ

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ



ਸਰਪੰਚ ਇੰਦਰ ਸਿੰਘ | ਸੁਖਵਿੰਦਰ ਸਿੰਘ ਘੱਗਰ | ਰਣਦੀਪ ਪਾਲ ਰਿੱਕੂ | ਹਰਜਿੰਦਰ ਸਿੰਘ ਜਿੰਦੀ | ਸਤਪਾਲ ਸੱਤਾ | ਭੁਪਿੰਦਰ ਸਿੰਘ

## ਗੈਸਟ ਆਫ ਆਨਰਜ਼



ਸੰਦੀਪ ਧਾਲੀਵਾਲ *Deputy Sheriff Harris County Sheriffs Office Houston TX.* | ਮਨਪ੍ਰੀਤ ਜਿੰਮੀ ਲਸੋਈ | ਪਰਮਿੰਦਰ ਸਿੰਘ ਗੋਲਡੀ | ਸਤਪਾਲ ਸਿੰਘ ਬੈਂਸ | ਜਸਵਿੰਦਰ ਅਟਵਾਲ | ਸੰਨੀ ਸ਼ੇਰਗਿੱਲ | ਅਵਤਾਰ ਸਿੰਘ | ਸੁੱਖੀ ਸਿੰਘ | ਕਰਨੈਲ ਸਿੰਘ ਮਿਆਣੀ | ਸੋਨੀ ਹਿਊਸਟਨ | ਸਤੀਸ਼ ਖਟਾਣਾ | ਲਖਵੀਰ ਸਿੰਘ ਭੁੱਲਰ | ਪਾਲ ਸਿੰਘ ਖਲੀਲ | ਜੇ. ਪੀ. ਖਹਿਰਾ

## ਗੋਲਡ ਸਪਾਂਸਰ



ਗੁਰਚਰਨ ਸਿੰਘ ਝੱਜ | ਹਰਕਿਸ਼ਨ ਸਿੰਘ ਭੱਟੀ | ਜੈਦੇਵ ਸਿੰਘ ਭੱਠਲ | ਲਖਵੀਰ ਸਿੰਘ ਸਹੋਤਾ | ਸਵਰਨ ਸਿੰਘ ਸੇਖੋਂ | ਬਿਕਰਮ ਸਿੱਧੂ | ਚਰਨ ਸਿੰਘ ਛੀਨਾ | ਬਲਵਿੰਦਰ ਸਿੰਘ | ਪਰਸਨ ਸਿੰਘ ਮਾਨ | ਕੁਲਵਿੰਦਰ ਮਾਨ ਅਤੇ ਸੁੱਖੀ ਮਾਨ | ਰਛਪਾਲ ਖੰਗੂੜਾ | ਗੁਰਿੰਦਰ ਸਿੰਘ ਖਾਲਸਾ



ਲਖਵੀਰ ਢੀਂਡਸਾ | ਰਿੰਪੀ ਖੱਟੜਾ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਸਰਬਜੀਤ ਸਿੰਘ ਸਿੱਧੂ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਮਨਦੀਪ ਸਿੰਘ ਭੁਰਾ | ਰਾਜਿੰਦਰ ਸਿੰਘ ਬੈਂਸ | ਸਤਵਿੰਦਰ ਸੱਤਾ | ਲਵ ਮਿਨਹਾਸ | ਰਾਣਾ ਸਿੰਘ ਵਿਰਕ



ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਅਹੁਦੇਦਾਰ | ਸੰਤੋਖ ਸਿੰਘ ਡੀ. ਸੀ. | ਪਰਮਿੰਦਰ ਵਾਲੀਆ | ਤਾਲੀ ਭੱਠਲ | ਚਰਨਜੀਤ ਸਮਰਾ | ਰਵੀ ਹੰਝਰਾ | ਬੱਬੂ ਧਾਮੀ | ਸਨੀ ਧਾਮੀ | ਗੁਰਲਾਲ ਸਿੰਘ ਭੱਠਲ | ਅਮਰੀਕ ਸਿੰਘ ਸ਼ਿਕਾਗੋ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੰਘ ਸਿੱਧੂ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸਿਲਵਰ ਸਪਾਂਸਰ



ਹਰਜਿੰਦਰ ਸਿੰਘ ਓਹਾਇਓ | ਅਜੈਬ ਸਿੰਘ ਸੰਧੂ | ਜਸਪਾਲ ਅਟਵਾਲ | ਮਨਜੀਤ ਮੱਟੂ | ਖੜਕ ਸਿੰਘ | ਸੰਦੀਪ ਸਹੋਤਾ | ਕੁਮਾਰ (ਮੁੰਨਾ ਟਰੱਕ ਰਿਪੇਅਰ) | ਸ਼ਿੰਦਾ ਮੱਲ੍ਹੀ | ਰਣਜੀਤ ਸਿੰਘ ਬਾਜਵਾ | ਲੱਕੀ ਸਪਰਾ ਕੈਲੀਫੋਰਨੀਆ



ਪਾਖਰ ਸਿੰਘ ਸਿੱਧੂ | ਲਾਲੀ ਸਿੱਧੂ | ਕੁਲਵੰਤ ਢਿੱਲੋਂ | ਸੁੱਖ ਬਾਬਾ | ਪਰਮਜੀਤ ਮਹਿਰਾਜ | ਕੰਵਰਵੀਰ ਸਿੰਘ ਕੇਪੀ | ਗੁਰਦੇਵ ਸਿੰਘ ਜੌੜਾ | ਮਨਵੀਰ ਸਿੰਘ | ਦੀਪੂ ਟੋਰਾਂਟੋ | ਜੱਗੀ ਟਿਵਾਣਾ | ਕਿੰਦਾ ਟਿਵਾਣਾ



ਕੁਲਵਿੰਦਰ ਗਿੱਲ | ਮਨਜਿੰਦਰ ਬੈਨੀਪਾਲ | ਸੁਖਬੀਰ ਸੋਹੀ | ਅਜੀਤਪਾਲ ਸਿੰਘ ਬੈਨੀਪਾਲ | ਸੁਖਜਿੰਦਰ ਸਿੰਘ ਰਾਜਾ | ਪਵਨਜੀਤ ਸਿੰਘ ਠਾਕਰੀ | ਮਹਿੰਦਰ ਸਿੰਘ ਮਿਆਣੀ | ਮਸਤਾਨ ਸਿੰਘ | ਅੰਮ੍ਰਿਤਪਾਲ ਸਿੰਘ ਸੱਲ੍ਹਾਂ | ਹਰਪਾਲ (ਰਾਜ) ਸਿੰਘ



ਭਿੰਦਰ ਪੰਮਾ | ਹਰਭਜਨ ਸਿੰਘ ਚਾਹਲ | ਆਗਿਆਪਾਲ ਚਾਹਲ | ਸੁਖਵੰਤ ਪਹਿਲਵਾਨ | ਲੱਕੀ ਸਿੰਘ ਮਿਲਵਾਕੀ | ਬਲਜਿੰਦਰ ਲਾਲੀ | ਨਾਗਰਾ ਭੈਣ-ਭਰਾ | ਕੁਲਵਿੰਦਰ ਬੱਬੀ | ਪ੍ਰਿਥਪਾਲ ਘੋਤੜਾ | ਦਰਸ਼ਨ ਸਿੰਘ ਦਰੜ | ਬਲਵਿੰਦਰ ਸਿੰਘ ਨਿੱਕ



ਸੁਖਵੀਰ ਸਿੰਘ ਗਿੱਲ | ਬਲਵੀਰ ਸਿੰਘ ਝਾਵਰ | ਲਖਵੰਤ ਸਿੰਘ ਕੋਮਲ | ਗਗਨਦੀਪ ਸਿੰਘ | ਕਿਰਪਾਲ ਸਿੰਘ | ਰਵਿੰਦਰ ਰਵੀ | ਗਗਨਦੀਪ ਰੰਧਾਵਾ | ਗੁਰਦੀਪ ਕਾਹਲੋਂ | ਭੁਪਿੰਦਰ ਸਿੰਘ ਧਾਲੀਵਾਲ | ਤੇਜਵੀਰ ਸੰਧੂ | ਪੁਸ਼ਪਿੰਦਰ ਪੁਨੀਆ



ਗੁਰਮੇਲ ਸਿੰਘ ਅਟਵਾਲ | ਖੇਮ ਸਿੰਘ ਵਿਰਕ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਬਸਰਾਓਂ | ਮੋਹਿਤ ਵੇਦ | ਦੀਪਕ ਵੇਦ | ਪ੍ਰਿੰਸ ਵੇਦ | ਸ਼ਿਵਮ ਵੇਦ | ਕੀਪਾ ਟਾਂਡਾ | ਸੋਨੀ ਸਹੋਤਾ, ਸਿਆਟਲ | ਟੋਨੀ ਸੰਘੇੜਾ



ਮਨਜੀਤ ਸਿੰਘ | ਗੁਰੀ ਮਿਲਵਾਕੀ | ਸੁਖਦੀਪ ਗੁੱਗੂ | ਬਲਕਾਰ ਢਿੱਲੋਂ | ਬਿੰਦਾ ਔਜਲਾ | ਹਰਿੰਦਰ ਸਿੱਧੂ | ਮਨਦੀਪ ਸਿੰਘ | ਮੌਂਟੀ ਸਿੰਘ | ਰਾਣਾ ਆਨੰਦਪੁਰ ਸਾਹਿਬ | ਰੌਬੀ ਸੂਟਰ | ਸ਼ਰਨ ਸੰਘਾ | ਸ਼ਰਨਪ੍ਰੀਤ ਸਿੰਘ | ਸੁੱਖਾ ਰਮੀਦੀ



ਗਰੇਵਾਲ ਭਰਾ | ਅੰਮ੍ਰਿਤਪਾਲ ਸਿੰਘ ਸੰਘਾ | ਗੁਰਮੁਖ ਸਿੰਘ | ਚੰਨਾ ਧੰਮ (ਵੰਡਾਲੀਆ) | ਹਰਿੰਦਰ ਸਿੰਘ ਰਾਣਾ

**ਸਹਿਯੋਗੀ ਸੱਜਣ:** ਸੁਭਾਸ਼ ਸਿੰਘ, ਅਮਰੀਕਪਾਲ ਸਿੰਘ, ਗੁਰਮੀਤ ਸਿੰਘ, ਗੁਰਮੀਤ ਕਲਸੀ, ਪਰਦੀਪ ਸਿੰਘ, ਹਰਜਿੰਦਰ ਸਿੰਘ, ਅਨਮੋਲਪ੍ਰੀਤ ਸਿੰਘ, ਪਾਲ ਧਾਲੀਵਾਲ, ਤਰਲੋਚਨ ਸਿੰਘ ਗਿੱਲ, ਸਤਨਾਮ ਸਿੰਘ ਸੰਧੂ, ਰਾਜਾ ਵਿਰਕ, ਗੁਰਬਚਨ ਸਿੰਘ, ਕੁਲਵੰਤ ਸਿੰਘ ਨਾਗਰਾ, ਹਰਪਾਲ ਸਿੰਘ ਗਿੱਲ, ਗੁਰਚਰਨ ਸਿੰਘ ਗਿੱਲ, ਸਤਨਾਮ ਸਿੰਘ (ਹੰਟਲੀ), ਜਗਤਾਰ ਸਿੰਘ ਸੈਣੀ, ਹਰਵਿੰਦਰਪਾਲ ਸਿੰਘ ਲੈਲ, ਚਿਤਵੰਤ ਸਿੰਘ, ਗੁਰਮਿੰਦਰ ਸਿੰਘ ਪੰਧੇਰ, ਸਤਵੰਤ ਸਿੰਘ ਅਟਵਾਲ, ਜਗਦੀਪ ਵਿਨੀਪੈਗ; ਟੋਰਾਂਟੋ ਤੋਂ ਹਨੀ ਵਿਰਕ, ਜੋਤੀ ਢਿੱਲੋਂ, ਹਰਵਿੰਦਰ ਕੰਗ, ਨਿਰਮਲ ਬਰਾੜ, ਕਾਕਾ ਚਾਹਲ, ਬਿੱਲਾ ਸਿੱਧੂ ਤੇ ਕਿਰਨਾ ਢਿੱਲੋਂ; ਹਰਜਿੰਦਰ ਸਿੰਘ ਲੱਧਰ, ਸੰਨੀ ਸ਼ਿਕਾਗੋ, ਦੀਪੂ, ਪਰਮਿੰਦਰ ਸਿੰਘ, ਰਣਵੀਰ ਸਿੰਘ, ਜਸ਼ਨਵੀਰ ਸਿੰਘ ਢਿੱਲੋਂ, ਬਾਈ ਗੁਰਮੀਤ ਸਿੰਘ ਨਾਗਰਾ, ਹਰਦੀਪ ਸਹੋਤਾ।

# Shere Punjab Sports and Cultural Club, Chicago

## ਸਿਲਵਰ ਸਪਾਂਸਰ



ਅਮਨਦੀਪ ਹੁੰਦਲ | ਸ. ਚਰਨ ਸਿੰਘ ਨਾਗਰਾ | ਬਚਿੱਤਰ ਸਿੰਘ | ਰਾਣਾ ਸੇਖੋਂ | ਪੱਪੂ ਫੋਰਟਵੇਨ | ਬਿਕਰਮ ਸੋਹੀ | ਕਮਲਦੀਪ ਸਿੰਘ ਸੰਘਾ | ਅਜੁਧਿਆ ਸਲਵਾਨ | ਪਰਦੀਪ ਸਿੰਘ | ਜੈਸੀ ਸਿੰਘ



ਲਾਲੀ ਟਿਵਾਣਾ | ਸੋਨੂੰ ਤੇ ਸੁੱਚਾ ਟਿਵਾਣਾ | ਮਿੱਤਾ ਸਮਾਣਾ | ਰਾਜਿੰਦਰ ਸਿੰਘ ਸੋਨੂੰ | ਜੱਸੀ ਧਾਲੀਵਾਲ | ਡਾ. ਵਿਕਰਮ ਸਿੰਘ ਗਿੱਲ | ਗੁਰਪ੍ਰੀਤ ਸਿੱਧੂ | ਸੋਨੀ ਔਜਲਾ | ਗੁਰਚਰਨ ਝਾਵਰ | ਗੁਰਮੁਖ ਸਿੰਘ ਭੁੱਲਰ



ਮਨਦੀਪ ਸਿੰਘ ਛੀਨਾ | ਮੁਕੰਦ ਸਿੰਘ ਮਾਂਗਟ | ਮਨਰਾਜ ਨੋਨਾ | ਪਲਵਿੰਦਰ ਸਿੰਘ ਬਾਠ | ਪਾਲੀ ਧਾਲੀਵਾਲ | ਡਾ. ਹਰਜਿੰਦਰ ਸਿੰਘ ਖਹਿਰਾ | ਹੈਪੀ ਸਿੰਘ ਹੀਰ | ਨਰਿੰਦਰ ਸਿੰਘ ਸਰਾਂ | ਜਸਕਰਨ ਸਿੰਘ ਧਾਲੀਵਾਲ | ਰਜਿੰਦਰ ਸਿੰਘ ਦਿਆਲ | ਹਰਵਿੰਦਰ ਸਿੰਘ ਬਿੱਲਾ



ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਹਰਜੀਤ ਸਿੰਘ ਗਿੱਲ | ਜੈਰਾਮ ਸਿੰਘ ਕਾਹਲੋਂ | ਜਗਜੀਤ ਸਿੰਘ ਢੀਂਡਸਾ | ਗੁਰਦਿਆਲ ਸਿੰਘ ਬਸਰਾਨ | ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਹਰਦੀਪ ਸਿੰਘ ਗਿੱਲ | ਰਾਜ ਬੋਪਾਰਾਏ | ਗੁਲਜ਼ਾਰ ਵਿਰਕ



ਹਰਵੀਰ ਵਿਰਕ | ਬਲਵਿੰਦਰ ਸਿੰਘ ਵਿਰਕ | ਜੱਸੀ ਖਹਿਰਾ | ਗੁਰਪ੍ਰੀਤ ਤੂਰ | ਜਸਵਿੰਦਰ ਸਿੰਘ ਪੁਰੇਵਾਲ | ਮੇਜਰ ਸਿੰਘ ਹਿਊਸਟਨ | ਦੀਪਕ ਸਿੰਘ ਰਾਏ | ਚਰਨਦੀਪ ਮਾਨ | ਸੋਨੂੰ ਮਿਸ਼ੀਗਨ | ਕੁਲਵੰਤ ਸਿੰਘ | ਗੁਰਪ੍ਰੀਤ ਸਿੰਘ ਗੇਹਲਣ



ਹਰਜੀਤ ਸਿੰਘ | ਬੱਲ ਭਰਾ-ਕੈਨੇਡਾ | ਤਾਰੀ | ਦਰਸ਼ਨ ਸਿੰਘ | ਬਾਬ ਹੁੰਦਲ | ਸਨੀ ਕੁਲਾਰ | ਰੰਮੀ ਗਰੇਵਾਲ | ਡਾ. ਪਰਦੀਪ ਸਿੰਘ ਗਿੱਲ | ਸੁਰਿੰਦਰ ਸਿੰਘ ਭਾਟੀਆ



ਇਸ਼ਾਨ ਸੈਣੀ | ਸੰਦੀਪ ਗੁਰਨਾ | ਬਰੈਟੀ ਗਿੱਲ | ਮੋਹਣਾ ਜੋਧਾਂ | ਮਨਜਿੰਦਰ ਮੰਨਾ | ਹਰਜਸ ਸੋਮਲ | ਗੁਰਪ੍ਰੀਤ ਗੁਰੀ | ਸਤਨਾਮ ਸਿੱਧੂ | ਦਮਨਦੀਪ ਵਿਰਕ | ਸਵ. ਪ੍ਰਿਤਪਾਲ ਸਿੰਘ ਗਿੱਲ ਅਤੇ ਸ. ਰਣਧੀਰ ਸਿੰਘ ਵਿਰਕ

TAJ HOME GROUP
@properties
Jesse Singh
Broker/Realtor
RE/MAX COMMERCIAL
SWERA
SIKH WOMEN ERA
Solutions Financial
Mortgage Company
Regal Jewels
Ph: 773-262-4377
www.RegalJewels.Com

ਗੁਰਦੁਆਰਾ ਦੀਵਾਨ ਐਵੇਨਿਊ, ਸ਼ਿਕਾਗੋ ਵਲੋਂ ਵਿਸ਼ੇਸ਼ ਸਹਿਯੋਗ

ਕਲਾ ਪਰਿਕਰਮਾ

# ਬਾਗਾਂ ਵਿਚ ਬੋਲਣ ਮੋਰ ਵੇ

ਪਰਮਜੀਤ ਕੌਰ ਸਰਹਿੰਦ
ਫੋਨ: +91-98728-98599

ਸਾਉਣ ਦੇ ਮਹੀਨੇ ਅਖਬਾਰਾਂ ਵਿਚ ਤੀਆਂ ਦੇ ਚਰਚੇ ਹੁੰਦੇ ਹਨ। ਲਿਖਿਆ ਜਾਂਦਾ ਹੈ- ਸਾਉਣ ਦੇ ਮਹੀਨੇ ਕੁੜੀਆਂ ਪੇਕੇ ਆਉਂਦੀਆਂ ਹਨ ਤੇ ਕੁਆਰੀਆਂ-ਵਿਆਹੀਆਂ ਰਲ-ਮਿਲ ਪੀਂਘਾਂ ਝੂਟਦੀਆਂ ਤੇ ਗਿੱਧਾ ਪਾਉਂਦੀਆਂ ਹਨ। ਗਿੱਧੇ ਦਾ ਨਜ਼ਾਰਾ ਪੇਸ਼ ਕਰਦੀ ਤਸਵੀਰ ਛਾਪ ਕੇ ਉਹੋ ਘਸੀਆਂ-ਪਿਟੀਆਂ ਬੋਲੀਆਂ ਵੀ ਲਿਖੀਆਂ ਹੁੰਦੀਆਂ ਹਨ ਪਰ ਅੱਜ ਦੀ ਹਕੀਕਤ ਕੀ ਹੈ, ਇਹ ਨਹੀਂ ਲਿਖਿਆ ਜਾਂਦਾ। ਇਹ ਧਮਾਲਾਂ ਪਾਉਂਦੀਆਂ ਤੀਆਂ ਤਾਂ ਹੁਣ ਸੁਪਨਾ ਬਣ ਕੇ ਰਹਿ ਗਈਆਂ ਹਨ।



ਉਹ ਰੰਗਲੇ ਦਿਨ ਤਾਂ ਬਹੁਤ ਪਿੱਛੇ ਰਹਿ ਗਏ ਹਨ ਪਰ ਸਾਡਾ ਸਭਿਆਚਾਰ ਅਜਿਹਾ ਹੈ ਜੋ ਭੁਲਾਇਆ ਨਹੀਂ ਭੁੱਲਦਾ। ਤੀਆਂ ਦੇ ਦਿਨੀਂ ਵਿਆਹੀਆਂ ਕੁੜੀਆਂ ਵੀ ਪੇਕੇ ਆਈਆਂ ਹੁੰਦੀਆਂ ਸਨ ਤੇ ਖੂਬ ਰੌਣਕ ਹੁੰਦੀ। ਅੱਜ ਵੀ ਰੌਣਕ ਭਰੇ ਦਿਨਾਂ ਦੀ ਗੱਲ ਕਰਦਿਆਂ ਆਖ ਦਿੱਤਾ ਜਾਂਦਾ ਹੈ ਕਿ 'ਤੀਆਂ ਵਰਗੇ ਦਿਨ ਲੰਘਦੇ ਨੇ'। ਹੌਲੀ-ਹੌਲੀ ਤੀਆਂ ਦਾ ਰੰਗ ਫਿੱਕਾ ਪੈਂਦਾ ਗਿਆ। ਡੂੰਘੇ ਮੋਹ-ਪਿਆਰ ਘਟਦੇ ਗਏ। ਮਸ਼ੀਨੀ ਯੁੱਗ ਵਿਚ ਲੋਕ ਮਸ਼ੀਨਾਂ ਬਣ ਕੇ ਰਹਿ ਗਏ ਤੇ ਤੀਆਂ ਪਿੰਡਾਂ ਵਿਚੋਂ ਨਿਕਲ ਕੇ ਅਖਬਾਰ ਦੇ ਪੰਨੇ ਅਤੇ ਸਟੇਜ ਉਤੇ ਜਾਂ ਫਿਰ ਟੀ.ਵੀ. 'ਤੇ ਆ ਗਈਆਂ।

ਕਿੰਨੇ ਹੀ ਸਾਲਾਂ ਤੋਂ ਪਿੰਡਾਂ ਵਿਚ ਜਾਂ ਸ਼ਹਿਰਾਂ ਵਿਚ ਨਾ ਪੀਘਾਂ, ਨਾ ਗਿੱਧੇ ਦੇਖਣ ਨੂੰ ਮਿਲਦੇ ਹਨ, ਦਿਸਦੀ ਹੈ ਤਾਂ 'ਬਿਊਟੀ ਪਾਰਲਰਾਂ' ਉਤੇ ਲੱਗੀ ਮਹਿੰਦੀ ਲਵਾਉਣ ਵਾਲੀਆਂ ਦੀ ਭੀੜ, 'ਮੇਕ-ਅੱਪ' ਕਰਵਾਉਣ ਵਾਲੀਆਂ ਦੀ ਭੀੜ ਜਿਨ੍ਹਾਂ ਨੇ ਸਟੇਜ ਉਤੇ ਤੀਆਂ ਲਾਉਣੀਆਂ ਹੁੰਦੀਆਂ ਹਨ ਜਾਂ ਫਿਰ ਕੁਝ ਰੀਸੋ-ਰੀਸੀ ਇਹ ਅਡੰਬਰ ਰਚਦੀਆਂ ਹਨ। ਕਈ ਵਾਰ ਪਿੰਡ ਜਾਂਦੇ ਹਾਂ ਜਾਂ ਪਿੰਡਾਂ ਵਿਚੋਂ ਲੰਘਦੇ ਹਾਂ ਤਾਂ ਕਿਤੇ ਵੀ ਉਹ ਪਹਿਲਾਂ ਵਾਲੇ ਤੀਆਂ ਦੇ ਨਜ਼ਾਰੇ ਦੇਖਣ ਨੂੰ ਨਹੀਂ ਮਿਲਦੇ। ਬਸ! ਕਿਸੇ ਘਰ ਦੇ ਅੱਗੇ ਦਰੱਖਤ ਉਤੇ ਛੋਟੇ-ਛੋਟੇ ਬੱਚੇ ਜ਼ਰੂਰ ਪੀਂਘਾਂ ਝੂਟ ਰਹੇ ਹੁੰਦੇ ਹਨ। ਜਦੋਂ ਜਾਂਦੇ ਹਾਂ ਤਾਂ ਕਦੇ ਕੋਈ ਬਚਪਨ ਦੀ ਸਹੇਲੀ ਨਹੀਂ ਮਿਲਦੀ, ਕਿਸੇ ਕੋਲ ਐਨਾ ਸਮਾਂ ਹੀ ਨਹੀਂ ਹੈ। ਕੋਈ ਕਿਸੇ ਨੂੰ ਪਿੰਡ ਤੀਆਂ 'ਤੇ ਆ ਕੇ ਮਿਲਣ ਨੂੰ ਸੁਨੇਹੇ ਨਹੀਂ ਘੱਲਦੀ।

ਅਜੋਕੇ ਸਮੇਂ ਤੀਆਂ ਸਟੇਜਾਂ ਉਤੇ ਜ਼ਰੂਰ ਭਰਦੀਆਂ ਹਨ, ਟੀ.ਵੀ. ਉਤੇ ਜ਼ਰੂਰ ਧਮਾਲਾਂ ਪਾਉਂਦੀਆਂ ਹਨ ਪਰ ਕੀ ਇਨ੍ਹਾਂ ਤੀਆਂ ਵਿਚ ਉਹ ਰੰਗ ਵਰਸਦਾ ਹੈ ਜੋ ਖੁੱਲ੍ਹ-ਦਿਲੀਆਂ ਪੇਂਡੂ ਮੁਟਿਆਰਾਂ ਦੇ ਪਿੰਡ ਦੀਆਂ ਤੀਆਂ ਦੇ ਗਿੱਧੇ ਵਿਚ ਧਮਾਲਾਂ ਨਾਲ ਵਰਸਦਾ ਸੀ? ਇਨ੍ਹਾਂ ਵਿਚ ਤਾਂ ਬਣਾਉਟੀਪਣ ਹੋਰ ਵੀ ਉਘੜਦਾ ਹੈ। ਮਣਾਂ ਮੂੰਹੀਂ ਨਹੀਂ ਤਾਂ ਸੇਰਾਂ ਮੂੰਹੀਂ ਗਹਿਣੇ ਤਾਂ ਇਨ੍ਹਾਂ 'ਸਟੇਜੀ' ਮੁਟਿਆਰਾਂ ਨੇ ਜ਼ਰੂਰ ਪਾਏ ਹੁੰਦੇ ਹਨ। ਲੋਹੜੇ ਦੇ ਭੜਕੀਲੇ ਰੰਗਾਂ ਦੇ ਘੱਗਰੇ-ਕੁੜਤੀਆਂ ਤੇ ਦੁਪੱਟੇ ਪਹਿਨੇ-ਲਏ ਹੁੰਦੇ ਹਨ ਪਰ ਕੀ ਸਾਡੀਆਂ ਪੇਂਡੂ ਮੁਟਿਆਰਾਂ ਇਸ ਤਰ੍ਹਾਂ ਦੇ ਹਾਰ-ਸ਼ਿੰਗਾਰ ਤੇ ਭੜਕੀਲੇ ਕੱਪੜੇ ਪਹਿਨ ਕੇ ਪੇਕੇ ਪਿੰਡ ਤੀਆਂ ਮਨਾਉਂਦੀਆਂ ਤੇ ਗਿੱਧਾ ਪਾਉਂਦੀਆਂ ਸਨ? ਸਾਡੀਆਂ ਪੇਂਡੂ ਧੀਆਂ-ਭੈਣਾਂ ਸਦਾ ਹੀ ਸਾਦਗੀ ਨਾਲ ਵਿਚਰਦੀਆਂ ਸਨ। ਉਹ ਕੱਪੜੇ-ਗਹਿਣਿਆਂ ਦੀ ਕੋਈ ਨੁਮਾਇਸ਼ ਨਹੀਂ ਸਨ ਲਾਉਂਦੀਆਂ, ਉਹ ਤਾਂ 'ਸਹੁਰੇ ਕੈਦ ਕੱਟੀ ਨਾ ਚੋਰੀ ਨਾ ਡਾਕਾ' ਵਰਗੇ ਮਾਹੌਲ ਵਿਚੋਂ ਨਿਕਲ ਕੇ ਮਸਾਂ ਚਾਰ ਦਿਨ ਹੱਸਣ-ਖੇਡਣ ਮਾਪਿਆਂ ਨੂੰ ਮਿਲਣ ਆਉਣ ਦਾ ਬਹਾਨਾ ਜਾਂ ਸਬੱਬ ਤੀਆਂ ਨੂੰ ਬਣਾ ਲੈਂਦੀਆਂ ਸਨ। ਬੋਲੀਆਂ ਪਾਉਂਦੀਆਂ:

ਵੇ ਨਾ ਝਿੜਕੀਂ ਵੇ ਚਾਚਾ
ਦੋ ਦਿਨ ਕੁੜੀਆਂ ਦਾ ਤਮਾਸ਼ਾ
ਵੇ ਨਾ ਝਿੜਕੀਂ ਵੇ ਤਾਇਆ
ਇਹ ਦਿਨ ਮਸਾਂ-ਮਸਾਂ ਨੂੰ ਆਇਆ
ਵੇ ਨਾ ਝਿੜਕੀਂ ਵੇ ਵੀਰਾ
ਦੋ ਦਿਨ ਕੁੜੀਆਂ ਵੇ ਵੀਰਾ



ਸਟੇਜ 'ਤੇ ਸਾਲਾਂ ਪੁਰਾਣੀ ਬੋਲੀ ਵੀ ਪੈਂਦੀ ਹੈ:

ਸਾਉਣ ਦਾ ਮਹੀਨਾ ਬਾਗਾਂ ਵਿਚ ਕੂਕਣ ਮੋਰ ਵੇ
ਜਾਹ, ਮੈਂ ਨਹੀਂ ਸਹੁਰੇ ਜਾਣਾ ਗੱਡੀ ਨੂੰ ਖਾਲੀ ਮੋੜ ਵੇ

ਪਰ ਇਹ ਬੋਲੀ ਉਸ ਪੇਂਡੂ ਅੱਲ੍ਹੜ ਮੁਟਿਆਰ ਦੇ ਬੋਲਾਂ ਵਾਲਾ ਅਸਰ ਨਹੀਂ ਰੱਖਦੀ ਜਿਸ ਨੂੰ ਕੈਂਠੇ ਵਾਲਾ ਪ੍ਰਾਹੁਣਾ ਲੈਣ ਆਉਂਦਾ ਸੀ। ਸਾਡੀਆਂ ਪੇਂਡੂ ਤੀਆਂ ਦੀ ਇਸ ਬੋਲੀ ਦੀ ਅੱਜ ਕੀ ਅਹਿਮੀਅਤ ਹੈ- 'ਬੱਲੀਏ ਨੀ ਗੱਡੀ ਵਿਚੋਂ ਲੱਤ ਲਮਕੇ, ਗੋਰੇ ਪੈਰ ਸਲੀਪਰ ਕਾਲੇ'; ਕਿਉਂਕਿ ਗੱਡੀ ਵਿਚ ਸਾਡੀ ਉਹ ਅੱਲ੍ਹੜ ਮੁਟਿਆਰ ਨਹੀਂ ਜਿਹੜੀ ਸਹੁਰੇ ਜਾਣ ਲੱਗੀ ਮਾਂ ਨੂੰ ਮਿਲ ਕੇ ਰੋ-ਰੋ ਕੇ ਚੁਬਾਰੇ ਦੀਆਂ ਕੰਧਾਂ ਹਿਲਾ ਦਿੰਦੀ ਸੀ। ਜਿਹੜੀ ਭੈਣਾਂ-ਭਰਜਾਈਆਂ ਤੇ ਭਾਈ-ਭਤੀਜਿਆਂ ਦੇ ਗੱਲ ਲੱਗ ਕੇ ਧਾਹੀਂ ਰੋਂਦੀ ਸੀ, ਕਿਉਂਕਿ ਸਾਲ-ਛਿਮਾਹੀ ਮਿਲਣ ਦਾ ਕੋਈ ਸਬੱਬ ਨਹੀਂ ਸੀ ਹੁੰਦਾ। ਸਟੇਜੀ ਤੀਆਂ ਵਿਚ ਤਾਂ ਫੁੱਲਾਂ-ਫੁਲਕਾਰੀਆਂ ਨਾਲ ਸ਼ਿੰਗਾਰੇ ਰੱਥ ਜਾਂ ਰੱਥ-ਗੱਡੀ ਵਿਚ ਵੀ ਕਿਸੇ ਮੰਤਰੀ, ਵਿਧਾਇਕ ਜਾਂ ਵੱਡੇ ਸਰਕਾਰੀ ਅਫ਼ਸਰ ਦੀ ਪਤਨੀ ਹੀ ਆਉਂਦੀ ਹੈ, ਆਪਣੀ ਕਿੱਟੀ ਪਾਰਟੀ ਵਾਲੀਆਂ ਸਹੇਲੀਆਂ ਨਾਲ ਤੇ ਗੰਨਮੈਨ ਇਨ੍ਹਾਂ ਦੇ ਨਾਲ ਵੀ ਹੁੰਦੇ ਹਨ। ਗੱਡੀ ਵਿਚੋਂ ਲੱਤ ਤਾਂ ਕੀ, ਸਾੜ੍ਹੀ ਦਾ ਪੱਲਾ ਜਾਂ ਚੁੰਨੀ ਦਾ ਲੜ ਵੀ ਬਾਹਰ ਝਾਕ ਜਾਵੇ, ਕੀ ਮਜਾਲ ਹੈ? ਏ.ਸੀ. ਵਾਲੀ ਗੱਡੀ ਬੰਦ ਹੁੰਦੀ ਹੈ। ਉਹ ਕੋਈ ਰੋ-ਰੋ ਕੇ ਕਮਲੀ ਹੋਈ ਕੁੜੀ ਥੋੜ੍ਹਾ ਹੈ ਜਿਸ ਨੂੰ ਮਾਪਿਆਂ ਤੇ ਭੈਣਾਂ-ਭਰਾਵਾਂ ਤੋਂ ਵਿਛੜਦਿਆਂ ਆਪੇ ਦੀ ਸੁਰਤ ਵੀ ਨਹੀਂ ਰਹਿੰਦੀ। ਇਹ ਸਟੇਜੀ ਤੀਆਂ ਵਾਲੀਆਂ ਸਖੀਆਂ ਉਹ ਸਖੀਆਂ ਕਿਵੇਂ ਵੀ ਨਹੀਂ ਹੋ ਸਕਦੀਆਂ ਜਿਨ੍ਹਾਂ ਕੋਲ ਤੀਆਂ ਦੇ ਗਿੱਧੇ ਵਿਚ ਦਿਲ ਦੇ ਗੁਬਾਰ ਕੱਢੇ ਜਾਣ। ਜਿਨ੍ਹਾਂ ਕੋਲ ਸੱਸ ਦਾ ਕਚੀਰਾ ਕੀਤਾ ਜਾਵੇ, ਨਖਰੇ ਪਿੱਟੀ ਨਣਦ ਦੀ ਗੱਲ ਕੀਤੀ ਜਾਵੇ ਜਾਂ ਚੌਧਰ ਕਰਦੀ ਜਠਾਣੀ ਦੇ ਦੁੱਖ ਰੋਏ ਜਾਣ ਜਾਂ ਫਿਰ ਸਹੁਰੇ ਤੇ ਜੇਠ ਤੋਂ ਘੁੰਡ ਕੱਢਣ ਦੀ ਔਖ ਦੇ ਹੱਲ ਲੱਭੇ ਜਾਣ ਤੇ ਜਾਂ ਫਿਰ ਸਭ ਤੋਂ ਵੱਡਾ ਦੁੱਖ ਅਣਜੋੜ ਵਰ ਦਾ ਰੋਇਆ ਜਾਵੇ। ਮਾਡਰਨ ਤੀਆਂ ਵਿਚ ਗੱਲਾਂ ਹੁੰਦੀਆਂ ਹਨ ਸੂਟਾਂ-ਸਾੜ੍ਹੀਆਂ ਦੀਆਂ, ਨਾਲ ਹੀ ਸੈਂਡਲ-ਸਲੀਪਰ ਦੇ ਵਧੀਆ ਮੈਚ ਦੀਆਂ, ਡਾਇਮੰਡ ਦੇ ਵਧੀਆ ਸੈੱਟ ਦੀਆਂ ਜਾਂ ਚੰਗੇ ਬਿਊਟੀ ਪਾਰਲਰ ਦੇ ਐਡਰੈੱਸ ਦੀਆਂ।

ਪੇਂਡੂ ਤੇ ਪੁਰਾਤਨ ਤੀਆਂ ਵਿਚ ਅਧੂਰੀਆਂ ਹਸਰਤਾਂ ਦੀ ਗੱਲ ਹੁੰਦੀ ਸੀ। ਸੱਸ ਦੇ ਡਰੋਂ ਸੂਫ ਦੀ ਸੁੱਥਣ ਪਾਉਣ ਨੂੰ ਤਰਸਦੀਆਂ ਕੁੜੀਆਂ ਇਥੇ ਹੀ ਕਹਿੰਦੀਆਂ:

ਸੁੱਥਣੇ ਸੂਫ ਦੀਏ,
ਤੈਨੂੰ ਸੱਸ ਮਰੀ ਤੇ ਪਾਵਾਂ

ਇਥੇ ਹੀ ਨਣਦ ਦੀ ਸਰਦਾਰੀ ਨੂੰ ਕੋਸਿਆ ਜਾਂਦਾ:

ਉਹ ਘਰ ਨਹੀਂ ਵੱਸਦੇ
ਜਿਥੇ ਨਣਦਾਂ ਦੀ ਸਰਦਾਰੀ

ਕੋਈ ਅਣਜੋੜ ਵਰ ਦਾ ਦੁੱਖ ਰੋਂਦੀ:

ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ
ਵਿਆਹ ਕੇ ਲੈ ਗਿਆ ਤੂਤ ਦੀ ਛਟੀ

ਸਟੇਜੀ ਜਾਂ ਅਜੋਕੀਆਂ ਤੀਆਂ ਤੇ ਅਸਲੀ ਜਾਂ ਪੁਰਾਤਨ ਤੀਆਂ ਦੇ ਫਰਕ ਨੂੰ ਉਹੋ ਹੀ ਮਨ ਸਮਝ ਸਕਦਾ ਹੈ ਜਿਸ ਨੇ ਇਹ ਦੇਖੀਆਂ-ਮਾਣੀਆਂ ਹੋਣ। ਪੇਂਡੂ ਗ਼ਰੀਬ ਕਿਰਸਾਨੀ ਘਰਾਂ ਵਿਚੋਂ ਤੰਗੀ-ਤੁਰਸ਼ੀ ਕੱਟਦੀਆਂ, ਮਿਹਨਤ ਮੁਸ਼ੱਕਤ ਕਰਦੀਆਂ ਮੁਟਿਆਰਾਂ ਨੂੰ ਤੀਆਂ ਫਿਰ ਤੋਂ ਹਾਲਾਤ ਨਾਲ ਨਜਿੱਠਣ ਦੀ ਤਾਕਤ ਦਿੰਦੀਆਂ ਮਨ ਨੂੰ ਰਾਹਤ ਦਿੰਦੀਆਂ। ਅੱਜ ਕੋਈ ਮੁਟਿਆਰ ਪਿੰਡ ਵਿਚ ਰਹਿਣਾ ਪਸੰਦ ਨਹੀਂ ਕਰਦੀ, ਭਾਵੇਂ ਪੇਂਡੂ ਹੀ ਹੋਵੇ। ਕੁਝ ਰੋਜ਼ੀ-ਰੋਟੀ ਦੀ ਮਜਬੂਰੀ ਸ਼ਹਿਰੀਂ ਲੈ ਵੜੀ ਹੈ- ਵਿਦੇਸ਼ ਲੈ ਤੁਰੀ ਹੈ। ਉਦੋਂ ਤਾਂ ਮੁਟਿਆਰਾਂ ਕਹਿੰਦੀਆਂ ਸਨ:

ਨੌਕਰ ਨੂੰ ਨਾ ਦੇਈਂ ਬਾਬਲਾ,
ਹਾਲ਼ੀ ਪੁੱਤ ਬਥੇਰੇ
ਨੌਕਰ ਪੁੱਤ ਤਾਂ ਘਰ ਨਾ ਰਹਿੰਦੇ
ਵਿਚ ਪਰਦੇਸਾਂ ਡੇਰੇ
ਮੈਂ ਤੈਨੂੰ ਵਰਜ ਰਹੀ
ਦੇਈਂ ਨਾ ਬਾਬਲਾ ਫੇਰੇ

ਸਮੇਂ ਨਾਲ ਮੁਟਿਆਰ ਦੀ ਸੋਚ ਵੀ ਬਦਲ ਗਈ ਤੇ ਤੀਆਂ ਦੇ ਗਿੱਧੇ ਵਿਚ ਉਹ ਬੋਲੀ ਪਾਉਣ ਲੱਗੀ:

ਵੱਸਣਾ ਨੌਕਰ ਦੇ
ਭਾਵੇਂ ਸਣੇ ਬੂਟ ਲੱਤ ਮਾਰੇ

ਜਾਂ ਕੋਈ ਕਹਿੰਦੀ ਹੈ:

ਟਿਕਟਾਂ ਦੋ ਲੈ ਲਈਂ
ਜਿਥੇ ਚੱਲੇਗਾਂ ਚੱਲੂੰਗੀ ਨਾਲ ਤੇਰੇ

ਉਨ੍ਹਾਂ ਪੁਰਾਣੀਆਂ ਤੀਆਂ ਨੂੰ ਯਾਦ ਕਰਕੇ ਸੋਚਦੀ ਹਾਂ ਕਿ ਅੱਜ ਸਾਉਣ ਦੇ ਮਹੀਨੇ ਕੋਈ ਮੁਟਿਆਰ ਆਪਣੇ ਢੋਲ ਨੂੰ ਇਹ ਨਹੀਂ ਕਹਿੰਦੀ:

ਆਰੀ ਆਰੀ ਆਰੀ
ਤੀਆਂ ਦਾ ਮਹੀਨਾ ਢੋਲਣਾ
ਪੇਕੇ ਘੱਲ ਦੇ ਸਵੇਰ ਵਾਲੀ ਲਾਰੀ

ਅੱਜ ਨਾ ਹੀ ਕੋਈ ਮੁਟਿਆਰ ਪੇਕੇ ਆ ਕੇ ਰਹਿੰਦੀ ਹੈ ਤੇ ਨਾ ਹੀ ਕਹਿੰਦੀ ਹੈ:

ਸਾਉਣ ਦਾ ਮਹੀਨਾ ਅੜਿਆ
ਪੇਕੇ ਪਿੰਡ ਮਨਾਈਦਾ
ਬੇਅਕਲੀ ਦਿਆ ਜਾਇਆ
ਵੇ ਤੀਆਂ ਨੂੰ ਲੈਣ ਨੀ ਆਈਦਾ।



# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਅਗਸਤ 2019 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-389



*ਜਾਨਵਰ ਭਾਵੇਂ ਅੱਖੜ ਹੋਵੇ, ਸਿੱਖਿਆ ਪਾ ਦਏ ਮੋੜਾ।*
*ਨਮਸਕਾਰ ਕਰ ਰਹੇ ਕਿਸੇ ਨੂੰ, ਬੰਦਾ ਨਾਲੇ ਘੋੜਾ!*

## ਕੈਪਸ਼ਨ ਮੁਕਾਬਲਾ-387



ਸ਼ਗਨਾਂ ਭਰਿਆ ਦੇਖੋ ਸਾਵਣ ਆਇਆ।
ਤੀਜ ਦੀਆਂ ਤੀਆਂ ਨਾਲ ਲਿਆਇਆ।
ਧੀਆਂ ਧਿਆਣੀਆਂ ਦਾ ਤਿਓਹਾਰ ਕਹਾਵੇ।
ਬਿਸਕੁਟਾਂ ਵਾਲਾ ਪੀਪਾ ਬੇਬੇ ਚੁੱਕੀ ਜਾਵੇ।
**-ਸੇਵਾ ਸਿੰਘ ਨੂਰਪੁਰੀ**

---

ਦੁੱਧ, ਖੰਡ, ਘਿਉ ਪਾ ਝੋਲੇ ਵਿਚ
ਛਾਣ ਕੇ ਆਟਾ ਪੀਪੇ ਪਾਇਆ।
ਸੌਣ ਮਹੀਨਾ ਦਿਨ ਤੀਆਂ ਦੇ
ਸੰਧਾਰਾ ਤਿਆਰ ਕਰਾਇਆ।
ਪੇਕਿਆਂ ਵੱਲ ਨੂੰ ਝਾਕਣ ਧੀਆਂ
ਵਰ੍ਹੇ ਦਿਨਾਂ ਦਾ ਦਿਨ ਹੈ ਆਇਆ।
**-ਜਗਮੀਤ ਸਿੰਘ ਪੰਧੇਰ**
*ਵਿੰਨੀਪੈਗ, ਐਮ. ਬੀ. (ਕੈਨੇਡਾ)*
*ਫੋਨ: 1-431-887-7222)*

---

ਮਾਂ ਤੇ ਧੀ ਦਾ ਰਿਸ਼ਤਾ ਗੂੜ੍ਹਾ
ਮਾਂ ਤੁਰ ਪਈ ਕਰ ਕੇ ਜ਼ੇਰਾ
ਸਿਰ 'ਤੇ ਪੀਪਾ ਬਿਸਕੁਟਾਂ ਵਾਲਾ
ਪੰਧ ਵੀ ਦਿਸੇ ਲੰਮੇਰਾ।
ਧੀਆਂ ਸੁੱਖ ਪੇਕਿਆਂ ਦਾ ਮੰਗਣ
ਰੱਬ ਅੱਗੇ ਕਰਨ ਦੁਆਵਾਂ,
ਸੁਖੀ ਵਸੇ ਬਾਬੁਲ ਦਾ ਵਿਹੜਾ
ਠੰਡੀਆਂ ਆਉਣ ਹਵਾਵਾਂ।
ਸਮੇਂ ਦੇ ਨਾਲ ਬਦਲ ਗਈ ਦੁਨੀਆਂ
ਨਾ ਰਹੇ ਰਿਵਾਜ਼ ਪੁਰਾਣੇ,
ਯੁੱਗ ਪਦਾਰਥਵਾਦੀ ਹੋ ਗਿਆ
ਨਾ ਕੋਈ ਰਿਸ਼ਤੇ-ਨਾਤੇ ਜਾਣੇ।
**-ਮਾਸਟਰ ਪ੍ਰੀਤਮ ਸਿੰਘ ਲੰਮੇ**
*ਫੋਨ: 925-325-2486*

---

ਸਾਉਣ ਮਹੀਨਾ, ਤੀਆਂ ਦੇ ਦਿਨ
ਬੇਬੇ ਲੈ ਕੇ ਤੁਰ ਪਈ ਸੰਧਾਰਾ।
ਬਿਸਕੁਟ, ਗੁਲਗੁਲੇ, ਮੱਠੀਆਂ ਦੇ ਨਾਲ
ਪੀਪਾ, ਝੋਲਾ ਭਰ ਲਿਆ ਸਾਰਾ।
ਮਾਂਵਾਂ, ਧੀਆਂ ਬਹਿ ਕੇ ਕੱਠੀਆਂ
ਦੁੱਖ-ਸੁਖ ਵੀ ਲੈਣਗੀਆਂ ਫਰੋਲ।
ਪੇਕਿਆਂ ਦਾ ਮਾਣ ਧੀਆਂ ਨੂੰ
ਸ਼ਰੀਕੇ ਵਿਚ ਰੱਖਦਾ ਅਡੋਲ।
**-ਦਵਿੰਦਰ ਕੌਰ**

---

ਦੋਹਤਾ ਜੰਮੇ ਜਾਂ ਪੋਤਾ
ਹੋਵੇ ਸਗਾਈ ਜਾਂ ਹੋਵੇ ਪਗੜੀ
ਬਜੁਰਗ ਲੈ ਸੂਟ ਯਥਾ ਯੋਗ ਮੁਤਾਬਕ
ਬਿਸਕੁਟ ਜਾਂ ਪਿੰਨੀਆਂ ਦੇਸੀ ਘਿਓ ਦੀਆਂ
ਤੁਰ ਪੈਂਦੀਆਂ ਸਫਰ 'ਤੇ ਪੈਦਲ
ਲੰਮੀਆਂ ਵਾਟਾਂ ਤਪਦੀਆਂ ਧੁੱਪਾਂ
ਨਾ ਰੋਕ ਸਕਦੀਆਂ ਉਸ ਨੂੰ
ਜੋ ਤੁਰ ਪਈ ਸਿਰੜ ਨਾਲ
ਲੈ ਝੋਲਾ ਹੱਥ ਅਤੇ ਸਿਰ 'ਤੇ ਪੀਪਾ
ਰਤਾ ਵੀ ਨਾ ਮੁਸ਼ਕਿਲਾਂ ਤੋਂ ਡੋਲੇ।
**-ਦਰਸ਼ਨਪਾਲ ਦੋਸਾਂਝ**

## ਧੌਲੇਧਾਰ ਸਿਆਣਪ

ਜਦੋਂ ਵੀ ਮੈਂ ਸਿਆਣਪ ਦੀ ਗੱਲ ਸੋਚਾਂ
ਸਿਰ ਦਾ ਇਕ ਹੋਰ ਵਾਲ ਹੋ ਜਾਏ ਧੌਲਾ
ਸੋਚਦਾ ਹਾਂ, ਜਦ ਹੋਣ ਲਈ ਧੌਲਾ
ਨਾ ਬਚੇਗਾ ਕੋਈ ਵਾਲ
ਤਾਂ ਸਿਆਣਪ ਦੀ ਗੱਲ ਕਿੰਝ ਸੋਚਾਂਗਾ
ਤਦ ਕਿੱਥੇ ਹੋਏਗੀ ਸਿਆਣਪ
ਸਿਰ ਵਿਚ ਜਾਂ ਧੌਲਿਆਂ ਵਿਚ?
ਕਈ ਵਾਰ, ਬੱਸ ਇਕ ਧੌਲਾ ਹੈ ਹੁੰਦਾ ਵਿਛਿਆ
ਸੋਚ ਤੇ ਸਿਆਣਪ ਵਿਚਕਾਰ
ਲੰਘ ਜਾਣ ਕੋਲ ਦੀ ਸਦੀਆਂ
ਬਿਨ ਧੌਲਾ ਪਾਰ ਕੀਤਿਆਂ।
**-ਡਾ. ਸੁਖਪਾਲ ਸੰਘੇੜਾ**

# ਸੱਚ ਦੀ ਸੱਦ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਬਗਲੀ ਦਾ ਵਿਖਿਆਨ ਕਰਦਿਆਂ ਕਿਹਾ ਸੀ, "ਬਗਲੀ, ਬੀਹੀ ਵਿਚ ਖੈਰ ਮੰਗਦਿਆਂ ਨਿਆਮਤਾਂ ਨੂੰ ਝੋਲੀ 'ਚ ਪਵਾਉਣ ਅਤੇ ਬਰਕਤਾਂ ਵਰਤਾਉਣ ਦਾ ਨਾਂ।...ਬਗਲੀ ਵਿਚ ਸਾਂਝਾਂ, ਦੋਸਤੀਆਂ ਅਤੇ ਸਬੰਧਾਂ ਦਾ ਜ਼ਖੀਰਾ ਵੀ ਹੁੰਦਾ, ਜਿਨ੍ਹਾਂ ਨੇ ਜੀਵਨ-ਚੌਰਸਤੇ 'ਤੇ ਦਿਸ਼ਾ ਦਿਖਾਈ, ਪੈਰਾਂ ਵਿਚ ਆਈ ਮੋਚ ਹਟਾਈ, ਬਿਆਈਆਂ ਨੂੰ ਸਹਿਲਾਇਆ ਅਤੇ ਮਿੱਟੀ-ਘੱਟੇ ਨਾਲ ਅੱਟੇ ਪੱਬਾਂ ਨੂੰ ਆਪਣੇ ਲਵੇ ਲਾਇਆ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੱਚ ਦਾ ਸੱਚ ਬਿਆਨਿਆ ਹੈ। ਉਹ ਕਹਿੰਦੇ ਹਨ, "ਸੱਚ ਸੁਣਨ ਦਾ ਆਦੀ ਨਹੀਂ ਹੈ ਮਨੁੱਖ। ਕੂੜ ਦੀ ਦੁਨੀਆਂ 'ਚ ਕੂੜ ਦਾ ਵਪਾਰ ਕਰਦਾ, ਸੱਚ ਦਾ ਸਾਹਮਣਾ ਕਰਨ ਤੋਂ ਡਰਦਾ।...ਸੱਚ ਕਦੇ ਖੁਦਕੁਸ਼ੀ ਨਹੀਂ ਕਰਦਾ। ਕਦੇ ਲਿੱਲਕੜੀਆਂ ਨਹੀਂ ਕੱਢਦਾ। ਤਰਲੇ ਨਹੀਂ ਕਰਦਾ। ਸਗੋਂ ਸੱਚ ਕਹਿਣ ਵਿਚ ਫਖਰ ਮਹਿਸੂਸ ਕਰਦਾ। ਸੱਚ ਵਿਚੋਂ ਹੀ ਹੋਰ ਸੱਚ ਉਜਾਗਰ ਹੁੰਦੇ, ਜੋ ਸੱਚ ਦਾ ਕਾਫਲਾ ਬਣ ਚਾਨਣ-ਦਾਇਰੇ ਨੂੰ ਹੋਰ ਵਸੀਹ ਕਰਦੇ।...ਸੱਚ, ਸਾਦਗੀ, ਸੁਹੱਪਣ, ਸੁਹਜ ਅਤੇ ਸਦਭਾਵਨਾ ਵਿਚੋਂ ਜਦ ਪ੍ਰਗਟਦਾ ਤਾਂ ਸੱਚ ਦੀਆਂ ਰਹਿਮਤਾਂ ਵਿਚ ਹੁੰਦਾ ਖੁਦਾ ਦਾ ਦੀਦਾਰ। ਖੁਲ੍ਹਦਾ ਚੇਤਨ-ਦੁਆਰ, ਜੋ ਬਣਦਾ ਮਨੁੱਖੀ ਵਿਸਥਾਰ।" ਡਾ. ਭੰਡਾਲ ਕਹਿੰਦੇ ਹਨ, ਸੱਚ ਨੇ ਹਮੇਸ਼ਾ ਸੱਚ ਹੀ ਰਹਿਣਾ ਭਾਵੇਂ ਕੋਈ ਅੰਧ-ਵਿਸ਼ਵਾਸੀ ਹੋਵੇ, ਅਗਿਆਨੀ ਹੋਵੇ ਜਾਂ ਅਨਪੜ੍ਹ ਹੋਵੇ। -ਸੰਪਾਦਕ*

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸੱਚ ਬੋਲਣਾ, ਬਹੁਤ ਅਸਾਨ ਵੀ ਤੇ ਬਹੁਤ ਔਖਾ ਵੀ, ਕਿਉਂਕਿ ਸੱਚ ਨੂੰ ਸੱਚ ਕਹਿਣਾ ਹੀ ਸਭ ਤੋਂ ਵੱਡੀ ਤ੍ਰਾਸਦੀ ਅਤੇ ਸਭ ਤੋਂ ਅਹਿਮ ਖਾਸੀਅਤ। ਸੱਚ ਲਿਖਣਾ, ਬੁਰਸ਼ ਦੇ ਹਵਾਲੇ ਕਰਨਾ, ਗਾਉਣਾ ਜਾਂ ਅਪਨਾਉਣਾ, ਜੀਵਨ ਦਾ ਬਿਖੜਾ ਪੈਂਡਾ। ਇਸ ਦਾ ਰਾਹੀ ਬਣਨ ਤੋਂ ਕਤਰਾਉਂਦਾ ਏ ਹਰੇਕ ਸ਼ਖਸ, ਕਿਉਂਕਿ ਮਨੁੱਖੀ ਪਾਰਦਰਸ਼ਤਾ ਵਿਚ ਹੀ ਝਲਕਦਾ ਏ ਕਾਲਖ ਦਾ ਵਰਤਾਰਾ।

ਸੱਚ, ਸਦਾ ਸੱਚ ਹੀ ਰਹਿੰਦਾ, ਨਹੀਂ ਬਦਲਦਾ, ਨਹੀਂ ਕੋਈ ਪਰਦਾਦਾਰੀ; ਕਿਸੇ ਓਹਲੇ ਜਾਂ ਛੁਪਾਉਣ ਦੀ ਨਹੀਂ ਲੋੜ। ਸੱਚ, ਪਾਰਦਰਸ਼ੀ, ਪਾਕ, ਪਵਿੱਤਰ, ਪਾਹੁਲ, ਪ੍ਰਮਾਣ, ਪੁਖਤਗੀ, ਪਛਾਣ ਅਤੇ ਪ੍ਰਕਾਸ਼ ਦਾ ਵਣਜਾਰਾ। ਇਸ ਦਾ ਤਪ-ਤੇਜ ਹੈ, ਅਲੱਗ ਤੇ ਨਿਆਰਾ। ਜੋਤ-ਜਾਚਨਾ ਵਿਚ ਹੈ, ਸ਼ੁਭ-ਚਿੰਤਨ ਦਾ ਪਸਾਰਾ।

ਸੱਚ, ਸਮਰੱਥ, ਸ਼ਫਾਫਤ, ਸ਼ਕਤੀ, ਸਾਧਨ, ਸੁਨੇਹੜਾ, ਸੁਘੜਤਾ ਅਤੇ ਸਾਧਨ-ਸੰਗ ਦਾ ਸੁੰਦਰ ਸੁਮੇਲ।

ਸੱਚ, ਸਿਰ ਉਚਾ ਕਰਕੇ ਜਿਉਂਦਾ। ਸਭ ਲਈ ਪ੍ਰੇਰਨਾ-ਸਰੋਤ ਬਸ਼ਰਤੇ ਕਿ ਅਸੀਂ ਸੱਚ ਦੇ ਹਾਮੀ ਹੋਈਏ ਅਤੇ ਸੱਚ ਦੇ ਨਾਲ ਖੜੋਈਏ।

ਸੱਚ, ਜੀਵਨ ਵਿਚੋਂ ਲੁਪਤ, ਸਾਡੇ ਕਾਰ-ਵਿਹਾਰ 'ਚੋਂ ਗੁੰਮਸ਼ੁਦਗੀ ਦਾ ਇਸ਼ਤਿਹਾਰ, ਰਿਸ਼ਤਿਆਂ ਵਿਚ ਸੱਚ ਨਹੀਂ ਮਿਉਂਦਾ ਅਤੇ ਸਬੰਧਾਂ ਵਿਚ ਤਾਂ ਸੱਚ ਹੈ, ਸਜ਼ਾ ਦਾ ਭਾਗੀਦਾਰ। ਇਸ ਕਰਕੇ ਅਜੋਕੇ ਸਮਿਆਂ ਵਿਚ ਰਿਸ਼ਤੇ, ਸਬੰਧ ਜਾਂ ਸੱਜਣਤਾਈ ਸਦੀਵੀ ਨਹੀਂ। ਥੋੜ੍ਹ-ਚਿਰੀ। ਮੁਫਾਦ ਤੀਕ ਸੀਮਤ। ਲੋਭ ਦੀ ਨੀਂਹ 'ਤੇ ਉਸਰੀਆਂ ਸਾਂਝਾਂ ਅਤੇ ਦੋਸਤੀਆਂ ਦਾ ਦਮ ਘੁੱਟਣ ਲੱਗਦਾ, ਜਦ ਹੌਲੀ-ਹੌਲੀ ਸੱਚ ਸਾਹਮਣੇ ਆਉਂਦਾ। ਮੁਖੌਟਿਆਂ ਵਿਚ ਲਿਪਤ ਲੋਕਾਂ ਦਾ ਸੱਚ ਦੇਰ ਬਾਅਦ ਸਾਹਮਣੇ ਆਉਂਦਾ, ਜਦ ਨੂੰ ਬਹੁਤ ਦੇਰ ਹੋ ਚੁਕੀ ਹੁੰਦੀ।

ਸੱਚ ਜਦ ਰਿਸ਼ਤੇ ਦੇ ਜੁੜਨ ਸਮੇਂ ਤੋਂ ਹੀ ਖੁਦਕੁਸ਼ੀ ਕਰਨ ਲਈ ਮਜਬੂਰ ਹੋ ਜਾਵੇ ਤਾਂ ਸੱਚ ਦੀ ਹੂਕ ਜ਼ਿੰਦਗੀ ਦਾ ਵੈਣ ਬਣ ਜਾਂਦੀ। ਫੇਸਬੁੱਕੀਆ ਦੋਸਤੀਆਂ, ਵਿਦੇਸ਼ ਨੂੰ ਜਾਣ ਦੇ ਲਾਲਚ 'ਚ ਹੋ ਰਹੀਆਂ ਬੇਜੋੜ ਸ਼ਾਦੀਆਂ ਅਤੇ ਓਹਲਾ ਰੱਖ ਕੇ ਜਾਂ ਝੂਠ ਬੋਲ ਕੇ ਰਿਸ਼ਤਿਆਂ ਦੀ ਨੀਂਹ ਨੂੰ ਕਿਵੇਂ ਮਜ਼ਬੂਤ ਕਰੋਗੇ? ਜੀਵਨ-ਮਹਿਲ ਦੀ ਉਸਾਰੀ ਕਿਵੇਂ ਕਰੋਗੇ? ਫਿਰ ਤਾਂ ਸਿਸਕੀਆਂ ਹੀ ਸਾਹ-ਸੰਵੇਦਨਾ ਦੇ ਨਾਮ ਕਰੋਗੇ।

ਸੱਚ ਬਹੁਤ ਹੀ ਵਿਰਲੇ ਲੋਕਾਂ ਦਾ ਕਰਮ-ਧਰਮ। ਅਜਿਹੇ ਲੋਕਾਂ ਦੀ ਕਰਮਯੋਗਤਾ ਹੀ ਉਨ੍ਹਾਂ ਦਾ ਨਸੀਬ ਹੁੰਦਾ, ਜੋ ਜੀਵਨ-ਪੈਂੜਾਂ ਨੂੰ ਰੁਸ਼ਨਾਉਂਦਾ, ਆਤਮਾ ਨੂੰ ਪਾਕ ਕਰ, ਇਸ ਦੇ ਪ੍ਰਤੀਬਿੰਬ ਵਿਚ ਆਪਣੀ ਨਕਸ਼-ਨੁਹਾਰ 'ਚ ਮਾਣ ਮਹਿਸੂਸ ਕਰਦਾ। ਸੱਚ ਨੂੰ ਲਵੇ ਲਾਉਣ ਤੋਂ ਤ੍ਰਹਿਣ ਲੱਗ ਪਏ ਨੇ ਧਾਰਮਿਕ ਲੋਕ ਅਤੇ ਸੰਸਥਾਵਾਂ, ਕਿਉਂਕਿ ਰਾਜਸੀ ਲਾਗ ਉਨ੍ਹਾਂ ਤੀਕ ਵੀ ਪਹੁੰਚ ਗਈ ਏ। ਸਮਾਜ ਤਾਂ ਪਹਿਲਾਂ ਹੀ ਕੂੜ ਕਮਾਂਵਦਾ, ਕੂੜ ਜਿਉਂਦਾ, ਕੂੜ ਖਾਂਦਾ ਅਤੇ ਕੂੜ ਵਿਚੋਂ ਹੀ ਜੀਵਨ-ਕਾਲਖਾਂ ਦਾ ਨਾਮਕਰਣ ਕਰਦਾ।

ਸੱਚ ਦੇ ਨਿਤਾਰੇ ਲਈ ਬਣੀਆਂ ਅਦਾਲਤਾਂ ਤੇ ਜੱਜ ਜਦ ਖੁਦ ਹੀ ਕੂੜ 'ਚ ਲਿੱਬੜ ਜਾਣ ਤਾਂ ਨਿਆਂ ਦੀ ਆਸ ਕਿੰਜ ਕਰੋਗੇ? ਸੱਚ ਦੀ ਉਮੀਦ ਵਿਚ ਧੁਖ ਧੁਖ ਕੇ ਮਰੋਗੇ ਅਤੇ ਜਿਉਂਦੇ ਜੀਅ ਸਾਹ-ਸੂਲੀ ਚੜ੍ਹੋਗੇ।

ਸੱਚ, ਸੁੱਚਮ, ਸੁਖਨ, ਸਪੱਸ਼ਟਤਾ, ਸਿਆਣਪ ਤੇ ਸਮਝ ਵਿਚੋਂ ਹੀ ਪੈਦਾ ਹੁੰਦਾ। ਜਦ ਸਮਾਜ ਵਿਚ ਕਪਟ, ਕੋਹਜ ਤੇ ਕੂੜ ਦਾ ਬੋਲਬਾਲਾ ਹੋਵੇ ਤਾਂ ਬਾਬੇ ਨਾਨਕ ਨੂੰ ਵੀ ਕਹਿਣਾ ਪੈਂਦਾ, "ਕਾਜ਼ੀਆ ਬਾਹਮਣਾ ਕੀ ਗੱਲ ਕੱਥੀ ਅਗਧ ਪੜੇ ਸ਼ੈਤਾਨ ਵੇ ਲਾਲੋ।" ਕੂੜ ਅਮਾਵਸ ਵਿਚ ਸੱਚ ਦਾ ਚੰਦਰਮਾ ਚੜ੍ਹਦਾ। ਸੂਰਜ ਵਰਗੀਆਂ ਸ਼ਖਸੀਅਤਾਂ ਧਰਤੀ 'ਤੇ ਚਾਨਣ ਫੈਲਾਉਂਦੀਆਂ ਅਤੇ ਸੋਚ-ਜੂਹ ਵਿਚ ਤਾਰਿਆਂ ਦਾ ਅਜਿਹਾ ਜਾਗ ਲਾਉਂਦੀਆਂ ਕਿ ਸਮੇਂ ਦੀ ਅੱਖ ਖੁੱਲ੍ਹਦੀ। ਸੱਚ ਦੀ ਆਭਾ ਵਿਚ ਕੂੜ ਖੁਦ ਹੀ ਹੀਣਾ ਤੇ ਬੌਣਾ ਹੋ ਅਲੋਪ ਹੋ ਜਾਂਦਾ।

'ਸਚ ਸਭਨਾ ਹੋਏ ਦਾਰੂ ਕੂੜ ਕੱਢੇ ਧੋਏ' ਅਨੁਸਾਰ ਸੱਚੇ ਬੰਦੇ ਨੂੰ ਬਹਾਨਿਆਂ ਦੀ ਲੋੜ ਨਹੀਂ। ਨਾ ਹੀ ਉਹ ਓਹਲਿਆਂ ਦੀ ਜ਼ਿੰਦਗੀ ਜਿਉਣ ਲਈ ਮਜ਼ਬੂਰ। ਸੱਚ ਤਾਂ 'ਕੇਰਾਂ ਬੋਲਣਾ ਪੈਂਦਾ; ਪਰ ਝੂਠ ਮੁੜ ਮੁੜ ਬੋਲਣਾ ਪੈਂਦਾ, ਸੱਚ ਨੂੰ ਮਸਨੂਈ ਰੂਪ ਵਿਚ ਛੁਪਾਉਣ ਅਤੇ ਦਫਨਾਉਣ ਲਈ।

ਸੱਚ ਸੁਣਨ ਦਾ ਆਦੀ ਨਹੀਂ ਹੈ ਮਨੁੱਖ। ਕੂੜ ਦੀ ਦੁਨੀਆਂ 'ਚ ਕੂੜ ਦਾ ਵਪਾਰ ਕਰਦਾ, ਸੱਚ ਦਾ ਸਾਹਮਣਾ ਕਰਨ ਤੋਂ ਡਰਦਾ। ਬੌਣੇ ਲੋਕ ਸੱਚ ਵਰਗੀ ਬੁਲੰਦੀ ਦਾ ਕਿੰਜ ਸਾਹਮਣਾ ਕਰਨਗੇ? ਸਿਰਫ ਸੱਚ-ਲੋਅ ਵਿਚ ਹਟਕੋਰੇ ਹੀ ਭਰਨਗੇ।

ਸੱਚ, ਹੌਂਸਲਾ, ਹਿੰਮਤ, ਦਲੇਰੀ, ਹੰਭਲਾ ਅਤੇ ਹੱਲਾਸ਼ੇਰੀ ਦਾ ਹੁਕਮਨਾਮਾ। ਸੱਚ ਸਾਹਵੇਂ ਹੀਣੀਆਂ ਨੇ ਮਨੁੱਖ ਦੀਆਂ ਫੁਹਸ਼-ਫਿਤਰਤਾਂ ਅਤੇ ਪਰਤ ਦਰ ਪਰਤ ਜਿਉਣ-ਜਾਚ ਦੀਆਂ ਖਾਮੀਆਂ।

ਸੱਚ ਬਹੁਤ ਕੌੜਾ, ਪਰ ਇਸ ਦੀ ਤਾਸੀਰ ਵਿਚ ਸ਼ੁਭ-ਕਰਮਨ, ਸਰਬੱਤ ਦਾ ਭਲਾ ਅਤੇ ਸਰਬ-ਹਿੱਤਕਾਰੀ ਚੇਤਨਾ ਭਾਰੂ। ਸੱਚ ਦੀ ਅੱਖ ਭਰ ਆਉਂਦੀ, ਜਦ ਉਹ ਲੀਰਾਂ 'ਚ ਲਿਪਟੀ ਔਰਤ ਦੇ ਸੱਚ ਨੂੰ ਬਿਆਨਦਾ, ਜੋ ਜ਼ਾਬਰਾਂ ਦੀ ਸਤਾਈ, ਤਨ ਵੇਚਣ ਲਈ ਮਜ਼ਬੂਰ ਹੋ ਜਾਵੇ; ਅੱਖਰ-ਹੀਣ ਦੀਦਿਆਂ ਦੇ ਮਰ ਗਏ ਸੁਪਨਿਆਂ ਦਾ ਮਾਤਮ ਮਨਾਉਂਦਾ, ਪੇਟ ਦੀ ਭੁੱਖ ਲਈ ਲਿੱਲਕੜੀਆਂ ਬਣੇ ਬਾਲਾਂ ਵਿਚ ਬੋਲਦਾ ਅਤੇ ਕੁਰਸੀ ਦੇ ਪਾਵੇ ਬਣਾ ਦਿਤੇ ਮਨੁੱਖੀ ਹੱਕਾਂ ਲਈ ਹਾਅ ਬਣਦਾ। ਪਰ ਕੌਣ ਸੱਚ ਦਾ ਰੁਦਨ ਸੁਣੇ ਅਤੇ ਅਗਾਂਹ ਸੁਣਾਵੇ। ਬਹਿਰੇ ਕੰਨਾਂ ਦੀ ਝੋਲੀ ਪੀੜ-ਪੈਗਾਮ ਪਾਵੇ ਅਤੇ ਹਾਵਿਆਂ ਦੀ ਹੌਂਕਣੀ ਬਣ ਜਾਵੇ।

ਗੁਰਬਾਣੀ ਸਮਝੌਤੀਆਂ ਦਿੰਦੀ, 'ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ॥ ਖੋਟੈ ਵਣਜਿ ਵਣੰਜਿਐ ਮਨ ਤਨ ਖੋਟਾ ਹੋਇ॥' ਕੂੜ ਦੇ ਵਪਾਰੀਆਂ ਨੂੰ ਸੁੱਖ ਨਹੀਂ ਮਿਲ ਸਕਦਾ ਅਤੇ 'ਕੂੜ ਕਮਾਂਵਦਿਆ ਤੇਰਾ ਕੋਈ ਨਾ ਬੇਲੀ ਰਾਮ॥' ਅਜਿਹੇ ਲੋਕ ਤਨ ਅਤੇ ਮਨ ਨੂੰ ਮਲੀਨ ਕਰ ਜ਼ਿੰਦਗੀ ਨੂੰ ਵੀ ਕਾਲਖ-ਜੂਹ ਬਣਾ ਲੈਂਦੇ।

ਸੱਚ ਸਦੀਵ, ਸਥਿਰ, ਸਾਬਤ-ਕਦਮੀਂ, ਸੰਧੂਰੀ-ਰੰਗਤ, ਸੁਹਜ-ਭਾਵੀ, ਸੁਘੜ-ਸਾਥੀ ਅਤੇ ਸਤਿਸੰਗੀ, ਪਰ ਜਦ ਸਤਿਸੰਗੀ ਹੀ ਕੂੜ ਦੀ ਦੁਕਾਨ ਬਣ ਜਾਵੇ ਤਾਂ ਸੱਚ ਕਿਧਰ ਨੂੰ ਜਾਵੇ? ਸਤਿਸੰਗ ਦੇ ਨਾਂ 'ਤੇ ਚੱਲ ਰਹੇ ਵਪਾਰ ਨੂੰ ਕਿੰਜ ਠੱਲ ਪਾਵੇ? ਮਨੁੱਖੀ ਮਨ ਤਾਂ ਸੱਚ ਨੂੰ ਲਿਤਾੜ ਕੇ ਨਵੇਂ ਕੀਰਤੀਮਾਨ ਸਥਾਪਤ ਕਰਨਾ ਚਾਹੇ, ਜੋ ਕਦੇ ਨਹੀਂ ਹੋਣਾ।

ਸੱਚ ਨੂੰ ਸੱਚ ਕਹਿਣ ਵਾਲਿਆਂ ਦੀ ਹੋ ਰਹੀ ਏ ਨਸਲਕੁਸ਼ੀ। ਇਹ ਵਰਤਾਰਾ ਸਦੀਆਂ ਤੋਂ ਨਿਰੰਤਰ ਜਾਰੀ। ਭਾਵੇਂ ਇਹ ਗਲੈਲੀਓ ਹੋਵੇ, ਸੁਕਰਾਤ ਹੋਵੇ, ਸ਼ਹੀਦ ਹੋਣ ਜਾਂ ਸੱਚ ਨੂੰ ਕਹਿਣ ਤੋਂ ਨਾਬਰ ਲੋਕ ਹੋਣ। ਸਥਾਪਤ ਸਮਾਜਕ ਰਹਿਤਲਾਂ ਨੂੰ ਕਦੀ ਵੀ ਸੱਚ ਨਹੀਂ ਭਾਉਂਦਾ। ਉਹ ਸੱਚਾਈ ਦਾ ਸਾਹਮਣਾ ਕਰਨ ਦੀ ਥਾਂ ਸੱਚ ਨੂੰ ਫਾਂਸੀ ਲਾਉਣ ਲਈ ਬੇਲਗਾਮ।

'ਸੱਚ ਸੁਣਾਇਸੀ ਸੱਚ ਕੀ ਬੇਲਾ' ਦਾ ਹੋਕਰਾ ਲਾਉਣ ਵਾਲੇ ਬਾਬੇ ਨਾਨਕ ਨੂੰ ਚੱਕੀਆਂ ਪੀਸਣੀਆਂ ਪਈਆਂ, ਪਰ ਕਾਲ-ਕੋਠੜੀਆਂ ਸੱਚ ਦੇ ਚੰਦਰਮਾ ਨੂੰ ਪੁੰਨਿਆਂ ਦੀ ਰਾਤੇ ਚੜ੍ਹਨ ਤੋਂ ਕਿਵੇਂ ਰੋਕ ਸਕਦੀਆਂ? ਸੱਚ ਦਾ ਪ੍ਰਕਾਸ਼ ਹੀ ਸਦੀਵੀ, ਜੋ ਸਮੁੱਚੀ ਕਾਇਨਾਤ ਨੂੰ ਚਾਨਣ ਨਾਲ ਭਰ ਕੇ, ਸਮਿਆਂ ਦਾ ਸੱਚ ਬਣਨ ਵੱਲ ਪਹਿਲ-ਕਦਮੀ ਕਰਦਾ।

ਸੱਚ ਕਦੇ ਖੁਦਕੁਸ਼ੀ ਨਹੀਂ ਕਰਦਾ। ਕਦੇ ਲਿੱਲਕੜੀਆਂ ਨਹੀਂ ਕੱਢਦਾ। ਤਰਲੇ ਨਹੀਂ ਕਰਦਾ। ਸਗੋਂ ਸੱਚ ਕਹਿਣ ਵਿਚ ਫਖਰ ਮਹਿਸੂਸ ਕਰਦਾ। ਸੱਚ ਵਿਚੋਂ ਹੀ ਹੋਰ ਸੱਚ ਉਜਾਗਰ ਹੁੰਦੇ, ਜੋ ਸੱਚ ਦਾ ਕਾਫਲਾ ਬਣ ਚਾਨਣ-ਦਾਇਰੇ ਨੂੰ ਹੋਰ ਵਸੀਹ ਕਰਦੇ। ਸੱਚਾਈ ਦੌਰਾਨ ਤੁਹਾਡੇ ਬੋਲ, ਸ਼ਬਦ ਅਤੇ ਸਰੀਰਕ ਹਰਕਤਾਂ ਵਿਚ ਇਕਸਾਰਤਾ। ਕੁਝ ਲੁਕਾਉਣ, ਵਧਾ ਕੇ ਦੱਸਣ, ਘਟਾ ਕੇ ਦੱਸਣ ਜਾਂ ਕੁਝ ਓਹਲਾ ਰੱਖਣ ਦੀ ਨਹੀਂ ਲੋੜ।

ਜ਼ਿੰਦਗੀ ਦੇ ਬਾਜ਼ਾਰ ਵਿਚ ਬੈਠਿਆਂ, ਸੂਰਜ ਚੜ੍ਹਦੇ ਸਾਰ ਹੀ ਵਿੱਕ ਗਿਆ ਹਰੇਕ ਦਾ ਝੂਠ, ਪਰ ਮੈਂ ਸ਼ਾਮ ਤੀਕ ਆਪਣੇ ਸੱਚ ਨੂੰ ਵੇਚਣ ਲਈ ਬੈਠਾ ਰਿਹਾ। ਸੱਚ ਦਾ ਕੋਈ ਗਾਹਕ ਨਾ ਆਇਆ।

ਸੱਚ ਦੀ ਤਲਬ ਸਭ ਨੂੰ ਹੈ, ਪਰ ਸੁਣਨ ਅਤੇ ਬੋਲਣ ਲਈ ਕੋਈ ਨਹੀਂ ਤਿਆਰ। ਸੱਚ ਸਦਾ ਕੌੜਾ ਅਤੇ ਇਸ ਦੀ ਕੁੜੱਤਣ ਅਜੋਕੇ ਮਨੁੱਖ ਦਾ ਸਵਾਦ ਖਰਾਬ ਕਰਨ ਲਈ ਕਾਫੀ ਏ।

ਅਕਸਰ ਮਨੁੱਖ ਕੂੜ ਨੂੰ ਜੀਵਨ ਵਿਚ ਵੱਖ ਵੱਖ ਤਰੀਕਿਆਂ ਨਾਲ ਜਿਉਂਦਿਆਂ ਇਹ ਭੁੱਲ ਹੀ ਜਾਂਦਾ ਕਿ ਉਸ ਨੇ ਸਦੀਵੀ ਸੱਚ ਕਾਰਨ ਹੀ ਇਸ ਦੁਨੀਆਂ ਤੋਂ ਰੁਖਸਤ ਹੋਣਾ ਹੈ। ਫਿਰ ਰਹਿ ਜਾਣੀ ਹੈ, ਮਿੱਟੀ 'ਚ ਮਿੱਟੀ ਹੋ ਜਾਣ ਵਾਲੀ ਰਾਖ ਦੀ ਢੇਰੀ।

"ਸਚੁ ਖਟਣਾ ਸਚੁ ਰਾਸ ਹੈ ਸਚੇ ਸਚੀ ਸੋਇ॥ ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ॥" ਨੂੰ ਜੇ ਅਸੀਂ ਜੀਵਨ-ਜਾਚ ਦਾ ਮੂਲ ਮੰਤਰ ਬਣਾ ਲਈਏ ਤਾਂ ਸਾਨੂੰ ਮੁਖੌਟਿਆਂ ਵਿਚ ਜਿਉਣ ਦੀ ਨੌਬਤ ਨਹੀਂ ਆਵੇਗੀ।

ਸਭ ਤੋਂ ਪਹਿਲਾਂ ਆਪਣੇ ਆਪ ਨਾਲ ਸੱਚੇ ਹੋ ਕੇ ਹੀ ਅਸੀਂ ਦੂਜਿਆਂ ਨੂੰ ਸੱਚਾਈ ਦਾ ਪਾਠ ਪੜ੍ਹਾਉਣ ਦੇ ਕਾਬਲ ਹੋਵਾਂਗਾ। ਸੱਚ ਦਾ ਰੋਲ ਮਾਡਲ ਸਿਰਫ ਸੱਚੇ ਲੋਕ ਹੀ ਹੁੰਦੇ।

ਸੱਚ ਇਕ ਹੀ ਹੁੰਦਾ, ਪਰ ਸਭਨਾਂ ਲਈ ਇਸ ਦੇ ਅਰਥ ਵੱਖ ਵੱਖ। ਸੱਚ ਵੀ ਵੱਖੋ-ਵੱਖਰਾ ਕਿਉਂਕਿ ਸੱਚਾਈ ਸਾਹਮਣੇ ਆਉਣ ਤੋਂ ਮੁਨਕਰ ਹੋ ਜਾਂਦੀਆਂ ਨੇ ਬਾਹਾਂ, ਤਿੜਕ ਜਾਂਦੀਆਂ ਨੇ ਸਕੀਰੀਆਂ ਅਤੇ ਸਬੰਧਾਂ ਵਿਚ ਉਗਦੀ ਖੁਦਗਰਜੀ ਦੀ ਫਸਲ, ਜੋ ਵਿਅਕਤੀਤਵ ਨੂੰ ਖਤਮ ਕਰ, ਉਡਦੀ ਰਾਖ ਨੂੰ ਅੱਖਾਂ ਦਾ ਧੁੰਦਲਕਾ ਬਣਾਉਂਦੀ।

ਸੱਚ ਕਈ ਵਾਰ ਪ੍ਰਤੱਖ ਨਹੀਂ ਹੁੰਦਾ, ਪਰ ਇਸ ਦੀ ਪਰਤ ਫਰੋਲਿਆਂ ਹੀ ਸੱਚ ਅੱਖ ਨਾਲ ਅੱਖ ਮਿਲਾਉਂਦਾ।

ਆਲੇ-ਦੁਆਲੇ ਵਿਚ ਕੂੜ ਦਾ ਇੰਨਾ ਵੱਡਾ ਪਸਾਰਾ ਹੈ ਕਿ ਸੱਚ ਹੁਣ ਨਹੀਂ ਕਿਸੇ ਦੀ ਤਰਜੀਹ, ਤਮੰਨਾ, ਤਾਂਘ, ਤੜਫਣੀ, ਤਤਪਰਤਾ ਜਾਂ ਤਕਦੀਰ। ਸੱਚ ਤੋਂ ਮੁਨਕਰ ਏ ਲੀਰਾਂ ਹਾਰ ਮਨੁੱਖ, ਜਿਸ ਦੀ ਰੁੱਸ ਗਈ ਏ ਤਕਦੀਰ ਅਤੇ ਖੁਦ ਤੋਂ ਹੀ ਹੋ ਚੁਕਾ ਏ ਅਧੀਰ।

ਸੱਚ, ਸਾਦਗੀ, ਸੁਹੱਪਣ, ਸੁਹਜ ਅਤੇ ਸਦਭਾਵਨਾ ਵਿਚੋਂ ਜਦ ਪ੍ਰਗਟਦਾ ਤਾਂ ਸੱਚ ਦੀਆਂ ਰਹਿਮਤਾਂ ਵਿਚ ਹੁੰਦਾ ਖੁਦਾ ਦਾ ਦੀਦਾਰ। ਖੁਲ੍ਹਦਾ ਚੇਤਨ-ਦੁਆਰ, ਜੋ ਬਣਦਾ ਮਨੁੱਖੀ ਵਿਸਥਾਰ। ਸੱਚ ਦੀਆਂ ਪਰਤਾਂ ਫਰੋਲ ਕੇ ਹੀ ਮਨੁੱਖ ਆਪਣੇ ਸੱਚ ਦੇ ਰੂਬਰੂ ਹੁੰਦਾ।

ਮਨੁੱਖ ਦੀ ਕੇਹੀ ਤ੍ਰਾਸਦੀ ਕਿ ਉਸ ਨੇ ਜਿਉਣਾ ਸੱਚ ਅਤੇ ਮਰਨਾ ਝੂਠ ਸਮਝ ਲਿਆ ਏ। ਜੇ ਮਨੁੱਖ ਇਹ ਸਮਝੇ ਕਿ ਜਿਉਣਾ ਝੂਠ ਅਤੇ ਮਰਨਾ ਸੱਚ ਹੈ ਤਾਂ ਦੁਨੀਆਂ ਭਰ ਦੀਆਂ ਅਲਾਮਤਾਂ ਖਤਮ ਹੋ ਜਾਣ, ਕਿਉਂਕਿ ਇਨ੍ਹਾਂ ਦਾ ਮੂਲ ਤਾਂ ਮਨੁੱਖੀ ਮਨ ਦਾ ਲਾਲਚ ਅਤੇ ਕਮੀਨਗੀ ਹੀ ਹੈ, ਜੋ ਮਨੁੱਖ ਨੂੰ ਇਨਸਾਨ ਬਣਨ ਤੋਂ ਹੋੜਦੀ। ਉਸ ਦੇ ਅੰਤਰੀਵ ਨੂੰ ਮਨੁੱਖ ਨਾਲੋਂ ਤੋੜਦੀ ਹੈ। ਆਪੇ ਨਾਲੋਂ ਟੁੱਟ ਚੁਕੇ ਮਨੁੱਖ ਨੂੰ ਤਾਂ ਮਨੁੱਖ ਵੀ ਨਹੀਂ ਕਿਹਾ ਜਾ ਸਕਦਾ।

ਸੱਚ, ਸਦੀਵੀ ਸੋਹਣਾ ਅਤੇ ਮਨ-ਬੁੱਕਲ ਦਾ ਗਹਿਣਾ। ਸੱਚ ਦੀ ਆਭਾ ਸਦਾ ਨਰੋਈ ਤੇ ਸੱਚ ਨੇ ਸੱਚ ਹੀ ਰਹਿਣਾ। ਸੱਚ ਬਣੇ ਜਦ ਦਰਦ ਦੀ ਗਾਥਾ ਤਾਂ ਸੱਚ ਨੇ ਗਮ ਹੀ ਸਹਿਣਾ। ਸੱਚ ਹਮੇਸ਼ਾ ਸੂਲੀ ਚੜ੍ਹਦਾ, ਕੂੜ ਨੇ ਹੱਸਦੇ ਰਹਿਣਾ, ਪਰ ਸੂਲੀ ਉਤੇ ਚੜ੍ਹੇ ਸੱਚ ਨੇ, ਝੂਠ ਨੂੰ ਝੂਠ ਹੀ ਕਹਿਣਾ। ਸੱਚ ਸੁੱਚੀ ਆਤਮਾ ਵਰਗਾ, ਕੁਹਜਾਂ ਤੋਂ ਨਿਰਲੇਪ। ਸੱਚੇ ਮਾਰਗ ਸਾਬਤ ਕਦਮੀਂ, ਕਦੇ ਨਾ ਮੰਨੀ ਝੇਪ। ਸੱਚ ਸਰਘੀ 'ਚ ਤੇਹ-ਤ੍ਰੇਲ, ਰੰਗਾਂ ਸੰਗ ਰੰਗਰੇਜ਼। ਸੋਚ-ਬਗੀਚੀ ਹੋ ਜਾਂਦੀ, ਮਹਿਕਾਂ ਨਾਲ ਲਬਰੇਜ਼। ਸੱਚ-ਸੁਪਨਾ ਨੈਣੀਂ ਵਸਾ ਕੇ, ਮੌਤ ਮਖੌਲਾਂ ਕਰਨੀਆਂ। ਅਜਿਹੀ ਜੀਵਨ-ਜੁਗਤ ਦੀਆਂ ਕਿਸ ਨੇ ਰੀਸਾਂ ਕਰਨੀਆਂ? ਸੱਚ-ਚਿਰਾਗ ਦੀ ਲੋਏ ਬੈਠਾ ਸੀ ਨਾਨਕ ਸ਼ਾਹ ਫਕੀਰ, ਜਿਸ ਨੇ ਪਸਰੀ ਕੂੜ ਦੀ ਚਾਦਰ, ਕੀਤੀ ਲੀਰੋ-ਲੀਰ। ਸੱਚ-ਸਰਗਮ ਲਈ ਸੱਦ ਸਰਮੱਦ ਦੀ, ਜੂਹੀਂ ਰਹੀ ਫਿਰੇਂਦੀ। ਹਰ ਹਨੇਰ ਨੁੱਕਰ ਦੇ ਆਲੇ, ਦੀਵਾ ਰਹੇ ਟਿਕਾਂਦੀ। ਸੱਚ ਦੇ ਰਾਹੀਆਂ ਰਾਹ ਨਾ ਬਦਲੇ, ਪੀੜਾਂ ਪਿੰਡੇ ਸਹੀਆਂ। ਮਨ-ਰਮਤਾ ਵਿਚ ਭੌਂਦਿਆਂ, ਸਿਰ ਪਈਆਂ ਜੋ ਸਹੀਆਂ। ਸੱਚ-ਸਦਮੇ ਨੂੰ ਜਿਨ੍ਹਾਂ ਨੇ ਰੂਹ-ਰਾਗ ਬਣਾਇਆ, ਉਨ੍ਹਾਂ ਆਪਣੇ ਅੰਦਰੋਂ, ਖੁਦ ਹੀ ਖੁਦ ਨੂੰ ਪਾਇਆ।

ਸੱਚ ਦੇ ਆਵੇ ਵਿਚ ਪੱਕੇ ਇਰਾਦਿਆਂ ਨੂੰ ਕੋਈ ਨਹੀਂ ਸਕਦਾ ਥਿੜਕਾ, ਉਨ੍ਹਾਂ ਦੇ ਸਾਬਤ ਕਦਮਾਂ ਵਿਚ ਹੁੰਦਾ ਮੰਜ਼ਿਲ 'ਤੇ ਪਹੁੰਚਣ ਦਾ ਚਾਅ; ਇਹ ਚਾਅ ਹੀ ਉਨ੍ਹਾਂ ਦਾ ਹੁੰਦੀ ਸੱਚ-ਸਦਾਅ, ਜੋ ਆਖਰ ਨੂੰ ਬਣਦੀ ਮੁੱਖ ਦੀ ਸੰਦਲੀ ਭਾਅ।

ਬੋਲਾਂ ਵਿਚ ਸੱਚ ਸਮਾਉਣ ਵਾਲਾ ਭਗਤ ਸਿੰਘ ਫਾਂਸੀ ਦਾ ਵਾਰਸ ਬਣਿਆ, ਹਰਫਾਂ ਵਿਚ ਸੂਰਜ ਉਗਾਉਣ ਵਾਲੇ ਪਾਸ਼ 'ਤੇ ਲਿਖਿਆ ਗਿਆ ਗੋਲੀ ਦਾ ਨਾਂ। ਸੱਚ ਸੁਣਨਾ, ਸਮਝਣਾ, ਸਮਾਉਣਾ ਅਤੇ ਫਿਰ ਹਜ਼ਮ ਕਰਨਾ ਬਹੁਤ ਮੁਸ਼ਕਿਲ! ਤਾਂ ਹੀ ਸੱਚ ਸੁਣਨ ਤੋਂ ਆਕੀ ਲੋਕ, ਤਰਕ ਦਾ ਪੱਲਾ ਛੱਡ ਕੇ ਹਿੰਸਕ ਬਿਰਤੀਆਂ ਦੇ ਮਾਲਕ ਬਣ ਬਹਿੰਦੇ।

ਸੱਚ ਵਿਚ ਏ ਤਰਕ, ਦਲੀਲ, ਸਪਸ਼ਟਤਾ, ਸਿੱਟਾ ਅਤੇ ਸੇਧਤ ਸਿਰਨਾਵਾਂ। ਇਹ ਸੱਚ ਸਦਾ ਹੀ ਸਮੇਂ ਦੇ ਹਾਕਮਾਂ, ਧਰਮਾਂ ਦੇ ਅਹਿਲਕਾਰਾਂ, ਪੁਜਾਰੀਆਂ, ਪਖੰਡੀਆਂ, ਮੁਲਾਣਿਆਂ ਨੂੰ ਬਹੁਤ ਬੁਰਾ ਲੱਗਦਾ, ਕਿਉਂਕਿ ਸੱਚ ਨੇ ਹੀ ਉਨ੍ਹਾਂ ਦੀਆਂ ਕੂੜ-ਅਲਾਮਤਾਂ, ਭਰਮਾਂ, ਵਹਿਮਾਂ, ਪਖੰਡਾਂ, ਪਰੰਪਰਾਵਾਂ ਅਤੇ ਮਰਿਆਦਾਵਾਂ ਦੇ ਖੰਡਨ ਵਿਚੋਂ ਸਰਘੀ ਉਗਾਈ। ਸੱਚ ਦੀ ਆਮਦ ਨੇ ਕੂੜ ਢੋ ਰਹੀ ਲੋਕਾਈ ਨੂੰ ਦਲਿੱਦਰਾਂ, ਕੁਰਕਮਾਂ ਅਤੇ ਕੁਰਹਿਤਾਂ ਤੋਂ ਦੂਰ ਕਰਕੇ ਸੁੰਦਰ ਜੀਵਨ-ਜਾਚ ਉਨ੍ਹਾਂ ਦੇ ਨਾਮ ਲਾਈ।

ਸੱਚ ਸੁੰਗੜਦਾ ਨਹੀਂ, ਫੈਲਦਾ ਏ। ਨਿੱਕੇ ਦਾਇਰਿਆਂ ਵਿਚ ਨਹੀਂ ਰਹਿੰਦਾ, ਸਗੋਂ ਵਸੀਹ ਹੁੰਦਾ। ਨਿੱਜ ਤੀਕ ਸੀਮਤ ਨਹੀਂ, ਸਗੋਂ ਸੱਚ ਦੀ ਬਗਲੀ ਮੋਢੇ 'ਤੇ ਟਿਕਾਈ, ਹੋਕਰਾ ਹੀ ਤਾਂ ਲਾਉਂਦੇ ਪਿੰਡਾਂ ਵਿਚ ਸਰਘੀ ਵੇਲੇ ਸਾਈਂ ਤੇ ਫਕੀਰ। ਉਨ੍ਹਾਂ ਦੀ ਅਵਾਜ਼ ਵਿਚ ਨੂਰੀ ਆਵੇਸ਼ ਅਤੇ ਅੰਦਾਜ਼ ਜਿਵੇਂ ਖੁਦਾ ਆਪ ਹਾਜਰ ਨਾਜਰ ਹੋਵੇ।

'ਨਾਨਕ ਸ਼ਾਇਰ ਸੱਚ ਕਹਿਤ ਹੈ' ਜਦ ਬੋਲਬਾਣੀ ਨੂੰ ਮੁਖਾਤਬ ਹੁੰਦਾ ਤਾਂ ਮਨੁੱਖ ਦਾ ਅੰਦਰਲਾ ਸੱਚ ਬਾਹਰਲੇ ਸੱਚ ਨਾਲ ਸੰਵਾਦ ਰਚਾਉਂਦਾ। ਇਸ ਸੰਵਾਦ ਵਿਚੋਂ ਹੀ ਜੀਵਨ ਦਾ ਸੁੱਚਮ, ਸਕੂਨ ਤੇ ਸੁਖਨ, ਜ਼ਿੰਦਗੀ ਦੀ ਝੋਲੀ ਵਿਚ ਸੱਦ-ਸੋਚ ਦਾ ਸ਼ਗਨ ਪਾਉਂਦਾ।

ਸੱਚ ਨੂੰ ਜੰਜ਼ੀਰਾਂ, ਹੱਥਕੜੀਆਂ, ਸਲਾਖਾਂ ਜਾਂ ਬੇੜੀਆਂ ਵਿਚ ਬੰਨ ਕੇ ਵੀ ਨਹੀਂ ਡੁਲਾਇਆ ਜਾ ਸਕਦਾ। ਤੱਤੀ ਤਵੀ 'ਤੇ ਬੈਠਣਾ, ਬੰਦ ਬੰਦ ਕਟਾਉਣਾ, ਨੀਂਹਾਂ ਵਿਚ ਚਿਣੇ ਜਾਣਾ, ਜਾਂ ਆਰਿਆਂ ਨਾਲ ਦੋਫਾੜ ਹੋਣਾ ਆਦਿ ਸ਼ਹਾਦਤਾਂ ਤਾਂ ਸੱਚ 'ਤੇ ਪਹਿਰੇ ਦਾ ਸਬੂਤ। ਸੱਚ ਦੀ ਪਾਕੀਜ਼ਗੀ ਤੇ ਪਾਹੁਲ ਕਾਰਨ ਹੁਣ ਤੀਕ ਵੀ ਸ਼ਹਾਦਤਾਂ ਦਾ ਦੌਰ ਜਾਰੀ। ਸੱਚ ਨੂੰ ਸੱਚ ਕਹਿਣ ਲਈ ਅਡੋਲ ਤੇ ਅਟੱਲ ਰਹਿਣ ਵਾਲੇ ਹੀ ਬਾਗੀ ਅਖਵਾਉਂਦੇ।

ਸੱਚ ਨੂੰ ਸੱਚ ਕਹਿਣ ਤੋਂ ਮੁਨਕਰ ਹੋ ਜਾਂਦੇ ਕੁਰਸੀਆਂ ਦੇ ਲਾਲਚੀ, ਮੁੱਲ ਪਵਾਉਂਦੀਆਂ ਕਲਮਾਂ, ਹਰਫਾਂ ਦੀ ਬੋਲੀ ਲਾਉਣ ਵਾਲੇ ਬੌਣੇ ਸ਼ਖਸ, ਅਦਬ ਨੂੰ ਅਧੀਨਗੀ ਬਣਾਉਣ ਵਾਲੀ ਲੋਚਾ ਅਤੇ ਸਾਹਿਤ ਨੂੰ ਸਮਝੌਤਿਆਂ ਵਿਚ ਬੰਨਣ ਵਾਲੀ ਕਮੀਨਗੀ।

ਜਦ ਸੱਚ ਨੂੰ ਸੱਚ ਕਹਿਣ ਤੋਂ ਸਹਿਮਣ ਲੱਗ ਪੈਣ ਲੋਕ, ਉਨ੍ਹਾਂ ਦੇ ਖੂਨ ਨੂੰ ਲੱਗ ਜਾਵੇ ਝੂਠ ਦੀ ਜੋਕ ਅਤੇ ਉਨ੍ਹਾਂ ਦੇ ਰਾਹਾਂ ਵਿਚ ਸੱਚ ਦੀ ਰਹੇ ਨਾ ਕੋਈ ਰੋਕ ਤਾਂ ਅਜਿਹੇ ਲੋਕ ਸਿਰਫ ਹੁੰਦੇ ਤੁਰਦੀ ਫਿਰਦੀ ਲੋਥ। ਕਰਮਹੀਣ, ਬੁੱਧਹੀਣ, ਜੋਤਹੀਣ ਤੇ ਰਹਿਤਲਹੀਣ ਅਤੇ ਹੀਣਤਾ ਕਾਰਨ ਮਨਫੀ ਹੋ ਜਾਂਦੀ ਹੋਂਦ।

ਸੱਚ, ਸੱਚਾਈ ਅਤੇ ਸਚਿਆਰੇਪਣ ਵਿਚ ਬਹੁਤ ਹੀ ਸੂਖਮ ਅੰਤਰ। ਸੱਚ ਅਤੇ ਸੱਚਾਈ ਨੂੰ ਅੰਤਰ ਝਾਤ ਰਾਹੀਂ ਅਪਨਾ ਕੇ ਹੀ ਸਚਿਆਰੇਪਣ ਨੂੰ ਜੀਵਨ ਦਾ ਅਹਿਦ ਬਣਾ ਸਕਦੇ ਹਾਂ, ਤਾਂ ਹੀ ਗੁਰੂ ਨਾਨਕ ਨੇ ਕਿਹਾ, "ਸੱਚ ਉਪਰ ਸੱਚ ਕੋ ਉਪਰ ਸੱਚ ਅਚਾਰੁ॥" "ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲ।" ਝੂਠ ਦੀ ਕੰਧ ਨੂੰ ਤੋੜ ਕੇ ਹੀ ਜੀਵਨ ਦਾ ਸਚਿਆਰਾਪਨ ਮਨੁੱਖੀ ਹਾਸਲ ਹੋਵੇਗਾ।

ਸੱਚ ਨੇ ਹਮੇਸ਼ਾ ਸੱਚ ਹੀ ਰਹਿਣਾ ਭਾਵੇਂ ਕੋਈ ਅੰਧ-ਵਿਸ਼ਵਾਸੀ ਹੋਵੇ, ਅਗਿਆਨੀ ਹੋਵੇ ਜਾਂ ਅਨਪੜ੍ਹ ਹੋਵੇ। ਇਹ ਗਿਆਨ, ਬੁੱਧੀ, ਵਿਵੇਕ ਜਾਂ ਤਰਕ 'ਤੇ ਆਧਾਰਤ ਵੀ ਨਹੀਂ ਹੁੰਦਾ।

ਝੂਠ ਦਾ ਕਿੰਨਾ ਵੀ ਪਸਾਰਾ ਹੋਵੇ, ਕਿੰਨਾ ਵੀ ਤਾਕਤਵਰ ਤੇ ਦਲੀਲ ਭਰਪੂਰ ਹੋਵੇ, ਪਰ ਅਖੀਰ 'ਚ ਝੂਠ ਹਾਰ ਜਾਂਦਾ ਤੇ ਸੱਚ ਜਿੱਤ ਜਾਂਦਾ।

ਸੱਚ ਨੂੰ ਯਾਦ ਰੱਖਣ ਦੀ ਲੋੜ ਨਹੀਂ, ਕਿਉਂਕਿ ਸੱਚ ਨੇ ਤਾਂ ਹਮੇਸ਼ਾ ਸੱਚ ਹੀ ਰਹਿਣਾ। ਝੂਠ ਨੂੰ ਤਾਂ ਸਦਾ ਯਾਦ ਰੱਖਣ ਦੀ ਲੋੜ ਆ।

ਸੱਚ, ਸਜ਼ਦਾ, ਸਿਦਕਦਿਲੀ, ਸੰਜੀਵਨੀ ਅਤੇ ਸਰਬ-ਪ੍ਰਵਾਨ। ਇਸ ਵਿਚੋਂ ਹੀ ਹੁੰਦਾ ਮਨੁੱਖ ਦਾ ਵਿਕਾਸ ਤੇ ਵਿਸਥਾਰ। ਇਹ ਹੀ ਜੀਵਨ ਦਾ ਸ਼ੁਭ ਵਿਚਾਰ, ਅਚਾਰ ਅਤੇ ਵਿਹਾਰ।

*ਸੱਚ, ਸਦੀਵੀ ਸੋਹਣਾ ਅਤੇ ਮਨ-ਬੁੱਕਲ ਦਾ ਗਹਿਣਾ। ਸੱਚ ਦੀ ਆਭਾ ਸਦਾ ਨਰੋਈ ਤੇ ਸੱਚ ਨੇ ਸੱਚ ਹੀ ਰਹਿਣਾ। ਸੱਚ ਬਣੇ ਜਦ ਦਰਦ ਦੀ ਗਾਥਾ ਤਾਂ ਸੱਚ ਨੇ ਗਮ ਹੀ ਸਹਿਣਾ। ਸੱਚ ਹਮੇਸ਼ਾ ਸੂਲੀ ਚੜ੍ਹਦਾ, ਕੂੜ ਨੇ ਹੱਸਦੇ ਰਹਿਣਾ, ਪਰ ਸੂਲੀ ਉਤੇ ਚੜ੍ਹੇ ਸੱਚ ਨੇ, ਝੂਠ ਨੂੰ ਝੂਠ ਹੀ ਕਹਿਣਾ। ਸੱਚ ਸੁੱਚੀ ਆਤਮਾ ਵਰਗਾ, ਕੁਹਜਾਂ ਤੋਂ ਨਿਰਲੇਪ। ਸੱਚੇ ਮਾਰਗ ਸਾਬਤ ਕਦਮੀਂ, ਕਦੇ ਨਾ ਮੰਨੀ ਝੇਪ। ਸੱਚ ਸਰਘੀ 'ਚ ਤੇਹ-ਤ੍ਰੇਲ, ਰੰਗਾਂ ਸੰਗ ਰੰਗਰੇਜ਼। ਸੋਚ-ਬਗੀਚੀ ਹੋ ਜਾਂਦੀ, ਮਹਿਕਾਂ ਨਾਲ ਲਬਰੇਜ਼। ਸੱਚ-ਸੁਪਨਾ ਨੈਣੀਂ ਵਸਾ ਕੇ, ਮੌਤ ਮਖੌਲਾਂ ਕਰਨੀਆਂ। ਅਜਿਹੀ ਜੀਵਨ-ਜੁਗਤ ਦੀਆਂ ਕਿਸ ਨੇ ਰੀਸਾਂ ਕਰਨੀਆਂ? ਸੱਚ-ਚਿਰਾਗ ਦੀ ਲੋਏ ਬੈਠਾ ਸੀ ਨਾਨਕ ਸ਼ਾਹ ਫਕੀਰ, ਜਿਸ ਨੇ ਪਸਰੀ ਕੂੜ ਦੀ ਚਾਦਰ, ਕੀਤੀ ਲੀਰੋ-ਲੀਰ। ਸੱਚ-ਸਰਗਮ ਲਈ ਸੱਦ ਸਰਮੱਦ ਦੀ, ਜੂਹੀਂ ਰਹੀ ਫਿਰੇਂਦੀ। ਹਰ ਹਨੇਰ ਨੁੱਕਰ ਦੇ ਆਲੇ, ਦੀਵਾ ਰਹੇ ਟਿਕਾਂਦੀ। ਸੱਚ ਦੇ ਰਾਹੀਆਂ ਰਾਹ ਨਾ ਬਦਲੇ, ਪੀੜਾਂ ਪਿੰਡੇ ਸਹੀਆਂ। ਮਨ-ਰਮਤਾ ਵਿਚ ਭੌਂਦਿਆਂ, ਸਿਰ ਪਈਆਂ ਜੋ ਸਹੀਆਂ। ਸੱਚ-ਸਦਮੇ ਨੂੰ ਜਿਨ੍ਹਾਂ ਨੇ ਰੂਹ-ਰਾਗ ਬਣਾਇਆ, ਉਨ੍ਹਾਂ ਆਪਣੇ ਅੰਦਰੋਂ, ਖੁਦ ਹੀ ਖੁਦ ਨੂੰ ਪਾਇਆ।*

ਵਿਚਾਰ ਚਰਚਾ

# ਸਿੱਖ: ਧਰਮ ਕਿ ਕੌਮ

ਸੇਵਕ ਸਿੰਘ ਕੋਟਕਪੂਰਾ
ਫੋਨ: 661-444-3657

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਇਕ ਅਨਾਦੀ ਸੱਚ ਹੈ, ਜੋ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਵੀ ਸੱਚ ਸੀ, ਸ੍ਰਿਸ਼ਟੀ ਦੀ ਰਚਨਾ ਵੇਲੇ ਵੀ ਸੱਚ ਸੀ, ਹੁਣ ਵੀ ਸੱਚ ਹੈ ਤੇ ਸ੍ਰਿਸ਼ਟੀ ਦੇ ਨਾਸ਼ ਹੋਣ ਪਿਛੋਂ ਵੀ ਸੱਚ ਹੀ ਰਹੇਗਾ।

ਸ੍ਰੀਮਦ ਭਗਵਤ ਗੀਤਾ ਦੇ ਚੌਥੇ ਅਧਿਆਇ ਦੇ 1-9 ਸਲੋਕਾਂ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਕਿ ਮੈਂ ਹੀ ਇਸ ਅਵਿਨਾਸ਼ੀ ਯੋਗ ਨੂੰ ਸ੍ਰਿਸ਼ਟੀ ਦੇ ਅਰੰਭ ਵਿਚ ਸੂਰਜ ਨੂੰ ਕਿਹਾ ਸੀ, ਸੂਰਜ ਨੇ ਆਪਣੇ ਪੁੱਤਰ ਵੈਵਸਵਤ ਮਨੂੰ ਨੂੰ ਕਿਹਾ ਤੇ ਮਨੂੰ ਨੇ ਪੁੱਤ ਇਸ਼ਵਾਕੂ ਨੂੰ ਕਿਹਾ। ਹੇ ਅਰਜੁਨ! ਇੰਜ ਰੀਤ ਤੋਂ ਪ੍ਰਾਪਤ ਇਸ ਯੋਗ ਨੂੰ ਰਾਜਰਿਸ਼ੀਆਂ ਨੇ ਜਾਣਿਆ। ਇਸ ਪਿਛੋਂ ਇਹ ਯੋਗ ਬਹੁਤ ਸਮੇਂ ਤੋਂ ਇਸ ਪ੍ਰਿਥਵੀ ਲੋਕ ਤੋਂ ਅਲੋਪ ਹੀ ਹੋ ਗਿਆ ਸੀ, ਪਰ ਤੂੰ ਮੇਰਾ ਭਗਤ ਤੇ ਪਿਆਰਾ ਮਿੱਤਰ ਹੈਂ, ਇਸ ਲਈ ਮੈਂ ਓਹੀ ਪੁਰਾਣਾ ਯੋਗ ਤੈਨੂੰ ਦੱਸ ਰਿਹਾ ਹਾਂ। ਕਿਉਂਕਿ ਇਹ ਇਕ ਬਹੁਤ ਹੀ ਉਤਮ ਰਹੱਸ ਹੈ, ਇਸ 'ਤੇ ਅਰਜਨ ਨੇ ਕਿਹਾ ਕਿ ਤੁਹਾਡਾ ਜਨਮ ਤਾਂ ਨਵਾਂ ਭਾਵ ਕੁਝ ਸਮਾਂ ਪਹਿਲਾਂ ਹੀ ਹੋਇਆ ਹੈ, ਜਦੋਂ ਕਿ ਸੂਰਜ ਤਾਂ ਕਲਪ ਦੇ ਆਦਿ ਵਿਚ ਹੀ ਪ੍ਰਗਟ ਹੋ ਚੁਕਾ ਸੀ; ਤਾਂ ਮੈਂ ਇਹ ਕਿਵੇਂ ਸਮਝਾਂ ਕਿ ਤੁਸੀਂ ਹੀ ਕਲਪ ਦੇ ਆਦਿ ਵਿਚ ਸੂਰਜ ਨੂੰ ਕਿਹਾ ਸੀ? ਕ੍ਰਿਸ਼ਨ ਜੀ ਬੋਲੇ, ਹੇ ਅਰਜਨ! ਮੇਰੇ ਤੇ ਤੇਰੇ ਕਿੰਨੇ ਹੀ ਜਨਮ ਹੋ ਚੁਕੇ ਹਨ। ਤੂੰ ਉਨ੍ਹਾਂ ਬਾਰੇ ਨਹੀਂ ਜਾਣਦਾ, ਪਰ ਮੈਂ ਜਾਣਦਾ ਹਾਂ। ਮੈਂ ਅਜਨਮਾ ਤੇ ਅਵਿਨਾਸ਼ੀ ਸਰੂਪ ਹੁੰਦਿਆਂ ਸਮੂਹ ਪ੍ਰਾਣੀਆਂ ਦਾ ਈਸ਼ਵਰ ਹੋ ਕੇ ਵੀ ਆਪਣੀ ਪ੍ਰਕਿਰਤੀ ਨੂੰ ਆਪਣੇ ਅਧੀਨ ਕਰ ਕੇ ਆਪਣੀ ਯੋਗ ਮਾਇਆ ਰਾਹੀਂ ਪ੍ਰਗਟ ਹੁੰਦਾ ਹਾਂ।

ਹੇ ਅਰਜਨ! ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ ਤੇ ਅਧਰਮ ਵੱਧ ਜਾਂਦਾ ਹੈ ਤਾਂ ਉਦੋਂ ਮੈਂ ਆਪਣਾ ਰੂਪ ਰਚਦਾ ਹਾਂ। ਸਾਧੂਆਂ ਭਾਵ ਸ਼ੁਭ ਕਰਮ ਕਰਨ ਵਾਲਿਆਂ ਦੇ ਉਧਾਰ ਕਰਨ ਲਈ ਅਤੇ ਪਾਪ ਕਰਮ ਕਰਨ ਵਾਲਿਆਂ ਦੇ ਵਿਨਾਸ਼ ਕਰਨ ਲਈ ਤੇ ਧਰਮ ਦੀ ਸਥਾਪਨਾ ਕਰਨ ਲਈ ਮੈਂ ਯੁੱਗ ਯੁੱਗ ਵਿਚ ਪ੍ਰਗਟ ਹੁੰਦਾ ਹਾਂ। ਹੇ ਅਰਜੁਨ! ਮੇਰੇ ਜਨਮ ਅਤੇ ਕਰਮ ਦੈਵੀ, ਨਿਰਮਲ ਤੇ ਅਲੌਕਿਕ ਹੁੰਦੇ ਹਨ। ਜੋ ਵਿਅਕਤੀ ਇਸ ਸੱਚ ਨੂੰ ਜਾਣ ਲੈਂਦਾ ਹੈ, ਉਹ ਸਰੀਰ ਤਿਆਗ ਕੇ ਮੁੜ ਜਨਮ ਨਹੀਂ ਲੈਂਦਾ, ਮੇਰੇ ਵਿਚ ਲੀਨ ਹੋ ਜਾਂਦਾ ਹੈ।

ਗੁਰੂ ਅਰਜਨ ਦੇਵ ਬੈਠੇ ਹਨ, ਮਥਰਾ ਭੱਟ ਉਨ੍ਹਾਂ ਦੇ ਦਰਸ਼ਨ ਕਰ ਕੇ ਪੁਕਾਰ ਉਠਦੇ ਹਨ,

ਧਰਨਿ ਗਗਨ ਨਵ ਖੰਡ ਮਹਿ
ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦੁ ਨਹੀ
ਗੁਰੁ ਅਰਜੁਨੁ ਪਰਤਖ੍ਯ ਹਰਿ॥

ਇਹ ਸਵਈਆ ਗੁਰੂ ਗ੍ਰੰਥ ਸਾਹਿਬ (ਪੰਨਾ 1409) ਵਿਚ ਦਰਜ ਹੈ, ਕੀ ਇਸ ਤੋਂ ਸਮਝਿਆ ਜਾਵੇ ਕਿ ਗੁਰੂ ਅਰਜਨ ਦੇਵ ਜੀ ਚਾਪਲੂਸੀ ਪਸੰਦ ਕਰਦੇ ਸਨ, ਜਾਂ ਫਿਰ ਉਹ ਅਸਲ ਵਿਚ ਹੀ ਪ੍ਰਗਟ ਹਰੀ ਸਰੂਪ ਸਨ! ਇਸੇ ਤਰ੍ਹਾਂ ਹੀ ਭੱਟ ਕਲ੍ਯ ਸਹਾਰ ਨੇ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਵਿਚ 10 ਸਵਯੀਏ ਉਚਾਰੇ, ਜਿਨ੍ਹਾਂ ਦਾ ਅਰਥ ਇਸ ਤਰ੍ਹਾਂ ਹੈ:

"ਇਕ ਅਕਾਲ ਪੁਰਖ, ਜੋ ਸਭ ਨੂੰ ਵਰ ਦੇ ਕੇ ਨਿਵਾਜਦਾ ਹੈ, ਸੰਤਾਂ ਦਾ ਆਸਰਾ ਤੇ ਬਖਸ਼ਿਸ਼ਾਂ ਦਾ ਭੰਡਾਰ ਹੈ। ਉਸ ਦਾ ਓਟ ਆਸਰਾ ਲੈ ਕੇ ਪ੍ਰਭੂ ਦਾ ਮੰਗਲ ਕਰਕੇ, ਜੋਤ ਸਰੂਪ ਗੁਰੂ ਨਾਨਕ ਦੇਵ ਦੀ ਮਹਿਮਾ ਅਰੰਭ ਕਰ ਰਿਹਾ ਹਾਂ। ਹੇ ਗੁਰੂ ਨਾਨਕ! ਤੁਸੀਂ ਸੁਖਾਂ ਦੇ ਸਮੁੰਦਰ, ਪਾਪਾਂ ਨੂੰ ਨਾਸ ਕਰਨ ਵਾਲੇ, ਗੰਭੀਰਤਾ ਅਤੇ ਧੀਰਜ ਦੇ ਅਥਾਹ ਸਮੁੰਦਰ ਹੋ। ਆਪ ਜੀ ਦਾ ਜਸ ਸਾਰੇ ਜੋਗੀ ਜੰਗਮ, ਸ਼ਿਵ, ਬ੍ਰਹਮਾ, ਵਿਸ਼ਨੂੰ, ਰਿਸ਼ੀ, ਮੁਨੀ, ਚਾਰ ਵਰਣ, ਛੇ ਸ਼ਾਸਤਰ, ਸਨਕਾਦਿਕ ਮੁਨੀ, ਜਨਕਾਦਿ, ਸ਼ੇਸ਼ਨਾਗ ਵਰਗੇ ਹਮੇਸ਼ਾ ਹੀ ਕਰਦੇ ਰਹਿੰਦੇ ਹਨ। ਜਿੱਥੇ ਆਕਾਸ਼, ਪਾਤਾਲ 'ਚ ਆਪ ਦੀ ਜੈ ਜੈਕਾਰ ਹੋ ਰਹੀ ਹੈ, ਉਥੇ ਕਲਜੁਗ ਵਿਚ ਪਿਆਰੇ ਭਗਤ ਕਬੀਰ, ਰਵਿਦਾਸ, ਨਾਮਦੇਵ, ਜੈ ਦੇਵ, ਤ੍ਰਿਲੋਚਨ, ਬੇਣੀ ਅਤੇ ਪੁਰਾਤਨ ਸੁਖਦੇਵ, ਪ੍ਰੀਖਤ ਆਦਿ ਆਪ ਦੇ ਗੁਣ ਗਾ ਰਹੇ ਹਨ। ਮੇਰੀ ਕੀ ਸਮਰੱਥਾ ਹੈ ਕਿ ਆਪ ਦੇ ਗੁਣ ਗਾ ਸਕਾਂ। ਸਤਿਯੁਗ ਵਿਚ ਤੁਸੀਂ ਬਾਵਨ ਰੂਪ ਹੋ ਕੇ ਮਹਾਰਾਜਾ ਬਲੀ ਨੂੰ ਛਲਿਆ। ਤ੍ਰੇਤਾ ਯੁੱਗ ਵਿਚ ਤੁਸੀਂ ਰਘੁਵੰਸ਼ੀ ਰਾਮ ਅਖਵਾਏ। ਦੁਆਪਰ ਯੁੱਗ ਵਿਚ ਕ੍ਰਿਸ਼ਨ ਮੁਰਾਰੀ ਹੋ ਕੇ ਕੰਸ ਨੂੰ ਕਿਰਤਾਰਥ ਕੀਤਾ ਅਤੇ ਉਗਰ ਸੈਨ ਨੂੰ ਰਾਜ ਤੇ ਭਗਤਾਂ ਨੂੰ ਮੈਂ ਮੁਕਤ ਕੀਤਾ। ਕਲਯੁਗ ਵਿਚ ਗੁਰੂ ਨਾਨਕ, ਅੰਗਦ, ਅਮਰ ਦਾਸ ਕਹਾਏ। ਇਹ ਗੁਰੂ ਜੀ ਦਾ ਰਾਜ ਅਬਚਲ, ਅਟਲ ਹੈ, ਇਹ ਆਦਿ ਪੁਰਖ ਦਾ ਫੁਰਮਾਨ ਹੈ। ਇਸ ਖੰਡ, ਬ੍ਰਹਿਮੰਡ 'ਚ ਪੂਰਨ ਬ੍ਰਹਮ ਸਰਗੁਣ ਤੇ ਨਿਰਗੁਣ ਹੋ ਕੇ ਸਮਾ ਰਿਹਾ ਹੈ। ਇਸ ਲਈ ਹੇ ਕਵੀ ਕਲ! ਤੂੰ ਉਸ ਗੁਰੂ ਨਾਨਕ ਦੇਵ ਦਾ ਜਸ ਸਦਾ ਕਰ ਜਿਸ ਨੇ ਸਹਿਜ ਯੋਗ ਸਦਾ ਹੀ ਮਾਣਿਆ ਹੈ ਅਤੇ ਘਟ ਘਟ ਵਿਚ ਸਮਾਇਆ ਹੋਇਆ ਹੈ।"

ਇਸ ਚਰਚਾ ਪਿਛੋਂ ਕੀ ਇਹ ਨਿਰਣਾ ਕੀਤਾ ਜਾਵੇ ਕਿ ਇਹ ਸਭ ਅਤਿਕਥਨੀ ਹੈ? ਜਾਂ ਸੱਚ ਹੈ? ਇਹ ਸਭ ਕੁਝ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸੋ ਇਸ ਨੂੰ ਮੈਂ ਤਾਂ ਝੂਠ ਨਹੀਂ ਮੰਨਦਾ। ਫਿਰ ਗੁਰੂ ਨਾਨਕ ਦੇਵ ਨੇ 31 ਸਾਲ ਦੀ ਉਮਰ ਵਿਚ ਪਹਿਲੀ ਉਦਾਸੀ ਸ਼ੁਰੂ ਕੀਤੀ, ਜਦੋਂ ਕਿ ਦੋ ਬੱਚਿਆਂ ਦੇ ਬਾਪ ਬਣ ਚੁਕੇ ਸਨ, ਅਤੇ ਉਨ੍ਹਾਂ ਦੀ ਪਾਲਣਾ ਦੀ ਜਿੰਮੇਵਾਰੀ ਉਨ੍ਹਾਂ ਸਿਰ ਸੀ। ਉਸ ਵੇਲੇ ਦੀ ਗਜ਼ਟਿਡ ਨੌਕਰੀ ਛੱਡ ਕੇ ਉਦਾਸੀਆਂ ਸ਼ੁਰੂ ਕੀਤੀਆਂ। 24 ਸਾਲਾਂ ਵਿਚ 28,000 ਕਿਲੋਮੀਟਰ ਤੋਂ ਵੱਧ ਦਾ ਸਫਰ ਤੈਅ ਕੀਤਾ। ਪਹਿਲੀ ਉਦਾਸੀ ਸ਼ੁਰੂ ਕੀਤੀ, ਨਾਲ ਇਕ ਮਰਾਸੀ (ਭਾਈ) ਮਰਦਾਨੇ ਨੂੰ ਨਾਲ ਲਿਆ ਅਤੇ ਸਭ ਤੋਂ ਪਹਿਲਾ ਟਿਕਾਣਾ ਭਾਈ ਲਾਲੋ ਦੇ ਕੀਤਾ। ਜਿਥੇ ਵੀ ਕਿਸੇ ਪੁਰਾਤਨ ਭਗਤ ਦਾ ਟਿਕਾਣਾ ਸੀ, ਉਥੇ ਜਾ ਕੇ ਉਸ ਨੂੰ ਮਿਲੇ ਜਾਂ ਉਨ੍ਹਾਂ ਦੀ ਬਾਣੀ ਇਕੱਤਰ ਕੀਤੀ। ਸਾਰਾ ਏਸ਼ੀਆ, ਅਰਬ ਮੁਲਕਾਂ ਵਿਚ ਅਤੇ ਵੈਟੀਕਨ ਸਿਟੀ ਤਕ ਪਹੁੰਚਣ ਦੇ ਪ੍ਰਮਾਣ ਮਿਲੇ ਹਨ। ਫਿਰ ਜਿੱਥੇ ਵੀ ਗਏ, ਉਥੇ ਹੀ ਧਰਮਸਾਲ ਬਣਾ ਕੇ ਸਿੱਖੀ ਦਾ ਪ੍ਰਚਾਰ ਨਿਰੰਤਰ ਜਾਰੀ ਰੱਖਿਆ। ਜਦੋਂ ਰਿਟਾਇਰਮੈਂਟ ਦੀ ਉਮਰ ਸੀ, ਉਦੋਂ ਹੱਥੀਂ ਕਿਰਤ ਸ਼ੁਰੂ ਕੀਤੀ। ਜਦੋਂ ਸਰੀਰ ਤਿਆਗਿਆ ਤਾਂ ਹਿੰਦੂ ਆਪਣਾ ਗੁਰੂ ਕਹਿ ਰਹੇ ਸਨ ਤੇ ਮੁਸਲਿਮ ਆਪਣਾ ਪੀਰ ਕਹਿ ਰਹੇ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਤਾਂ ਉਸ ਵੇਲੇ ਸਾਰੇ ਭਾਰਤ ਵਿਚੋਂ ਕਰੀਬ 80,000 ਵਿਅਕਤੀ ਹਾਜ਼ਰ ਸਨ। ਉਨ੍ਹਾਂ ਦਾ ਜਨਮ ਬਿਹਾਰ 'ਚ ਹੋਇਆ ਅਤੇ ਅੰਤਿਮ ਸਮਾਂ ਨਾਂਦੇੜ ਦੱਖਣ 'ਚ ਹੋਇਆ। ਭਾਵ ਸਾਰੇ ਭਾਰਤ ਅਤੇ ਅਫਗਾਨਿਸਤਾਨ ਤੱਕ ਸਿੱਖੀ ਦਾ ਪਸਾਰਾ ਸੀ। ਹੁਣ ਹਰ ਇਕ ਦੇਸ਼ ਵਿਚ ਹੋਰ ਕੁਝ ਮਿਲੇ ਜਾਂ ਨਾ ਮਿਲੇ, ਸਿੱਖ ਜਰੂਰ ਮਿਲ ਜਾਂਦਾ ਹੈ। ਜੋ ਵਿਚਾਰਧਾਰਾ ਬਾਬਾ ਫਰੀਦ ਅਤੇ ਭਗਤ ਜੈਦੇਵ ਤੋਂ ਸ਼ੁਰੂ ਹੋ ਕੇ ਨਾਮਦੇਵ, ਤ੍ਰਿਲੋਚਨ, ਰਵਿਦਾਸ ਅਤੇ ਕਬੀਰ ਜੀ ਤਕ ਹੁੰਦੀ ਹੋਈ ਗੁਰੂ ਗੋਬਿੰਦ ਸਿੰਘ ਤਕ ਪਹੁੰਚੀ ਹੈ, ਉਸ ਵਿਚ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦਾ ਬਰਾਬਰ ਦਾ ਯੋਗਦਾਨ ਹੈ। ਕਿਸੇ ਦਾ ਵੀ ਯੋਗਦਾਨ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਕੀ ਸਾਈਂ ਮੀਆਂ ਮੀਰ ਅਤੇ ਪੀਰ ਭੀਖਣ ਸ਼ਾਹ ਦੇ ਬ੍ਰਹਮ ਗਿਆਨ ਤੋਂ ਮੁਨਕਰ ਹੋਇਆ ਜਾ ਸਕਦਾ ਹੈ? ਕੀ ਮਲੇਰਕੋਟਲਾ ਦੇ ਨਵਾਬ ਦੀ ਸਿਦਕ ਦਿਲੀ ਤੋਂ ਇਨਕਾਰ ਕੀਤਾ ਜਾ ਸਕਦਾ ਹੈ? ਕੀ ਬੁੱਧੂ ਸ਼ਾਹ ਦੀ ਕੁਰਬਾਨੀ ਨੂੰ ਸਿੱਖ ਇਤਿਹਾਸ ਵਿਚੋਂ ਮਨਫੀ ਕੀਤਾ ਜਾ ਸਕਦਾ ਹੈ? ਕੀ ਭਾਈ ਨੰਦ ਲਾਲ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਣ ਲਈ ਕਿਹਾ? ਕੀ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੀ ਸਥਾਪਨਾ ਅਤੇ ਉਸਾਰੀ ਲਈ ਮੁਸਲਮਾਨ ਸਿਪਾਹੀਆਂ ਤੇ ਜਰਨੈਲਾਂ ਦੇ ਯੋਗਦਾਨ ਤੋਂ ਇਨਕਾਰ ਕੀਤਾ ਜਾ ਸਕਦਾ ਹੈ? ਕੀ ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਦੇ ਧਰਮ ਜਾਂ ਜਾਤ ਕਰਕੇ ਵਿਤਕਰਾ ਕੀਤਾ? ਕੀ ਸ਼ਾਹ ਮੁਹੰਮਦ ਦੇ ਪਾਏ ਵੈਣਾਂ ਤੋਂ ਇਨਕਾਰ ਕੀਤਾ ਜਾ ਸਕਦਾ ਹੈ, ਉਸ ਦੀ ਇਮਾਨਦਾਰੀ ਤੇ ਸਮਰਪਣ ਭਾਵਨਾ 'ਤੇ ਸ਼ੱਕ ਕੀਤਾ ਜਾ ਸਕਦਾ ਹੈ? ਯੋਗੀ ਅੱਲਾ ਯਾਰ ਖਾਂ ਦੀ ਇਮਾਨਦਾਰੀ ਸ਼ੱਕੀ ਹੈ? ਤਾਜਾ ਮਿਸਾਲ ਅਫਜ਼ਲ ਅਹਿਸਨ ਦੇ ਅਕਾਲ ਤਖਤ ਦੇ ਢਹਿਣ 'ਤੇ ਪਾਏ ਵੈਣ ਜਾਅਲੀ ਹਨ?

ਇਸ ਚਰਚਾ ਪਿਛੋਂ ਧਰਮ ਦਾ ਇਹੋ ਸਰੂਪ ਨਿਖਰ ਕੇ ਸਾਹਮਣੇ ਆਇਆ ਕਿ ਧਰਮ ਕਿਸੇ ਜਾਤ ਜਾਂ ਫਿਰਕੇ ਦਾ ਨਾਂ ਨਹੀਂ, ਸਗੋਂ ਇਕ ਜੀਵਨ ਜਾਚ ਹੈ, ਜੋ ਮਨੁੱਖ ਨੂੰ ਇਕ ਨੇਕ ਮਨੁੱਖ ਬਣਾਉਣ ਦਾ ਇਕ ਢੰਗ, ਇਕ ਰਾਹ ਹੈ; ਜਿੱਥੇ ਕਿਸੇ ਮਨੁੱਖ ਤੇ ਮਨੁੱਖ ਵਿਚ ਵਿਤਕਰੇ ਦੀ ਕੋਈ ਥਾਂ ਨਹੀਂ ਹੈ। ਧਰਮ ਮਨੁੱਖ ਨੂੰ ਆਪਣੇ ਆਪ ਨੂੰ ਜਾਣ ਕੇ ਮੁਕਤੀ ਪ੍ਰਾਪਤ ਕਰਨ ਦਾ ਸਾਧਨ ਹੈ। ਇਨਸਾਨ ਨੂੰ ਨੇਕ ਤੇ ਸ਼ੁਭ ਕਰਮ ਕਰਨ ਲਈ ਤਿਆਰ ਕਰਨਾ ਅਤੇ ਮਨੁੱਖਤਾ ਦਾ ਭਲਾ ਕਰਨਾ ਤੇ ਮੰਗਣਾ ਹੀ ਧਰਮ ਹੈ। ਜੇ ਅਜਿਹਾ ਨਹੀਂ ਹੈ ਤਾਂ ਉਹ ਕਰਮਕਾਂਡ ਤੇ ਸਮਾਜਕ ਰਸਮਾਂ ਰੀਤਾਂ ਦਾ ਸਮੂਹ ਹੀ ਹੈ, ਜਾਂ ਮੌਜ ਮੇਲੇ ਦਾ ਹੀ ਸਾਧਨ ਹੈ ਅਤੇ ਸਮਾਜਕ ਮੇਲ-ਜੋਲ ਵਧਾਉਣ ਦਾ ਇਕ ਮੌਕਾ ਤੇ ਸਾਧਨ ਹੈ।

ਕੌਮ ਦੀ ਪਰਿਭਾਸ਼ਾ ਕੀ ਹੈ? ਇਕ ਖਿੱਤੇ ਵਿਚ ਰਹਿਣ ਵਾਲੇ ਇਕ ਸਭਿਆਚਾਰ ਮੁਤਾਬਕ ਜੀਵਨ ਜਿਉਂ ਰਹੇ ਲੋਕਾਂ ਦੇ ਇਕੱਠ ਨੂੰ ਕੌਮ ਕਿਹਾ ਜਾਂਦਾ ਹੈ, ਭਾਵੇਂ ਉਹ ਕਿਸੇ ਵੀ ਧਰਮ ਨੂੰ ਮੰਨਦੇ ਹੋਣ। ਉਨ੍ਹਾਂ ਦੀ ਇਕ ਬੋਲੀ ਹੋਵੇ, ਉਨ੍ਹਾਂ ਦੇ ਰਸਮ ਰਿਵਾਜ ਸਾਂਝੇ ਹੋਣ, ਉਹ ਇਕ ਕੌਮ ਹੈ। ਇਸ ਦਾ ਸਬੂਤ ਪੂਰਬੀ ਅਤੇ ਪੱਛਮੀ ਪੰਜਾਬ ਹੈ। ਵੰਡ ਹੋ ਜਾਣ ਪਿਛੋਂ ਅਤੇ ਧਾਰਮਿਕ ਵਖਰੇਵੇਂ ਹੋਣ ਦੇ ਬਾਵਜੂਦ, ਕੀ 71 ਸਾਲਾਂ ਪਿਛੋਂ ਵੀ ਆਮ ਲੋਕਾਂ ਦੇ ਪਿਆਰ 'ਚ ਕੋਈ ਫਰਕ ਆਇਆ ਹੈ! ਜਦੋਂ ਵੀ ਸਿੱਖ ਜਥੇ ਉਧਰ ਜਾਂਦੇ ਹਨ, ਕੀ ਉਨ੍ਹਾਂ ਨੂੰ ਨਫਰਤ ਕੀਤੀ ਜਾਂਦੀ ਹੈ ਜਾਂ ਪਿਆਰ? ਇਸ ਦੇ ਉਲਟ 1947 ਵਿਚ ਪੂਰਬੀ ਅਤੇ ਪੱਛਮੀ ਪਾਕਿਸਤਾਨ ਬਣੇ, 1971 ਵਿਚ ਸਿਰਫ 25 ਸਾਲਾਂ ਵਿਚ ਹੀ ਦੋ ਦੇਸ਼ਾਂ-ਪਾਕਿਸਤਾਨ ਤੇ ਬੰਗਲਾਦੇਸ਼ ਦੇ ਰੂਪ ਵਿਚ ਅੱਡੋ ਅੱਡ ਹੋ ਗਏ। ਕਾਰਨ ਕੋਈ ਕੌਮੀ ਸਾਂਝ ਨਹੀਂ ਸੀ, ਸਿਰਫ ਧਰਮ ਦੀ ਸਾਂਝ ਸੀ, ਜੋ ਉਨ੍ਹਾਂ ਨੂੰ ਇਕੱਠੇ ਨਹੀਂ ਰੱਖ ਸਕੀ। ਕਿੰਨੇ ਇਸਲਾਮਿਕ ਦੇਸ਼ ਹਨ, ਕੀ ਉਹ ਸਿਰਫ ਧਾਰਮਿਕ ਸਾਂਝ ਕਰਕੇ ਇਕ ਦੇਸ਼ ਦੇ ਰੂਪ 'ਚ ਇਕੱਠੇ ਹੋ ਸਕਦੇ ਹਨ ਤੇ ਇਕੱਠੇ ਰਹਿ ਸਕਦੇ ਹਨ? ਕਿੰਨੇ ਈਸਾਈ ਦੇਸ਼ ਹਨ, ਕੀ ਉਹ ਧਾਰਮਿਕ ਸਾਂਝ ਕਰਕੇ ਇਕ ਦੇਸ਼ ਦੇ ਰੂਪ ਵਿਚ ਇਕੱਠੇ ਹੋ ਸਕਦੇ ਹਨ ਤੇ ਇਕੱਠੇ ਰਹਿ ਸਕਦੇ ਹਨ?

ਕੀ ਪੰਜਾਬੀ ਸਿੱਖ ਅਤੇ ਹਰਿਆਣੇ ਦੇ ਸਿੱਖਾਂ ਦੇ ਹਿੱਤ ਇਕ ਹੋ ਸਕਦੇ ਹਨ? ਕੀ ਅਮਰੀਕਨ ਸਿੱਖ ਪੰਜਾਬ ਵਿਚ ਵਸਣ ਲਈ ਰਾਜ਼ੀ ਹੋ ਜਾਣਗੇ? ਕੀ ਹਜ਼ੂਰ ਸਾਹਿਬ ਦੇ ਸਿੱਖ ਪੰਜਾਬ ਆਉਣ ਲਈ ਤਿਆਰ ਹੋ ਜਾਣਗੇ? ਕੀ ਇਕ ਅਮੀਰ ਅਤੇ ਇਕ ਗਰੀਬ ਸਿੱਖ ਦੇ ਹਿੱਤ ਇਕ ਹੋ ਸਕਦੇ ਹਨ? ਕੀ ਇਕ ਅਮੀਰ ਵਿਅਕਤੀ ਕਿਸੇ ਗਰੀਬ ਸਿੱਖ ਨੂੰ ਮਦਦ ਦੇ ਕੇ ਆਪਣੇ ਬਰਾਬਰ ਕਰਨ ਲਈ ਤਿਆਰ ਹੈ? ਕੀ ਇਕ ਅਮੀਰ ਸਿੱਖ ਆਪਣੇ ਹੀ ਸਿੱਖ ਕਰਮਚਾਰੀ ਨੂੰ ਉਸ ਦਾ ਬਣਦਾ ਹੱਕ ਦੇਣ ਨੂੰ ਤਿਆਰ ਹੈ? ਕੀ ਇਕ ਸਿੱਖ ਆਪਣੇ ਸ਼ਰੀਕ 'ਤੇ ਕੀਤਾ ਮੁਕੱਦਮਾ ਵਾਪਿਸ ਲੈਣ ਲਈ ਤਿਆਰ ਹੈ? ਕੀ ਫਖਰ-ਏ-ਕੌਮ ਤੇ ਪੰਥ ਰਤਨ, ਉਸ ਦੇ ਫਰਮਾਬਰਦਾਰ ਜਥੇਦਾਰਾਂ ਅਤੇ ਕਮੇਟੀ ਦੀ ਅਗਵਾਈ ਤੇ ਹੁਕਮ ਅੱਖਰ ਅੱਖਰ ਮੰਨ ਲੈਣੇ ਚਾਹੀਦੇ ਹਨ? ਇਨ੍ਹਾਂ ਹਾਲਤਾਂ ਵਿਚ ਇਹ ਕਹਿਣਾ ਕਿ ਸਿੱਖ ਇਕ ਕੌਮ ਹੈ, ਸਹੀ ਹੈ?

ਇਕ ਪਾਸੇ ਤਾਂ ਅਸੀਂ ਹੁੱਬ ਕੇ ਕਹਿੰਦੇ ਹਾਂ ਕਿ ਸਿੱਖ ਧਰਮ ਬ੍ਰਹਿਮੰਡੀ ਧਰਮ ਹੈ, ਦੂਜੇ ਪਾਸੇ ਇਸ ਨੂੰ ਇਕ ਛੋਟੇ ਜਿਹੇ ਖਿੱਤੇ ਵਿਚ ਸੀਮਤ ਕਰ ਰਹੇ ਹਾਂ! ਸੱਚ ਕੀ ਹੈ, ਅਸੀਂ ਚਾਹੁੰਦੇ ਕੀ ਹਾਂ? ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੇ ਸਿੱਖਾਂ ਨੂੰ ਦੇਖਣਾ ਪੈਣਾ ਹੈ ਕਿ ਗੁਰੂ ਗ੍ਰੰਥ ਸਾਹਿਬ 'ਚ ਦਰਜ ਵਿਚਾਰਧਾਰਾ ਅਪਨਾਉਣੀ ਹੈ ਜਾਂ ਮਨਮਤਿ ਅਨੁਸਾਰ ਫੈਸਲਾ ਕਰਨਾ ਚਾਹੀਦਾ ਹੈ? ਇਕ ਧਰਮ ਬਣ ਕੇ ਜਿਉਣਾ ਹੈ ਕਿ ਇਕ ਕੌਮ ਬਣ ਕੇ? ਸਮੁੰਦਰ ਬਣਨਾ ਹੈ ਜਾਂ ਛੱਪੜ? ਇਹ ਫੈਸਲਾ ਸਿੱਖਾਂ ਨੇ ਹੀ ਕਰਨਾ ਹੈ, ਕਿਸੇ ਹੋਰ ਨੇ ਨਹੀਂ ਕਰਨਾ। ਇਸੇ ਫੈਸਲੇ 'ਤੇ ਹੀ ਸਿੱਖਾਂ ਦਾ ਭਵਿੱਖ ਨਿਰਭਰ ਕਰਦਾ ਹੈ। ਜੇ ਕਿਸੇ ਦੀ ਭਾਵਨਾ ਨੂੰ ਠੇਸ ਪਹੁੰਚੀ ਹੋਵੇ ਤਾਂ ਮੁਆਫੀ ਚਾਹੁੰਦਾ ਹਾਂ।

# 'ਸੂਰਜ ਪ੍ਰਕਾਸ਼' ਗ੍ਰੰਥ 'ਚ ਗੁਰੂ ਨਿੰਦਿਆ-3

ਕਸ਼ਮੀਰਾ ਸਿੰਘ (ਪ੍ਰੋ.)
ਫੋਨ: 801-414-0171

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਸਿੰਘ ਬਨਿ ਚਾਹੋ ਤੁੰ ਧੰਨ॥੪੭॥

ਕਵੀ ਸੰਤੋਖ ਸਿੰਘ ਲਿਖਦਾ ਹੈ ਕਿ ਕੇਸ਼ਵ ਦਾਸ ਬ੍ਰਾਹਮਣ ਗੁਰੂ ਜੀ ਨੂੰ ਕਹਿ ਰਿਹਾ ਹੈ, ਤੁਹਾਡਾ ਪੰਥ ਧਰਤੀ 'ਤੇ ਬਹੁਤ ਰਾਜ ਕਰੇਗਾ, ਉਸ ਦਾ ਜਨਮ ਸਿੱਖਾਂ ਵਿਚ ਹੋਵੇਗਾ। ਕੇਸ਼ਵ ਦਾਸ ਦੀ ਇਹ ਗੱਲ ਸੁਣ ਕੇ ਗੁਰੂ ਜੀ ਬੜੇ ਪ੍ਰਸੰਨ ਹੋਏ। ਗੁਰੂ ਜੀ ਨੇ ਕੇਸ਼ਵ ਦਾਸ ਨੂੰ ਕਿਹਾ, ਤੂੰ ਧੰਨੁ ਹੈਂ ਜੋ ਸਿੱਖ ਬਣਨਾ ਚਾਹਿਆ ਹੈ।

**ਵਿਚਾਰ:** ਦੇਖੋ ਕੇਸ਼ਵ ਦਾਸ ਬ੍ਰਾਹਮਣ ਨੂੰ, ਜਿਸ ਨੇ ਦੁਰਗਾ ਦੇਵੀ ਦੀ ਪੂਜਾ ਦੀ ਵਿਧੀ ਗੁਰੂ ਜੀ ਨੂੰ ਦੱਸੀ, ਗੁਰੂ ਜੀ ਤੋਂ ਵੱਧ ਸਿਆਣਾ ਵਡੇਰਾ ਬਣਾ ਕੇ ਕਵੀ ਨੇ ਗੁਰੂ ਜੀ ਦੀ ਕਿਵੇਂ ਨਿਰਾਦਰੀ ਕੀਤੀ ਹੈ। ਕੇਸ਼ਵ ਦਾਸ ਵੀ ਗੁਰੂ ਜੀ ਨੂੰ ਵਰ ਦੇ ਰਿਹਾ ਹੈ ਜਿਵੇਂ ਦੁਰਗਾ ਦੇਵੀ ਤੋਂ ਕਵੀ ਨੇ ਗੁਰੂ ਜੀ ਨੂੰ ਵਰ ਦਿਵਾਇਆ ਹੈ। ਕੇਸ਼ਵ ਦਾਸ ਜੋ ਭਵਿੱਖਵਾਣੀ ਕਰਦਾ ਹੈ, ਗੁਰੂ ਜੀ ਇੰਨ-ਬਿੰਨ ਮੰਨਦੇ ਜਾ ਰਹੇ ਹਨ, ਇਹ ਕਵੀ ਦੀ ਗੱਪ ਹੈ, ਜੋ ਉਸ ਨੇ 'ਸੌ ਸਾਖੀ' ਵਿਚੋਂ ਨਕਲ ਮਾਰ ਕੇ ਲਿਖੀ ਹੈ, ਜਿਸ ਵਿਚ ਲਿਖਿਆ ਹੈ ਕਿ ਇਹ ਬ੍ਰਾਹਮਣ ਤੀਜੇ ਜਨਮ ਲਾਹੌਰ ਦਾ ਮਾਲਕ (ਮਹਾਰਾਜਾ ਰਣਜੀਤ ਸਿੰਘ) ਬਣੇਗਾ। ਦੇਖੋ ਕਵੀ ਦੀ ਲਿਖਤ,

ਤੀਨ ਵਾਰ ਹੁਇ ਪੰਥ ਮਝਾਰੀ।
ਲੈ ਹੈਨ ਸਿੰਘਨ ਮਹਿ ਸਿਰਦਾਰੀ।
ਇਹੁ ਬਰ ਪਾਇ ਹਰਖ ਕੋ ਧਰਿ ਕੈ।
ਬਿਪ੍ਰ ਕਲੇਵਰ ਕੋ ਤਜਿ ਕਰਿ ਕੈ॥੪੮॥

ਕਵੀ ਲਿਖਦਾ ਹੈ, ਗੁਰੂ ਜੀ ਵੀ ਕੇਸ਼ਵ ਦਾਸ ਦੀ ਭਵਿੱਖਵਾਣੀ ਮੰਨ ਕੇ ਕਹਿ ਰਹੇ ਹਨ, ਕੇਸ਼ਵ ਦਾਸ ਤਿੰਨ ਵਾਰ ਪੰਥ ਵਿਚ ਪੈਦਾ ਹੋਵੇਗਾ। ਕਵੀ ਨੇ ਗੁਰੂ ਜੀ ਤੋਂ ਕਹਾਇਆ ਹੈ ਕਿ ਕੇਸ਼ਵ ਦਾਸ ਸਿੰਘਾਂ 'ਚ ਸਰਦਾਰ (ਮਹਾਰਾਜਾ ਰਣਜੀਤ ਸਿੰਘ) ਬਣ ਜਾਵੇਗਾ। ਕਵੀ ਅਨੁਸਾਰ ਗੁਰੂ ਜੀ ਨੇ ਵੀ ਕੇਸ਼ਵ ਦਾਸ ਨੂੰ ਜਦੋਂ ਵਰ ਦਿੱਤਾ ਤਾਂ ਉਹ ਬ੍ਰਾਹਮਣ ਸਰੀਰ ਤਿਆਗ ਕੇ ਪਰਲੋਕ ਚਲਾ ਗਿਆ।

ਅਜਿਹੀਆਂ ਕਰਾਮਾਤੀ ਕਹਾਣੀਆਂ ਗੁਰੂ ਪਾਤਿਸ਼ਾਹਾਂ ਨਾਲ ਜੋੜਨਾ ਗੁਰੂ ਪਾਤਿਸ਼ਾਹਾਂ ਦੀ ਨਿਰਾਦਰੀ ਹੈ, ਜੋ ਨਿਰੀਆਂ ਗੱਪਾਂ ਹਨ ਕਿਉਂਕਿ ਰੂਹਾਂ ਮਰ ਕੇ ਕਿੱਥੇ ਜਾਂਦੀਆਂ ਹਨ, ਕਿਸੇ ਨੂੰ ਵੀ ਪਤਾ ਨਹੀਂ ਹੈ। ਕੀ ਕੇਸ਼ਵ ਦਾਸ ਗੁਰੂ ਪਾਤਿਸ਼ਾਹ ਤੋਂ ਵੱਧ ਸਿਆਣਾ ਹੈ, ਜੋ ਮਰ ਕੇ ਸਿੱਖ ਬਣਨ ਦੀ ਭਵਿੱਖਵਾਣੀ ਕਰ ਰਿਹਾ ਹੈ ਤੇ ਉਹ ਵੀ ਗੁਰੂ ਜੀ ਦੇ ਮੂਹਰੇ ਬੈਠ ਕੇ? ਗੁਰਬਾਣੀ ਦਾ ਪ੍ਰਮਾਣ ਦੇਖੋ,

ਮ: ੧॥ ਇਕ ਦਝਹਿ ਇਕ ਦਬੀਅਹਿ
ਇਕਨਾ ਕੁਤੇ ਖਾਹਿ॥
ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ
ਫਿਰਿ ਹਸਣਿ ਪਾਹਿ॥
ਨਾਨਕ ਏਵ ਨ ਜਾਪਈ ਕਿਥੈ ਜਾਇ
ਸਮਾਹਿ॥੨॥

**ਪਦਅਰਥ:** ਦਝਹਿ-ਸਾੜੇ ਜਾਂਦੇ ਹਨ। ਉਸਟੀਅਹਿ-ਸੁੱਟੇ ਜਾਂਦੇ ਹਨ। ਹਸਣਿ-ਹੱਸਣ ਵਿਚ। ਹਸਣ-ਉਹ ਸੁੱਕਾ ਖੂਹ, ਜਿਸ ਵਿਚ ਪਾਰਸੀ ਲੋਕ ਆਪਣੇ ਮੁਰਦੇ ਰੱਖ ਕੇ ਗਿਰਝਾਂ ਨੂੰ ਖੁਆ ਦਿੰਦੇ ਹਨ। ਏਵ-ਇਸ ਤਰ੍ਹਾਂ, (ਭਾਵ ਸਾੜਨ ਦੱਬਣ ਆਦਿ ਨਾਲ)। ਨ ਜਾਪਈ-ਪਤਾ ਨਹੀਂ ਲੱਗਦਾ।

**ਅਰਥ:** (ਮਰਨ 'ਤੇ) ਕੋਈ ਸਾੜੇ ਜਾਂਦੇ ਹਨ, ਕੋਈ ਦੱਬੇ ਜਾਂਦੇ ਹਨ, ਇਕਨਾਂ ਨੂੰ ਕੁੱਤੇ ਖਾਂਦੇ ਹਨ, ਕੋਈ ਜਲਪ੍ਰਵਾਹ ਕੀਤੇ ਜਾਂਦੇ ਹਨ ਤੇ ਕੋਈ ਸੁੱਕੇ ਖੂਹ ਵਿਚ ਰੱਖੇ ਜਾਂਦੇ ਹਨ। ਪਰ, ਹੇ ਨਾਨਕ! (ਸਰੀਰ ਦੇ) ਇਸ ਸਾੜਨ ਦੱਬਣ ਆਦਿ ਨਾਲ ਇਹ ਨਹੀਂ ਪਤਾ ਲੱਗ ਸਕਦਾ ਕਿ ਰੂਹਾਂ ਕਿੱਥੇ ਜਾ ਵੱਸਦੀਆਂ ਹਨ।

ਕਵੀ ਸੰਤੋਖ ਸਿੰਘ ਕੇਸ਼ਵ ਦਾਸ ਬ੍ਰਾਹਮਣ ਬਾਰੇ ਭਵਿੱਖਵਾਣੀ ਕਰਦਾ ਲਿਖਦਾ ਹੈ,

ਭਯੋ ਖਾਲਸੇ ਮਹਿ ਸਰਦਾਰ।
ਹਨੇ ਤੁਰਕ ਬਹੁ ਜੰਗ ਮਝਾਰ।
ਬ੍ਰਿੰਦ ਭੋਗ ਭੋਗੇ ਸੁਖ ਪਾਇ।
ਕਥਾ ਬਿਪ੍ਰ ਕੀ ਭੀ ਇਸ ਭਾਇ॥੪੯॥

ਕਵੀ ਸੰਤੋਖ ਸਿੰਘ ਕੇਸ਼ਵ ਦਾਸ ਬਾਰੇ ਦੱਸਦਾ ਹੈ ਕਿ ਉਹ ਖਾਲਸੇ ਵਿਚ ਬਹੁਤ ਵੱਡਾ ਸਰਦਾਰ ਹੋਇਆ ਹੈ। ਕੇਸ਼ਵ ਦਾਸ ਨੇ ਜੰਗ 'ਚ ਬਹੁਤ ਤੁਰਕਾਂ ਨੂੰ ਮਾਰਿਆ। ਸੁੱਖ ਪਾ ਕੇ ਬਹੁਤ ਭੋਗ ਭੋਗੇ ਤੇ ਇਉਂ ਬ੍ਰਾਹਮਣ ਦੀ ਕਥਾ ਸੰਪੂਰਨ ਹੋਈ।

**ਵਿਚਾਰ:** ਕਵੀ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਕੇਸ਼ਵ ਦਾਸ ਨੇ ਅਗਲੇ ਜਨਮ ਵਿਚ ਸਿੱਖ ਸਰਦਾਰ ਬਣ ਕੇ ਬਹੁਤ ਤੁਰਕ ਮਾਰੇ ਪਰ ਕਵੀ ਨੇ ਉਸ ਸਿੱਖ ਦਾ ਨਾਂ ਤਕ ਨਹੀਂ ਲਿਖਿਆ, ਜੋ ਕੇਸ਼ਵ ਦਾਸ ਤੋਂ ਬਣਿਆ ਸੀ। ਕਿਹੜੀ ਜੰਗ ਵਿਚ ਤੁਰਕਾਂ ਨੂੰ ਮਾਰਿਆ, ਇਸ ਦਾ ਵੀ ਕਵੀ ਨੇ ਜ਼ਿਕਰ ਨਹੀਂ ਕੀਤਾ। ਇਹ ਫਰਜੀ ਕਹਾਣੀ ਹੈ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ
ਤ੍ਰਿਤੀਯ ਰੁਤੇ ਬਿਪ੍ਰ ਪ੍ਰਸੰਗ
ਬਰਨਨ ਨਾਮਦੁਆਦਸ਼ਮੋ ਅੰਸੂ॥੧੨॥

**ਸਿੱਟਾ:** ਕਵੀ ਸੰਤੋਖ ਸਿੰਘ ਨੇ ਦਸਵੇਂ ਗੁਰੂ ਜੀ ਨੂੰ ਦੇਵੀ ਪੂਜਕ ਬਣਾਉਣ ਲਈ ਆਪਣੇ ਗ੍ਰੰਥ ਦੇ ਤੀਜੀ ਰੁੱਤ ਦੇ 12 ਕਾਂਡ ਫੂਕੇ ਹਨ, ਉਸ ਨੇ ਇਹ ਲਿਖ ਕੇ ਆਪਣੇ ਗੁਰਬਾਣੀ ਗਿਆਨ ਤੇ ਸਿੱਖੀ ਵਿਚਾਰਧਾਰਾ ਦੀ ਪਕੜ ਦਾ ਦਿਵਾਲਾ ਕੱਢਿਆ ਹੈ। ਗੁਰਬਾਣੀ ਗਿਆਨ ਤੋਂ ਸੱਖਣਾ ਕੋਈ ਵੀ ਲਿਖਾਰੀ ਗੁਰ ਇਤਿਹਾਸ ਲਿਖਣ 'ਚ ਇਨਸਾਫ ਨਹੀਂ ਕਰ ਸਕਦਾ। ਬੇਇਨਸਾਫੀ ਨਾਲ ਲਿਖੇ ਇਸ ਕਵੀ ਦੇ ਗੁਰ-ਇਤਿਹਾਸ ਨੂੰ ਕਥਾ ਕਰ ਕੇ ਸੰਗਤਾਂ ਨੂੰ ਸੁਣਾਉਣਾ ਕੀ ਬ੍ਰਾਹਮਣਵਾਦ ਦੀਆਂ ਸਿੱਖੀ ਵਿਚ ਜੜ੍ਹਾਂ ਪੱਕੀਆਂ ਕਰਨਾ ਨਹੀਂ ਹੈ? ਗੁਰੂ ਪਾਤਿਸ਼ਾਹ ਦੀ ਨਿਰਾਦਰੀ ਵਾਲਾ ਲਿਖਿਆ ਅਜਿਹਾ ਇਤਿਹਾਸ ਅੱਗ 'ਚ ਸਾੜ ਦੇਣਾ ਬਣਦਾ ਹੈ। ਟੀ. ਵੀ. ਚੈਨਲਾਂ ਰਾਹੀਂ ਇਸ ਗ੍ਰੰਥ ਦੀ ਲੜੀਵਾਰ ਕਥਾ ਸੁਣਾ ਕੇ ਸਿੱਖ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਤੋਂ ਦੂਰ ਕੀਤਾ ਜਾ ਰਿਹਾ ਹੈ।

ਕਥਾ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਹੋਣੀ ਚਾਹੀਦੀ ਹੈ, ਜੋ ਸਿੱਖੀ ਦਾ ਧੁਰਾ ਹੈ। ਜੋ ਕਵੀ ਖੁਦ ਹੀ ਗੁਰਬਾਣੀ ਦੇ ਸਿਧਾਂਤਾਂ ਤੋਂ ਅਗਿਆਨੀ ਹੈ ਅਤੇ ਦਸਵੇਂ ਗੁਰੂ ਜੀ ਨੂੰ ਦੇਵੀ ਦੇ ਪੁਜਾਰੀ ਤੇ ਮਾਰੂ ਨਸ਼ਿਆਂ ਦਾ ਭੋਗੀ ਲਿਖਿਆ ਹੈ, ਸਾਬਤ ਕਰ ਰਿਹਾ ਹੈ, ਕੀ ਉਸ ਦਾ ਲਿਖਿਆ ਸਿੱਖ ਇਤਿਹਾਸ ਸਿੱਖਾਂ ਨੂੰ ਕੋਈ ਸੇਧ ਦੇ ਸਕਦਾ?

ਇਸ ਲੇਖ ਲੜੀ ਵਿਚ ਕੇਵਲ ਗੁਰੂ ਜੀ ਵਲੋਂ ਕਵੀ ਸੰਤੋਖ ਸਿੰਘ ਦੁਆਰਾ ਕਰਾਈ ਦੁਰਗਾ/ਦੇਵੀ/ਪਾਰਬਤੀ/ਭਗਉਤੀ/ਗਿਰਿਜਾ/ਭਵਾਨੀ/ਚੰਡੀ/ਚੰਡਿਕਾ/ਦੁਰਗਸ਼ਾਹ/ਅੰਬੇ/ਜਗਦੰਬੇ ਦੀ ਪੂਜਾ ਅਤੇ ਦਸਮ ਪਾਤਿਸ਼ਾਹ ਨਾਲ ਧੱਕੇ ਨਾਲ ਜੋੜੇ ਮਾਰੂ ਨਸ਼ਿਆਂ ਦਾ ਹੀ ਜ਼ਿਕਰ ਕੀਤਾ ਹੈ। ਇਸ ਤੋਂ ਬਿਨਾ ਹੋਰ ਬਹੁਤ ਸਾਰੇ ਖੇਤਰ ਹਨ, ਜਿੱਥੇ ਕਵੀ ਸੰਤੋਖ ਸਿੰਘ ਨੇ ਸਿੱਖੀ ਵਿਚ ਬ੍ਰਾਹਮਣਵਾਦ ਵਾੜਿਆ ਹੈ।

ਅੱਜ ਤਕ ਸ਼੍ਰੋਮਣੀ ਕਮੇਟੀ, ਤਖਤਾਂ ਦੇ ਸੇਵਾਦਾਰ, ਕੋਈ ਹੋਰ ਸਿੱਖ ਸੰਸਥਾ ਸੂਰਜ ਪ੍ਰਕਾਸ਼ ਸਣੇ ਪੰਥ ਪ੍ਰਕਾਸ਼, ਗੁਰ ਬਿਲਾਸ ਪਾ: 6 ਤੇ 10 ਆਦਿ ਗ੍ਰੰਥਾਂ ਵਿਚੋਂ ਬ੍ਰਾਹਮਣਵਾਦੀ ਅੰਸ਼ਾਂ ਨੂੰ ਬਾਹਰ ਕੱਢਣ 'ਚ ਸਭ ਚੁੱਪ ਵੱਟੀ ਬੈਠੇ ਹਨ, ਜੋ ਬ੍ਰਾਹਮਣਵਾਦ ਦੀਆਂ ਜੜ੍ਹਾਂ ਪੱਕੀਆਂ ਕਰ ਰਹੇ ਹਨ।

ਗੁਰਦੁਆਰਿਆਂ ਵਿਚ ਹੁੰਦੀ ਅਜਿਹੇ ਗ੍ਰੰਥਾਂ ਦੀ ਕਥਾ ਦੇਖ-ਸੁਣ ਕੇ ਆਮ ਸਿੱਖ ਇਹੀ ਸਮਝਦਾ ਹੈ ਕਿ ਇਹ ਗ੍ਰੰਥ ਸਿੱਖ ਇਤਿਹਾਸ ਦੇ ਵਧੀਆ ਗ੍ਰੰਥ ਹਨ, ਪਰ ਇਨ੍ਹਾਂ ਗ੍ਰੰਥਾਂ ਵਿਚ ਸਿੱਖੀ ਵਿਰੋਧੀ ਕੀ ਭਰਿਆ ਪਿਆ ਹੈ, ਨਾ ਕਦੇ ਉਨ੍ਹਾਂ ਆਪ ਪੜ੍ਹਿਆ ਹੈ ਤੇ ਨਾ ਕਿਸੇ ਤੋਂ ਸੁਣਿਆ ਹੈ। ਹਾਂ, ਇਹ ਗ੍ਰੰਥ ਗੁਰਦੁਆਰਾ ਲਾਇਬ੍ਰੇਰੀਆਂ ਵਿਚ ਕੱਪੜਿਆਂ ਵਿਚ ਲਪੇਟੇ ਜ਼ਰੂਰ ਸੰਭਾਲੇ ਪਏ ਹਨ ਤਾਂ ਜੋ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਲਈ ਵੀ ਇਨ੍ਹਾਂ ਤੋਂ ਸਿੱਖ-ਮਾਰੂ ਸੰਦੇਸ਼ ਮਿਲਦਾ ਰਹੇ ਕਿ ਗੁਰੂ ਵੀ ਭੰਗ, ਅਫੀਮ, ਸੁੱਖਾ ਆਦਿ ਨਸ਼ੇ ਕਰਦੇ ਸਨ ਅਤੇ ਦੇਵੀ ਦੁਰਗਾ ਦੇ ਪੁਜਾਰੀ ਸਨ।

ਸੂਰਜ ਪ੍ਰਕਾਸ਼ ਗ੍ਰੰਥ ਵਿਚ ਕਵੀ ਸੰਤੋਖ ਸਿੰਘ ਵਲੋਂ ਦਸਵੇਂ ਗੁਰੂ ਜੀ ਤੋਂ ਕਰਾਈ ਦੁਰਗਾ ਦੀ ਪੂਜਾ, ਦਸਵੇਂ ਗੁਰੂ ਜੀ ਬਾਰੇ ਲਿਖੇ ਸਾਰੇ ਗੁਰਬਿਲਾਸਾਂ ਵਿਚ, ਦਸਮ ਗ੍ਰੰਥ ਵਿਚ 'ਮਹਾਂਕਾਲ ਕਾਲਕਾ ਆਰਾਧੀ' ਅਤੇ ਕਿਸੇ ਫਰਜ਼ੀ ਨਾਂ ਗੁਰਦਾਸ ਸਿੰਘ ਦੀ ਵਾਰ ਵਿਚ 'ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ' ਨਾਲ ਮਿਲਦੀ ਹੈ। (ਹਿੰਦੂ ਮੱਤ ਦੀ ਦੇਵੀ ਦਾ ਨਾਂ ਕਾਲਿਕਾ ਹੈ ਜਿਸ ਨੂੰ ਪੰਜਾਬੀ ਵਿਚ ਕਾਲਕਾ ਲਿਖਿਆ ਹੋਇਆ ਹੈ। ਕਾਲਕਾ ਨੂੰ ਦੁਰਗਾ ਨੇ ਹੀ ਆਪਣਾ ਮੱਥਾ ਫੋੜ ਕੇ ਪੈਦਾ ਕੀਤਾ ਸੀ, ਜਿਹਾ ਕਿ ਦਸਮ ਗ੍ਰੰਥ ਵਿਚ 'ਵਾਰ ਦੁਰਗਾ ਕੀ' ਵਿਚ ਲਿਖਿਆ ਹੋਇਆ ਹੈ, ਜਿਵੇਂ 'ਚੰਡ ਚਿਤਾਰੀ ਕਾਲਕਾ ਮਨ ਬਹੁਲਾ ਰੋਸ ਬਢਾਇਕੈ॥ ਨਿਕਲੀ ਮਥਾ ਫੋੜ ਕੈ ਜਣ ਫਤਹਿ ਨੀਸ਼ਾਣ ਬਜਾਇਕੈ॥੪੧॥' ਇਸੇ ਕਾਲਕਾ ਨੂੰ ਕਾਲੀ ਵੀ ਇਸੇ ਹੀ 'ਵਾਰ ਦੁਰਗਾ ਕੀ' ਵਿਚ ਲਿਖਿਆ ਗਿਆ ਹੈ॥ ਜਿਵੇਂ 'ਕਾਲੀ ਖੇਤ ਖਪਾਈਆਂ ਸਭੇ ਸੂਰਤਾਂ॥ ਬਹੁਤੀ ਸਿਰੀ ਬਿਹਾਈਆਂ ਘੜੀਆਂ ਕਾਲ ਦੀਆਂ॥੪੩੦॥' ਦਸਮ ਗ੍ਰੰਥ, ਪੰਨਾ 124)

ਸਾਰੇ ਬ੍ਰਾਹਮਣਵਾਦੀ ਅੰਸ਼ਾਂ ਵਾਲੇ ਗ੍ਰੰਥਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਰੋਸ਼ਨੀ ਵਿਚ ਸੋਧਣ ਦੀ ਲੋੜ ਹੈ ਪਰ ਬ੍ਰਾਹਮਣਵਾਦ ਅਜਿਹਾ ਕਦੇ ਵੀ ਨਹੀਂ ਹੋਣ ਦੇਵੇਗਾ ਅਤੇ ਅੱਜ ਤਕ ਨਹੀਂ ਹੋਣ ਦਿੱਤਾ। ਸਿੱਖਾਂ ਦੀ ਗੁੱਟਬੰਦੀ ਅਤੇ ਢਿੱਲ ਦਾ ਉਹ ਪੂਰਾ ਲਾਭ ਲੈ ਰਿਹਾ ਹੈ। ਜੇ ਸਿੱਖ ਪੰਥੀਆਂ ਦੀ ਅਗਵਾਈ ਕਰਦੀਆਂ ਧਿਰਾਂ ਨੇ ਅੱਜ ਨੂੰ ਨਾ ਸਾਂਭਿਆ ਤਾਂ ਦੋ ਤਿੰਨ ਸਦੀਆਂ ਪਿਛੋਂ ਇਨ੍ਹਾਂ ਗ੍ਰੰਥਾਂ ਦੇ ਆਧਾਰ 'ਤੇ ਬ੍ਰਾਹਮਣਵਾਦ ਦੀ ਦਿੱਤੀ ਸਿੱਖੀ ਦੀ ਪਰਿਭਾਸ਼ਾ ਕੀ ਹੋਵੇਗੀ, ਇਹ ਸਭ ਦੇ ਸਾਹਮਣੇ ਹੈ।

*(ਸਮਾਪਤ)*

# ਬੱਕਰੇ ਦੀ ਬਲੀ ਤੇ ਬਲੀ ਦਾ ਬੱਕਰਾ: ਬੁੱਝ ਤੋਂ ਭੁੱਬ ਤੱਕ

ਕਿਸੇ ਦੁਕਾਨਦਾਰ ਦੇ ਘਰ ਖੁੱਡ ਵਿਚ ਚੂਹਾ ਰਹਿੰਦਾ ਸੀ। ਉਸ ਨੇ ਦੇਖਿਆ ਕਿ ਦੁਕਾਨਦਾਰ ਸ਼ਹਿਰੋਂ ਆਇਆ ਤੇ ਝੋਲੇ ਵਿਚੋਂ ਚੂਹੇ ਫੜਨ ਵਾਲਾ ਪਿੰਜਰਾ ਕੱਢ ਰਿਹਾ ਹੈ। ਫਿਕਰ ਵਿਚ ਉਸ ਨੇ ਇਹ ਗੱਲ ਰੋਸ਼ਨਦਾਨ 'ਚ ਰਹਿੰਦੇ ਕਬੂਤਰ ਨੂੰ ਜਾ ਦੱਸੀ। ਉਸ ਨੇ ਚੂਹੇ ਦਾ ਮਖੌਲ ਉਡਾਇਆ, "ਮੈਨੂੰ ਕੀ, ਮੈਂ ਕਿਹੜਾ ਇਸ ਵਿਚ ਫਸਣਾ।"

ਨਿਰਾਸ਼ ਚੂਹਾ ਮੁਰਗੇ ਕੋਲ ਗਿਆ। ਉਸ ਨੇ ਹੱਸਦਿਆਂ ਕਿਹਾ, "ਜਾਹ ਭਰਾਵਾ, ਇਹ ਸਮੱਸਿਆ ਮੇਰੀ ਨਹੀਂ।" ਮਾਯੂਸ ਚੂਹੇ ਨੇ ਵਾੜੇ 'ਚ ਬੰਨ੍ਹੇ ਬੱਕਰੇ ਨੂੰ ਦੱਸਿਆ। ਖੁਦ ਨੂੰ ਬੱਬਰ ਸ਼ੇਰ ਮੰਨੀ ਬੈਠਾ ਬੱਕਰਾ ਹੱਸ ਹੱਸ ਦੂਹਰਾ ਹੋ ਗਿਆ, "ਮੈਂ ਕੀ ਕਰਾਂ, ਮੈਂ ਪਿੰਜਰੇ ਨੂੰ ਕੀ ਸਮਝਦਾਂ!"



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਰਾਤ ਨੂੰ ਖੜਾਕ ਹੋਇਆ ਤੇ ਪਿੰਜਰੇ ਵਿਚ ਕੋਈ ਸੱਪ ਫੜ ਕਿਆ ਗਿਆ। ਚੂਹਾ ਸਮਝ ਕੇ ਦੁਕਾਨਦਾਰ ਦੀ ਘਰ ਵਾਲੀ ਉਸ ਨੂੰ ਬਾਹਰ ਕੱਢਣ ਲੱਗੀ ਤਾਂ ਸੱਪ ਨੇ ਉਸ ਨੂੰ ਡੱਸ ਲਿਆ। ਹਕੀਮ ਸੱਦਿਆ ਗਿਆ। ਉਸ ਨੇ ਕਬੂਤਰ ਦਾ ਸੂਪ ਪਿਲਾਉਣ ਦੀ ਸਲਾਹ ਦਿੱਤੀ ਤੇ ਅਗਲੇ ਦਿਨ ਕਬੂਤਰ ਪਤੀਲੇ 'ਚ ਰਿੱਝ ਰਿਹਾ ਸੀ।

ਰਿਸ਼ਤੇਦਾਰਾਂ ਨੂੰ ਪਤਾ ਲੱਗਾ ਤਾਂ ਉਹ ਖਬਰ ਲੈਣ ਆਏ; ਉਸ ਦਿਨ ਕੁੱਕੜ ਦੀ ਧੌਣ ਮਰੋੜ ਦਿੱਤੀ ਗਈ। ਦੁਕਾਨਦਾਰ ਦੀ ਪਤਨੀ ਨੌਂ ਬਰ ਨੌਂ ਹੋ ਗਈ। ਇਸ ਖੁਸ਼ੀ ਵਿਚ ਬੱਬਰ ਸ਼ੇਰ ਬਣੀ ਬੈਠਾ ਬੱਕਰਾ ਵੀ ਝਟਕਾ ਦਿੱਤਾ ਗਿਆ। ਕਿਸੇ ਦਾ ਸਾਥ ਨਾ ਮਿਲਣ ਕਰਕੇ ਚੂਹਾ ਦੂਰ ਨਿਕਲ ਗਿਆ ਤੇ ਬਚ ਗਿਆ।

ਇਸ ਕਥਾ ਨੂੰ ਹੋਰ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਸ਼ਰਾਬ ਦਾ ਧੰਦਾ ਗੈਰਕਾਨੂੰਨੀ ਕਰਾਰ ਦੇਣ ਸਮੇਂ ਕਲਾਲ ਦੇ ਹੱਕ ਵਿਚ ਕੋਈ ਨਾ ਨਿੱਤਰਿਆ; ਕਿਸੇ ਨੇ ਉਸ ਦਾ ਸਾਥ ਨਾ ਦਿੱਤਾ। ਪਤਾ ਨਹੀਂ ਕਿਸ ਹਾਲ ਉਸ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਨਵੇਂ ਕੰਮ ਧੰਦਿਆਂ ਵਿਚ ਪਰਵੇਸ਼ ਕੀਤਾ। ਕੋਈ ਕਰਜਾ ਨਾ ਮਿਲਿਆ; ਕੋਈ ਸਬਸਿਡੀ ਨਾ ਮਿਲੀ; ਕੁਝ ਮਾਫ ਨਾ ਹੋਇਆ।

ਬਾਟਾ ਨੇ ਮੋਚੀ ਦਾ ਕੰਮ ਚੌਪਟ ਕਰ ਦਿੱਤਾ। ਕਿਸੇ ਨੂੰ ਦਿਖਿਆ ਵੀ ਨਾ ਤੇ ਨਾ ਕਿਸੇ ਨੇ ਖਬਰ ਲਈ। ਪਿੰਡਾਂ ਦੇ ਪਿੰਡ ਵਿਹਲੇ ਹੋ ਗਏ। ਕਿਸ ਤਰ੍ਹਾਂ ਉਸ ਨੇ ਬਾਟਾ ਦਾ ਸਦਮਾ ਝੱਲਿਆ; ਉਹੀ ਜਾਣੇ; ਕਿਸੇ ਨੂੰ ਕੀ!

ਜੇ. ਸੀ. ਟੀ. ਆਈ ਤਾਂ ਜੁਲਾਹੇ ਦੀ ਖੱਡੀ ਠੱਪ ਹੋ ਗਈ। ਖੇਸ, ਖੇਸੀਆਂ ਤੇ ਦਰੀਆਂ ਦਾ ਦੌਰ ਖਤਮ ਹੋ ਗਿਆ। ਜੁਲਾਹੇ ਦੀ ਬੁਣਕਾਰੀ ਕਿਸੇ ਕੰਮ ਦੀ ਨਾ ਰਹੀ। ਖੱਡੀ ਖੱਡਾ ਬਣ ਗਈ ਤੇ ਸਾਰਾ ਸਮਾਨ ਬਾਲਣ ਬਣ ਗਿਆ। ਕਿਸੇ ਨੇ ਬਾਤ ਨਾ ਪੁੱਛੀ। ਉਸ ਨੇ ਕਿਵੇਂ ਖੁਦ ਨੂੰ ਸੰਭਾਲਿਆ; ਕੀ ਹੀਲਾ ਕੀਤਾ; ਕਿਵੇਂ ਬੱਚੇ ਪਾਲੇ; ਕਿਸੇ ਨੂੰ ਕੋਈ ਖਬਰ ਨਾ ਹੋਈ।

ਟਰੈਕਟਰ, ਟਿਊਬਵੈਲ ਤੇ ਕੰਬਾਈਨ ਆਈ ਤਾਂ ਲੁਹਾਰ, ਤਰਖਾਣ ਦਾ ਭੁੱਗਾ ਚੌੜ ਹੋ ਗਿਆ ਤੇ ਤਪਦਾ ਅਹਿਰਨ ਸੀਤ ਹੋ ਗਿਆ। ਰੰਬੇ ਚੰਡਣੇ ਬੰਦ ਹੋ ਗਏ। ਦਾਤੀਆਂ ਦੇ ਦੰਦੇ ਭੁੱਲ ਭੁਲਾ ਗਏ। ਗੱਡੇ, ਹਲ, ਪੰਜਾਲੀਆਂ ਛਪਨ ਹੋ ਗਏ। ਖੂਹ ਬੰਦ ਹੋਣੇ ਤੇ ਹਲਟਾਂ ਦੇ ਕੁੱਤੇ ਚੁੱਪ ਹੋ ਗਏ। ਲੁਹਾਰ ਦੀ ਲੋੜ ਨਾ ਰਹੀ, ਤਰਖਾਣ ਬੇਰੁਜਗਾਰ ਹੋ ਗਿਆ। ਕਿਸੇ ਦੇ ਦਿਲ ਵਿਚ ਰਹਿਮ ਨਾ ਆਇਆ। ਕਿਤਿਓਂ ਕੋਈ ਮਦਦ ਨਾ ਹੋਈ; ਕੋਈ ਨਾ ਬਹੁੜਿਆ; ਸਭ ਨੇ ਆਖਿਆ, "ਭਾਣਾ ਹੈ, ਨਵਾਂ ਦੌਰ ਹੈ।"

ਅਖਬਾਰੀ ਮੈਟਰੀਮੋਨੀਅਲ ਨੇ ਨਾਈ ਨਿਗਲ ਲਿਆ। ਰੇਡੀਓ, ਟੇਪਾਂ ਤੇ ਟੀ. ਵੀ. ਨੇ ਮਰਾਸੀ ਘਰੇ ਬਹਾ ਦਿੱਤੇ। ਫਰਿਜ ਨੇ ਘੜੇ ਖਾ ਲਏ ਤੇ ਘੁਮਾਰ ਗਿਆ ਤੇ ਝੀਰ ਦੀ ਠੰਢੇ ਪਾਣੀ ਦੀ ਮਸ਼ਕ ਗਏ ਗੁਜ਼ਰੇ ਜ਼ਮਾਨੇ ਦੀ ਦਾਸਤਾਂ ਬਣ ਗਈ। ਬੱਸ ਆਈ ਤਾਂ ਟਾਂਗੇ ਵਾਲੇ ਬਾਰੂ ਦਾ ਕੀ ਬਣਿਆ? ਧੀਰ ਹੀ ਜਾਣਦਾ ਸੀ, ਕੋਈ ਹੋਰ ਨਹੀਂ।

ਇੱਕ ਇੱਕ ਕਰਕੇ ਸਭ ਉਜੜਦੇ ਗਏ ਤੇ ਆਪਣੇ ਦਮ ਖਮ 'ਤੇ ਵੱਸਦੇ ਵੀ ਰਹੇ। ਨਾ ਕਿਸੇ ਨੇ ਹਾਲ-ਪਾਹਰਿਆ ਮਚਾਈ, ਨਾ ਪਿੱਟ ਸਿਆਪਾ ਕੀਤਾ। ਕਿਸੇ ਨੂੰ ਕੋਈ ਮੁਆਵਜ਼ਾ ਨਾ ਮਿਲਿਆ। ਨਾ ਕਿਸੇ ਨੇ ਮੰਗਿਆ ਤੇ ਨਾ ਕਿਸੇ ਨੇ ਦਿੱਤਾ। ਜਿਵੇਂ ਇਨ੍ਹਾਂ 'ਚੋਂ ਕੋਈ ਵੀ ਧਰਤੀ ਦਾ ਪੁੱਤ ਨਾ ਹੋਵੇ। ਜਿਵੇਂ ਇਹ ਸਾਡੇ ਕੁਝ ਲੱਗਦੇ ਹੀ ਨਾ ਹੋਣ। ਜਿਵੇਂ ਇਨ੍ਹਾਂ ਦਾ ਕੋਈ ਵੀ ਮਹੱਤਵ ਨਾ ਹੋਵੇ। 'ਮਰ ਗਿਆ ਤਨਵੀਰ ਨਾ ਹੋਈ ਕਿਸੇ ਨੂੰ ਖਬਰ, ਨਾਲ ਦੇ ਕਮਰੇ 'ਚ ਓਵੇਂ ਰੇਡੀਓ ਵੱਜਦਾ ਰਿਹਾ।'

ਇਨ੍ਹਾਂ ਵਿਚੋਂ ਕੋਈ ਨਿਰਾਸ਼ ਨਾ ਹੋਇਆ। ਨਿਰਾਸ਼ ਤਾਂ ਵਿਹਲੜ ਹੁੰਦੇ ਨੇ। ਕਿਸੇ ਨੇ ਕੋਈ ਖੁਦਕਸ਼ੀ ਨਾ ਕੀਤੀ। ਖੁਦਕਸ਼ੀ ਤਾਂ ਕਾਇਰ ਕਰਦੇ ਹਨ। ਕਿਰਤੀ ਲੋਕ ਹੋਰ ਜੋ ਮਰਜ਼ੀ ਹੋਣ, ਕਾਇਰ ਨਹੀਂ ਹੁੰਦੇ। ਕਿਰਤੀ ਨੇ ਕੋਈ ਨਾ ਕੋਈ ਆਹਰ ਲੱਭ ਹੀ ਲੈਣਾ ਹੁੰਦਾ ਹੈ। ਵਿਹਲੇ ਰਹਿਣਾ ਉਸ ਦੀ ਪ੍ਰਕਿਰਤੀ ਨਹੀਂ ਹੁੰਦੀ। ਸਾਰੇ ਕਿਰਤੀ ਕਿਤੇ ਨਾ ਕਿਤੇ ਆਪਣੇ ਬਲਬੂਤੇ ਆਹਰੇ ਲੱਗੇ ਹੋਏ ਹਨ। ਬੱਚੇ ਪਾਲਦੇ ਹਨ ਤੇ ਖੁਦ ਨੂੰ ਸੰਭਾਲਦੇ ਹਨ।

ਪੰਜਾਬ ਵਿਚ ਇੱਕੋ ਇੱਕ ਬੱਬਰ ਸ਼ੇਰ ਹੈ, ਜਿਸ ਦੀਆਂ ਦਹਾੜਾਂ ਜੈਜੀ, ਗਰੇਵਾਲ, ਗਿੱਪੀ ਤੇ ਦਲਜੀਤ ਦੇ ਗਾਣਿਆਂ 'ਚ ਸੁਣਨ ਨੂੰ ਮਿਲਦੀਆਂ ਹਨ। ਇਹ ਬੱਬਰ ਸ਼ੇਰ ਨਿਰਾ ਢਿੱਡ ਹੈ, ਜੋ ਕਦੇ ਰੱਜਦਾ ਹੀ ਨਹੀਂ ਤੇ ਸਦਾ ਮੰਗਦਾ ਹੀ ਰਹਿੰਦਾ ਹੈ। ਮੀਂਹ ਨਾ ਪਵੇ ਤਾਂ ਮੁਆਵਜ਼ਾ; ਚਾਰ ਕਣੀਆਂ ਵੱਧ ਪੈ ਜਾਣ ਤਾਂ ਮੁਆਵਜ਼ਾ; ਸੁੰਡੀ ਲੱਗ ਗਈ ਤਾਂ ਮੁਆਵਜ਼ਾ; ਝਾੜ ਘਟ ਗਿਆ ਤਾਂ ਮੁਆਵਜ਼ਾ; ਹਨੇਰੀ ਆ ਗਈ ਤਾਂ ਮੁਆਵਜ਼ਾ; ਗੜ੍ਹੇ ਪੈ ਗਏ ਤਾਂ ਮੁਆਵਜ਼ਾ। ਬਿਜਲੀ ਮੁਫਤ, ਪਾਣੀ ਮੁਫਤ ਤੇ ਕਰਜ਼ੇ ਮਾਫ; ਤਾਂ ਵੀ ਮੁਆਵਜ਼ਾ। ਇਹ ਕੇਹਾ ਬੱਬਰ ਸ਼ੇਰ ਹੈ, ਜੋ ਗਾਣਿਆਂ 'ਚ ਬੁੱਕਾਂ ਮਾਰਦਾ ਹੈ ਤੇ ਅਖਬਾਰਾਂ 'ਚ ਭੁੱਬਾਂ ਮਾਰਦਾ ਹੈ, ਲੁੱਟ ਲਏ ਓਇ ਮਾਰ ਲਏ ਓਇ! ਇਹ ਬੁੱਝ ਤੇ ਭੁੱਬ ਦੀ ਖੇਡ ਚਾਲ ਜਾਂ ਭੇਡ ਚਾਲ ਹੁਣ ਸਭ ਨੂੰ ਸਮਝ ਆ ਚੁਕੀ ਹੈ।

ਬੱਕਰੇ ਨੇ ਕੁਲਕੀ ਨਸ਼ੇ ਵਿਚ ਕਿਸੇ ਲਈ ਵੀ ਕਦੀ ਹਾਅ ਦਾ ਨਾਅਰਾ ਨਹੀਂ ਸੀ ਮਾਰਿਆ। ਉਹ ਬੜਾ ਖੁਸ਼ ਸੀ ਕਿ ਹੁਣ ਸੁੰਨੀਆਂ ਗਲੀਆਂ ਵਿਚ ਮਿਰਜ਼ਾ ਯਾਰ ਹੀ ਬੁੱਕਿਆ ਅਤੇ ਬੁੱਕਿਆ ਕਰੇਗਾ।

ਪਰ, ਬਾਕੀ ਸਾਰੇ ਉਜੜ ਉਜੜ ਕੇ ਵਸ ਰਸ ਚੁਕੇ ਹਨ। ਜ਼ਮੀਨਦੋਜ਼ ਪਾਣੀ ਮੁੱਕਣ ਕਿਨਾਰੇ ਹੈ। ਡਰ ਹੈ ਕਿ ਹੁਣ ਇਸ ਬੱਬਰ ਸ਼ੇਰ ਨਾਲ ਬੱਕਰੇ ਵਾਲੀ ਨਾ ਹੋਵੇ; ਰੱਬ ਭਲੀ ਕਰੇ।

ਸੋਚਣ ਵਾਲੀ ਗੱਲ ਹੈ। ਕਿਸਾਨ ਧਰਤੀ ਦਾ ਪੁੱਤ ਹੁੰਦਾ ਹੈ, ਪਤੀ ਨਹੀਂ। ਪੁੱਤ ਦਾ ਫਰਜ ਹੈ ਆਪਣੀ ਮਾਂ ਨੂੰ ਸੰਭਾਲੇ; ਨਾ ਗਾਲੇ, ਨਾ ਉਜਾੜੇ ਤੇ ਨਾ ਬੰਜਰ ਬਣਾਵੇ; ਪਰ ਉਸ ਨੇ ਇਹ ਸਭ ਕੁਝ ਕੀਤਾ, ਧਰਤੀ ਦਾ ਪੁੱਤ ਹੋ ਕੇ। ਧਰਤੀ ਦਾ ਪੁੱਤ ਧਰਤੀ ਮਾਂ ਦੇ ਗਰਭ ਵਿਚ ਝੋਨੇ ਦੇ ਜ਼ਹਿਰੀਲੇ ਪਾਣੀ ਦੇ ਸੂਏ ਮਰਾਉਣ ਲੱਗ ਪਿਆ। ਸ਼ਾਇਦ ਉਸ ਦਾ ਇਹ ਆਖਰੀ ਉਪੱਦਰ ਹੋਵੇ। ਵਾਹਿਗੁਰੂ ਬਖਸ਼ ਲਵੇ!

ਪਰ ਪੰਜਾਬੀ ਕਿਸਾਨ ਦੇ ਸਿਰ 'ਤੇ ਕੁਲਕ ਪਲਦੇ ਆਏ ਹਨ ਤੇ ਲਗਾਤਾਰ ਪੰਜਾਬ 'ਤੇ ਰਾਜ ਕਰਦੇ ਹਨ। ਉਹ ਕਿਸਾਨ ਨੂੰ ਆਪਣੇ ਕਿਸਾਨ ਹਿਤੈਸ਼ੀ ਹੋਣ ਦਾ ਭਰਮ ਪਾਈ ਰੱਖਦੇ ਹਨ। ਕਿਸਾਨ ਵਿਚਾਰਾ ਕੁਲਕ ਹੋਣ ਦੇ ਸੁਪਨੇ ਦੇਖਦਾ ਦੇਖਦਾ ਕੁਰਕ ਹੋ ਜਾਂਦਾ ਹੈ ਤੇ ਨੌਬਤ ਖੁਦਕਸ਼ੀ ਤੱਕ ਪੁੱਜ ਜਾਂਦੀ ਹੈ। ਜੇ ਪੰਜਾਬ ਨੇ ਬਚਣਾ ਹੈ ਤਾਂ ਅੱਜ ਕੁਲਕ ਤੇ ਕਿਸਾਨ ਵਿਚਲਾ ਅੰਤਰ ਸਮਝਣਾ ਜਰੂਰੀ ਹੈ; ਨਹੀਂ ਤਾਂ ਕਹਾਣੀ ਬੜੀ ਦੂਰ ਨਿਕਲ ਚੁਕੀ ਹੈ।

ਹੁਣ ਕੁਲਕਾਂ ਦਾ ਕੁਲਕ, ਮਹਾਂ ਕੁਲਕ ਪੈਦਾ ਹੋ ਚੁਕਾ ਹੈ, ਜਿਸ ਦੀ ਨਜ਼ਰ ਪੰਜਾਬ ਦੀ ਜ਼ਮੀਨ 'ਤੇ ਹੈ। ਮਹਾਂ ਕੁਲਕ ਕਾਹਦਾ, ਮਹਾਂਕਾਲ ਹੀ ਸਮਝੋ। ਉਹ ਜਿਸ ਚੀਜ ਨੂੰ ਵੀ ਦੇਖਦਾ ਹੈ, ਫਨਾਹ ਕਰ ਸੁੱਟਦਾ ਹੈ। ਟੂ ਜੀ, ਥ੍ਰੀ ਜੀ, ਫੋਰ ਜੀ; ਜੀ ਜੀ ਕਰਕੇ ਉਸ ਨੇ ਦੁਨੀਆਂ ਮੁੱਠੀ ਵਿਚ ਕਰ ਲਈ ਹੈ। ਕਹਿਣ ਨੂੰ ਸਾਨੂੰ ਕਹਿੰਦਾ ਹੈ, 'ਕਰ ਲੋ ਦੁਨੀਆ ਮੁੱਠੀ ਮੇਂ।' ਮੁੱਠੀ ਵਿਚ ਦੁਨੀਆਂ ਕਰਦੇ ਕਰਦੇ ਅਸੀਂ ਉਸ ਦੀ ਮੁੱਠੀ 'ਚ ਕੈਦ ਹੋ ਗਏ ਹਾਂ। ਦੁਨੀਆਂ ਨੂੰ ਮੁੱਠੀ ਵਿਚ ਬੰਦ ਕਰਨ ਵਾਲਾ ਹੀ ਅਸਲ ਕੁਲਕ, ਮਹਾਂ ਕੁਲਕ ਜਾਂ ਮਹਾਂਕਾਲ ਹੁੰਦਾ ਹੈ। ਗਲਤੀ ਨਾਲ, ਖੁਦ ਨੂੰ ਕੁਲਕ ਸਮਝਣ ਵਾਲੇ, ਕਿਸਾਨ ਭਾਈਆਂ ਦੀ ਮੁੱਠੀ ਵਿਚ ਸਿਰਫ ਰੇਤ ਸੀ, ਜੋ ਕਿਰ ਚੁਕੀ ਹੈ। ਖਾਲੀ ਹੱਥ ਜਨਾਜ਼ਾ ਸਭ ਦੇ ਸਾਹਮਣੇ ਹੈ, ਹੱਥ ਕੰਗਣ ਨੂੰ ਆਰਸੀ ਕੀ ਤੇ ਪੜ੍ਹੇ ਲਿਖੇ ਨੂੰ ਫਾਰਸੀ ਕੀ?

ਸੱਚ ਇਹ ਹੈ ਕਿ ਕਿਰਤੀ ਰਹਿਣਗੇ ਤੇ ਕੁਲਕ ਤੁਰ ਜਾਣਗੇ। ਆਉ, ਆਪਾਂ ਕੁਲਕਾਂ ਦੀ ਸੂਚੀ ਵਿਚੋਂ ਖਾਰਜ ਹੋਈਏ, ਕਿਰਤੀਆਂ ਵਿਚ ਸ਼ਾਮਲ ਹੋਈਏ ਤੇ ਭੁੱਲ ਚੁੱਕੇ ਭਾਈਆਂ ਤੋਂ ਭੁੱਲਚੁਕ ਦੀ ਮਾਫੀ ਮੰਗੀਏ। ਬਲੀ ਦੇ ਬੱਕਰੇ ਬਣਨ ਨਾਲੋਂ ਇਹੀ ਬਿਹਤਰ ਹੈ ਕਿ ਭਰਾਵਾਂ ਨਾਲ ਮੁੜ ਸਾਂਝ ਪਾਈਏ, 'ਫਿਰ ਇਆ ਅਉਸ ਰ ਚਰੈ ਨਾ ਹਾਥਾ॥'

ਜਰਮਨ ਪਾਦਰੀ ਮਾਰਿਨ ਨੀਮਲੌਰ ਨੇ ਇੰਕਸ਼ਾਫ ਕੀਤਾ ਸੀ, ਜਿਸ ਦਾ ਕਾਵਿਕ ਅਨੁਵਾਦ ਕਈ ਭਾਸ਼ਾਵਾਂ ਵਿਚ ਹੋ ਚੁਕਾ ਹੈ। ਪੰਜਾਬ ਦੇ ਇਤਿਹਾਸ ਨੇ ਉਹ ਅਨੁਵਾਦ ਕਰ ਦਿੱਤਾ ਹੈ। ਪੰਜਾਬੀ ਭਾਸ਼ਾ ਵਿਚ ਉਸ ਦਾ ਅਨੁਵਾਦ ਹੋਣਾ ਬਾਕੀ ਹੈ, ਜੋ ਇਸ ਤਰਾਂ ਦਾ ਹੋ ਸਕਦਾ ਹੈ:

ਪਹਿਲਾਂ ਉਨ੍ਹਾਂ ਕਲਾਲ ਕੁੱਟਿਆ,
ਮੈਂ ਮੁਸਕਰੀਏ ਹੱਸਿਆ।
ਫਿਰ ਉਨ੍ਹਾਂ ਮੋਚੀ ਚੁੱਕਿਆ
ਮੈਂ ਮਸਾਂ ਹਾਸਾ ਘੁੱਟਿਆ।
ਫਿਰ ਲਾਇਆ ਜੁਲਾਹੇ ਨੂੰ ਫਾਹਾ,
ਮੈਂ ਹੱਸ ਕੇ ਕਿਹਾ, ਆਹਾ!
ਫਿਰ ਉਨ੍ਹਾਂ ਘੁਮਾਰ ਘੇਰਿਆ
ਮੈਂ ਪਰੇ ਨੂੰ ਮੂੰਹ ਫੇਰਿਆ।
ਫਿਰ ਆਈ ਦਰਜੀ ਦੀ ਵਾਰੀ
ਮੈਂ ਬਿਲਕੁਲ ਚੁੱਪ ਧਾਰੀ।
ਫਿਰ ਉਨ੍ਹਾਂ ਨਾਈ ਨੂੜਿਆ,
ਮੈਂ ਫਿਰ ਵੀ ਨਾ ਘੂਰਿਆ।
ਫਿਰ ਉਨ੍ਹਾਂ ਝੀਰ ਝਾੜਿਆ,
ਮੈਂ ਰਤਾ ਵੀ ਨਾ ਤਾੜਿਆ।
ਆਈ ਤਰਖਾਣ ਦੀ ਵਾਰੀ,
ਮੇਰੇ ਫਿਰ ਨਾ ਫਿਰੀ ਆਰੀ।
ਉਨ੍ਹਾਂ ਲੁਹਾਰ ਲੁਹ ਸੁੱਟਿਆ
ਮੇਰਾ ਦਮ ਵੀ ਨਾ ਘੁੱਟਿਆ।
ਅਖੀਰ ਆਇਆ ਮੇਰਾ ਨੰਬਰ,
ਮੈਂ ਸਾਰੇ ਪੰਜਾਬ ਦਾ ਲੰਬੜ।
ਮੈਂ ਬੜਾ ਮੂੰਹ ਘੁਮਾਇਆ,
ਕੋਈ ਨਜ਼ਰ ਹੀ ਨਾ ਆਇਆ।
ਕੋਈ ਆਓ! ਕੋਈ ਬਚਾਓ!
ਆਓ! ਬਚਾਓ!

ਜੇ ਹਾਲੇ ਵੀ ਕਿਸੇ ਨੂੰ ਗੱਲ ਨਾ ਸਮਝ ਆਈ ਹੋਵੇ ਤਾਂ, ਪੰਜਾਬੀ ਅਤੇ ਪੰਜਾਬ ਦੇ ਅਜੀਮ ਰਸਾਲੇ 'ਹੁਣ' ਦੇ ਜਨਵਰੀ-ਅਪਰੈਲ, 2006 ਅੰਕ ਵਿਚ ਛਪੇ, ਪੰਜਾਬੀ ਅਤੇ ਪੰਜਾਬ ਦੇ ਜਲਾਵਤਨੀ ਜਿਹੇ ਹੁੰਦੜਹੇਲ ਅਤੇ ਜ਼ਿੰਦਾਦਿਲ ਕਵੀ ਸਤੀ ਕੁਮਾਰ ਦੇ ਟੋਟਕੇ ਰਾਹੀਂ ਸਮਝ ਸਕਦੇ ਹਾਂ। ਉਸ ਨੇ ਦੱਸਿਆ:

ਮੇਰਾ ਮਾਮਾ ਹੁੰਦਾ ਸੀ। ਉਹਨੇ ਸ਼ਰਾਬ ਪੀ ਕੇ ਰਾਮਪੁਰੇ ਮੰਡੀ ਦੀਆਂ ਗਲੀਆਂ 'ਚ ਲੰਡਰ ਫਿਰਦੇ ਢੱਠੇ ਨਾਲ ਲੜਨ ਲੱਗ ਪੈਣਾ। ਉਸ ਦੀ ਖੁਸ਼ਕਿਸਮਤੀ ਕਿ ਢੱਠਾ ਸ਼ਰੀਫ ਸੀ। ਉਸ ਨੂੰ ਕੁਝ ਨਾ ਕਹਿੰਦਾ। ਖੜ੍ਹਾ ਜੁਗਾਲੀ ਕਰਦਾ ਰਹਿੰਦਾ ਤੇ ਉਸ ਦੀਆਂ ਗਾਲ੍ਹਾਂ ਸੁਣਦਾ ਰਹਿੰਦਾ। ਗਲੀ ਦੀਆਂ ਔਰਤਾਂ ਨੇ ਉਸ ਢੱਠੇ ਦਾ ਨਾਉਂ ਨੰਦੀ ਮਾਹਰਾਜ ਪਾਇਆ ਹੋਇਆ ਸੀ ਤੇ ਉਸ ਨੂੰ ਰੋਜ਼ ਆਟੇ ਦੇ ਪੇੜੇ ਖਵਾਉਂਦੀਆਂ। ਸ਼ਿਵਾਂ ਦੀ ਸਵਾਰੀ ਜੁ ਸੀ। ਸ਼ਰਾਬ ਪੀ ਕੇ ਮੇਰੇ ਪਿਤਾ ਤੋਂ ਡਰਦਾ ਮਾਮਾ ਸਾਡੇ ਘਰ ਨਹੀਂ ਸੀ ਆਉਂਦਾ। ਨਿਰਣੇ ਕਾਲਜੇ ਕਿਸੇ ਦਿਨ ਸਾਡੇ ਘਰ ਆਉਂਦਾ, ਤਾਂ ਮੈਂ ਉਸ ਨਾਲ ਖੇਡਿਆ ਕਰਦਾ। ਇਕ ਦਿਨ ਮੇਰੇ ਮਾਮੇ ਨੂੰ ਕੁਝ ਜ਼ਿਆਦਾ ਹੀ ਚੜ੍ਹ ਗਈ। ਕੁਝ ਦੇਰ ਬੋਤਲ ਹੱਥ 'ਚ ਫੜੀ ਉਹ ਢੱਠੇ ਨੂੰ ਗਾਲ੍ਹਾਂ ਕੱਢਦਾ ਰਿਹਾ। ਢੱਠਾ ਹਮੇਸ਼ਾ ਵਾਂਗ ਸ਼ਾਂਤ ਖੜ੍ਹਾ ਉਸ ਨੂੰ ਵੇਖਦਾ ਰਿਹਾ। ਮਾਮੇ ਨੂੰ ਹੋਰ ਹਰਖ ਆ ਗਿਆ। ਉਸ ਨੇ ਢੱਠੇ ਦੀ ਪਿੱਠ 'ਤੇ ਖਾਲੀ ਬੋਤਲ ਵਗਾਹ ਮਾਰੀ। ਢੱਠਾ ਫਿਰ ਵੀ ਸ਼ਾਂਤ ਰਿਹਾ। ਫਿਰ ਮਾਮੇ ਨੇ ਕੁੜਤਾ ਲਾਹ ਕੇ ਪਰ੍ਹਾਂ ਸੁੱਟ ਦਿਤਾ ਤੇ ਆਪੇ ਤੋਂ ਬਾਹਰ ਹੋ ਕੇ ਉਸ ਨੇ ਢੱਠੇ ਨੂੰ ਸਿੰਗਾਂ ਤੋਂ ਜਾ ਫੜਿਆ। ਉਹ ਢੱਠੇ ਨੂੰ ਢਾਹੁਣ ਦੀ ਕੋਸ਼ਿਸ਼ ਕਰ ਰਿਹਾ ਸੀ। ਢੱਠੇ ਦਾ ਸਬਰ ਟੁੱਟ ਗਿਆ। ਨੰਦੀ ਮਾਹਰਾਜ ਨੇ ਹੌਲੇ ਫੁੱਲ ਵਾਂਗ ਮਾਮੇ ਨੂੰ ਸਿੰਗਾਂ 'ਤੇ ਚੁੱਕ ਕੇ ਆਕਾਸ਼ ਵੱਲ ਵਗਾਹ ਮਾਰਿਆ। ਮਾਮਾ ਉਸ ਦਿਨ ਆਕਾਸ਼ ਤੋਂ ਧਰਤੀ 'ਤੇ ਡਿੱਗਾ ਤੇ ਮਰ ਗਿਆ।

ਬੁੱਝ ਤੇ ਭੁੱਬ ਬੇਸ਼ੱਕ ਸਮਾਨਾਰਥੀ ਸ਼ਬਦ ਨਹੀਂ ਹਨ। ਪਰ ਇਹ ਦੋਵੇਂ ਸ਼ਬਦ ਇੱਕ ਦੂਸਰੇ ਨਾਲ ਇਸ ਕਦਰ ਜੁੜੇ ਹੋਏ ਹਨ ਕਿ ਜੇ ਅਸੀਂ ਸੁਹਿਰਦਤਾ ਅਤੇ ਸਹਿਰਦਤਾ ਦਾ ਪੱਲਾ ਨਾ ਫੜੀਏ ਤਾਂ ਬੱਬੇ ਭੱਬੇ ਇੱਕ ਦੂਸਰੇ ਨਾਲ ਸਥਾਨ ਬਦਲ ਲੈਂਦੇ ਹਨ ਅਰਥਾਤ ਬੁੱਝ ਸਾਨੂੰ ਭੁੱਬ ਵੱਲ ਤੋਰ ਦਿੰਦੀ ਹੈ। ਜੇ ਅਸੀਂ ਭੁੱਬ ਤੋਂ ਬਚਣਾ ਚਾਹੁੰਦੇ ਹਾਂ ਤਾਂ ਬੁੱਝ ਤੋਂ ਪਰਹੇਜ਼ ਕਰਨ ਦੀ ਸਖਤ ਲੋੜ ਹੈ।

# ਯੋਧੇ ਹਥਿਆਰ ਕਦੋਂ ਸੁੱਟਦੇ ਨੇ

"ਬਾਈ, ਸ਼ਿਕਾਗੋ 'ਚ ਗੁਰੂਘਰ ਤੇ ਮੰਦਿਰ ਜਰੂਰ ਦੇਖੀਂ ਨਾਲੇ ਪੰਜਾਬ ਟਾਈਮਜ਼ ਵਾਲੇ ਅਮੋਲਕ ਸਿੰਘ ਨੂੰ ਜਰੂਰ ਮਿਲ ਕੇ ਆਈਂ।" ਇਹ ਗੱਲ ਦਰਸ਼ਨ ਬਸਰਾਉਂ ਨੇ ਮੈਨੂੰ ਫੋਨ ਕਰਕੇ ਉਦੋਂ ਆਖੀ ਸੀ, ਜਦੋਂ ਮੈਂ ਬਾਈ ਗੁਰਮੁਖ ਭੁੱਲਰ ਨਾਲ 24 ਘੰਟਿਆਂ ਲਈ ਫਿਰ ਸ਼ਿਕਾਗੋ ਫੇਰੀ 'ਤੇ ਸੀ। ਉਤਰਿਆ ਤਾਂ ਪਿਛਲੇ ਸਾਲ ਵੀ ਸ਼ਿਕਾਗੋ ਦੇ ਓ'ਹੇਅਰ ਹਵਾਈ ਅੱਡੇ 'ਤੇ ਸੀ, ਬਾਅਦ 'ਚ ਵੀ ਕਿੰਨੇ ਗੇੜੇ ਲੱਗੇ, ਪਰ ਇਸ ਵਾਰ ਤਾਂ ਤੀਰਥ

ਸੁਖਨੈਬ ਸਿੰਘ ਸਿੱਧੂ

ਯਾਤਰਾ ਵਾਲੀ ਗੱਲ ਸੀ। ਮੇਰੇ ਭੇਤੀ ਜਾਣਦੇ ਹਨ ਕਿ ਮੈਂ ਬੁਢਾਪਾ ਪੈਨਸ਼ਨ ਦੀ ਰਾਸ਼ੀ ਕੁ ਜਿੰਨਾ ਆਸਤਕ ਹਾਂ ਅਤੇ ਸਿਆਸੀ ਲੋਕਾਂ ਦੀ ਸਰਕਾਰੀ ਖਜਾਨੇ ਵਿਚੋਂ ਲਗਾਤਾਰ ਵਧ ਰਹੀ ਤਨਖਾਹ ਜਿੰਨਾ ਨਾਸਤਕ। ਜੇ ਕੁਝ ਦਰਸ਼ਨ ਬਾਈ ਨੇ ਕਿਹਾ ਸੀ ਤਾਂ ਉਹਦੀ ਇੱਕ ਖਾਸ ਵਜ੍ਹਾ ਸੀ, ਉਹਨੂੰ ਮੇਰੀ ਸੋਚ ਦਾ ਪਤਾ ਸੀ।

ਪੈਲਾਟਾਈਨ ਗੁਰੂਘਰ ਸ਼ਿਕਾਗੋ ਦਾ ਪਹਿਲਾ ਸਿੱਖ ਸਥਾਨ ਹੈ, ਜੋ 1974 'ਚ ਹੋਂਦ 'ਚ ਆਇਆ। ਜਿਸ ਦੇ ਦਰ ਸਿਰਫ ਸਿੱਖਾਂ ਲਈ ਹੀ ਨਹੀਂ, ਸਗੋਂ ਹਰੇਕ ਜਾਤ, ਮਜ਼ਹਬ ਦੇ ਲੋਕਾਂ ਲਈ ਖੁੱਲ੍ਹੇ ਹਨ ਅਤੇ ਸਿੱਖੀ ਸਿਧਾਂਤਾਂ ਦੀ ਗੱਲ ਕਰਦਾ ਹੈ, ਜੋ ਇਨਸਾਨੀਅਤ ਲਈ ਜਰੂਰੀ ਹਨ। ਉਥੇ ਗਿਆ ਤਾਂ ਪਤਾ ਲੱਗਾ ਕਿ ਗੁਰੂਘਰ ਵਾਲਿਆਂ ਨੇ ਪਿਛਲੇ ਵਰ੍ਹੇ ਇੱਕ ਚਰਚ ਦੀ ਬਿਲਡਿੰਗ ਖਰੀਦੀ ਹੈ। ਇਹ ਵੀ ਇਤਫਾਕ ਹੈ, ਇੱਕ ਰੱਬ ਉਥੋਂ ਮੂਵ ਹੋ ਗਿਆ ਅਤੇ ਦੂਜੇ ਨੂੰ ਪੋਜੈਸ਼ਨ ਮਿਲ ਗਈ, ਪਰ ਇਹ ਵੀ ਤਾਂ ਕਮਾਲ ਦੀ ਮਿਸਾਲ ਹੈ ਕਿ ਇਸਾਈ ਭਾਈਚਾਰੇ ਨੇ ਇਹ ਗਿਰਜਾਘਰ ਚੁੱਪ ਕਰਕੇ ਵੇਚ ਦਿੱਤਾ। ਚਰਚਾਂ ਵੇਚਣੀਆਂ ਕਿਉਂ ਪੈ ਰਹੀਆਂ ਨੇ? ਕਿਤੇ ਧਰਮ ਤੋਂ ਪਾਸੇ ਜਾ ਰਹੇ ਲੋਕਾਂ ਦੇ ਰੁਝਾਨ ਕਾਰਨ ਤਾਂ ਨਹੀਂ! ਇਹ ਸਿਆਣੇ ਲੋਕਾਂ ਲਈ ਚਰਚਾ ਦਾ ਵਿਸ਼ਾ ਹੈ, ਪਰ ਉਹੀ ਸਥਾਨ ਹੁਣ ਗੁਰੂਘਰ ਦੀ ਜਾਇਦਾਦ ਹੈ ਅਤੇ ਇਸ ਨੂੰ ਮੀਟਿੰਗ ਹਾਲ ਦੇ ਰੂਪ 'ਚ ਵਰਤਿਆ ਜਾਂਦਾ ਹੈ। ਇਹ ਗੁਰੂਘਰ 16 ਏਕੜ ਜ਼ਮੀਨ 'ਚ ਫੈਲਿਆ ਹੋਇਆ ਹੈ ਅਤੇ ਦੂਰੋਂ ਨੇੜਿਓਂ ਸੰਗਤਾਂ ਇੱਥੇ ਪਹੁੰਚਦੀਆਂ ਹਨ। ਜਦੋਂ ਸਾਡਾ ਭਾਈਚਾਰਾ ਵਿਦੇਸ਼ਾਂ 'ਚ ਘੱਟ ਸੀ, ਉਦੋਂ ਸੰਚਾਰ ਸਾਧਨ ਵੀ ਕਿੱਥੇ ਸਨ! ਉਦੋਂ ਤਾਂ ਸਿਰਫ ਧਾਰਮਿਕ ਸਥਾਨ ਹੀ ਸਾਂਝ ਦਾ ਕੇਂਦਰ ਹੁੰਦੇ ਸਨ, ਲੋਕ ਐਤਵਾਰ ਨੂੰ ਇੱਕ ਦੂਜੇ ਨੂੰ ਮਿਲਦੇ।

ਸ਼ਿਕਾਗੋ 'ਚ ਬਣਿਆ ਮੰਦਿਰ (ਹਿੰਦੂ ਟੈਂਪਲ ਆਫ ਗਰੇਟਰ ਸ਼ਿਕਾਗੋ) ਭਵਨ ਕਲਾ ਦਾ ਉਤਮ ਨਮੂਨਾ ਹੈ, ਜਿਸ ਨੂੰ ਹਿੰਦੂ ਧਰਮ 'ਚ ਯਕੀਨ ਅਤੇ ਸ਼ਰਧਾ ਨਾ ਰੱਖਣ ਵਾਲੇ ਲੋਕ ਵੀ ਦੇਖਣ ਆਉਂਦੇ ਹਨ। ਸਮੇਂ ਦੀ ਘਾਟ ਕਾਰਨ ਮੈਂ ਨਹੀਂ ਜਾ ਸਕਿਆ।

ਤੀਜਾ ਸਥਾਨ ਸੀ, ਸ਼ਿਕਾਗੋ ਤੋਂ ਛਪਦੇ ਅਖਬਾਰ 'ਪੰਜਾਬ ਟਾਈਮਜ਼' ਦਾ ਦਫਤਰ ਤੇ ਸੰਪਾਦਕ ਦੀ ਰਿਹਾਇਸ਼। ਅਮਰੀਕਾ 'ਚ ਇਹ ਪੰਜਾਬੀ ਅਖਬਾਰ ਅਜਿਹਾ ਹੈ, ਜਿਸ ਨੂੰ ਲੋਕ ਪੜ੍ਹਦੇ ਹਨ, ਕਿਉਂਕਿ ਇਸ ਵਿਚ ਦਿਲਚਸਪ ਸਮੱਗਰੀ ਹੁੰਦੀ ਹੈ। ਵਿਦੇਸ਼ੀ ਪੰਜਾਬੀ ਅਖਬਾਰਾਂ ਤੋਂ ਅਨਜਾਣ ਲੋਕ ਹੈਰਾਨ ਹੋਣਗੇ ਕਿ ਇਨ੍ਹਾਂ ਨੂੰ ਲੋਕ ਪੜ੍ਹਦੇ ਨਈਂ, ਕਾਰਨ ਇਹ ਹੈ ਕਿ ਇਨ੍ਹਾਂ ਵਿਚ ਸਮੱਗਰੀ ਦੀ ਘਾਟ ਹੁੰਦੀ ਹੈ ਅਤੇ ਮਸ਼ਹੂਰੀਆਂ ਦੀ ਬਹੁਤਾਤ। ਜੋ ਮੈਟਰ ਹੁੰਦਾ ਵੀ ਹੈ, ਉਹ ਕਾਪੀ ਪੇਸਟ ਹੁੰਦਾ ਹੈ, ਜੋ ਪਾਠਕਾਂ ਨੇ ਵੱਖ ਵੱਖ ਸਰੋਤਾਂ ਤੋਂ ਹਫਤਾ ਪਹਿਲਾਂ ਹੀ ਪੜ੍ਹ ਲਿਆ ਹੁੰਦਾ ਹੈ। ਕਿਉਂਕਿ ਵਿਦੇਸ਼ਾਂ ਵਿਚ ਬਹੁਤੇ ਅਖਬਾਰ ਹਫਤਾਵਰੀ ਹਨ ਅਤੇ ਕੁਝ ਪੰਦਰਵਾੜੇ 'ਚ ਇੱਕ ਵਾਰ ਛਪਦੇ ਹਨ, ਪਰ ਮੈਂ ਤਾਂ ਪੰਜਾਬ ਟਾਈਮਜ਼ ਵਾਲੇ ਅਮੋਲਕ ਸਿੰਘ ਦੀ ਗੱਲ ਕਰਨੀ ਸੀ।

ਇਨ੍ਹਾਂ ਦਾ ਅਖਬਾਰ ਉਚ ਮਿਆਰੀ ਹੈ, ਜਿਸ ਦੀ ਪਾਠਕਾਂ ਨੂੰ ਇਸ ਕਰਕੇ ਉਡੀਕ ਹੁੰਦੀ ਹੈ ਕਿ ਇਹਦੇ ਵਿਚ ਕੁਝ ਪੜ੍ਹਨਯੋਗ ਹੋਵੇਗਾ। ਕਿਸੇ ਅਖਬਾਰ ਵਿਚ ਪੜ੍ਹਨਯੋਗ ਸਮੱਗਰੀ ਹੋਵੇ ਤਾਂ ਇਹ ਕੋਈ ਮਾਅਰਕਾ ਵੀ ਨਹੀਂ ਹੁੰਦਾ, ਕਿਉਂਕਿ ਅਖਬਾਰ ਹੁੰਦੇ ਹੀ ਸਮੱਗਰੀ ਦੇ ਸਿਰ 'ਤੇ ਹਨ। ਪਰ ਜਦੋਂ ਤੁਸੀਂ ਅਮੋਲਕ ਸਿੰਘ ਜੰਮੂ ਨੂੰ ਮਿਲਦੇ ਹੋ, ਜੋ ਵ੍ਹੀਲ ਚੇਅਰ 'ਤੇ ਬੈਠੇ ਮੁਸਕਰਾ ਰਹੇ ਹੁੰਦੇ ਹਨ, ਉਦੋਂ ਅੱਖਾਂ ਤੋਂ ਗਰਦ ਲਹਿ ਜਾਂਦੀ ਹੈ। ਜਿਹੜਾ ਬੰਦਾ ਕਈ ਸਾਲਾਂ ਤੋਂ ਵ੍ਹੀਲ ਚੇਅਰ 'ਤੇ ਹੋਵੇ, ਕਈ ਮਸ਼ੀਨਾਂ ਅਤੇ ਨਾਲੀਆਂ ਸ਼ਰੀਰ 'ਚ ਲੱਗੀਆਂ ਹੋਣ ਤੇ ਫਿਰ ਵੀ ਕਲਮ ਦਾ ਹਲ ਵਾਹ ਰਿਹਾ ਹੋਵੇ, ਉਦੋਂ ਤਾਂ ਆਪਣੇ ਆਪ 'ਤੇ ਮਾਣ ਹੁੰਦਾ ਹੈ ਕਿ ਅਸੀਂ ਅਜਿਹੇ ਕਿਸੇ ਵਿਅਕਤੀ ਦੀ ਸੰਗਤ ਕਰ ਰਹੇ ਹਾਂ।

ਰੂਸੀ ਨਾਵਲ 'ਅਸਲੀ ਇਨਸਾਨ ਦੀ ਕਹਾਣੀ' ਦਾ ਨਾਇਕ ਅਜਿਹਾ ਹੀ ਸੀ, ਜੋ ਆਪਣੇ ਜਹਾਜ ਦੇ ਹਾਦਸੇ ਦਾ ਸ਼ਿਕਾਰ ਹੋ ਜਾਣ ਮਗਰੋਂ ਜਦੋਂ ਆਪਣੇ ਆਪ ਨੂੰ ਜ਼ਿੰਦਾ ਮਹਿਸੂਸ ਕਰਦਾ ਹੈ, ਫਿਰ ਆਪਣੀ ਯੂਨਿਟ 'ਚ ਰੇਂਗਦਾ ਹੋਇਆ ਪਹੁੰਚਦਾ ਹੈ ਤੇ ਨਾਵਲ ਦੇ ਖਤਮ ਹੋਣ ਤੱਕ ਉਹ ਫਿਰ ਲੜਾਕੂ ਜਹਾਜ ਨੂੰ ਉਡਾਣ ਭਰਨ ਦੀ ਖਾਹਿਸ਼ ਪੂਰੀ ਕਰਦਾ ਹੈ। ਮੈਨੂੰ ਤਾਂ ਅਮੋਲਕ ਸਿੰਘ ਵੀ ਉਹ ਯੋਧਾ ਲੱਗਦਾ ਹੈ।

1998 ਤੋਂ ਪਹਿਲਾਂ ਉਹ ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ 'ਚ ਉਪ ਸੰਪਾਦਕ ਸੀ। ਅਮਰੀਕਾ ਦਾ ਸਬੱਬ ਬਣਿਆ ਅਤੇ ਸ਼ਿਕਾਗੋ ਵੱਸ ਗਏ। ਅਖਬਾਰ ਸ਼ੁਰੂ ਕੀਤਾ, ਉਹ ਤਾਂ ਚੱਲਣਾ ਹੀ ਸੀ। ਜੀਹਨੂੰ ਪੰਜਾਬੀ ਟ੍ਰਿਬਿਊਨ 'ਚ ਸੰਪਾਦਕੀ ਦਾ ਮਾਣ ਅਤੇ ਤਜਰਬਾ ਹਾਸਲ ਹੋਵੇ, ਉਹਨੂੰ ਪਾਠਕਾਂ ਦੀ ਨਬਜ਼ ਟੋਹੇ ਬਿਨਾ ਪਤਾ ਲੱਗ ਜਾਂਦਾ ਹੈ ਕਿ ਕਿਹੜੀ ਦਵਾਈ ਕੰਮ ਕਰੂ। ਅਖਬਾਰ ਚੱਲ ਨਿਕਲਿਆ। ਸ਼ਿਕਾਗੋ, ਨਿਊ ਯਾਰਕ ਅਤੇ ਕੈਲੀਫੋਰਨੀਆ 'ਚ 'ਪੰਜਾਬ ਟਾਈਮਜ਼' ਨੇ ਹੋਂਦ ਕਾਇਮ ਕੀਤੀ, ਪਰ ਉਸ ਦੀ ਅਮਲੋਕ ਦੇਹ ਨੂੰ ਗੰਭੀਰ ਰੋਗ ਨੇ ਘੇਰ ਲਿਆ, ਜੀਹਦਾ ਇਲਾਜ ਨਹੀਂ ਹੋ ਸਕਦਾ। ਮਸਕੂਲਰ ਡਿਸਟ੍ਰੋਫੀ ਵਰਗੀ ਲਾਇਲਾਜ ਬਿਮਾਰੀ ਕਾਰਨ ਸੰਪਾਦਕ ਦੀ ਕੁਰਸੀ ਵ੍ਹੀਲ ਚੇਅਰ ਵਿਚ ਬਦਲ ਗਈ। ਹੁਣ ਚੱਤੋ-ਪਹਿਰ ਉਹ ਵ੍ਹੀਲ ਚੇਅਰ ਹੀ ਉਸ ਦਾ ਸਭ ਕੁਝ ਹੈ। ਸਾਲ ਕੁ ਤੋਂ ਉਨ੍ਹਾਂ ਦੀ ਅਵਾਜ਼ ਲਗਭਗ ਬੰਦ ਹੈ। ਜ਼ੋਰ ਲਾ ਕੇ 15-20 ਸ਼ਬਦ ਬੋਲਦੇ ਹਨ ਤਾਂ ਮਸਾਂ ਇੱਕ-ਦੋ ਹੀ ਸਮਝ ਪੈਂਦੇ। ਉਨ੍ਹਾਂ ਦੀ ਧਰਮ ਪਤਨੀ ਜਿੱਥੇ ਅਖਬਾਰ ਦਾ ਕੰਮ ਦੇਖਦੀ ਹੈ, ਉਥੇ ਅਮੋਲਕ ਸਿੰਘ ਦੀ ਦੇਖ ਭਾਲ ਵੀ ਕਰਦੀ ਹੈ। ਪਰ ਇਸ ਯੋਧੇ ਨੇ ਹਾਲੇ ਹਥਿਆਰ ਨਹੀਂ ਸੁੱਟੇ, ਜ਼ਿੰਦਗੀ ਦੇ ਮੈਦਾਨੇ ਜੰਗ 'ਚ ਵੈਰੀਆਂ ਦੇ ਚੱਕਰਵਿਊ ਤੋੜ ਰਿਹਾ ਹੈ।

ਜਦੋਂ ਅਖਬਾਰ ਤਿਆਰ ਹੁੰਦਾ ਹੈ ਤਾਂ ਉਹ ਇਸ਼ਾਰਿਆਂ ਨਾਲ ਗਲਤੀਆਂ ਸੁਧਾਰਦੇ ਹਨ, ਫਿਰ ਕਿਤੇ ਜਾ ਕੇ ਅਖਬਾਰ ਪ੍ਰੈਸ 'ਚ ਜਾਂਦਾ ਹੈ।

ਮੈਨੂੰ ਤਾਂ ਹਿੰਮਤੀ ਲੋਕਾਂ ਨੂੰ ਮਿਲਣਾ ਮੱਕੇ ਦੇ ਹੱਜ ਵਰਗਾ ਲੱਗਦਾ, ਸ਼ਿਕਾਗੋ 'ਚ ਸਰਗਰਮੀਆਂ ਦਾ ਧੁਰਾ ਬਾਈ ਗੁਰਮੁਖ ਭੁੱਲਰ ਜੇ ਨਾਲ ਨਾ ਹੁੰਦਾ ਤਾਂ ਮੈਂ ਇਸ ਅਮੋਲਕ ਜ਼ਿਆਰਤ ਤੋਂ ਵਾਂਝਾ ਰਹਿ ਜਾਂਦਾ।

ਮੈਨੂੰ ਨਈਂ ਪਤਾ ਉਨ੍ਹਾਂ ਦੇ ਦਿਲ 'ਚ ਕਿੰਨੀ ਪੀੜ ਹੈ, ਪਰ ਇਸ ਯੋਧੇ ਦੇ ਚਿਹਰੇ ਦੀ ਜੇਤੂ ਮੁਸਕਾਨ ਸਾਡੇ ਵਰਗਿਆਂ ਨੂੰ ਹੱਲਾਸ਼ੇਰੀ ਜਰੂਰ ਦੇ ਜਾਂਦੀ ਹੈ।

# ਦਿੱਲੀ ਸ਼ਹਿਰ 'ਚ ਕੁੜੀ ਹੋਣ ਦੇ ਮਾਇਨੇ



ਨਿਤੇਸ਼
ਫੋਨ: +91-79738-07998


ਹਰਿਆਣੇ ਦੇ ਨਿੱਕੇ ਜਿਹੇ ਪਿੰਡ ਦੀ ਜੰਮਪਲ ਹਾਂ। ਅਜਿਹੇ ਘਰ ਵਿਚੋਂ ਹਾਂ ਜਿਥੇ ਕੁੜੀਆਂ ਨੂੰ ਪੜ੍ਹਾਉਣਾ ਲਿਖਾਉਣਾ ਸਮੇਂ ਅਤੇ ਪੈਸੇ ਦੀ ਬਰਬਾਦੀ ਸਮਝਿਆ ਜਾਂਦਾ ਹੈ। ਜੇ ਪੜ੍ਹਾਉਣ ਬਾਰੇ ਸੋਚਿਆ ਵੀ ਜਾਂਦਾ ਤਾਂ ਵੱਧ ਤੋਂ ਵੱਧ ਬਾਰ੍ਹਵੀਂ ਕਰਵਾ ਕੇ ਵਿਆਹੁਣ ਵਿਚ ਯਕੀਨ ਰੱਖਿਆ ਜਾਂਦਾ ਹੈ। ਤੁਸੀਂ ਸੋਚ ਸਕਦੇ ਹੋ ਕਿ ਕਿਸ ਤਰ੍ਹਾਂ ਦਾ ਰਿਹਾ ਹੋਵੇਗਾ ਮੇਰਾ ਬਚਪਨ ਅਤੇ ਕਿਸ ਤਰ੍ਹਾਂ ਦਾ ਪਾਲਣ-ਪੋਸ਼ਣ। ਛੋਟੇ ਜਿਹੇ ਪਿੰਡ ਵਿਚ ਬਹੁਤ ਵੱਡਾ ਪਰਿਵਾਰ ਸੀ ਸਾਡਾ। ਛੋਟੇ ਸਕੂਲ ਤੋਂ ਪੜ੍ਹਨਾ ਸ਼ੁਰੂ ਕੀਤਾ ਅਤੇ ਬਾਅਦ ਵਿਚ ਸ਼ਹਿਰ ਆਪਣੇ ਚਾਚਾ-ਚਾਚੀ ਕੋਲ ਰਹਿਣ ਚਲੀ ਗਈ। ਉਥੇ ਥੋੜ੍ਹੇ ਵੱਡੇ ਸਕੂਲ ਵਿਚ ਮੇਰਾ ਦਾਖਲਾ ਕਰਵਾਇਆ ਗਿਆ। ਮਾਂ-ਪਿਉ ਸ਼ੁਰੂ ਤੋਂ ਸਾਡੇ ਨਾਲ ਨਹੀਂ ਰਹਿੰਦੇ ਸਨ। ਜ਼ਮੀਨ ਦੇ ਕਿਸੇ ਮਸਲੇ ਵਿਚ ਉਹ ਪੰਜਾਬ ਵਿਚ ਸਨ। ਬੱਚਾ ਮਾਂ-ਪਿਉ ਕੋਲੋਂ ਬਹੁਤ ਕੁਝ ਸਿੱਖਦਾ ਹੈ ਅਤੇ ਆਤਮ-ਵਿਸ਼ਵਾਸ ਵੀ ਉਨ੍ਹਾਂ ਰਾਹੀਂ ਹੀ ਬੱਚੇ ਵਿਚ ਭਰਦਾ ਹੈ। ਸਾਡਾ ਬਚਪਨ ਮਾਪਿਆਂ ਤੋਂ ਦੂਰ, ਕਈ ਕਸ਼ਮਕਸ਼ ਥਾਣੀਂ ਲੰਘਿਆ।

ਮੇਰਾ ਕੱਦ ਬਹੁਤ ਛੋਟਾ ਹੈ। ਮਾਂ ਮੈਨੂੰ ਹਮੇਸ਼ਾ ਲਮਕਣ ਲਈ ਕਿਹਾ ਕਰਦੀ। ਜਦੋਂ ਮੈਂ ਕਿਹਾ ਨਾ ਮੰਨਦੀ ਤਾਂ ਉਹ ਕਹਿੰਦੀ, 'ਵੱਡੀ ਹੋ ਕੇ ਪਛਤਾਏਂਗੀ।' ਹੁਣ ਉਹ ਬੋਲ ਬਹੁਤ ਵਾਰ ਯਾਦ ਆਉਂਦੇ ਹਨ। ਕੱਦ ਛੋਟਾ ਹੋਣਾ ਇਸ ਲਈ ਤਕਲੀਫ ਦਿੰਦਾ ਰਿਹਾ, ਕਿਉਂਕਿ ਜਦੋਂ ਮੈਂ ਹਾਈ ਸਕੂਲ ਜਾਂਦੀ ਸਾਂ ਤਾਂ ਕਈ ਤਰ੍ਹਾਂ ਦੇ ਲੋਕਾਂ ਵਿਚੋਂ ਨਿਕਲ ਕੇ ਜਾਣਾ ਪੈਂਦਾ। ਛੋਟੇ ਕੱਦ ਕਰ ਕੇ ਮੇਰਾ ਸੀਨਾ ਵੱਡਾ ਜਾਪਦਾ। ਆਉਂਦੇ ਜਾਂਦੇ ਮੁੰਡੇ ਜਾਂ ਮਰਦ ਮੇਰੇ ਵੱਲ ਇਸ ਤਰ੍ਹਾਂ ਦੇਖਦੇ ਜਾਂ ਕੁਮੈਂਟ ਮਾਰਦੇ ਕਿ ਅੱਜ ਤੱਕ ਭੁਲਾ ਨਹੀਂ ਸਕੀ। ਇਸ ਦਾ ਮਤਲਬ ਇਹ ਨਹੀਂ ਕਿ ਪਰਿਵਾਰ ਵਿਚ ਬਹੁਤ ਸੁਰੱਖਿਅਤ ਸੀ।

ਖੈਰ, ਛੋਟੇ ਸ਼ਹਿਰ ਵਿਚ ਪੜ੍ਹਨਾ ਲਿਖਣਾ ਸ਼ੁਰੂ ਕੀਤਾ ਤਾਂ ਕਦੀ ਨਹੀਂ ਸੀ ਸੋਚਿਆ ਕਿ ਹਰਿਆਣੇ ਤੋਂ ਬਾਹਰ ਨਿਕਲ ਕੇ ਕੁਝ ਕਰਾਂਗੀ। ਉਸ ਸਮੇਂ ਮੇਰੀ ਦੁਨੀਆਂ ਬਹੁਤ ਛੋਟੀ ਸੀ, ਪਰ ਸੁਪਨੇ ਕਦੇ ਵੀ ਛੋਟੇ ਨਹੀਂ ਸਨ। ਬਚਪਨ ਇੰਨਾ ਘੁੱਟ-ਘੁੱਟ ਕੇ ਜੀਵਿਆ ਕਿ ਆਪਣੇ ਲਈ ਤਾਂ ਕਦੀ ਆਵਾਜ਼ ਉਠਾਉਣ ਦੀ ਹਿੰਮਤ ਕਰ ਨਹੀਂ ਸਕੀ। ਬਾਰ੍ਹਵੀਂ ਜਮਾਤ ਤੱਕ ਚਾਰ ਸਕੂਲ ਬਦਲੇ। ਸਭ ਜਗ੍ਹਾ ਕੁਝ ਵੱਖ-ਵੱਖ ਤਜਰਬੇ ਹੰਢਾਏ। ਬਾਰ੍ਹਵੀਂ ਹੋਈ ਤਾਂ ਡੈਡੀ ਨੇ ਇਕ ਸਾਲ ਰੁਕਣ ਲਈ ਕਿਹਾ ਅਤੇ ਵਾਅਦਾ ਕੀਤਾ ਕਿ ਅਗਲੇ ਸਾਲ ਜਿਥੇ ਮੈਂ ਕਹਾਂਗੀ, ਉਥੇ ਪੜ੍ਹਨ ਲਾਉਣਗੇ।

ਬਹੁਤ ਮੁਸ਼ਕਿਲ ਨਾਲ ਮਨ ਨੂੰ ਸਮਝਾਇਆ। ਘਰ ਦੀ ਆਰਥਕ ਦਸ਼ਾ ਵੀ ਉਸ ਸਮੇਂ ਕੁਝ ਚੰਗੀ ਨਹੀਂ ਸੀ। ਪੜ੍ਹਾਈ ਵਿਚ ਗੈਪ ਪੈਣ ਤੋਂ ਪਹਿਲਾਂ ਕੁਰੂਕਸ਼ੇਤਰ ਯੂਨੀਵਰਸਿਟੀ ਜਾਣ ਦਾ ਮਨ ਸੀ, ਪਰ ਸਭ ਦੋਸਤ ਸੀਨੀਅਰ ਹੋ ਗਏ। ਸੋ, ਅਗਲੇ ਸਾਲ ਮੈਂ ਸਟੇਟ ਬਦਲਣ ਦੀ ਸੋਚੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਜਾਣ ਦੀ ਮੰਗ ਕੀਤੀ, ਜੋ ਡੈਡੀ ਨੇ ਮੰਨ ਲਈ। ਪੰਜਾਬੀ ਦੀ ਬੀ. ਏ. ਆਨਰਜ਼ ਵਿਚ ਦਾਖਲਾ ਲਿਆ, ਜਦੋਂਕਿ ਸਕੂਲ ਵਿਚ ਪੜ੍ਹਾਈ ਹਿੰਦੀ ਮਾਧਿਅਮ ਵਿਚ ਕੀਤੀ ਸੀ। ਸ਼ੁਰੂ-ਸ਼ੁਰੂ ਵਿਚ ਸਾਰੇ ਵਿਸ਼ੇ ਪੰਜਾਬੀ ਵਿਚ ਪੜ੍ਹਨ ਵਿਚ ਬਹੁਤ ਔਖ ਮਹਿਸੂਸ ਹੁੰਦੀ ਪਰ ਭੈਣ ਨੇ ਮੈਨੂੰ ਹਿੰਮਤ ਨਾ ਹਾਰਨ ਦਿੱਤੀ। ਮੈਨੂੰ ਪੰਜਾਬੀ ਨਾਲ ਸ਼ੁਰੂ ਤੋਂ ਹੀ ਬਹੁਤ ਪਿਆਰ ਸੀ, ਪਰ ਹੁਣ ਤਾਂ ਨਿਰਾ ਇਸ਼ਕ ਹੋਣ ਲੱਗ ਪਿਆ ਸੀ। ਜਦੋਂ ਵੀ ਹਰਿਆਣੇ ਵਾਲੇ ਪਿੰਡ ਜਾਂਦੀ ਤਾਂ ਸ਼ਰੀਕਾਂ ਵਲੋਂ ਇਹੋ ਸੁਣਨ ਨੂੰ ਮਿਲਦਾ, 'ਕੀ ਕਰ ਲਵੇਂਗੀ ਇੰਨਾ ਪੜ੍ਹ ਕੇ? ਪੰਜਾਬੀ ਦੀ ਪੜ੍ਹਾਈ ਨੂੰ ਪੁੱਛਦਾ ਕੌਣ ਹੈ?'

ਬੀ. ਏ. ਕਰਦਿਆਂ-ਕਰਦਿਆਂ ਇਕ ਵੱਖਰੀ ਅਤੇ ਨਵੀਂ ਸ਼ੈਅ ਦਾ ਪਤਾ ਲੱਗਿਆ, ਜਿਸ ਨੂੰ ਵਿਕੀਪੀਡੀਆ ਕਹਿੰਦੇ ਹਨ। ਵਿਕੀਪੀਡੀਆ (ਮਹਿਜ਼ ਇਕ ਪ੍ਰਾਜੈਕਟ) ਵਿਸ਼ਵਕੋਸ਼ ਹੈ, ਜੋ ਪੰਜਾਬੀ ਸਣੇ ਦੁਨੀਆਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਹੈ। ਇਹ ਆਮ ਪਾਠਕ ਲਈ ਤਾਂ ਹੈ ਹੀ, ਇਸ ਦੇ ਸੰਪਾਦਕ ਵੀ ਜ਼ਿਆਦਾਤਰ ਆਮ ਲੋਕ ਹੀ ਹੁੰਦੇ ਹਨ। ਵਿਕੀਪੀਡੀਆ 'ਤੇ ਸੰਪਾਦਨ ਕਰਨਾ ਸਿੱਖਿਆ ਤਾਂ ਪਹਿਲਾਂ-ਪਹਿਲ ਫੋਨ 'ਤੇ ਐਡਿਟ ਕਰਨ ਲੱਗੀ, ਹੌਲੀ-ਹੌਲੀ ਲੈਪਟਾਪ ਲੈ ਲਿਆ। ਪੰਜਾਬੀ ਨਾਲ ਹਰ ਰੋਜ਼ ਨਵਾਂ ਪਿਆਰ ਹੋਣ ਲੱਗਿਆ ਤੇ ਪੰਜਾਬੀ ਲਈ ਕੁਝ ਹੋਰ ਕਰਨ ਦਾ ਉਤਸ਼ਾਹ ਜਾਗਿਆ। ਬੀ. ਏ. ਤੋਂ ਬਾਅਦ ਇਸੇ ਤਰ੍ਹਾਂ ਐਮ. ਏ. ਪੰਜਾਬੀ ਆਨਰਜ਼ ਵੀ ਹੋ ਗਈ।



ਜ਼ਿੰਦਗੀ ਦਾ ਅਗਲਾ ਪੜਾਅ ਸੀ ਦਿੱਲੀ। ਦਿੱਲੀ ਤੋਂ ਮੈਂ ਐਮ.ਫਿਲ. ਪੰਜਾਬੀ ਕਰਨ ਦੀ ਠਾਣੀ। ਦਿੱਲੀ ਯੂਨੀਵਰਸਿਟੀ ਵਿਚ ਦਾਖਲਾ ਹੋ ਗਿਆ। ਦਿੱਲੀ ਜਾਣ ਲਈ ਡੈਡੀ ਨੂੰ ਮਨਾਉਣ ਵਿਚ ਬਹੁਤ ਔਖ ਆਈ। ਭੈਣਾਂ ਅਤੇ ਮੰਮੀ ਨੇ ਬਹੁਤ ਸਾਥ ਦਿੱਤਾ। ਡੈਡੀ ਦੇ ਦਿਲ ਵਿਚ ਦਿੱਲੀ ਲਈ ਬਹੁਤ ਡਰ ਸੀ, ਕਿਉਂਕਿ ਦਿੱਲੀ ਵਿਚ ਜਿੰਨੇ ਹਾਦਸੇ ਨਿੱਤ ਵਾਪਰਦੇ ਹਨ, ਅਜਿਹੀ ਜਗ੍ਹਾ ਨੂੰ ਅਸੁਰੱਖਿਅਤ ਹੀ ਕਿਹਾ ਜਾਂਦਾ ਹੈ। ਦਿੱਲੀ ਯੂਨੀਵਰਸਿਟੀ ਦਾ ਮਾਹੌਲ ਉਸ ਸਮੇਂ ਵਧੀਆ ਸੀ। ਸ਼ੁਰੂ-ਸ਼ੁਰੂ ਵਿਚ ਯੂਨੀਵਰਸਿਟੀ ਵਿਚ ਇਕ ਜਗ੍ਹਾ ਬੈਠ ਕੇ ਮੈਂ ਆਉਂਦੇ ਜਾਂਦੇ ਲੋਕਾਂ ਨੂੰ ਗੌਰ ਨਾਲ ਦੇਖਦੀ ਰਹਿੰਦੀ।

ਚੰਗੀ ਗੱਲ ਇਹ ਲੱਗੀ ਕਿ ਕਿਸੇ ਦਾ ਕਿਸੇ ਵੱਲ ਕੋਈ ਧਿਆਨ ਨਹੀਂ ਸੀ; ਸਭ ਆਪਣੇ ਆਪ ਵਿਚ ਮਸਤ। ਦਿੱਲੀ ਵਿਚ ਪੰਜਾਬ ਵਾਂਗ ਸ਼ਰਾਰਤੀ ਅੱਖਾਂ ਤੁਹਾਡਾ ਪਿੱਛਾ ਨਹੀਂ ਕਰਦੀਆਂ। ਲੱਖਾਂ ਪਰਵਾਸੀ ਲੋਕ ਇਥੇ ਰੋਜ਼ੀ ਜਾਂ ਹੋਰ ਲੋੜਾਂ ਲਈ ਵਸ ਰਹੇ ਹਨ। ਦਿੱਲੀ ਕਾਹਦੀ, ਭੀੜ ਏ ਬਸ। ਹਾਂ ਜੇ ਤੁਸੀਂ ਸ਼ਾਮ ਨੂੰ ਗਰਮੀ ਦੇ ਮੌਸਮ ਵਿਚ ਸ਼ੌਰਟਸ (ਛੋਟੇ ਕੱਪੜਿਆਂ) ਵਿਚ ਬਾਹਰ ਨਿਕਲਦੇ ਹੋ ਤਾਂ ਕਿਸੇ 'ਪੰਜਾਬੀ' ਜਾਂ ਰੂੜੀਵਾਦੀ ਨੂੰ ਪੰਜਾਬੀ ਕੁੜੀ ਹੋਣ ਦੇ ਨਾਤੇ ਤੁਹਾਡਾ ਪਹਿਰਾਵਾ 'ਗਲਤ' ਲੱਗ ਸਕਦਾ ਹੈ। ਇਨ੍ਹਾਂ ਲੋਕਾਂ ਦੇ ਪੈਰ ਤਾਂ ਦਿੱਲੀ ਪਹੁੰਚ ਚੁੱਕੇ ਹਨ ਪਰ ਦਿਮਾਗ ਅਜੇ ਵੀ ਪੰਜਾਬ ਹੀ ਪਿਆ ਹੈ। ਉਂਜ, ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਦਿੱਲੀ ਦੇ ਸਾਰੇ ਲੋਕ ਦੁੱਧ ਧੋਤੇ ਹਨ।

ਅਣਕਿਆਸੇ ਜਾਂ ਅਣਸੁਖਾਵੇਂ ਦਾ ਖਦਸ਼ਾ ਕਿਥੇ ਨਹੀਂ ਹੁੰਦਾ। ਜੇ ਤੁਸੀਂ ਚੌਕਸ ਹੋ ਅਤੇ ਆਪਣੇ ਆਪ ਨੂੰ ਕਿਸੇ ਅਣਕਿਆਸੀ ਘਟਨਾ ਤੋਂ ਬਚਾਉਣ ਦੀ ਸਮਰੱਥਾ ਰੱਖਦੇ ਹੋ ਤਾਂ ਕਿਸੇ ਵੀ ਵੱਡੇ ਸ਼ਹਿਰ ਵਿਚ ਮਹਿਫੂਜ਼ ਰਹਿ ਸਕਦੇ ਹੋ। ਇਕ ਸ਼ਾਮ ਆਪਣੇ ਦੋਸਤਾਂ ਨਾਲ ਕਿਸੇ ਪਾਸਿਓਂ ਆ ਰਹੀ ਸੀ। ਰਾਤ ਦੇ ਕਰੀਬ 11.30 ਵਜ ਚੁੱਕੇ ਸਨ। ਮੈਟਰੋ ਸਟੇਸ਼ਨ ਦੇ ਪਿਛਲੇ ਪਾਸੇ ਹੀ ਇਕ ਢਾਬਾ ਸੀ, ਰੋਟੀ ਖਾਣ ਉਥੇ ਚਲੇ ਗਏ। ਥਕਾਵਟ ਕਰਕੇ ਮੈਂ ਕੁਝ ਹੌਲੀ ਤੁਰ ਰਹੀ ਸੀ, ਮੇਰੇ ਦੋਸਤ ਮੈਥੋਂ ਥੋੜ੍ਹਾ ਅੱਗੇ ਸਨ। ਸ਼ਹਿਰ ਤਕਰੀਬਨ ਬੰਦ ਹੋ ਗਿਆ ਸੀ। ਤੁਰੀ ਜਾ ਰਹੀ ਸੀ ਤਾਂ ਵੈਨ ਕੋਲ ਦੋ ਬੰਦੇ ਖੜ੍ਹੇ ਦਿਸੇ। ਉਨ੍ਹਾਂ ਨੂੰ ਲੱਗਿਆ, ਮੈਂ ਇਕੱਲੀ ਹਾਂ ਤਾਂ ਮੇਰੇ ਵੱਲ ਵਧਣ ਲੱਗੇ। ਉਨ੍ਹਾਂ ਦੀ ਦੇਖਣੀ ਓਨੀ ਹੀ ਗੰਦੀ ਸੀ ਜਿੰਨੀ ਸਕੂਲ ਜਾਂਦੇ ਵਕਤ ਮਿਲਦੇ ਮਰਦਾਂ ਦੀ ਹੁੰਦੀ ਸੀ। ਮੈਂ ਛੇਤੀ-ਛੇਤੀ ਆਪਣੇ ਦੋਸਤਾਂ ਨੂੰ ਆਵਾਜ਼ ਮਾਰੀ ਤਾਂ ਉਹ ਇਕਦਮ ਪਿੱਛੇ ਹਟ ਗਏ, ਪਰ ਇਸ ਗੱਲ ਦਾ ਖਿਆਲ ਮੇਰੇ ਅੰਦਰੋਂ ਨਹੀਂ ਜਾ ਰਿਹਾ ਸੀ ਕਿ ਜੋ ਕੁੜੀਆਂ ਇਨ੍ਹਾਂ ਹਾਲਾਤ ਤੋਂ ਨਹੀਂ ਬਚ ਸਕਦੀਆਂ, ਉਨ੍ਹਾਂ ਨਾਲ ਕੀ-ਕੀ ਹੁੰਦਾ ਹੋਵੇਗਾ। ਉਸ ਹਾਦਸੇ ਨੂੰ ਲੈ ਕੇ ਮੇਰੇ ਅੰਦਰ ਚਲ ਰਹੀ ਉਥਲ-ਪੁਥਲ ਕਈ ਦਿਨ ਦਿਮਾਗ ਵਿਚ ਚਲਦੀ ਰਹੀ।

ਉਹ ਘਟਨਾ ਬੇਸ਼ਕ ਕੁਝ ਵੀ ਨਹੀਂ ਸੀ ਪਰ ਦਿਲ-ਦਿਮਾਗ 'ਤੇ ਕੁਝ ਅਸਰ ਜਿਹਾ ਕਰ ਗਈ ਸੀ। ਰਾਤ ਨੂੰ ਨੀਂਦ ਦੇਰ ਨਾਲ ਆਉਣ ਕਰਕੇ ਘਰ ਵਿਚ ਕੁੱਤਿਆਂ ਦੇ ਭੌਂਕਣ ਦੀਆਂ ਅਵਾਜ਼ਾਂ ਆਮ ਹੀ ਸੁਣਨ ਨੂੰ ਮਿਲ ਜਾਂਦੀਆਂ ਨੇ। ਰਾਹਾਂ ਵਿਚ ਭੌਂਕਦੇ ਕੁੱਤੇ ਵੀ ਆਮ ਹੀ ਦੇਖਣ ਨੂੰ ਮਿਲ ਜਾਂਦੇ ਨੇ। ਕਦੀ-ਕਦੀ ਬਾਹਰ ਦਾ ਮਾਹੌਲ ਜਦੋਂ ਤੁਹਾਡੇ ਅੰਦਰ ਚਲਦੇ ਗੁਬਾਰ ਨਾਲ ਮਿਲ ਜਾਂਦਾ ਹੈ। ਤੁਸੀਂ ਨਾ ਚਾਹ ਕੇ ਵੀ ਕਲਮ ਉਠਾਉਣ ਲਈ ਮਜਬੂਰ ਹੋ ਜਾਂਦੇ ਓ, ਚਾਹੇ ਲਿਖਿਆ ਕਿਵੇਂ ਦਾ ਵੀ ਜਾਵੇ। ਮੈਂ ਵੀ ਕੁਝ ਲਿਖਣ ਲਈ ਮਜਬੂਰ ਹੋ ਗਈ:

ਯੇ ਸ਼ਾਂਤ ਸੀ ਦਿੱਲੀ
ਬੇਖਬਰ ਹੈ ਨਾਪਾਕ ਇਰਾਦੋਂ ਸੇ
ਸੂਨੇ ਸੇ ਰਾਸਤੋਂ ਮੇਂ
ਅਹਿਸਾਸ, ਸਿਰਫ ਡਰ ਕਾ
ਆਵਾਜ਼ੇਂ, ਕੁੱਤੋਂ ਕੇ ਭੌਂਕਨੇ ਕੀ
ਸੋਚਨੇ ਪਰ ਮਜਬੂਰ ਕਰਤੀ ਹੈਂ
ਖਾਮੋਸ਼ੀ ਕੇ ਪੀਛੇ ਛੁਪੀ
ਵੋ ਦਰਦਨਾਕ ਆਵਾਜ਼ੇਂ
ਜੋ ਸੁਨਾਈ ਤੋ ਨਹੀਂ ਦੇਤੀ
ਪਰ ਮਹਿਸੂਸ ਹੋਤੀ ਹੈਂ
ਕਿ ਆਜ ਫਿਰ ਕੋਈ
ਅੰਜਾਮ ਦੇ ਰਹਾ ਹੈ
ਨਾਪਾਕ ਇਰਾਦੋਂ ਕੋ
ਇਸ ਸ਼ਾਂਤ ਸੀ ਦਿੱਲੀ ਮੇਂ
ਰਾਤ ਮੇਂ ਡੂਬੀ ਬੇਖਬਰ ਸੀ ਦਿੱਲੀ ਮੇਂ।

ਮੈਂ ਆਪਣਾ ਕੁਝ ਲਿਖਿਆ ਕਿਸੇ ਨਾਲ ਬਹੁਤ ਘੱਟ ਸਾਂਝਾ ਕਰਦੀ ਹਾਂ। ਇਸ ਹਾਦਸੇ ਨੇ ਮੈਨੂੰ ਸਾਵਧਾਨੀ ਵਰਤਣ ਲਈ ਵੀ ਪ੍ਰੇਰਿਆ। ਜ਼ਰੂਰੀ ਨਹੀਂ ਕਿ ਸੁੰਨਸਾਨ ਰਸਤੇ ਸਿਰਫ ਔਰਤਾਂ ਲਈ ਹੀ ਅਸੁਰੱਖਿਅਤ ਹੋਣ, ਹਾਦਸਾ ਕਿਸੇ ਨਾਲ ਵੀ ਕਿਤੇ ਵੀ ਵਾਪਰ ਸਕਦਾ ਹੈ, ਉਸ ਲਈ ਖਾਸ ਲਿੰਗ ਦਾ ਹਮੇਸ਼ਾ ਕੋਈ ਵਾਸਤਾ ਨਹੀਂ ਹੁੰਦਾ।

ਖੈਰ, ਕੁਝ ਮਨ ਦੀਆਂ ਗੱਲਾਂ ਵੀ ਮੈਂ ਦਿੱਲੀ ਪਹੁੰਚ ਕੇ ਹੀ ਪੁਗਾਈਆਂ। ਦਿੱਲੀ ਯੂਨੀਵਰਸਿਟੀ ਤੋਂ ਮੈਂ ਐਮ.ਫਿਲ. ਕਰ ਚੁਕੀ ਹਾਂ। ਇਥੇ ਮੈਂ ਸਿਰਫ ਡਿਗਰੀ ਹੀ ਨਹੀਂ ਹਾਸਿਲ ਕੀਤੀ ਸਗੋਂ ਮੈਂ ਆਪਣੀ ਗੱਲ ਆਪ ਆਖਣੀ ਵੀ ਸਿੱਖੀ ਹੈ। ਆਜ਼ਾਦ ਪੰਛੀ ਵਾਂਗ ਉਡਣਾ ਵੀ ਮੈਨੂੰ ਦਿੱਲੀ ਨੇ ਹੀ ਸਿਖਾਇਆ ਹੈ।

ਉਡਣ ਲਈ ਜ਼ਰੂਰੀ ਨਹੀਂ ਖੰਭ ਹੀ ਹੋਣ, ਜਦੋਂ ਤੁਹਾਨੂੰ ਆਜ਼ਾਦੀ ਦੀ ਹਵਾ ਵਿਚ ਸਾਹ ਲੈਣਾ ਆ ਜਾਵੇ ਤਾਂ ਇਸ ਦਾ ਮਤਲਬ ਹੈ, ਤੁਸੀਂ ਉਡ ਰਹੇ ਹੋ। ਕੁੜੀਆਂ ਦਾ ਘਰ ਤੋਂ ਬਾਹਰ ਨਿਕਲ ਕੇ ਆਪਣੇ ਹੱਕਾਂ ਲਈ ਜਾਣੂ ਹੋਣਾ ਘੱਟ ਹੀ ਪਸੰਦ ਕੀਤਾ ਜਾਂਦਾ ਹੈ। ਅਕਸਰ ਇਸ ਨੂੰ ਵਿਗੜਨ ਦਾ ਨਾਂ ਦਿੱਤਾ ਜਾਂਦਾ ਹੈ; ਜਿਵੇਂ, ਕੁੜੀ ਬਾਹਰ ਭੇਜ ਕੇ ਗਲਤੀ ਕਰ ਦਿੱਤੀ, ਬਾਹਰ ਜਾ ਕੇ ਜ਼ਿਆਦਾ ਹੀ ਜ਼ੁਬਾਨ ਖੁੱਲ੍ਹ ਗਈ ਹੈ, ਕੀ ਤੁਹਾਨੂੰ ਤੁਹਾਡੇ ਕਾਲਜਾਂ ਵਿਚ ਵੱਡਿਆਂ ਸਾਹਮਣੇ ਬੋਲਣਾ (ਬਦਤਮੀਜ਼ੀ) ਹੀ ਸਿਖਾਇਆ ਜਾਂਦਾ ਹੈ? ਪਰ ਕਿਸੇ ਦਾ ਖੁੱਲ੍ਹ ਕੇ ਜੀਣਾ ਕੋਈ ਹੋਰ ਕਿਵੇਂ ਤੈਅ ਕਰ ਸਕਦਾ ਹੈ? ਜਦੋਂ ਵੀ ਕਿਸੇ ਬੰਦ ਪੰਛੀ ਨੂੰ ਉਡਾਰੀ ਮਾਰਨ ਦਾ ਮੌਕਾ ਮਿਲਦਾ ਹੈ ਤਾਂ ਉਹ ਕਦੀ ਵੀ ਇਸ ਮੌਕੇ ਨੂੰ ਨਹੀਂ ਗਵਾਉਂਦਾ। ਦਿੱਲੀ ਵਿਚ ਕੁੜੀ ਹੋਣ ਦੇ ਮਾਇਨੇ ਮੈਨੂੰ ਇਥੇ ਰਹਿੰਦਿਆਂ ਹੀ ਮਾਲੂਮ ਹੋਏ ਹਨ।

## ਕਾਵਿ ਜਗਤ

### ਸਾਵਣ

ਜੇਠ ਹਾੜ੍ਹ ਦੀਆਂ ਧੁੱਪਾਂ ਮਿੱਧ ਕੇ
ਸੁੱਖ ਸੁੱਖਾਂ ਦਾ ਸਾਵਣ ਚੜ੍ਹਿਆ।
ਬੁੱਕਲ ਵਿਚ ਹਰਿਆਲੀ ਲੈ ਕੇ
ਪਤਝੜ ਦੇ ਵਿਹੜੇ ਆ ਵੜਿਆ।

ਪੱਛਮ ਤੋਂ ਹਿਰਨੋਟੀ ਬਦਲੀ
ਕੀਲ ਲਿਆਇਆ ਸਾਵਣ।
ਔੜੀ ਧਰਤੀ ਜਲਥਲ ਹੋਈ
ਤਪਸ਼ ਬੁਝਾਈ ਆ ਕੇ ਸਾਵਣ।

ਛੱਪੜ ਟੋਭੇ ਭਰ ਗਏ ਸਾਰੇ
ਡੱਡੂ ਚੁੰਘੀਆਂ ਭਰਦੇ ਨਿਕਲੇ।
ਪਸ਼ੂ ਪੰਛੀ ਸਭ ਝੂੰਮਣ ਲੱਗੇ
ਗਰਮੀ ਨਾਲ ਜੋ ਮਰਦੇ ਨਿਕਲੇ।

ਖੇਤਾਂ ਦੇ ਵਿਚ ਰੌਣਕ ਆਈ
ਮੁਸ਼ਕਣ ਬਾਸਮਤੀ ਤੇ ਝੋਨਾ।
ਮੱਕੀ ਸੂਤਰ ਕੱਤਣ ਲੱਗੀ
ਸ਼ੂਕਣ ਲੱਗਾ ਕਾਲਾ ਪੋਨਾ।

ਮਿਰਚਾਂ, ਕੱਦੂ, ਕਰੇਲੇ ਟਹਿਕੇ
ਬੈਂਗਣ ਆਪਣਾ ਰੰਗ ਵਟਾਵੇ।
ਅੰਬ ਤੇ ਜਾਮਨ ਝੜ ਝੜ ਪੈਂਦੇ
ਧਰਤ ਦੀ ਝੋਲੀ ਭਰਦੀ ਜਾਵੇ।

ਨਰਮੇ ਕਪਾਹਾਂ ਦੇ ਟੀਂਡੇ ਫੁੱਟੇ
ਜਵਾਰ ਬਾਜਰਾ ਨਿੱਸਰ ਆਵੇ।
ਜੱਟ ਖੇਤਾਂ ਨੂੰ ਗੋਡੀ ਦੇਵੇ
ਜੱਟੀ ਭੱਤਾ ਚੁੱਕ ਲਿਆਵੇ।

ਬਾਗੀਂ ਕੋਇਲਾਂ ਕੂਹ ਕੂਹ ਬੋਲਣ
ਮੋਰ ਪਏ ਪੈਲਾਂ ਪਾਉਂਦੇ।
ਕੂੰਜਾਂ ਡਾਰਾਂ ਕਰਨ ਕਲੋਲਾਂ
ਪਪੀਹੇ ਪਏ ਪਿਹਾਉਂਦੇ।

ਸੱਜ ਵਿਆਹੀਆਂ ਮੁਟਿਆਰਾਂ ਦੇ
ਤੀਆਂ ਵਿਚ ਚਾਅ ਨੱਚੇ।
ਮਾਹੀ ਦੀਆਂ ਯਾਦਾਂ ਤੀਲ੍ਹੀ ਬਣ ਕੇ
ਭਾਂਬੜ ਬਣ ਕੇ ਮੱਚੇ।

ਹੁਸਨ ਜਵਾਨੀ ਇਕੱਠੇ ਹੋ ਕੇ
ਨੱਚ ਨੱਚ ਧਰਤ ਹਿਲਾਉਂਦੇ।
ਸਾਵਿਆਂ ਦੇ ਪਿੜ ਸੁੱਤੇ ਜਾਗੇ
ਗੱਭਰੂ ਭੰਗੜੇ ਪਾਉਂਦੇ।

ਛਿੰਝਾਂ, ਮੇਲੇ, ਢੋਲ ਢਮੱਕੇ
ਸਾਵਣ ਲੈ ਕੇ ਆਇਆ।
ਛਾਲਾਂ, ਕੌਡ ਕਬੱਡੀ ਕਿਧਰੇ
ਭਲਵਾਨਾਂ ਜੌਹਰ ਦਿਖਾਇਆ।

ਖੀਰਾਂ, ਪੂੜੇ ਘਰ ਘਰ ਪੱਕਣ
ਸਾਰੇ ਜਸ਼ਨ ਮਨਾਉਂਦੇ।
ਪਿੱਪਲੀਂ ਰੱਸੇ ਪਾ ਕੇ ਸੱਜਣ
ਪੀਂਘ ਅਸਮਾਨ ਚੜ੍ਹਾਉਂਦੇ।

ਗਲੀਆਂ ਦੇ ਵਿਚ ਕਿਣ ਮਿਣ ਥੱਲੇ
ਬਾਲਾਂ ਦੀ ਨਹਾਵੇ ਟੋਲੀ ਇਕ।
ਰੱਬਾ ਰੱਬਾ ਮੀਂਹ ਵਸਾ
ਬੋਲੀ ਜਾਵੇ ਬੋਲੀ ਇਕ।
ਗਰਜ ਪਵੇ ਜਦ ਬੋਲਾ ਬੱਦਲ
ਕਿਆਮਤ ਬਣ ਕੇ ਆਉਂਦਾ ਹੈ।
ਲੋਕੀਂ ਕੰਨੀਂ ਹੱਥ ਲਗਾਉਂਦੇ
ਤਬਾਹੀ ਖੂਬ ਮਚਾਉਂਦਾ ਹੈ।

ਫਸਲਾਂ ਰੋੜ੍ਹੇ, ਡੰਗਰ ਹੜ੍ਹਦੇ
ਪਿੰਡਾਂ ਨੂੰ ਢਾਹੀ ਜਾਵੇ ਉਹ।
ਸਮੁੰਦਰ ਚਾਰ ਚੁਫੇਰੇ ਹੜ੍ਹ ਦਾ
ਕਹਿਰ ਕਮਾਈ ਜਾਵੇ ਉਹ।

ਸਤਰੰਗੀ ਉਸ ਪੀਂਘ ਦੇ ਵਾਕਰ
ਕਈ ਰੰਗ ਲੈ ਕੇ ਸਾਵਣ ਆਉਂਦਾ
ਕਿਧਰੇ ਸੋਕਾ ਕਿਧਰੇ ਡੋਬਾ,
ਬਹਾਰਾਂ, ਕਿਤੇ ਕਹਿਰ ਕਮਾਉਂਦਾ।

*-ਚਰਨਜੀਤ ਸਿੰਘ ਪੰਨੂ*

---

### ਵਿਦੇਸ਼ਾਂ ਦਾ ਸੂਰਜ

ਸੂਰਜ ਹੈ ਚੜ੍ਹਦਾ, ਲੈ ਕੇ ਆਉਂਦਾ ਸਵੇਰਾ।
ਚਲੋ ਚੱਲੀਏ ਕੰਮ, ਕਿਤੇ ਹੋਏ ਨਾ ਅਵੇਰਾ।
ਉਠੋ ਮੇਰੇ ਪੁੱਤਰੋ, ਜਰਾ ਆਲਸਾਂ ਨੂੰ ਮਾਰੋ।
ਸੁੱਤਾ ਹੋਇਆ ਕੱਲ, ਅੱਜ ਭਲਕੇ ਸੰਵਾਰੋ।

ਕਾਮਯਾਬੀ ਦੇ ਝੰਡੇ, ਗੱਡੋ ਉਹਦੀ ਹਿੱਕ 'ਤੇ।
ਦਿਲ ਦੀ ਉਮੰਗ, ਕਰੋ ਪੂਰੀ ਹੁਣ ਖਿਚ ਕੇ।
ਕਰਦੇ ਤਰੱਕੀਆਂ ਨੇ, ਜੋ ਸਮਾਂ ਸੰਭਾਲਦੇ।
ਪਾਉਂਦੇ ਨੱਥ ਵਹਿਤਕੇ, ਜਫਰ ਫਿਰ ਜਾਲਦੇ।

ਵਿਚ ਵਿਦੇਸ਼ਾਂ ਕਦੇ, ਮੈਨੂੰ ਨਹੀਂ ਉਡੀਕਦੇ।
ਘੜੀ ਨਾਲ ਉਠ ਕੇ, ਯੋਜਨਾਵਾਂ ਉਲੀਕਦੇ।
ਮਾਰਦੇ ਛੜੱਪੇ ਫਿਰ, ਅਗੇਰੇ ਜਾਣ ਵਧਦੇ।
ਲਾ ਕੇ ਮੂਹਰੇ ਜੱਗ, ਸਮਝੋ ਪਿੱਛੇ ਹੱਕਦੇ।

ਫਾਲਤੂ ਗੱਲਾਂ ਲਈ, ਕੋਈ ਨਹੀਂ ਵਕਤ ਹੈ।
ਜ਼ਰਾ ਦੇਰ ਹੋ ਜਾਏ, ਫਿਰ ਪੈਂਦਾ ਬਖਤ ਹੈ।
ਨਿੰਦਿਆ ਚੁਗਲੀ, ਫਜ਼ੂਲ ਜਿਹੀ ਗੱਲ ਹੈ।
ਦਿਹਾੜੀ ਜਾਵੇ ਕੱਟੀ, ਸੀਨੇ ਪੈਂਦਾ ਸੱਲ ਹੈ।
ਪੂਰਾ ਚੰਮ ਲਾਹੁੰਦੇ, ਨਾ ਇੱਥੇ ਤੇਰ ਮੇਰ ਹੈ।
ਨੌਕਰੀ ਨਹੀਂ ਪੱਕੀ, ਕੱਢਣੋਂ ਨਾ ਦੇਰ ਹੈ।
ਚੁਰਾਸੀ ਦੇ ਗੇੜ 'ਚ, ਹੈ ਹਰੇਕ ਬਾਸ਼ਿੰਦਾ।
ਰੋਟੀ ਰੋਜ਼ੀ ਫਸਿਆਂ, ਰੱਬ ਭੁੱਲਾ ਰਹਿੰਦਾ।

ਨਾ ਪੈਂਦੀ ਹੈ ਰਾਤ, ਨਾ ਇੱਥੇ ਸੂਰਜ ਡੁੱਬੇ।
ਕੰਮ ਤੋੜਦਾ ਲੱਕ, ਨਹੀਂ ਲੱਤ ਪੈਂਦੀ ਕੁੱਬੇ।
ਜਦੋਂ ਅੱਖਾਂ ਖੋਲ੍ਹੀਏ, ਸੂਰਜ ਰਮਜ਼ਾਂ ਮਾਰੇ।
ਪੁੱਛੇ ਕਿੱਥੇ ਰਹਿੰਦੇ ਹੋ, ਹੁਣ ਸੱਜਣ ਪਿਆਰੇ?

*-ਸੇਵਾ ਸਿੰਘ ਨੂਰਪੁਰੀ*

---

### ਹੋਵਣ ਨਾ ਜੇ ਹੱਦਾਂ-ਬੰਨੇ

ਮਰ ਜਾਂਦੇ ਜੰਗ 'ਚ ਫੌਜੀ
ਆ ਫਸੇ ਘੇਰੇ 'ਚ ਜਦ
ਮਾਰਨ ਜਾਂ ਸੁਰੱਖਿਆ ਲਈ ਗਏ ਉਥੇ
ਪੂਰੀ ਤਰ੍ਹਾਂ ਲੈਸ ਹੋ।
ਖੇਲ ਜਾਂਦਾ ਜਦੋਂ ਦੂਜਾ ਚੁਸਤੀ
ਮਾਰ ਦਿੰਦਾ ਉਥੇ ਰੱਖਿਅਕ ਨੂੰ।
ਡਰਾਮਾ ਹੁੰਦਾ ਬੜਾ ਮੁਲਖ 'ਚ
ਜਿੱਥੋਂ ਹੋ ਤਾਇਨਾਤ ਨੌਕਰੀ 'ਤੇ ਜਾਂਦਾ ਉਹ।
ਸਰਕਾਰਾਂ ਰਾਜਨੀਤੀ, ਡਰਾਮੇ ਕਰਦੀਆਂ।
ਦਿਖਾ ਟੱਬਰ ਨੂੰ ਕੈਮਰਿਆਂ ਅੱਗੇ
ਦੇ ਮਾਈਕਰੋ ਫੋਨ ਬੋਲਣ ਨੂੰ ਕਹਿੰਦੇ।
ਦਿਖਾ ਲੋਕਾਂ ਨੂੰ ਉਚੀ ਸ਼ਲਾਘਾ
ਹੋਰ ਮਰਨ ਜਾਣ ਲਈ ਤਿਆਰ ਕਰਦੇ।
ਮਾਜਰਾ ਕੀ ਹੈ?
ਭਰ ਜੁਆਨੀ ਕੋਈ ਤੁਰ ਗਿਆ
ਉਸ ਦੇ ਵੀ ਬੜੇ ਅਰਮਾਨ ਹੁੰਦੇ।
ਹੋ ਜਾਂਦਾ ਖਾਕ ਦੇਸ਼ ਲਈ।
ਸਰਕਾਰਾਂ ਸਿਆਸੀ ਰੋਟੀਆਂ ਸੇਕਦੀਆਂ
ਨਾਂ ਉਸ ਦਾ ਲੈ ਲੈ।
ਹੁੰਦੀਆਂ ਸੰਧੀਆਂ ਜਦੋਂ ਇਕ ਮੰਚ 'ਤੇ ਬੈਠ
ਤਾਕਤਾਂ ਹੱਸ ਹੱਸ ਪੈਗ ਖੜਕਾਉਂਦੀਆਂ
ਹੋਵਣ ਨਾ ਜੇ ਹੱਦਾਂ-ਬੰਨੇ
ਕੌਣ ਕਹੇ ਆਹ ਤੇਰਾ, ਆਹ ਮੇਰਾ
ਨਾ ਜਾਨਾਂ ਅਜਾਈਂ ਜਾਂਦੀਆਂ।

*-ਦਰਸ਼ਨਪਾਲ ਦੋਸਾਂਝ*

---

### ਮੌਤ ਰਥ

ਘੋਲ ਘੋਲ ਜ਼ਹਿਰ ਸਾਡੇ
ਸੁੱਚੇ ਸੁੱਚੇ ਪਾਣੀਆਂ,
ਰਚ ਲਈਆਂ ਦੁਸ਼ਮਣਾਂ
ਵੈਰ ਦੀਆਂ ਕਹਾਣੀਆਂ।
ਜਵਾਨੀਆਂ ਦੇ ਖੂਨ ਅੰਦਰ
ਜ਼ਹਿਰ ਐਸਾ ਘੁਲਿਆ,
ਲੱਗ ਗਿਆ ਹੈ ਰੋਗ ਭੈੜਾ
ਬਾਗ ਸਾਰਾ ਰੁਲਿਆ।
ਪਤਾ ਨਿਰਾ ਜ਼ਹਿਰ ਹੈ ਇਹ
ਪੀ ਰਹੇ ਨੇ ਫੇਰ ਵੀ,
ਜ਼ਿੰਦਗੀ ਦੇ ਨਾਲ ਖੇਡਣ
ਜਵਾਨੀਆਂ ਦੇ ਢੇਰ ਵੀ।
ਸਰੂ ਜਿਹੀਆਂ ਜਵਾਨੀਆਂ
ਰੋਗ ਭੈੜਾ ਖਾ ਰਿਹਾ,
ਸੱਧਰਾਂ ਆਸਾਂ ਮਾਪਿਆਂ
ਝੋਰਾ ਫਾਹਾ ਲਾ ਰਿਹਾ।
ਹੱਸਦੀ ਹੈ ਮੌਤ ਡੈਣ
ਬਹਿ ਬਹਿ ਬਨੇਰਿਆਂ,
ਬੁਝ ਰਹੇ ਚਿਰਾਗ ਸਾਰੇ
ਇੱਕ ਇੱਕ ਬਨੇਰਿਆਂ।
ਡੁੱਬਦੀਆਂ ਜਵਾਨੀਆਂ ਨੂੰ
ਮਿਲਦਾ ਨਾ ਹੱਥ ਹੈ,
ਚਲ ਰਿਹਾ ਹੈ ਮੌਤ ਰਥ
ਤਾਕਤਾਂ ਦਾ ਹੱਥ ਹੈ!

*-ਸਵਰਨ ਸਿੰਘ*

*ਫੋਨ: 91-94183-92845*

# ਸਾਊਦੀ ਅਰਬ ਤੋਂ ਆਈ ਪ੍ਰਾਹੁਣੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਸਹੁਰਾ ਪਰਿਵਾਰ ਦੇ ਦੋ ਡਾਕਟਰ ਸਾਊਦੀ ਅਰਬ ਦੇ ਡੈਂਟਲ ਕਾਲਜ ਵਿਚ ਦੰਦਾਂ ਦੀ ਡਾਕਟਰੀ ਪੜ੍ਹਾਉਂਦੇ ਹਨ। ਇਹ ਕਾਲਜ ਜੇਦਾਹ ਵਿਚ ਹੈ, ਜਿਸ ਦੇ ਇੱਕ ਹੱਥ ਮੱਕਾ ਪੈਂਦਾ ਹੈ ਤੇ ਦੂਜੇ ਹੱਥ ਮਦੀਨਾ। ਜੇਦਾਹ ਲਾਲ ਸਾਗਰ ਦੀ ਬੰਦਰਗਾਹ ਹੈ। ਸਾਊਦੀ ਅਰਬ ਦਾ ਸਾਰਾ ਦੇਸ਼ ਇਸ ਬੰਦਰਗਾਹ ਤੋਂ ਉਚਾਈਆਂ ਵਲ ਨੂੰ ਚੜ੍ਹਦਾ ਹੈ। ਦੇਸ਼ ਦਾ ਉਚਤਮ ਸਥਾਨ ਸਾਗਰ ਦੀ ਸਤਾਹ ਤੋਂ 9800 ਫੁੱਟ ਉਚਾ ਹੈ। ਉਚਾਣਾਂ ਉਤੇ ਵਰਖਾ ਹੁੰਦੀ ਹੈ ਤੇ ਥੋੜ੍ਹੀ ਬਹੁਤ ਫਸਲ ਵੀ। ਪੀਣ ਵਾਲੇ ਪਾਣੀ ਦਾ ਯੋਗ ਪ੍ਰਬੰਧ ਹੈ। ਉਂਜ ਇਹ ਬੇਹਿਸਾਬ ਰੇਤ ਵਾਲਾ ਦੇਸ਼ ਹੈ। 1924 ਤੱਕ ਗਰੀਬੀ ਦਾ ਵਾਰਾ ਪਹਿਰਾ ਸੀ। ਦੇਸ਼ ਦੀ ਆਮਦਨ ਦਾ ਵਸੀਲਾ ਮੁੱਖ ਤੌਰ 'ਤੇ ਮੱਕਾ ਮਦੀਨਾ ਦੇ ਹਾਜੀ ਹੀ ਸਨ।

ਪਿਛਲੀ ਸਦੀ ਦੇ ਤੀਹਵਿਆਂ ਵਿਚ ਤੇਲ ਦੀ ਲੱਭਤ ਤਾਂ ਹੋ ਗਈ, ਪਰ ਇਸ ਦੀ ਮਾਤਰਾ ਦਾ ਭੇਤ ਦੂਜੇ ਸੰਸਾਰ ਯੁੱਧ ਸਮੇਂ ਖੁਲ੍ਹਿਆ। ਤੇਲ ਦੀ ਆਮਦਨ ਨਾਲ ਦੇਸ਼ ਦੇ ਵਾਰੇ ਨਿਆਰੇ ਹੋ ਗਏ। ਲਾਲ ਸਾਗਰ ਵਾਲੇ ਪਾਸੇ ਦੇ ਸ਼ਹਿਰਾਂ ਨੇ ਬੜਾ ਆਰਥਕ ਵਿਕਾਸ ਕੀਤਾ ਹੈ। ਵਿਦਿਆ ਤੇ ਸਿਹਤ ਸਹੂਲਤਾਂ ਮਿਲ ਗਈਆਂ ਹਨ। ਜੇਦਾਹ ਵਾਲੇ ਡੈਂਟਲ ਕਾਲਜ 'ਚ ਦੰਦਾਂ ਦੀ ਡਾਕਟਰੀ ਤੋਂ ਬਿਨਾ ਫਾਰਮੇਸੀ ਤੇ ਨਰਸਿੰਗ ਵੀ ਪੜ੍ਹਾਈ ਜਾਂਦੀ ਹੈ। ਸਾਡੇ ਪਰਿਵਾਰ ਦੇ ਸਰਫਰਾਜ਼ ਸਿੰਘ ਤੇ ਯਸ਼ਮੀਤ ਕੌਰ ਡੈਂਟਲ ਵਿਭਾਗ ਵਿਚ ਹਨ। ਹਾਲ ਵਿਚ ਹੀ ਯਸ਼ਮੀਤ ਆਈ ਤਾਂ ਉਸ ਤੋਂ ਸਾਊਦੀ ਅਰਬ ਦੀਆਂ ਰਹੁ ਰੀਤਾਂ, ਭਾਈਚਾਰਕ ਤਾਣੇ-ਬਾਣੇ ਤੇ ਰਹਿਣੀ-ਸਹਿਣੀ ਬਾਰੇ ਜਾਣਕਾਰੀ ਮਿਲੀ।

ਸਾਊਦੀ ਅਰਬ ਮੁਸਲਿਮ ਬਹੁਗਿਣਤੀ ਵਾਲਾ ਦੇਸ਼ ਹੈ, ਕੁਵੈਤ ਵਾਂਗ। ਮੈਂ 1983 ਵਿਚ ਕੁਵੈਤ ਗਿਆ ਸਾਂ, ਉਥੇ ਮੇਰੇ ਛੋਟੇ ਭਰਾ ਨੂੰ ਮੇਰਾ ਨਾਨਕਾ ਪਰਿਵਾਰ ਟਰੱਕ ਡਰਾਈਵਰੀ ਦੇ ਕੰਮ ਵਾਸਤੇ ਲੈ ਗਿਆ ਸੀ। ਮੈਂ ਉਥੋਂ ਦਾ ਮੀਲਾਂ ਦੂਰ ਤੱਕ ਫੈਲਿਆ ਰੇਤਾ ਵੇਖਿਆ ਸੀ। ਰੇਤ ਵਿਚੋਂ ਲੰਘ ਰਹੀਆਂ ਸੜਕਾਂ ਤੇ ਚੁਰਸਤਿਆਂ ਉਤੇ ਫਾਰਸੀ ਲਿਪੀ ਵਿਚ ਸਮਾਲ, ਜਨੂਬ, ਮਸ਼ਰਿਕ, ਮਗਰਬ ਲਿਖੇ ਵੇਖ ਕੇ ਮੈਨੂੰ ਆਪਣੇ ਬਚਪਨ ਦੀ ਪੜ੍ਹਾਈ ਚੇਤੇ ਆ ਗਈ ਸੀ, ਜੋ ਉਰਦੂ ਭਾਸ਼ਾ ਵਿਚ ਹੁੰਦੀ ਸੀ। ਮੇਰੇ ਮੂੰਹੋਂ ਇਹ ਗੱਲ ਸੁਣ ਕੇ ਯਸ਼ਮੀਤ ਕਹਿਣ ਲੱਗੀ, ਜੇਦਾਹ ਵਿਚ ਤਾਂ ਦੁਕਾਨਾਂ ਦੇ ਨਾਂ ਵੀ ਫਾਰਸੀ ਲਿਪੀ ਵਿਚ ਹਨ। ਮੈਕਡਾਨਲਡ ਵੀ ਰੋਮਨ ਲਿਪੀ ਵਿਚ ਨਹੀਂ, ਫਾਰਸੀ ਅੱਖਰਾਂ ਵਿਚ ਲਿਖਿਆ ਮਿਲੇਗਾ।

ਯਸ਼ਮੀਤ ਤੋਂ ਪਤਾ ਲੱਗਿਆ ਕਿ ਜੇਦਾਹ



ਜੇਦਾਹ ਸ਼ਹਿਰ ਦਾ ਇਕ ਨਜ਼ਾਰਾ

ਉਸ ਦੇਸ਼ ਦੀ ਪ੍ਰਬੰਧਕੀ ਰਾਜਧਾਨੀ ਹੈ, ਜਦ ਕਿ ਸ਼ਾਹੀ ਰਾਜਧਾਨੀ ਰਿਯਾਧ ਹੈ, ਜੋ ਕਤਰ ਦੇਸ਼ ਵਾਲੇ ਪਾਸੇ ਪੈਂਦੀ ਹੈ। ਬਹੁਤ ਦੂਰ। ਬਾਦਸ਼ਾਹ ਮੁਹੰਮਦ ਬਿਨ ਸਾਲੇਮ ਰਿਯਾਧ ਵਿਚ ਹੈ ਤੇ ਰਾਜ ਪ੍ਰਬੰਧ ਜੇਦਾਹ ਵਿਚ, ਭਾਵ ਸਾਊਦੀ ਬਾਦਸ਼ਾਹ ਆਪਣੇ ਦੇਸ਼ ਨੂੰ ਰਿਮੋਟ ਕੰਟਰੋਲ ਰਾਹੀਂ ਚਲਾਉਂਦਾ ਹੈ।

ਦੇਸ਼ ਵਾਸੀ ਦਿਨ ਵਿਚ ਪੰਜ ਵਾਰ ਨਮਾਜ਼ ਪੜ੍ਹਦੇ ਹਨ। ਨਮਾਜ਼ ਪੜ੍ਹਨ ਸਮੇਂ ਬਾਜ਼ਾਰ ਬੰਦ ਹੋ ਜਾਂਦੇ ਹਨ। ਖਰੀਦੋ ਫਰੋਖਤ ਲਈ ਵੱਡੇ ਮਾਲ ਵੀ ਹਨ। ਉਨ੍ਹਾਂ ਵਿਚ ਵੀ ਨਮਾਜ਼ ਗਾਹਾਂ ਬਣੀਆਂ ਹੋਈਆਂ ਹਨ। ਰਮਜ਼ਾਨ ਦੇ ਦਿਨਾਂ ਵਿਚ ਸਾਰੇ ਬਾਜ਼ਾਰ ਦਿਨ ਭਰ ਬੰਦ ਰਹਿੰਦੇ ਹਨ। ਕੇਵਲ ਰੋਜ਼ੇ ਖੁੱਲ੍ਹਣ ਤੋਂ ਪਿਛੋਂ ਖੁੱਲ੍ਹਦੇ ਹਨ ਤੇ ਅੱਧੀ ਰਾਤ ਤੱਕ ਖੁੱਲ੍ਹੇ ਰਹਿੰਦੇ ਹਨ। ਨਮਾਜ਼ ਪੜ੍ਹਨ ਤੋਂ ਪਹਿਲਾਂ ਹਰ ਨਮਾਜ਼ੀ ਵੁਜ਼ੂ ਕਰਦਾ ਹੈ। ਹੱਥ, ਪੈਰ, ਮੂੰਹ, ਸਿਰ ਧੋਂਦਾ ਹੈ। ਇੱਕ ਤਰ੍ਹਾਂ ਦਾ ਪੰਜ ਇਸ਼ਨਾਨਾ।

ਹੁਣ ਬਦਲੇ ਹਾਲਾਤ ਅਨੁਸਾਰ ਔਰਤਾਂ ਨੂੰ ਬਰਾਬਰੀ ਦੇ ਹੱਕ ਮਿਲ ਰਹੇ ਹਨ। ਨਮਾਜ਼ ਪੜ੍ਹਦੀਆਂ ਹਨ। ਦੋ ਸਾਲ ਤੋਂ ਮੋਟਰ ਕਾਰਾਂ ਵੀ ਚਲਾ ਰਹੀਆਂ ਹਨ। ਫੇਰ ਵੀ ਦੇਸ਼ ਵਿਚ ਪਰਦਾ ਪ੍ਰਧਾਨ ਹੈ। ਕੋਈ ਔਰਤ ਬੁਰਕੇ ਤੋਂ ਬਿਨਾ ਨਹੀਂ ਹੁੰਦੀ। ਵੱਡੇ ਘਰਾਂ ਦੇ ਚਾਰੇ ਪਾਸੇ ਉਚੀ ਚਾਰਦੀਵਾਰੀ ਹੈ, ਕਿਲਿਆਂ ਵਰਗੀ। ਆਮ ਘਰਾਂ ਦੀਆਂ ਖਿੜਕੀਆਂ ਉਚੀਆਂ ਹਨ। ਆਦਮੀ ਦੇ ਮੱਥੇ ਨਾਲੋਂ ਉਚੀਆਂ। ਇਕ ਹੀ ਕਾਲਜ ਵਿਚ ਮੁੰਡੇ ਵੱਖਰੇ ਕਮਰੇ ਵਿਚ ਪੜ੍ਹਦੇ ਹਨ, ਕੁੜੀਆਂ ਵੱਖਰੇ। ਮੁੰਡਿਆਂ ਦੇ ਅਧਿਆਪਕ ਮਰਦ ਹਨ ਤੇ ਕੁੜੀਆਂ ਨੂੰ ਔਰਤਾਂ ਪੜ੍ਹਾਉਂਦੀਆਂ ਹਨ। ਉਂਜ ਸਾਰੇ ਸਾਊਦੀ ਅਰਬ 'ਚ ਸਾਫ ਸਫਾਈ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ। ਜਨਤਕ ਪਾਰਕਾਂ ਅਤੇ ਖਰੀਦੋ-ਫਰੋਖਤ ਵਾਲੇ ਮਾਲਾਂ ਵਿਚ ਥਾਂ ਥਾਂ ਕੂੜੇਦਾਨ ਹਨ। ਕਿਸੇ ਦੀ ਕੋਈ ਮਜਾਲ ਨਹੀਂ ਕਿ ਰਸਤੇ ਵਿਚ ਕਿਸੇ ਤਰ੍ਹਾਂ ਦਾ ਛਿਲਕਾ ਸੁੱਟੇ। ਅਖਬਾਰਾਂ ਵਿਚ ਲੁੱਟ ਖਸੁੱਟ, ਜਬਰ ਜਨਾਹ, ਕਤਲੋਗਾਰਤ ਜਾਂ ਰਿਸ਼ਵਤ ਦੀਆਂ ਖਬਰਾਂ ਨਹੀਂ ਮਿਲਦੀਆਂ।

ਨੌਕਰੀ ਪੇਸ਼ਾ ਲੋਕਾਂ ਨੂੰ ਤਨਖਾਹਾਂ ਖੂਬ ਮਿਲਦੀਆਂ ਹਨ। ਨੌਕਰੀ ਕਰਨ ਵਾਲਿਆਂ ਵਿਚ ਪਾਕਿਸਤਾਨੀ, ਬੰਗਲਾ ਦੇਸ਼ੀ ਤੇ ਫਿਲਪੀਨੋ ਹੀ ਨਹੀਂ, ਭਾਰਤ ਵਾਸੀਆਂ ਦਾ ਵੀ ਕੋਈ ਅੰਤ ਨਹੀਂ; ਖਾਸ ਕਰਕੇ ਕੇਰਲ, ਆਂਧਰਾ ਪ੍ਰਦੇਸ਼, ਤਾਮਿਲਨਾਡ ਤੇ ਪੰਜਾਬ ਤੋਂ ਜਾਣ ਵਾਲਿਆਂ ਦਾ। ਨਰਸਾਂ ਦੇ ਪੇਸ਼ੇ ਵਿਚ ਕੇਰਲ ਔਰਤਾਂ ਬਹੁਤ ਹਨ। ਪੰਜਾਬੀ ਪਰਿਵਾਰਾਂ ਦੀ ਸਾਂਝ ਤੇ ਮੇਲ-ਮਿਲਾਪ ਪਾਕਿਸਤਾਨੀਆਂ ਨਾਲ ਹੈ, ਹਰ ਤਰ੍ਹਾਂ ਦੀ ਸਾਂਝ। ਸੱਚ ਪੁੱਛੋਂ ਤਾਂ ਸਾਊਦੀ ਮੁਸਲਮਾਨ ਦੂਜੇ ਦੇਸ਼ਾਂ ਤੋਂ ਆਏ ਲੋਕਾਂ ਨਾਲ ਨਹੀਂ ਵਰਤਦੇ। ਬਾਹਰੋਂ ਜਾਂ ਕੇ ਉਥੇ ਕੰਮ ਕਰਨ ਵਾਲੇ ਇੱਕ ਦੂਜੇ ਨਾਲ ਵਰਤਦੇ ਹਨ। ਇਥੋਂ ਤੱਕ ਕਿ ਪੰਜਾਬੀ ਚੀਨਿਆਂ ਤੇ ਫਿਲਪੀਨਿਆਂ ਨਾਲ ਵੀ ਮਿਲਦੇ ਵਰਤਦੇ ਹਨ। ਬੱਚਿਆਂ ਦੀ ਦੁਨੀਆਂ ਸੀਮਤ ਹੈ। ਭਾਰਤੀ ਮਾਪਿਆਂ ਦੇ ਸਾਰੇ ਬੱਚੇ ਭਾਰਤੀ ਸਫਾਰਤਖਾਨੇ ਦੇ ਸਕੂਲ ਵਿਚ ਪੜ੍ਹਦੇ ਹਨ। ਇਕ ਦੂਜੇ ਦੇ ਰਾਜਾਂ ਦੀ ਰਹਿਣੀ-ਸਹਿਣੀ ਤੋਂ ਜਾਣੂ ਹੁੰਦੇ ਹਨ। ਕੇਰਲ, ਤਾਮਿਲਨਾਡ, ਆਂਧਰਾ ਪ੍ਰਦੇਸ਼ ਤੇ ਕਰਨਾਟਕ ਸਮੇਤ।

ਸਾਊਦੀ ਮੁਸਲਮਾਨਾਂ ਦੇ ਪਰਿਵਾਰ ਵੱਡੇ ਹਨ। ਹਰ ਬੀਵੀ ਦੇ ਚਾਰ ਤੋਂ ਛੇ ਬੱਚੇ ਹਨ। 40-50 ਮੈਂਬਰਾਂ ਵਾਲਾ ਪਰਿਵਾਰ ਨਵੀਂ ਗੱਲ ਨਹੀਂ। ਸਥਾਨਕ ਵਾਸੀ ਵਰਜਿਸ਼ ਦੇ ਆਦੀ ਨਹੀਂ। ਮੋਟਾਪੇ ਤੇ ਸ਼ੱਕਰ ਰੋਗ ਦੇ ਸ਼ਿਕਾਰ ਹਨ। 35-40 ਵਰ੍ਹੇ ਦੀ ਉਮਰ ਵਿਚ ਸ਼ੱਕਰ ਰੋਗ ਦਾ ਸ਼ਿਕਾਰ ਹੋ ਜਾਂਦੇ ਹਨ। ਬੱਚਿਆਂ ਉਤੇ ਵੀ ਅਸਰ ਪੈਂਦਾ ਹੈ। ਹਰ ਘਰ ਵਿਚ ਕੋਈ ਨਾ ਕੋਈ ਬੱਚਾ ਜਮਾਂਦਰੂ ਰੋਗ ਦਾ ਰੋਗੀ ਹੈ। ਸਾਊਦੀ ਅਰਬ ਦੇ ਵਾਸੀਆਂ ਨੂੰ ਅਮੀਰੀ ਢਾਹ ਲਾ ਰਹੀ ਹੈ। ਇਨਸ਼ਾ ਅੱਲਾ!

**ਅੰਤਿਕਾ: ਗੁਰਦੀਪ (ਦੇਹਰਾਦੂਨ)**

ਅਸੀਂ ਹਾਂ ਰਾਜ ਜੋਗੀ,
ਜੋਗ ਨੂੰ ਗੱਦੀ ਬਹਾਵਾਂਗੇ।
ਤੇ ਖੁਦ ਨਿਰਮਾਣ ਹੋ ਕੇ,
ਭਿਖਿਆ ਹੀ ਲੈਣ ਜਾਵਾਂਗੇ।
ਨਹੀਂ ਆਫਤ ਕੋਈ ਜਿਸ ਦਾ
ਉਪਾਅ ਨਾ ਧਰਮ ਵਿਚ ਹੋਵੇ
ਅਸੀਂ ਸੰਕਟ ਸਮੇਂ
ਇਸ ਤੱਥ ਨੂੰ ਅੱਗੇ ਲਿਆਵਾਂਗੇ।
ਗਰੀਬਾਂ ਵਾਸਤੇ ਹੈ
ਦਾਨ ਦੀ ਪ੍ਰਥਾ ਧਰਮ ਅੰਦਰ
ਅਸੀਂ ਗੁਰਬਤ ਨਿਵਾਰਨ,
ਧਰਮ ਦਾ ਮੁੱਦਾ ਬਣਾਵਾਂਗੇ।
ਭੰਵਾ ਕੇ ਮੂੰਹ ਪਿਛਾੜੀ,
ਕਾਫਲਾ ਅੱਗੇ ਵਧਾਵਾਂਗੇ
ਜੋ ਕੋਈ ਨਹੀਂ ਕਰ ਸਕਿਆ,
ਅਸੀਂ ਕਰਕੇ ਵਿਖਾਵਾਂਗੇ।

# ਘਰ ਪਰਤਣ ਦਾ ਚਾਅ ਤੇ ਉਦਾਸੀ

ਘਰ ਮਨੁੱਖ ਦਾ ਸੁਨਹਿਰੀ ਸੁਪਨਾ। ਘਰ ਸਾਡੇ ਚਾਵਾਂ, ਖੁਸ਼ੀਆਂ, ਉਮੀਦਾਂ ਦਾ ਬਸੇਰਾ। ਘਰ ਸਾਡਾ ਚੈਨ, ਸਕੂਨ, ਸਾਡੇ ਕਰਮ ਦਾ ਫਲ। ਜੋ ਅਸੀਂ ਬੀਜਦੇ ਹਾਂ, ਵੱਢਦੇ ਹਾਂ; ਫਿਰ ਪੂਰਤੀ ਦਾ ਮਾਣਦੇ ਹਾਂ। ਘਰ ਰਿਸ਼ਤਿਆਂ ਦੀ ਨਰਸਰੀ, ਜਿੱਥੇ ਰਿਸ਼ਤੇ ਪ੍ਰਵਾਨ ਚੜ੍ਹਦੇ। ਘਰ ਸਾਡੀ ਪਹਿਲੀ ਮੰਜ਼ਿਲ ਦੀ ਪਗਡੰਡੀ। ਘਰ ਸਾਡੀ ਰੂਹ ਦਾ ਮੰਦਿਰ। ਸਾਡੀਆਂ ਅਰਦਾਸਾਂ, ਅਰਜੋਈਆਂ ਤੇ ਸੁੱਚੀ ਕਿਰਤ ਦੀ ਬਰਕਤ। ਘਰ ਥੱਕੇ-ਟੁੱਟੇ ਬੰਦੇ ਦੀ ਆਖਰੀ ਢੋਈ। ਘਰ ਸੁਰੱਖਿਆ ਦੀ ਕਵਚ। ਘਰ ਬਾਹਰੀ ਅਲਾਮਤਾਂ ਤੋਂ ਆਖਰੀ ਆਸਰਾ। ਘਰ ਚੇਤਿਆਂ ਦੀ ਸਿਰਜਣਾ ਦੀ ਮਮਟੀ। ਘਰ ਸ਼ਾਮ ਨੂੰ ਪਰਤਣ ਦੀ ਹਾਕ। ਸੱਚ ਹੀ ਕਿਸੇ ਨੇ ਕਿਹਾ ਹੈ, 'ਜੋ ਸ਼ਖਸ ਸ਼ਾਮ ਪਈ ਘਰ ਨਹੀਂ ਪਰਤਿਆ, ਸਮਝੋ ਉਸ ਦਾ ਕੋਈ ਸੁਪਨਾ ਮਰ ਗਿਆ।'

ਘਰ ਕੁਦਰਤ ਦੀਆਂ ਝੋਲੀ 'ਚ ਪਾਈਆਂ ਬਰਕਤਾਂ ਦਾ ਸ਼ੁਕਰਾਨਾ। ਘਰ ਭਟਕੇ ਰਾਹੀਆਂ ਦੇ

ਸੰਤੋਖ ਮਿਨਹਾਸ
ਫੋਨ: 559-283-6376

ਵਾਪਸ ਪਰਤਣ ਦੀ ਉਮੀਦ। ਘਰ ਪਿਉ ਦਾਦੇ ਦੀ ਮਿਹਨਤ-ਮੁਸ਼ੱਕਤ, ਪਸੀਨੇ ਦੀ ਮਹਿਕ। ਘਰ ਵਡੇਰਿਆਂ ਦੀ ਅਸੀਸ ਦਾ ਖੁਸ਼ਨੁਮਾ ਥਾਂ। ਘਰ ਉਹ ਥਾਂ ਹੈ, ਜਿਸ ਸਦਕਾ ਬੰਦਾ ਵਸਦਾ ਹੈ। ਵੱਸਣਾ ਕਿਸੇ ਥਾਂ ਨਾਲ ਜੁੜਿਆ ਹੁੰਦਾ ਹੈ, ਘਰ ਉਸੇ ਥਾਂ 'ਤੇ ਬਣਿਆ ਹੁੰਦਾ ਹੈ।

ਮੈਂ ਇੰਡੀਆ ਜਾਣ ਵਾਲੇ ਜਹਾਜ ਵਿਚ ਬੈਠਾ ਸੋਚ ਰਿਹਾ ਸਾਂ। ਕੁਝ ਹਫਤੇ ਪਹਿਲਾਂ ਜਦੋਂ ਮੈਂ ਛੁੱਟੀ ਲਈ ਅਪਲਾਈ ਕੀਤਾ ਸੀ ਤਾਂ ਮੇਰੇ ਨਾਲ ਕੰਮ ਕਰਦੇ ਅਮਰੀਕੀ ਦੋਸਤਾਂ ਨੇ ਪੁੱਛਿਆ ਸੀ, "ਕਿੱਥੇ ਜਾ ਰਿਹਾ?" ਮੈਂ ਕਿਹਾ, "ਆਪਣੇ ਘਰ।" "ਘਰ ਤਾਂ ਤੇਰਾ ਐਥੇ ਐ।" ਮੈਂ ਇੱਕ ਦਮ ਝੰਜੋੜਿਆ ਗਿਆ ਸਾਂ। ਸੱਚ ਮੁੱਚ ਘਰ ਤਾਂ ਮੇਰਾ ਇੱਥੇ ਵੀ ਹੈ। ਉਹ ਕਿਹੜੀ ਗੱਲ ਹੈ, ਉਸ ਘਰ ਵਿਚ ਜੋ ਹਰ ਸਾਲ ਮੈਨੂੰ ਖਿੱਚ ਕੇ ਲੈ ਜਾਂਦੀ ਹੈ।

ਮੈਨੂੰ ਯਾਦ ਆ ਰਿਹਾ ਸੀ, ਬਾਬਾ ਉਜਾਗਰ ਸਿੰਘ, ਜੋ ਰੋਜ਼ ਮੈਨੂੰ ਪਾਰਕ ਵਿਚ ਮਿਲਦਾ। ਉਹ ਹਾਣੀਆਂ ਦੀ ਢਾਣੀ ਵਿਚ ਬੈਠਾ ਜਦੋਂ ਵੀ ਕੋਈ ਗੱਲ ਕਰਦਾ, ਪਾਕਿਸਤਾਨ ਵਿਚ ਛੱਡੇ ਘਰ ਦੀ ਗੱਲ ਕਰਦਾ। ਉਸ ਦੀ ਹਰ ਗੱਲ ਦਾ ਮੁੱਢ ਜਾਂ ਅੰਤ ਲਾਇਲਪੁਰ ਵਿਚ ਛੱਡੇ ਘਰ 'ਤੇ ਆ ਕੇ ਹੁੰਦਾ। ਚੇਤਿਆਂ 'ਚ ਵੱਸਿਆ ਉਹ ਘਰ ਅਜੇ ਵੀ ਉਹ ਆਪਣੇ ਨਾਲ ਲਈ ਫਿਰਦਾ ਹੈ, ਭਾਵੇਂ ਅਮਰੀਕਾ ਵਿਚ ਉਸ ਕੋਲ ਸਾਰੀਆਂ ਸੁੱਖ ਸਹੂਲਤਾਂ ਹਨ। ਪਾਕਿਸਤਾਨ ਬਨਣ ਪਿਛੋਂ ਇੰਡੀਆ ਵਿਚ ਲੰਮੀਆਂ ਟੱਕਰਾਂ ਤੇ ਸਖਤ ਮਿਹਨਤ ਨਾਲ ਸੋਹਣੀ ਜਾਇਦਾਦ ਤੇ ਘਰ ਦਾ ਮਾਲਕ ਬਣ ਗਿਆ ਸੀ, ਪਰ ਬੱਚਿਆਂ ਦੇ ਪੰਜਾਬ ਵਿਚਲਾ ਘਰ ਮੇਚ ਨਹੀਂ ਆਇਆ। ਉਨ੍ਹਾਂ ਹੋਰ ਚੰਗੇਰੇ ਭਵਿੱਖ ਦੀ ਤਲਾਸ਼ ਵਿਚ ਵਿਦੇਸ਼ ਵੱਲ ਮੂੰਹ ਕਰ ਲਿਆ। ਪਾਕਿਸਤਾਨ ਤੋਂ ਉਜਾੜਾ ਮਜਬੂਰਨ ਸੀ, ਪਰ ਇਹ ਦੇਸ਼ ਤੋਂ ਪਰਦੇਸੀ ਹੋਣਾ ਬੱਚਿਆਂ ਦੀ ਚੋਣ ਸੀ। ਪਰ ਉਜਾਗਰ ਸਿੰਹੁ ਲਈ ਘਰ ਛੱਡਣਾ ਉਜਾੜੇ ਤੋਂ ਘਟ ਨਹੀਂ ਸੀ। ਬਾਪੂ ਫਿਰ ਮਜ਼ਬੂਰੀ ਵਸ ਪਰਦੇਸੀ ਹੋ ਗਿਆ। ਉਜਾੜਾ ਦਰ ਉਜਾੜਾ।

ਇਹ ਹੋਣੀ ਇੱਕਲੇ ਉਜਾਗਰ ਸਿੰਹੁ ਦੀ ਹੀ ਨਹੀਂ ਸਗੋਂ ਹੋਰ ਹਜ਼ਾਰਾਂ, ਲੱਖਾਂ ਲੋਕਾਂ ਦੀ ਵੀ ਹੈ। ਕਿਤੇ ਮਜਬੂਰੀ, ਕਿਤੇ ਹੋਰ ਚੰਗੇਰੇ ਭਵਿੱਖ ਦੀ ਲਾਲਸਾ, ਪਰ ਮਨੁੱਖੀ ਹਿਰਦਿਆਂ ਵਿਚ ਵਸੇ ਘਰਾਂ ਦਾ ਮੋਹ ਤੇ ਹੇਰਵਾ ਸਾਰੀ ਉਮਰ ਨਹੀਂ ਗਵਾਚਦਾ। ਜਦੋਂ ਮੈਂ ਆਪਣੇ ਬਾਰੇ ਸੋਚਦਾਂ, ਮੈਨੂੰ ਕਿਸ ਗੱਲ ਦੀ ਥੁੜ ਸੀ ਕਿ ਮੈਂ ਆਪਣਾ ਹੱਸਦਾ-ਵੱਸਦਾ ਘਰ ਛੱਡ ਪਰਦੇਸੀਂ ਚਾਲੇ ਪਾ ਦਿੱਤੇ। ਕਈ ਵਾਰੀ ਘਰ ਛੱਡਣਾ ਮਜ਼ਬੂਰੀ ਤੇ ਲਾਲਸਾ-ਦੋਵੇਂ ਗੱਲਾਂ ਵੀ ਹੋ ਸਕਦੀਆਂ ਹਨ। ਮੈਂ ਤੇ ਮੇਰੀ ਪਤਨੀ-ਦੋਵੇਂ ਚੰਗੀ ਸਰਕਾਰੀ ਨੌਕਰੀ 'ਤੇ ਸਾਂ। ਸੋਹਣਾ ਘਰ-ਬਾਰ ਸੀ, ਸਭ ਮਾਡਰਨ ਸੁੱਖ ਸਹੂਲਤਾਂ ਸਨ। ਮੈਂ ਵੀ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਚੰਗੀਆਂ ਨੌਕਰੀਆਂ ਛੱਡ ਉਨ੍ਹਾਂ ਲੋਕਾਂ ਵਿਚ ਸ਼ਾਮਲ ਹੋ ਗਿਆ, ਜੋ ਕਿਸੇ ਥੁੜ ਕਾਰਨ ਨਹੀਂ, ਸਗੋਂ ਮ੍ਰਿਗ ਤ੍ਰਿਸ਼ਨਾ ਦੀ ਭਟਕਣ ਨਿਆਈਂ ਘਰ ਛੱਡ ਤੁਰਦੇ ਹਨ। ਪਤਨੀ ਨੇ ਘਰ ਛੱਡਣ ਵੇਲੇ ਕਿਹਾ ਸੀ, "ਬੱਚਿਆਂ ਦੀ ਜ਼ਿੰਦਗੀ ਬਾਰੇ ਤਾਂ ਪਤਾ ਨਹੀਂ ਚੰਗੇਰੀ ਬਣੂ ਕਿ ਨਾ, ਆਪਣੀ ਬਾਰੇ ਤਾਂ ਪਤਾ ਕਿ ਅਸੀਂ ਆਪਣੀ ਤਾਂ ਗਵਾ ਲਈ ਹੈ।"

ਅਮਰੀਕਾ ਆ ਕੇ ਜ਼ਿੰਦਗੀ ਫਿਰ ਸਿਫਰ ਤੋਂ ਸ਼ੁਰੂ ਕਰਨੀ ਪਈ। ਝੜੀਆਂ ਤੰਗੀਆਂ ਤੁਰਸ਼ੀਆਂ ਸਹਿ ਸਖਤ ਮਿਹਨਤ ਕਰਕੇ ਫਿਰ ਘਰ ਬਣਾ ਲਿਆ ਹੈ। ਬੱਚੇ ਪੜ੍ਹ-ਲਿਖ ਗਏ ਹਨ। ਪਹਿਲਾਂ ਨਾਲੋਂ ਕੁਝ ਸੌਖਾ ਵੀ ਹੋ ਗਿਆ ਹਾਂ, ਪਰ ਪੰਜਾਬ ਵਾਲਾ ਜੱਦੀ ਘਰ ਹੱਡਾਂ ਵਿਚੋਂ ਨਹੀਂ ਗਿਆ। ਜਦੋਂ ਵੀ ਕਦੇ ਕੋਈ ਸੁਪਨਾ ਆਉਂਦਾ ਹੈ, ਪੰਜਾਬ ਛੱਡੇ ਘਰ ਦਾ ਆਉਂਦਾ ਹੈ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਲੋਕ ਪਰਦੇਸਾਂ ਵਿਚੋਂ ਆਪਣੇ ਵਤਨੀਂ ਗੇੜਾ ਮਾਰਨ ਜਾਂਦੇ ਹਨ। ਉਹ ਕਿਹੜੀ ਖਿੱਚ ਹੈ, ਜੋ ਉਨ੍ਹਾਂ ਨੂੰ ਆਪਣੇ ਘਰ, ਗਲੀਆਂ, ਖੇਤਾਂ ਨੂੰ ਵੇਖਣ ਲਈ ਬੁਲਾਉਂਦੀ ਹੈ।

ਅਸਲ ਵਿਚ ਜਦੋਂ ਮਨੁੱਖ ਘਰੋਂ ਤੁਰਦਾ ਹੈ, ਬੜਾ ਕੁਝ ਪਿਛੇ ਛੱਡ ਆਉਂਦਾ ਹੈ, ਭਾਵੇਂ ਸਰੀਰਕ ਤੌਰ 'ਤੇ ਉਹ ਸਬੂਤਾ ਘਰੋਂ ਤੁਰਦਾ ਹੈ, ਪਰ ਮਾਨਸਿਕ ਤੌਰ 'ਤੇ ਉਸ ਦਾ ਇੱਕ ਹਿੱਸਾ ਪਿੱਛੇ ਰਹਿ ਜਾਂਦਾ ਹੈ। ਸ਼ਾਇਦ ਇਹ ਪਿੱਛੇ ਰਹਿ ਗਿਆ ਹਿੱਸਾ ਹੀ ਸਾਨੂੰ ਵਾਰ ਵਾਰ ਬੁਲਾਉਂਦਾ ਹੈ। ਇੱਕ ਘਰ ਬਾਹਰ ਉਸਰਿਆ ਹੁੰਦਾ ਹੈ, ਇੱਕ ਮਨੁੱਖ ਦੇ ਅੰਦਰ ਵਸਿਆ ਹੁੰਦਾ ਹੈ। ਬਾਹਰਲੀ ਸਿਰਜਣਾ ਦਾ ਦਮ-ਗਮ ਦਿਖਾਵੇ ਦੀ ਨਿਆਈਂ ਦਾ ਭਰਮ ਹੁੰਦਾ ਹੈ। ਇਸ ਲਈ ਅਜੋਕੇ ਯੁੱਗ ਵਿਚ ਘਰ ਦੀ ਮਹੱਤਤਾ ਗਵਾਚਦੀ ਜਾ ਰਹੀ ਹੈ। ਪੈਸੇ ਨੇ ਘਰ ਨੂੰ ਵਸਤੂ ਬਣਾ ਦਿੱਤਾ ਹੈ। ਵਸਤੂ ਦਾ ਮੁੱਲ ਸਥਿਰ ਨਹੀਂ ਹੁੰਦਾ ਤੇ ਨਾ ਹੀ ਮੋਹ ਸਦੀਵੀ ਹੁੰਦਾ ਹੈ। ਹੁਣ ਮੋਹ ਨਾਲੋਂ ਮੁੱਲ ਬਲਵਾਨ ਹੈ।

ਮਨ ਵਿਚ ਬੜਾ ਚਾਅ ਹੁੰਦਾ ਹੈ, ਜਦੋਂ ਇੰਡੀਆ ਜਾਣ ਦੀ ਟਿਕਟ ਬੁੱਕ ਕਰਾਈਦੀ ਹੈ। ਕਈ ਹਫਤਿਆਂ ਤੋਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਯਾਰਾਂ ਮਿੱਤਰਾਂ ਨੂੰ ਫੋਨ ਘੁਮਾਈਦੇ ਹਨ ਕਿ ਫਲਾਣੀ ਤਰੀਕ ਨੂੰ ਆ ਰਹੇ ਹਾਂ। ਸੱਚ-ਮੁੱਚ ਵਿਆਹ ਜਿੰਨਾ ਚਾਅ ਹੁੰਦਾ ਹੈ। ਇਹ ਉਮਾਹ ਖੁਸ਼ੀ, ਖੇੜਾ ਆਪ ਮੁਹਾਰੇ ਮਨੁੱਖ ਦੇ ਅੰਦਰੋਂ ਉਪਜਦਾ ਹੈ। ਇਸ ਵੇਗ ਦੀ ਤਲਾਸ਼ ਹੀ ਬੰਦੇ ਨੂੰ ਪਿੱਛੇ ਵਲ ਝਾਤੀ ਮਾਰਨ ਲਈ ਖੋਰੂ ਪਾਉਂਦੀ ਹੈ। ਇਸੇ ਲਈ ਪਰਦੇਸੀ ਬਣਾਏ ਰੈਣ-ਬਸੇਰੇ ਛੱਡ ਵਤਨੀਂ ਖਾਲੀ ਪਏ ਘਰਾਂ ਦੇ ਬੂਹਿਆਂ 'ਤੇ ਦਸਤਕ ਦੇਣ ਨੂੰ ਦਿਲ ਅਹੁਲਦਾ ਰਹਿੰਦਾ ਹੈ। ਕਦੇ ਕਦੇ ਐਂ ਲੱਗਦਾ, ਜਿਵੇਂ ਛੋਟੇ ਹੁੰਦੇ ਘਰ ਘਰ ਬਣਾਉਣ ਖੇਡਦੇ ਹੁੰਦੇ ਸਾਂ, ਆਪੇ ਹੀ ਬਣਾ ਕੇ ਆਪੇ ਹੀ ਢਾਹ ਦਿੰਦੇ ਸਾਂ।

***ਇਹ ਸੱਚ ਹੈ, ਪਰਵਾਸ ਹੰਢਾਉਂਦਿਆਂ ਅਸੀਂ ਭਾਵੇਂ ਜਿੰਨੇ ਮਰਜੀ ਸੌਖੇ ਹੋ ਜਾਈਏ, ਪਰ ਆਂਢ ਗਵਾਂਢ ਅਸੀਂ ਅਜਨਬੀਆਂ ਵਾਂਗ ਹੀ ਵਿਚਰਦੇ ਹਾਂ। ਸਾਡੀ ਉਨ੍ਹਾਂ ਨਾਲ ਕੋਈ ਸਾਂਝ ਨਹੀਂ ਬਣਦੀ। ਉਨ੍ਹਾਂ ਦੇ ਮੋਹ-ਮਿਲਾਪ ਤੋਂ ਸੱਖਣੇ ਰਹਿੰਦੇ ਹਾਂ, ਪਰ ਆਪਣੇ ਜੱਦੀ ਗਲੀ-ਮੁਹੱਲੇ ਦੇ ਪਿਆਰ ਦਾ ਕੋਈ ਮੁੱਲ ਨਹੀਂ। ਬਸ ਇਸੇ ਪਿਆਰ ਦੀ ਤਲਾਸ਼ ਸਾਨੂੰ ਖਿੱਚ ਕੇ ਪਰਦੇਸਾਂ 'ਚੋਂ ਮੁੜ ਘਰ ਨੂੰ ਮੋੜਦੀ ਹੈ।...ਪਰਦੇਸ ਵੱਸਦਿਆਂ ਜਿਹੜਾ ਮਨ ਅੰਦਰ ਖਲਾਅ ਪੈਦਾ ਹੁੰਦਾ ਹੈ, ਉਸੇ ਦੀ ਪੂਰਤੀ ਲਈ ਅਸੀਂ ਭੱਜੇ ਵਤਨੀਂ ਗੇੜਾ ਮਾਰਦੇ ਹਾਂ, ਇਹੀ ਪਰਦੇਸੀਆਂ ਦੀ ਤ੍ਰਾਸਦੀ ਹੈ। ਜੰਮਣ-ਭੋਇੰ ਦਾ ਹੇਰਵਾ ਸਾਰੀ ਉਮਰ ਮਨੁੱਖ ਦੇ ਹੱਡਾਂ ਵਿਚੋਂ ਨਹੀਂ ਜਾਂਦਾ। ਇਸੇ ਲਈ ਕਈ ਲੋਕ ਪਰਵਾਸ ਨੂੰ ਮਿੱਠੀ ਜੇਲ੍ਹ ਆਖਦੇ ਹਨ।***

ਇਹ ਘਰ ਬਣਾਉਣ ਤੇ ਢਾਹੁਣ ਦੀ ਖੇਡ ਮਨੁੱਖ ਸਾਰੀ ਉਮਰ ਖੇਡਦਾ ਰਹਿੰਦਾ ਹੈ। ਇਸੇ ਲਈ ਬੰਦਾ ਜਿੱਥੇ ਵੀ ਜਾਂਦਾ ਹੈ, ਘਰ ਨਾਲ ਸਫਰ ਕਰਦਾ ਹੈ।

ਪਰ ਘਰ ਪਹੁੰਚਦਿਆਂ ਸਾਰ ਹੀ ਮਨ ਉਦਾਸ ਹੋ ਜਾਂਦਾ ਹੈ। ਘਰ ਦਾ ਹਾਲ ਚਾਲ ਵੇਖ ਕੇ। ਘਰ ਦਾ ਹਰ ਰੰਗ ਉਦਾਸ। ਵਿਰਤੇ ਦੇ ਫਰਸ਼ ਤੇ ਕਲਰ। ਬੂਹੇ ਬਾਰੀਆਂ ਮਿੱਟੀ ਜਾਲੇ ਨਾਲ ਭਰੀਆਂ। ਘਰ ਦੀ ਹਰ ਚੀਜ਼ ਜਿਵੇਂ ਮਿਹਣਾ ਮਾਰ ਰਹੀ ਹੋਵੇ, ਸਾਨੂੰ ਕਿਸ ਆਸਰੇ ਛੱਡ ਗਿਆ ਸੈਂ? ਘਰ ਦੇ ਰੁੱਖ ਵੀ ਪਿਉ-ਦਾਦੇ ਵਾਂਗ ਬੁੱਢੇ ਹੋ ਗਏ ਲੱਗਦੇ। ਬੂਹਿਆਂ ਨੂੰ ਵੱਜੇ ਜੰਗਾਲੇ ਜਿੰਦਰੇ ਤੁਰ ਗਿਆਂ ਦੀ ਕਹਾਣੀ ਮੂੰਹ ਜ਼ਬਾਨੀ ਦੱਸਦੇ ਲੱਗਦੇ। ਇੱਕ ਵਾਰ ਤਾਂ ਬੰਦਾ ਝੰਜੋੜਿਆ ਜਾਂਦਾ ਹੈ। ਇਹ ਹੋ ਕੀ ਗਿਆ? ਇਸ ਰੌਣਕਾਂ ਭਰੇ ਘਰ ਵਿਚ ਜਿੱਥੇ ਪਹਿਲਾਂ ਹਾਸੇ ਗੂੰਜਦੇ ਸਨ, ਅੱਜ ਸੁੰਨਸਾਨ ਦਿਖਾਈ ਦਿੰਦੀ ਹੈ। ਪਰ ਕੁਝ ਦਿਨਾਂ ਬਾਅਦ ਘਰ ਦੀ ਉਦਾਸੀ ਕੁਝ ਕੁ ਘਟਣ ਲੱਗਦੀ ਹੈ। ਫਿਰ ਉਹੀ ਸਾਂਝ ਹਰ ਚੀਜ਼ ਨਾਲ ਪਨਪਣ ਲੱਗਦੀ ਹੈ। ਮੋਹ ਅਪਣੱਤ ਦੀਆਂ ਕਰੂੰਬਲਾਂ ਫਿਰ ਫੁੱਟਣ ਲੱਗਦੀਆਂ ਹਨ। ਗਵਾਂਢੀਆਂ ਦੀ ਦੁਆ ਸਲਾਮ ਮਨ ਨੂੰ ਹੌਸਲਾ ਬਖਸ਼ਦੀ ਹੈ। ਗਲੀਆਂ ਦੀ ਚਹਿਲ-ਪਹਿਲ, ਬੋਲਾਂ ਦੀ ਪਛਾਣ, ਦੋਸਤਾਂ ਮਿੱਤਰਾਂ ਦੀ ਆਮਦ ਆਲੇ ਦੁਆਲੇ ਨੂੰ ਭਰਪੂਰ ਬਣਾ ਦਿੰਦੀ ਹੈ। ਇਹ ਸੱਚ ਹੈ, ਪਰਵਾਸ ਹੰਢਾਉਂਦਿਆਂ ਅਸੀਂ ਭਾਵੇਂ ਜਿੰਨੇ ਮਰਜੀ ਸੌਖੇ ਹੋ ਜਾਈਏ, ਪਰ ਆਂਢ ਗਵਾਂਢ ਅਸੀਂ ਅਜਨਬੀਆਂ ਵਾਂਗ ਹੀ ਵਿਚਰਦੇ ਹਾਂ। ਸਾਡੀ ਉਨ੍ਹਾਂ ਨਾਲ ਕੋਈ ਸਾਂਝ ਨਹੀਂ ਬਣਦੀ। ਉਨ੍ਹਾਂ ਦੇ ਮੋਹ-ਮਿਲਾਪ ਤੋਂ ਸੱਖਣੇ ਰਹਿੰਦੇ ਹਾਂ, ਪਰ ਆਪਣੇ ਜੱਦੀ ਗਲੀ-ਮੁਹੱਲੇ ਦੇ ਪਿਆਰ ਦਾ ਕੋਈ ਮੁੱਲ ਨਹੀਂ। ਬਸ ਇਸੇ ਪਿਆਰ ਦੀ ਤਲਾਸ਼ ਸਾਨੂੰ ਖਿੱਚ ਕੇ ਪਰਦੇਸਾਂ 'ਚੋਂ ਮੁੜ ਘਰ ਨੂੰ ਮੋੜਦੀ ਹੈ।

ਪਰਦੇਸ ਵੱਸਦਿਆਂ ਜਿਹੜਾ ਮਨ ਅੰਦਰ ਖਲਾਅ ਪੈਦਾ ਹੁੰਦਾ ਹੈ, ਉਸੇ ਦੀ ਪੂਰਤੀ ਲਈ ਅਸੀਂ ਭੱਜੇ ਵਤਨੀਂ ਗੇੜਾ ਮਾਰਦੇ ਹਾਂ, ਇਹੀ ਪਰਦੇਸੀਆਂ ਦੀ ਤ੍ਰਾਸਦੀ ਹੈ। ਜੰਮਣ-ਭੋਇੰ ਦਾ ਹੇਰਵਾ ਸਾਰੀ ਉਮਰ ਮਨੁੱਖ ਦੇ ਹੱਡਾਂ ਵਿਚੋਂ ਨਹੀਂ ਜਾਂਦਾ। ਇਸੇ ਲਈ ਕਈ ਲੋਕ ਪਰਵਾਸ ਨੂੰ ਮਿੱਠੀ ਜੇਲ੍ਹ ਆਖਦੇ ਹਨ। ਸਾਡਾ ਹਾਲ ਤਾਂ ਕੈਮਲਨ ਦੀਆਂ ਮੱਛੀਆਂ ਵਰਗਾ ਹੈ, ਜੋ ਪਹਿਲਾਂ ਤਾਂ ਪਾਣੀ ਦੇ ਵਹਾ ਦੇ ਰੁਖ ਦੂਰ ਨਿਕਲ ਜਾਂਦੀਆਂ ਹਨ, ਫਿਰ ਆਪਣੀ ਘਰ ਵਾਪਸੀ ਲਈ ਪਾਣੀ ਦੇ ਵਹਾ ਦੇ ਉਲਟ ਜੱਦੋ-ਜਹਿਦ ਕਰਦੀਆਂ ਹਨ। ਪੰਛੀ ਵੀ ਹਜ਼ਾਰਾਂ ਮੀਲ ਤੈਅ ਕਰਕੇ ਆਪੋ ਆਪਣੇ ਦੇਸ਼ ਤੋਂ ਹੋਰ ਦੇਸ਼ਾਂ ਨੂੰ ਪਰਵਾਸ ਕਰਦੇ ਹਨ, ਪਰ ਮੌਸਮ ਬਦਲਣ 'ਤੇ ਆਪਣੇ ਵਤਨਾਂ ਨੂੰ ਚਾਲੇ ਪਾ ਦਿੰਦੇ ਹਨ। ਇਸੇ ਲਈ ਬਹੁਤੇ ਲੋਕ ਮਜਾਕ ਵਜੋਂ ਵਤਨੀਂ ਪਰਤੇ ਪਰਦੇਸੀਆਂ ਨੂੰ ਪਰਵਾਸੀ ਪੰਛੀ ਵੀ ਆਖ ਦਿੰਦੇ ਹਨ।

ਛੱਜੂ ਅਮੀਰ ਵਪਾਰੀ ਸੀ। ਵਪਾਰ ਲਈ ਦੇਸ-ਪਰਦੇਸ ਗਾਹੇ। ਬਲਖ ਬੁਖਾਰੇ ਵਰਗੇ ਸੁੰਦਰ ਸ਼ਹਿਰਾਂ ਵਿਚ ਵੀ ਰਿਹਾ। ਸਭ ਸੁੱਖ-ਸਹੂਲਤਾਂ ਦਾ ਨਜ਼ਾਰਾ ਵੀ ਵੇਖਿਆ। ਮਨ ਫਿਰ ਵੀ ਉਚਾਟ ਰਿਹਾ। ਆਖਰ ਘਰ ਪਰਤਿਆ। ਘਰ ਦਾ ਸਕੂਨ ਮੇਚ ਆਇਆ। ਆਪ-ਮੁਹਾਰੇ ਮੂੰਹੋਂ ਨਿਕਲਿਆ, "ਜੋ ਸੁੱਖ ਛੱਜੂ ਦੇ ਚੁਬਾਰੇ, ਨਾ ਉਹ ਬਲਖ ਨਾ ਬੁਖਾਰੇ।" ਪਲਿਨੀ ਦਿ ਯੰਗਰ ਆਖਦਾ ਹੈ, "ਘਰ ਉਹ ਹੁੰਦਾ ਹੈ, ਜਿੱਥੇ ਦਿਲ ਹੁੰਦਾ ਹੈ।"

ਕਹਾਣੀ

# ਖੁਣੇ ਹੋਏ ਤਿਲ

***ਦੋਹਾਂ ਪੰਜਾਬਾਂ ਦੀ ਸਾਂਝ ਅਟੁੱਟ ਹੈ। ਦੋਹਾਂ ਮੁਲਕਾਂ-ਹਿੰਦੋਸਤਾਨ ਤੇ ਪਾਕਿਸਤਾਨ ਦੇ ਸਿਆਸਤਦਾਨਾਂ ਦੀ ਸਿਆਸਤ ਕਾਰਨ ਇਸ ਸਾਂਝ ਉਤੇ ਭਾਵੇਂ ਕਈ ਵਾਰ ਸਿਆਸਤ ਭਾਰੂ ਪੈ ਜਾਂਦੀ ਰਹੀ ਹੈ, ਪਰ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿਚਾਲੇ ਮੁਹੱਬਤ ਦਾ ਬੂਟਾ ਫਿਰ ਮੌਲਣ ਲਗਦਾ ਹੈ। ਕਹਾਣੀਕਾਰ ਚੰਦਨ ਨੇਗੀ ਦੀ ਕਹਾਣੀ 'ਖੁਣੇ ਹੋਏ ਤਿਲ' ਸਾਂਝ ਦੇ ਇਸੇ ਪੁਲ ਦੀ ਬਾਤ ਪਾਉਂਦੀ ਹੈ। -ਸੰਪਾਦਕ***

ਕੈਲੰਡਰ ਦਾ ਨਵਾਂ ਮਹੀਨਾ ਬਦਲਿਆ ਤਾਂ ਮੇਰੀ ਨਜ਼ਰ ਅਪਲਕ ਹੀ ਅਕਤੂਬਰ ਮਹੀਨੇ ਦੀ ਪੇਂਟਿੰਗ 'ਤੇ ਟਿਕ ਗਈ। ਪੰਜਾ ਸਾਹਿਬ ਹਸਨ ਅਬਦਾਲ ਦਾ ਸਟੇਸ਼ਨ, ਰੇਲਵੇ ਲਾਈਨ 'ਤੇ ਗੱਡੀ ਦੇ ਭਾਰੀ-ਭਰਕਮ ਪਹੀਆਂ ਹੇਠਾਂ ਦਰੜੇ ਹੋਏ ਸਿੱਖ। ਗੁਰੂ ਕੇ ਬਾਗ ਦੇ ਮੋਰਚੇ ਲਈ ਸੰਘਰਸ਼ ਕਰਦੇ ਅਕਾਲੀ ਕੈਦੀਆਂ ਦੀ ਭਰੀ ਗੱਡੀ, ਜਿਨ੍ਹਾਂ ਨੂੰ ਅਟਕ ਜੇਲ੍ਹ ਵਿਚ ਲਿਜਾਇਆ ਜਾ ਰਿਹਾ ਸੀ। ਨਾਅਰੇ ਲਾਉਂਦੀਆਂ ਹਵਾ ਵਿਚ ਲਹਿਰਾਉਂਦੀਆਂ ਬਾਹਾਂ। ਅਕਾਲੀ ਮੋਰਚੇ ਦੇ ਸਿੱਖ ਦੀਵਾਨਿਆਂ ਨੂੰ ਲੰਗਰ ਛਕਾਉਣ ਲਈ ਗੱਡੀ ਹਸਨ ਅਬਦਾਲ ਰੋਕਣ ਲਈ ਸੰਗਤਾਂ ਵਲੋਂ ਸੰਘਰਸ਼। ਪੁਲਿਸ, ਦੂਰੋਂ ਦਿਸਦਾ ਪੰਜਾ ਸਾਹਿਬ ਗੁਰਦੁਆਰੇ ਦਾ ਗੁੰਬਦ, ਨਿਸ਼ਾਨ ਸਾਹਿਬ ਤੇ ਵਲੀ ਕੰਧਾਰੀ ਦੀ ਪਹਾੜੀ।

ਇਹ ਦ੍ਰਿਸ਼ ਵੇਖਦੇ ਹੀ ਮੇਰੀਆਂ ਅੱਖਾਂ ਭਰ ਆਈਆਂ। ਮਨ ਹੀ ਮਨ ਉਨ੍ਹਾਂ ਸੂਰਮਿਆਂ ਸ਼ਹੀਦਾਂ ਨੂੰ ਪ੍ਰਣਾਮ ਕੀਤਾ, ਜੋ ਗੱਡੀ ਨਾ ਰੁਕਣ ਕਾਰਨ ਗੱਡੀ ਦੀ ਲਾਈਨ 'ਤੇ ਲੇਟ ਕੇ ਸ਼ਹੀਦ ਹੋ ਗਏ ਸਨ। ਦੋ ਚਿਹਰੇ ਮੇਰੀਆਂ ਅੱਖਾਂ ਸਾਹਵੇਂ ਸਾਕਾਰ ਹੋ ਗਏ। ਮੈਂ



**ਚੰਦਨ ਨੇਗੀ**

ਉਸ ਬਾਬਾ ਜੀ ਦਾ ਚਿਹਰਾ ਗੱਡੀ ਦੇ ਇੰਜਣ ਦੇ ਪਹੀਏ ਨਾਲ ਜੁੜੇ ਆਦਮੀ ਦੇ ਚਿਹਰੇ 'ਚੋਂ ਭਾਲਣ ਲੱਗੀ, ਜੋ ਪੰਜਾ ਸਾਹਿਬ ਜਾਂਦੇ ਸਮੇਂ ਮੇਰੇ ਨਾਲ ਗੱਡੀ ਵਿਚ ਬੈਠੇ ਸਨ।

ਉਦੋਂ ਹਾਲੇ ਕੰਡਿਆਲੀ ਤਾਰ ਦੇ ਪਾਰ ਵਸਦੇ ਭਰਾਵਾਂ ਨਾਲ ਮੇਲ-ਮਿਲਾਪ ਸੀ, ਜਥੇ ਗੁਰਧਾਮਾਂ ਦੀ ਯਾਤਰਾ ਲਈ ਜਾਂਦੇ ਸਨ। ਇਕ-ਦੂਜੇ ਨੂੰ ਮਿਲਣ ਦੀ ਸਿੱਕ ਸੀ। ਇਕੋ ਧਰਤੀ ਮਾਂ ਦੀਆਂ ਆਂਦਰਾਂ, ਇਕੋ ਘਰ ਵਿਚ ਵਸਦੇ, ਇਕੋ ਬੋਲੀ ਦੇ ਸਪੂਤ। ਸਾਂਝਾ ਮੁਹੱਲਾ, ਸਾਂਝੇ ਵਿਹੜੇ, ਸਾਂਝੇ ਰੁੱਖ, ਸਾਂਝੇ ਪਹਾੜ ਤੇ ਸਾਂਝੇ ਪੰਜ ਆਬ। ਤੇ ਜੇ ਦੋਹੇਂ ਭਰਾ ਲੱਕੜਾਂ ਦਾ ਇਕੱਠਾ-ਮੁੱਠਾ ਨਾ ਟੁੱਟਣ ਵਾਲੀ ਲੋਕ ਗਾਥਾ ਮੰਨਦੇ ਤਾਂ ਵਿਹੜੇ ਵਿਚ ਥੋਹਰ ਦੀ ਵਾੜ ਨਾ ਉਗਦੀ। ਨਾ ਢਾਈ ਆਬ ਆਰ ਹੁੰਦੇ, ਨਾ ਢਾਈ ਆਬ ਪਾਰ, ਪੂਰੇ ਦਾ ਪੂਰਾ ਪੰਜ ਆਬ ਹੋਣਾ ਸੀ। ਨਾ ਕਿਸੀ ਪੋਖਰਨ ਸੁਣਿਆ ਹੁੰਦਾ, ਨਾ ਚਾਂਗੀ।

ਉਦੋਂ ਪੰਜਾ ਸਾਹਿਬ ਵਿਸਾਖੀ ਦੇ ਪੂਰਬ 'ਤੇ ਜਾਣ ਲਈ ਨਾ ਬਹੁਤਾ ਭੀੜ-ਭੜੱਕਾ ਹੁੰਦਾ ਸੀ, ਨਾ ਦੌੜ-ਭੱਜ। ਅੰਮ੍ਰਿਤਸਰ ਤੋਂ ਬੜੇ ਆਰਾਮ ਨਾਲ ਗੱਡੀ ਵਿਚ ਬੈਠੇ ਸਾਂ। ਗੁਰੂਧਾਮ ਦੀ ਯਾਤਰਾ ਤੇ ਸ਼ਰਧਾ, ਬਹੁਤੇ ਲੋਕ ਤਾਂ ਉਹੀ ਸਨ, ਜੋ ਵਿਛੜੇ ਸਨ ਆਪਣੇ ਗੁਰਧਾਮਾਂ ਤੋਂ। ਨਾ ਸੀਟਾਂ ਮੱਲਣ ਦੀ ਕਾਹਲ ਸੀ, ਨਾ ਇਕ ਦੂਜੇ ਤੋਂ ਅੱਗੇ ਵਧਣ ਦੀ ਦੌੜ। ਗੱਡੀ ਵਿਚ ਮੇਰੇ ਨਾਲ ਇਕ ਬਜ਼ੁਰਗ ਬਾਬਾ ਜੀ ਬੈਠੇ ਸਨ। ਉਚਾ ਲੰਮਾ ਕੱਦ, ਚੌੜੀ ਛਾਤੀ, ਭਰਿਆ ਗੁਥਿਆ ਜਿਸਮ, ਸੁਰਖ ਤੇਜਸਵੀ ਚਿਹਰਾ, ਚਮਕੀਲੀਆਂ ਅੱਖਾਂ ਤੇ ਭਰੀ ਹੋਈ ਚਿੱਟੀ ਖਮੂਰ ਦਾਹੜੀ। ਡੱਬੇ 'ਚ ਬੈਠੇ ਯਾਤਰੂ ਆਪਣੀ ਧਾਰਮਿਕ ਅਸਥਾਨਾਂ ਤੋਂ ਵਿਛੜਨ ਤੇ ਦਰਸ਼ਨਾਂ ਲਈ ਤਾਂਘ-ਸਿੱਕ ਦੀਆਂ ਗੱਲਾਂ ਕਰ ਰਹੇ ਸਨ। ਬਾਬਾ ਜੀ ਪਹਿਲਾਂ ਤਾਂ ਸੁਣਦੇ ਰਹੇ ਤੇ ਫਿਰ ਕਹਿਣ ਲੱਗੇ, "ਪੰਜਾ ਸਾਹਿਬ ਗੁਰਦੁਆਰੇ ਤੋਂ ਵੱਧ ਮੈਂ ਤਾਂ ਹਸਨ ਅਬਦਾਲ ਸਟੇਸ਼ਨ ਦੀ ਇਕ ਵਾਰੀ ਜ਼ਿਆਰਤ ਕਰਨਾ ਚਾਹੁੰਦਾ ਸਾਂ। ਅਕਾਲੀ ਮੋਰਚੇ ਦੇ ਕੈਦੀਆਂ ਵਾਲੀ ਗੱਡੀ ਨੂੰ ਰੋਕਣ ਲਈ ਮੈਂ ਵੀ ਗੱਡੀ ਦੀ ਪਟੜੀ 'ਤੇ ਲੇਟਿਆ ਸਾਂ। ਸਾਰਾ ਨਜ਼ਾਰਾ ਮੈਂ ਆਪ ਵੇਖਿਆ ਸੀ, ਕਿਤਨਾ ਜੋਸ਼ ਸੀ ਉਸ ਵੇਲੇ ਸੰਗਤ ਵਿਚ। ਅੰਗਰੇਜ਼ ਸਰਕਾਰ ਨੂੰ ਝੁਕਣਾ ਪਿਆ, ਗੱਡੀ ਰੁਕੀ ਸੀ। ਲੰਗਰ ਛਕਾਇਆ ਗਿਆ ਪਰ ਮੇਰੇ ਨਸੀਬ ਵੇਖੋ, ਗੱਡੀ ਦਾ ਇੰਜਣ ਮੇਰੇ ਸਿਰ ਕੋਲ ਆ ਕੇ ਰੁਕਿਆ ਸੀ। ਇੰਜਣ ਦੇ ਅਗਲੇ ਪਿੰਜਰੇ ਨਾਲ ਸਾਰੀ ਬਾਂਹ ਤਰੁੰਭੀ ਗਈ ਸੀ।"

ਉਨ੍ਹਾਂ ਚਿੱਟੇ ਕੁੜਤੇ ਦੀ ਬਾਂਹ ਚੁੱਕ ਕੇ ਵਿਖਾਈ, ਅਰਕ ਤੋਂ ਉਤੇ ਬਾਂਹ ਦਾ ਖੱਡਾ ਹੀ ਸੀ। ਫੇਰ ਉਹ ਇਕ ਹਉਕਾ ਭਰ ਕੇ ਕਹਿਣ ਲੱਗੇ, "ਮੈਂ ਬਦਨਸੀਬ ਸ਼ਹੀਦੀ ਨਾ ਪਾ ਸਕਿਆ। ਉਹ ਅੰਗਰੇਜ਼ੀ ਸਰਕਾਰ ਵਿਰੁਧ ਗੁਰਦੁਆਰਿਆਂ ਦੇ ਸੁਧਾਰ ਤੇ ਚਾਬੀਆਂ ਦੇ ਕਬਜ਼ੇ ਲਈ ਸੰਘਰਸ਼ ਤੇ ਇਨਕਲਾਬ ਦੀ ਪਹਿਲੀ ਜਿੱਤ ਸੀ।" ਕਹਿੰਦੇ ਹੋਏ ਉਨ੍ਹਾਂ ਇਕ ਹੋਰ ਲੰਮਾ ਸਾਹ ਲਿਆ।

'ਵਲੀ ਕੰਧਾਰੀ' ਪਹਾੜੀ ਪੇਂਟਿੰਗ ਵਿਚ ਤਾਂ ਬੜੀ ਦੂਰ ਦਿਸੀ ਪਰ ਵਲੀ ਕੰਧਾਰੀ ਚੜ੍ਹਦਾ ਇਕ ਹੋਰ ਚਿਹਰਾ ਸਾਕਾਰ ਹੋਇਆ। ਪਠਾਣੀ ਭੂਆ ਦਾ ਚਿਹਰਾ। ਮੈਂ ਘੁੰਮਣਘੇਰੀ ਵਿਚ ਫਸੀ ਸੋਚਦੀ ਰਹੀ ਜ਼ਿੰਦਗੀ ਦੇ ਰਾਹ 'ਤੇ ਇਕ ਵਾਰ ਮਿਲੇ ਲੋਕ...ਫੇਰ ਖੌਰੇ! ਕਿਹੜੀਆਂ ਪਗਡੰਡੀਆਂ? ਕਿਹੜੇ ਰਾਹ ਕੱਢਦੇ ਕਦੋਂ? ਕਿਵੇਂ? ਕਿਥੇ ਮਿਲ ਜਾਂਦੇ ਨੇ?

ਹਸਨ ਅਬਦਾਲ ਸਟੇਸ਼ਨ 'ਤੇ ਟਾਂਗੇ ਯਾਤਰੂਆਂ ਨੂੰ ਗੁਰਦੁਆਰਾ ਪੰਜਾ ਸਾਹਿਬ ਤੀਕ ਪਹੁੰਚਾਉਣ ਲਈ ਕਈ-ਕਈ ਫੇਰੇ ਮਾਰਦੇ। ਕਿਸੇ ਨੇ ਪੈਸਾ-ਧੇਲਾ ਨਾ ਲਿਆ। "ਸੇਵਾ ਦਾ ਮੌਕਾ ਦਿਉ ਭਰਾਓ, ਮੋਤੀਆਂ ਵਾਲਿਓ... ਤੁਹਾਨੂੰ ਵੇਖਣ ਲਈ ਤਰਸ ਗਏ ਆਂ।"

ਗੁਰਦੁਆਰੇ ਮੱਥਾ ਟੇਕ, ਇਸ਼ਨਾਨ ਕਰ ਅਸੀਂ ਵਲੀ ਕੰਧਾਰੀ ਪਹਾੜੀ ਚੜ੍ਹੇ ਸਾਂ। ਵਲੀ ਕੰਧਾਰੀ ਪਹਾੜੀ ਦੀ ਉਚਾਈ ਤੋਂ ਦਿਸਦਾ ਹਸਨ ਅਬਦਾਲ ਚੁਤਰਫੀਂ ਬਾਗ ਹਰਿਆਲੀ, ਨਿਰਮਲ ਜਲ ਦੇ ਵਗਦੇ ਕੱਠੇ-ਖਾਲਾਂ ਬਹੁਤ ਸਾਲਾਂ ਬਾਅਦ ਵੇਖ ਬੜਾ ਚੰਗਾ ਲੱਗਿਆ ਸੀ। ਦੋ ਦਿਨ ਸੰਗਤ, ਲੰਗਰ, ਕਥਾ ਕੀਰਤਨ, ਅਖੰਡ ਪਾਠ ਸਾਹਿਬ ਦਾ ਭੋਗ, ਓਦਰੇ ਹੋਏ ਮਿੱਤਰਾਂ ਦਾ ਮੇਲ। ਪਿਸ਼ਾਵਰ, ਰਾਵਲਪਿੰਡੀ, ਲਾਹੌਰ, ਜਿਹਲਮ ਤੋਂ ਦੋਸਤਾਂ ਦਾ ਆਉਣਾ, ਮਿਲਣਾ-ਰੋਣਾ, ਵਿਛੜਨਾ-ਰੋਣਾ। "ਫੇਰ ਮੇਲਾ ਨਸੀਬਾਂ ਨਾਲ।"

ਹੁਣ ਵਾਪਸ ਮੁੜਨ ਦੀ ਤਿਆਰੀ ਸੀ। ਮੇਰਾ ਮਨ ਬਹੁਤ ਉਦਾਸ ਹੋ ਗਿਆ। ਸੋਚਿਆ, ਅਸੀਂ ਹਾਲੀ ਵੀ ਕਿਉਂ ਨਹੀਂ ਟੁੱਟ ਸਕਦੇ ਉਸ ਧਰਤੀ ਮਾਂ ਤੋਂ ਜਿਸ ਦੀ ਗੋਦ ਹੁਣ ਸਾਡੀ ਨਹੀਂ। ਮਨੁੱਖ ਦੀਆਂ ਜੜ੍ਹਾਂ ਧਰਤੀ ਅੰਦਰ, ਕਿਤਨੀਆਂ ਫੈਲ ਜਾਂਦੀਆਂ ਨੇ? ਸ਼ਾਮ ਨੂੰ ਟੁਰਨਾ ਸੀ। ਮੈਂ ਬਾਜ਼ਾਰ ਵੱਲ ਨਿਕਲ ਆਈ। ਕਦਮ ਆਪਣੇ ਆਪ ਵਲੀ ਕੰਧਾਰੀ ਪਹਾੜੀ ਵੱਲ ਵਧ ਪਏ। ਲੋਕ ਆ-ਜਾ ਰਹੇ ਸਨ। ਸਾਹੋ-ਸਾਹ ਹੋਏ, 'ਧੰਨ ਗੁਰੂ ਨਾਨਕ, ਸਤਿਨਾਮ ਵਾਹਿਗੁਰੂ' ਜਪਦੇ। ਸਿੰਧ, ਫਰੰਟੀਅਰ, ਦੀਰ-ਸਵਾਤ, ਤੀਰਾਹ, ਅਫਗਾਨਿਸਤਾਨ, ਕੰਧਾਰ, ਗਜ਼ਨੀ ਤੋਂ ਪਹੁੰਚੀ ਹੋਈ ਸੰਗਤ।

ਵਲੀ ਕੰਧਾਰੀ ਦੀ ਟੀਸੀ 'ਤੇ ਚੜ੍ਹਨਾ ਮੈਨੂੰ ਬਚਪਨ ਵਿਚ ਵੀ ਬਹੁਤ ਚੰਗਾ ਲੱਗਦਾ ਸੀ। ਸ਼ਾਇਦ ਪਹਾੜੀ ਦੀ ਟੀਸੀ 'ਤੇ ਬਣੇ ਛੋਟੇ ਜਿਹੇ ਤਲਾਅ ਨੂੰ ਸੁਕ-ਮ-ਸੁੱਕਾ ਵੇਖ ਬਾਲ ਮਨ ਵਿਚ ਆਪਣੇ ਗੁਰੂ ਨਾਨਕ ਦੇਵ ਜੀ ਪ੍ਰਤੀ ਵਧੇਰੇ ਸ਼ਰਧਾ ਤੇ ਗੁਰੂ ਦੇ ਪੀਰ ਤੋਂ ਵੱਡੇ ਹੋਣ ਦਾ ਮਾਣ ਹੁੰਦਾ ਸੀ, ਜਿਸ ਨੇ ਮਰਦਾਨੇ ਦੀ ਪਿਆਸ ਬੁਝਾਉਣ ਲਈ ਕੰਧਾਰ ਤੋਂ ਆਏ ਵਲੀ ਪੀਰ ਦਾ ਹੰਕਾਰ ਤੋੜਿਆ ਤੇ ਸਾਰਾ ਪਾਣੀ ਹੇਠਾਂ ਖਿੱਚ ਲਿਆ ਸੀ।

ਉਦਾਸ ਮਨ ਨਾਲ ਮੈਂ ਹਾਲੀਂ ਵਲੀ ਕੰਧਾਰੀ ਪਹਾੜੀ ਦੀ ਚੜ੍ਹਾਈ ਦੇ ਅੱਧ ਵਿਚ ਹੀ ਪਹੁੰਚੀ ਸਾਂ ਕਿ ਇਕ ਬਜ਼ੁਰਗ ਔਰਤ ਝੁਕੀ ਹੋਈ ਪਿੱਠ, ਸਮੇਂ ਦਾ ਤਰੁੰਭਿਆ ਚਿਹਰਾ, ਗੋਰਾ ਸੰਧੂਰੀ ਰੰਗ, ਠੋਡੀ 'ਤੇ ਖੁਣੇ ਹੋਏ ਤਿੰਨ ਤਿਲ, ਮੱਥੇ ਤੀਕ ਢਕਿਆ ਸਿਰ, ਲੰਮੀ ਕਮੀਜ਼, ਪੁੱਠੇ ਵਲਾਂ ਵਾਲੀ ਸਲਵਾਰ, ਪੈਰੀਂ ਨੋਕਦਾਰ ਜੁੱਤੀ ਤੇ ਸੋਟੀ ਦੇ ਸਹਾਰੇ ਨਿੱਕੇ-ਨਿੱਕੇ ਕਦਮ ਪੁੱਟਦੀ ਵਲੀ ਕੰਧਾਰੀ ਪਹਾੜੀ ਦੀ ਚੜ੍ਹਾਈ ਚੜ੍ਹ ਰਹੀ ਸੀ। ਸਾਹੋ-ਸਾਹ, ਪਸੀਨੋ-ਪਸੀਨਾ ਹੋਈ "ਧੰਨ ਨਾਨਕ ਸ਼ਾਹ... ਧੰਨ ਪੀਰ ਕੰਧਾਰੀ" ਜਪਦੀ ਥੋੜ੍ਹੇ ਕਦਮਾਂ ਬਾਅਦ ਰੁਕ ਜਾਂਦੀ। ਬਜ਼ੁਰਗ ਔਰਤ ਦੀ ਹਿੰਮਤ ਤੇ ਸ਼ਰਧਾ ਵੇਖ ਮੈਂ ਵੀ ਕਦਮ ਮੱਠੇ ਕੀਤੇ, "ਮਾਤਾ ਜੀ ਹੱਥ ਫੜ ਲਵਾਂ?" ਮੈਂ ਉਸ ਦੇ ਕੋਲ ਖਲੋ ਕੇ ਪੁੱਛਿਆ।

"ਨਾ ਪੁੱਤਰ ਭਲਾ ਹੋਵੀ? ਸਦਕੇ ਜਾਵੀਂ...! ਉਹ ਪੀਰ ਆਪੇ ਹਿੰਮਤ ਦੇਸੀ... ਨਾਨਕ ਸ਼ਾਹ ਆਪੇ ਲੈ ਜਾਸੀ, ਬਲਿਹਾਰ ਆਂ ਉਸ ਤੋਂ...ਇਸ ਜ਼ਮੀਨ 'ਤੇ ਆਪੇ ਲੈ ਆਂਦਾਸ...।" ਉਸ ਨੇ ਝੁਕ ਕੇ ਪੈਰਾਂ ਦੀ ਧਰਤੀ ਤੋਂ ਉਂਗਲਾਂ ਨਾਲ ਮਿੱਟੀ ਲੈ ਕੇ ਆਪਣੇ ਮੱਥੇ 'ਤੇ ਲਾਈ।

ਹਿੰਦਕੋ ਬੋਲਦੀ ਉਹ ਔਰਤ ਮੈਨੂੰ ਬੜੀ ਚੰਗੀ ਲੱਗੀ। ਮੈਂ ਵੀ ਨਿੱਕੇ-ਨਿੱਕੇ ਡਗ ਪੁੱਟਦੀ ਉਸ ਦੇ ਨਾਲ ਚੜ੍ਹਾਈ ਚੜ੍ਹਨ ਲੱਗ ਪਈ ਸਾਂ। ਉਸ ਦੀ ਭਾਰੀ ਅਵਾਜ਼ ਤੇ ਬੋਲੀ ਦੀ ਕੰਨਾਂ ਨੂੰ ਥੋੜ੍ਹੀ ਪਛਾਣ ਲੱਗੀ। ਠੋਡੀ 'ਤੇ ਓਪਰੇ-ਓਪਰੇ ਖੁਣੇ ਹੋਏ ਤਿਲ ਚੇਤਿਆਂ ਦੀ ਪਟਾਰੀ ਵਿਚ ਹਲਚਲ ਮਚਾਉਣ ਲੱਗੇ। ਬੜਾ ਸੋਚਿਆ, ਕੋਈ ਤਾਣੀ ਨਾ ਫੜੀ ਗਈ। ਮੈਂ ਖੁਣੇ ਹੋਏ ਤਿਲਾਂ ਦੀ ਯਾਦ ਦੇ ਤਾਣੇ-ਪੇਟੇ ਵਿਚ ਉਲਝ ਗਈ।

"ਕਿਥੋਂ ਆਏ ਹੋ ਮਾਂ ਜੀ?" ਮੈਂ ਵੀ ਬਜ਼ੁਰਗ ਵਾਂਗ ਹਿੰਦਕੋ ਬੋਲਣ ਦਾ ਯਤਨ ਕੀਤਾ ਤੇ ਇਕ ਕਦਮ ਉਸ ਤੋਂ ਅੱਗੇ ਲੰਘ ਕੇ ਉਸ ਦਾ ਚਿਹਰਾ ਚੰਗੀ ਤਰ੍ਹਾਂ ਨਿਹਾਰਿਆ। ਸੋਚਦੀ ਰਹੀ ਖੁਣੇ ਹੋਏ ਤਿਲ? ਅਵਾਜ਼ ਵੀ ਜਾਣੀ-ਪਛਾਣੀ ਏ।

"ਅੰਬਰਸਰੋਂ! ਗੁਰੂ ਕੀ ਨਗਰੀ 'ਚੋਂ।" ਧਰਤੀ ਵੱਲ ਵੇਖਦਿਆਂ ਉਸ ਨੇ ਕਿਹਾ।

ਮੇਰੇ ਚੇਤਿਆਂ ਦੀ ਭੁੱਬਲ ਵਿਚ ਇਕ ਚਿੰਗਾਰੀ ਚਮਕੀ। "ਹਾਏ! ਮੈਂ ਮਰ ਗਈ! ਪਠਾਣੀ ਭੂਆ!" ਮੈਂ ਜਿਵੇਂ ਚੀਕੀ। ਮੇਰੀਆਂ ਵਾਛਾਂ ਖਿੜੀਆਂ। ਮੈਂ ਦੋਹੇਂ ਬਾਹਾਂ ਉਸ ਦੇ ਦੁਆਲੇ ਵਲ ਕੇ ਉਸ ਦੀ ਛਾਤੀ ਨਾਲ ਚਿੰਬੜ ਗਈ।



"ਵਹੀ... ਸਦਕੇ! ਕੁਰਬਾਨ! ਯਾ ਅੱਲਾਹ! ਰੱਖ ਸਾਈਂ ਦੀ! ਰੱਖ ਨਾਨਕ ਸ਼ਾਹ ਦੀ! ਰੱਖ ਪੀਰ ਵਲੀ ਕੰਧਾਰੀ ਦੀ! ਮੈਂ ਤਾਂ ਤਨੂੰ ਨ੍ਹੀਂ ਸਿਹਾਤਾ ਧੀਏ।"

"ਮੈਂ ਗੁਲਸ਼ਨ ਆਂ। ਰਵੇਲ ਸਿੰਘ, ਤੁਹਾਡੇ ਲਾਹੌਰ ਵਾਲੇ ਭਰਾ ਦੀ ਧੀ।" ਮੈਂ ਉਛਲਦੇ-ਉਛਲਦੇ ਕਿਹਾ।

ਉਸ ਨੇ ਅੱਖਾਂ 'ਤੇ ਹੱਥ ਦਾ ਛੱਪਰ ਬਣਾ ਕੇ ਮੇਰਾ ਚਿਹਰਾ ਘੋਖਿਆ, "ਯਾ ਅੱਲਾਹ! ਵਾਰੀ ਜਾਵੀਂ, ਸਦਕੇ, ਘੋਲੀ, ਕਿਥੇ ਮੇਲ ਮਿਲਾਂਏਸ ਉਸ ਫਕੀਰ ਨੇ।" ਤੇ ਦੋਹੇਂ ਮੁੱਠਾਂ ਬੰਦ ਕਰ ਕੇ ਮੇਰੇ ਸਿਰ ਕੋਲੋਂ ਬਲਾ ਲਈ ਤੇ ਮੇਰਾ ਮੂੰਹ, ਮੱਥਾ ਤੇ ਸਿਰ ਚੁੰਮਿਆ।

"ਹੁਣ ਵੀ ਓਹੀ ਘਾਰ ਏ, ਵੱਡੇ ਲੋਹੇ ਵਾਲੇ ਗੇਟ ਦੀ ਗਲੀ ਵਿਚ?

"ਹਾਓ! ਯਾਦ ਵੀਆ, ਓਹੀ ਆਪਣਾ ਘ੍ਹਾਰ ਏ।"

"ਲਾਲਾ ਜੀ ਨ੍ਹੀ ਆਏ?"

"ਨ੍ਹੀਂ ਪੁੱਤਰ! ਲਾਲਾ ਜੀ ਤਾਂ।" ਉਸ ਹਉਕਾ ਭਰਿਆ ਤਾਂ ਮੈਂ ਸਮਝ ਕੇ ਗੱਲ ਬਦਲ ਲਈ।

"ਕਿਸ ਨਾਲ ਆਏ ਓ?"

"ਸਤਨਾਮ ਦੇ ਤਰਲੇ ਮਿੰਨਤਾਂ ਕੀਤੀਆਂ, ਹਿਕ ਵਾਰੀ ਮਨੂੰ ਲੈ ਚਲ, ਆਪਣੀ ਜ਼ਮੀਨ ਦੀ ਮਿੱਟੀ ਪੈਰਾਂ ਨੂੰ ਲਾਵਾਂ, ਆਪਣੇ ਮੁਲਕ ਦੀ ਹਵਾ 'ਚ ਨੇੜੇ ਹੋ ਕੇ ਸਾਹ ਲਵਾਂ।"

"ਗੁਲਜ਼ਾਰ ਭੈਣ ਕਿਥੇ ਹੋਂਦੀ ਏ? ਹਰੀ ਓਮ ਕੇ ਕਰਦੈ?"

"ਕੁਰਬਾਨ ਜਾਵੀਂ, ਤੈਨੂੰ ਸਾਰੇ ਯਾਦ ਨੇ, ਨਿਕੜੀ ਜਿਹੀ ਬੱਚੀ ਤਾਂ ਆਈਓ, ਉਦੋਂ।"

ਤੇ ਭੂਆ ਮੈਨੂੰ ਸਾਬਤ ਸਬੂਤੀ ਉਂਜ ਹੀ ਯਾਦ ਆਈ, ਜਿਵੇਂ ਮੈਂ ਉਸ ਨੂੰ ਪਹਿਲੀ ਵਾਰੀ ਵੇਖਿਆ ਸੀ।

ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਉਹ ਮਿਲੀ ਸੀ ਤਾਂ ਓਦੋਂ, ਜਦੋਂ ਬੇਘਰੇ, ਨਿਥਾਂਵੇਂ, ਪਨਾਹਗੀਰ, ਸ਼ਰਨਾਰਥੀ, ਰਿਫਿਊਜੀ ਬਣ ਗਏ ਤੇ ਭਟਕਣ ਹੀ ਭਟਕਣ ਸੀ। ਲੋਕ ਦੋਹੇਂ ਵੇਲੇ ਹਰਿਮੰਦਰ ਸਾਹਿਬ ਚਲੇ ਜਾਂਦੇ। ਥਾਂ-ਟਿਕਾਣਾ ਕੋਈ ਬਣਿਆ ਨਹੀਂ ਸੀ। ਕੰਮ-ਕਾਰ ਕੋਈ ਹੈ ਨਹੀਂ ਸੀ। ਲੋਕ ਸੁੱਖ-ਸ਼ਾਂਤੀ ਦੀ ਇੰਤਜ਼ਾਰ ਕਰਦੇ ਘਰਾਂ ਨੂੰ ਮੁੜਨ ਲਈ ਲੋਚਦੇ ਸਨ। ਹਰਿਮੰਦਰ ਸਾਹਿਬ ਕੋਈ ਆਪਣਾ ਮਿਲ ਜਾਂਦਾ, ਕਿਸੇ ਦੇ ਮਰਨ ਜਾਂ ਬਚਣ ਦੀ ਖਬਰ ਮਿਲਦੀ, ਵਿਛੜੇ ਹੋਏ ਭੈਣ-ਭਰਾਵਾਂ ਬਾਰੇ ਕੋਈ ਸੂਹ ਪਤਾ ਮਿਲਦਾ, ਲੋਕ ਆਪਸ ਵਿਚ ਦੁਖ-ਸੁੱਖ ਵੰਡਦੇ, ਥਾਂ-ਟਿਕਾਣਾ ਪੁੱਛਦੇ। ਸਾਨੂੰ ਸਭ ਨੂੰ ਉਹ ਘੁੱਟ-ਘੁੱਟ ਜੱਫੀਆਂ ਪਾ ਕੇ ਮਿਲੀ ਸੀ। ਛੇ ਫੁੱਟ ਲੰਮੀ, ਪਤਲੀ, ਮੱਖਣੀ ਸੰਧੂਰੀ ਰੰਗ ਲੰਬੂਤਰਾ ਮੁਹਾਂਦਰਾ, ਮੋਟੀਆਂ ਅੱਖਾਂ 'ਚ ਚਮਕ ਤੇ ਲੱਪ-ਲੱਪ ਸੁਰਮਾ। ਪੁੱਠੇ ਵਲਾਂ ਵਾਲੀ ਚਿੱਟੀ ਸੁਥਣ, ਮੋਟੇ ਲਾਲ-ਲਾਲ ਫੁੱਲਾਂ ਵਾਲੀ ਲੰਮੀ ਕਮੀਜ਼ ਤੇ ਮੱਥੇ ਤੀਕ ਢਕਿਆ ਸਿਰ। ਮੋਟੇ ਕੱਪੜੇ ਦੀ ਚੁੰਨੀ ਆਪਣੇ ਸਾਰੇ ਜਿਸਮ ਦੁਆਲੇ ਲਪੇਟੀ ਹੋਈ। ਮੈਂ ਤੇ ਛੋਟਾ ਵੀਰ ਹੱਸ-ਹੱਸ ਦੂਹਰੇ ਹੋ ਗਏ ਸਾਂ। "ਇਡੀ ਵੱਡੀ ਜਨਾਨੀ ਹਾ ਖਾਏ! ਤੇ ਸਾਡੇ ਭਾਪਾ ਜੀ ਨਿਕਚੂ ਜਿਹੇ।"

"ਠੋਡੀ 'ਤੇ ਤਿਲ ਤਕੇ ਨੀਂ ਤ੍ਰੈ-ਤ੍ਰੈ।" ਛੋਟੇ ਵੀਰ ਨੇ ਮੂੰਹ ਅੱਗੇ ਹੱਥ ਰੱਖ ਮੇਰੇ ਕੰਨ ਵਿਚ ਸਰਗੋਸ਼ੀ ਕੀਤੀ।

ਘਰ ਲੈ ਗਈ ਸੀ, ਉਹ ਸਾਨੂੰ। ਸਾਡੇ ਤੋਂ ਵੱਡੇ ਬੱਚੇ। ਵੱਡਾ ਮੁੰਡਾ ਸਿੱਖ, ਇਹ ਸਤਨਾਮ ਸੀ। ਦੂਜਾ ਪੁੱਤਰ ਮੋਨਾ ਹਰੀ ਓਮ ਤੇ ਕੁੜੀ ਗੁਲਜ਼ਾਰ ਉਚੀ ਲੰਮੀ ਸਾਂਵਲੀ ਜਿਹੀ। ਬਾਰੀ 'ਚੋਂ ਹੀ ਲਾਲਾ ਜੀ ਨੇ ਸਾਨੂੰ ਵੇਖ ਲਿਆ ਸੀ। "ਹਈ! ਸ਼ਾਬਾਸ਼ੇ! ਸ਼ੁਕਰ ਏ, ਖੈਰ ਏ? ਸੁੱਖ-ਸਾਂਦ ਏ? ਸਾਡੇ ਵਲ ਨਾ? ਭੈਣਾਂ-ਭਰਾਵਾਂ ਦੀ ਕੋਈ ਖਬਰ ਸੁਰਤ? ਸਾਡੇ ਡਿਓਢੀ ਤੀਕ ਪੁੱਜਣ ਤੀਕ ਉਨ੍ਹਾਂ ਦੀ ਲਗਾਤਾਰ ਅਵਾਜ਼ ਸੁਣਦੀ ਰਹੀ।

"ਹਾਂ ਸਾਰੇ ਆ ਗਏ ਨਾ, ਵਲ ਨਾ।" ਭਾਪਾ ਜੀ ਨੇ ਕਿਹਾ।

"ਤੂੰ ਤਾਂ ਯਾਰਾ ਐਸਾ ਨਸਿਓਂ, ਲਹੌਰੋਂ, ਨਾ ਖਬਰ ਨਾ ਸੁਰਤ। ਬਹਾਰਾਂ ਮਿਲ ਗਈ ਤਾਂ ਵਿਸਰ ਗਿਓਂ ਸਭ ਨੂੰ, ਦੋਸਤਾਂ-ਯਾਰਾਂ ਨੂੰ, ਵੇਖੋ ਨਾ ਭੈਣ ਬਣੀ ਏ ਮੇਰੀ, ਖਬਰ ਹੀ ਨ੍ਹੀਂ ਲਿਤੀਸ ਭਰਾ ਮੋਇਐ, ਜੀਂਦੈ।" ਭਾਪਾ ਜੀ ਨੇ ਨਹੋਰਾ ਮਾਰਿਆ।

"ਨਾ ਯਾਰਾ ਖੋਹ, ਤੇਰੇ ਕੋਲੋਂ ਆ ਕੇ ਡਾਢਾ ਰੁਲਿਆ। ਛੁਪਦੇ-ਛੁਪਾਉਂਦੇ ਅਸਾਮ ਤਕ ਹੋ ਆਇਆਂ। ਡਰਨੇ ਆਇਆ ਪਠਾਣਾਂ ਕੋਲੋਂ, ਪਤਈ ਨਾ ਪਠਾਣਾਂ ਦਾ, ਪਤਾਲ ਵਿਚੋਂ ਵੀ ਲੱਭ ਲੈਂਦੇ ਨਾ। ਹਿਕ ਡਰ, ਦੂਜਾ ਨਾ ਕੰਮ ਨਾ ਕਾਰ। ਖਬੀਸ ਪਾਣੀ ਵੀ ਖਾਰਾ, ਧ੍ਰੇਅ ਹੀਨੀਂ ਲੈਂਦੀ। ਹੁਣ ਦੋ ਮੁਲਕ ਹੋ ਗਏ ਤਾਂ ਸੁੱਖ ਦਾ ਸਾਹ ਲਿਤੈ। ਹੁਣ ਤਾਂ ਉਹ ਇਧਰ ਆ ਨੀਂ ਸਕਦੇ, ਤੇਰੀ ਭੈਣ ਵੀ ਹੁਣ ਖੁਲ੍ਹ ਕੇ ਬਾਜ਼ਾਰ ਘਲੀ ਚਲੀ ਜਾਂਦੀ ਏ। ਦਰਬਾਰ ਸਾਹਿਬ ਜਾਂਦੀ ਵੇ, ਕੰਮ ਭੀ ਹੁਣ ਹਛੈ।"

ਮਾਂ ਓਪਰੀਆਂ-ਓਪਰੀਆਂ ਨਜ਼ਰਾਂ ਨਾਲ ਕਦੇ ਲਾਲਾ ਜੀ ਵਲ ਵੇਖਦੀ, ਕਦੇ ਉਸ ਜਨਾਨੀ ਵੱਲ ਤੇ ਕਦੇ ਨਜ਼ਰਾਂ ਨਾਲ ਪ੍ਰਸ਼ਨ ਚਿੰਨ੍ਹ ਲਟਕਾਈ ਭਾਪਾ ਜੀ ਵੱਲ ਵੇਖਦੀ।

"ਜਨਾਨੀ ਤਾਂ ਮੈਨੂੰ ਪਠਾਣੀ ਲੱਗਦੀ ਏ।" ਘਰ ਪੁੱਜਦੇ ਹੀ ਮਾਂ ਪੁੱਛਿਆ।

"ਹਾਂ, ਬਹਾਰਾਂ ਪਠਾਣੀ ਏ। ਸਾਡੇ ਦੋਸਤ ਇਮਤਿਆਜ਼ ਦੀ ਛੋਟੀ ਭੈਣ। ਮੈਂ ਚਮਨ ਲਾਲ ਤੇ ਇਮਤਿਆਜ਼ ਪੱਕੇ ਦੋਸਤ, ਜਮਾਤੀ ਸੀ। ਅਸੀਂ ਇਨ੍ਹਾਂ ਦੇ ਘਰ ਵੀ ਜਾਂਦੇ ਸਾਂ। ਦੱਰਾ ਖੈਬਰ ਤੋਂ ਅੱਗੇ ਦੀਰ ਸਵਾਤ ਦੇ ਰਹਿਣ ਵਾਲੇ ਨੇ ਇਹ ਪਠਾਣ, ਤਨੂੰ ਪਤੈ ਪਠਾਣਾਂ ਦੇ ਘਰ ਕਿਤਨਾ ਪਰਦਾ ਹੁੰਦੈ? ਕਦੇ ਕੁੜੀਆਂ ਨੰਗੇ ਮੂੰਹ ਬਾਹਰ ਨਹੀਂ ਨਿਕਲਦੀਆਂ। ਮੋਟੇ-ਮੋਟੇ ਭੋਛਣ ਤੇ ਲੰਮੇ-ਲੰਮੇ ਬੁਰਕੇ ਪਾਂਦੀਆਂ ਨੇ, ਚਮਨ ਲਾਲ ਤੇ ਬਹਾਰਾਂ ਦਾ ਕਿਵੇਂ ਮੇਲ ਹੋਇਆ? ਕਿਵੇਂ ਪਿਆਰ ਹੋਇਆ, ਮਨੂੰ ਨਹੀਂ ਪਤਾ। ਕਦੀ ਇਕੱਠੇ ਇਕ ਪਲ ਵੀ ਬੈਠਣ ਨੂੰ ਨਹੀਂ ਸੀ ਜੁੜਿਆ। ਤੜਪ ਸੀ ਇਕ ਦੂਜੇ ਨੂੰ ਨਜ਼ਰ ਭਰ ਕੇ ਵੇਖਣ ਦੀ, ਬੂਹੇ-ਬਾਰੀਆਂ ਦੀਆਂ ਵਿਰਲਾਂ ਵਿਚੋਂ, ਪਠਾਣਾਂ ਦੀ ਧੀ ਤੇ ਹਿੰਦੂ ਮੁੰਡੇ ਨਾਲ ਪਿਆਰ? ਤੋਬਾ! ਸੰਗਸਾਰ ਕਰ ਦਿੰਦੇ ਸਨ ਦੋਹਾਂ ਨੂੰ। ਕਤਲ ਕਰ ਕੇ ਸਿਰ ਸ਼ਹਿਰ ਤੋਂ ਬਾਹਰ ਦਰੱਖਤਾਂ ਨਾਲ ਟੰਗ ਦਿੰਦੇ ਸਨ ਤਾਂ ਕਿ ਕੋਈ ਹੋਰ ਐਸੀ ਹਰਕਤ ਨਾ ਕਰੇ। ਇਹ ਦੋਹੇਂ ਛੁਪਦੇ-ਛੁਪਾਉਂਦੇ ਨੱਸ ਕੇ ਮੇਰੇ ਕੋਲ ਲਾਹੌਰ ਆ ਗਏ। ਮੈਂ ਹੀ ਕੁੜੀ ਦਾ ਭਰਾ ਬਣ ਦੋਹਾਂ ਦਾ ਅਨੰਦ ਕਾਰਜ ਡੇਰਾ ਸਾਹਿਬ ਕਰਵਾਇਆ। ਉਧਰ ਦੇ ਹਿੰਦੂ ਵੀ ਤਾਂ ਸਾਰੇ ਸਹਿਜਧਾਰੀ ਹੁੰਦੇ ਨੇ। ਨਾਨਕ ਨਾਮ ਲੇਵਾ, ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਨੇ ਤੇ ਰਾਤੋ-ਰਾਤ ਦਿੱਲੀ ਦੀ ਗੱਡੀ ਚੜ੍ਹਾ ਕੇ ਆਪ ਪਿੰਡੀ ਟੁਰ ਗਿਆ ਸਾਂ। ਡਰ ਮੈਨੂੰ ਵੀ ਲੱਗਾ ਸੀ। ਹੈਰਾਨ ਵੀ ਸਾਂ। ਇਸ ਪਠਾਣੀ ਕੁੜੀ ਨੇ ਚਮਨ ਲਾਲ 'ਤੇ ਸਾਰੀ ਉਮਰ ਦਾ ਵਿਸ਼ਵਾਸ ਕਿਵੇਂ ਕਰ ਲਿਆ? ਇਹ ਲੋਕ ਵੈਸੇ ਜ਼ਬਾਨ ਦੇ ਬੜੇ ਪੱਕੇ ਹੁੰਦੇ ਨਾ, ਸੁੱਚੇ ਤੇ ਖਰੇ।"

"ਤੇ ਜੇ ਦੁਸ਼ਮਣ ਹੋਣ ਤਾਂ, ਜੇ ਉਹ ਢੂੰਡ ਲੈਂਦੇ ਦੋਹਾਂ ਨੂੰ?"

"ਫੇਰ ਤਾਂ ਰੱਬ ਹੀ ਰਾਖਾ ਸੀ, ਮੇਰਾ ਵੀ ਤੇ ਉਨ੍ਹਾਂ ਦਾ ਵੀ।"

ਅਸੀਂ ਭੂਆ ਦੇ ਘਰ ਆਉਣ-ਜਾਣ ਲੱਗ ਪਏ ਸਾਂ। ਗਲੀ ਵਿਚੋਂ ਲੰਘਦੇ, ਮੰਜੀਆਂ 'ਤੇ ਬੈਠੀਆਂ ਗੱਲਾਂ ਮਾਰਦੀਆਂ ਔਰਤਾਂ ਮਾਂ ਨੂੰ ਵੇਖ ਹੋਠ ਕੰਨ ਜੋੜ ਲੈਂਦੀਆਂ। ਖੌਰੇ! ਕੰਨਸੋਆਂ ਕਿਵੇਂ ਹਵਾ ਦੇ ਕੰਧਾੜੇ ਚੜ੍ਹ ਹਰ ਥਾਂ ਮਨੁੱਖ ਨਾਲ-ਨਾਲ ਹੀ ਪਹੁੰਚ ਜਾਂਦੀਆਂ ਨੇ। "ਉਧਲੀ ਹੋਈ ਰੰਨ ਵੇਖੋ ਤਾਂ ਸਈ ਆਪ ਪਰੀ ਦੀ ਪਰੀ ਤੇ ਲਾਲਾ ਤਾਂ ਉਸ ਦਾ ਨੌਕਰ ਲਗਦੈ, ਕੀ ਵੇਖ ਕੇ ਨੱਸੀ ਏ? ਇਹ ਜਿਹੜੀ ਨਵੀਂ ਸਹੇਲੀ ਏ, ਕੋਈ ਉਸੀ ਵਾਂਗ ਨੱਸ ਕੇ ਆਈ ਲੱਗਦੀ ਏ, ਕਿਵੇਂ ਮੋਢੇ ਜੋੜ ਕੇ ਟੁਰਦੇ ਨੇ, ਰੰਨ ਖਸਮ।" ਭੂਆ ਤਾਂ ਕਦੀ ਗਲੀ ਵਿਚ ਨਹੀਂ ਸੀ ਬੈਠੀ। ਸ਼ਾਇਦ ਗਲੀ ਦੀਆਂ ਔਰਤਾਂ ਉਸ ਨਾਲ ਬੋਲਦੀਆਂ ਹੀ ਨਹੀਂ ਸਨ। ਵੇਖ ਕੇ ਪਿੱਠ ਮੋੜ ਲੈਂਦੀਆਂ।

ਭਾਪਾ ਜੀ ਦੀ ਬਦਲੀ ਕਲਕੱਤਾ ਹੋ ਗਈ। ਭਾਰਤ ਦੇ ਧੁਰ ਪੱਛਮ ਦੇ ਸ਼ਹਿਰ ਤੋਂ ਧੁਰ ਪੂਰਬ ਦੇ ਵੱਡੇ ਸ਼ਹਿਰ, ਕਦੇ-ਕਦਾਈਂ ਹੀ ਭੂਆ ਦੀ ਸੁਖ ਪਹੁੰਚਦੀ ਸੀ।

ਕਈ ਦਹਾਕਿਆਂ ਬਾਅਦ ਪਠਾਣੀ ਭੂਆ ਮਿਲੀ ਸੀ। ਸੁਖ-ਸਾਂਦ ਪੁੱਛਦੇ ਟੁਰ ਜਾਣ ਵਾਲਿਆਂ ਦਾ ਸੁਣ ਕੇ ਰੋ ਪਈ। "ਹਿਕ ਮਨੂੰ ਨਹੀਂ ਚੁਕਦਾ ਖੁਦਾ... ਪਾਪ ਕੀਤਵੇਨ ਨਾ ਪਾਪ, ਮਾਂ-ਪਿਉ ਗਮ

*(ਬਾਕੀ ਅਗਲੇ ਸਫੇ 'ਤੇ)*

ਨਾਲ ਮਰ ਗਏ ਹੋਸਨ, ਭਰਾ ਨਮੋਸ਼ੀ ਨਾਲ ਮੂੰਹ ਬਾਹਰ ਨ ਕਢਦੇ ਹੋਸਨ... ਮੂੰਹ ਕਾਲਾ ਕੀਤਾ ਆਇਆ ਨਾ ਮੈਂ, ਨੱਕ ਕਟਿਆ ਆਇਆ ਨਾ ਖਾਨਦਾਨ ਦਾ।"

"ਸਾਹ ਤਾਂ ਪੂਰੇ ਕਰਨੇ ਨਾ ਭੂਆ ਜੀ!" ਮੈਂ ਕਿਹਾ।

"ਹਾਂ ਬੱਚੜੇ ਇਸ ਜ਼ਮੀਨ ਦਾ ਮੋਹ, ਇਸ ਦੀ ਗੋਦ ਦੀ ਤੜਫ ਆਪਣੇ ਮੁਲਕ ਦੀ ਠੰਡੀ ਹਵਾ ਦੀ ਸਿਕ ਮੇਰੀ ਉਮਰ ਨੂੰ ਮੁਕਾਂਦੀ ਪਈ। ਡਾਢੀ ਤੜਫਦੀ ਆਈਓਂ ਇਥੇ ਆਣ ਵਾਸਤੇ, ਆਪਣੇ ਮੁਲਕ ਵੱਲੋਂ ਆਂਦੀ ਹਵਾ 'ਚ ਸਾਹ ਭਰਨ।" ਉਸ ਨੇ ਇਕ ਲੰਮਾ ਸਾਹ ਲਿਆ ਜਿਵੇਂ ਸਾਰੀ ਹਵਾ ਆਪਣੇ ਅੰਦਰ ਭਰ ਲਈ ਹੋਵੇ।

"ਸਤਨਾਮ ਦੇ ਤਰਲੇ ਕੀਤੇ, ਇਹ ਉਮਰ ਤਾਂ ਨਾ ਘਰੋਂ ਨਿਕਲਣ ਦੀ...।"

ਮੈਂ ਭੂਆ ਦਾ ਹੱਥ ਫੜ ਲਿਆ ਤੇ ਗੱਲਾਂ ਕਰਦੀਆਂ ਅਸੀਂ ਹੌਲੀ-ਹੌਲੀ ਚੜ੍ਹਾਈ ਚੜ੍ਹਨ ਲੱਗੀਆਂ।

ਦੋ ਜੁਆਨ ਕੁੜੀਆਂ ਹੱਸਦੀਆਂ ਗੁਟਕਦੀਆਂ ਪਸ਼ਤੋ ਬੋਲਦੀਆਂ ਪਹਾੜੀ ਤੋਂ ਉਤਰਦੀਆਂ ਸਾਡੇ ਕੋਲੋਂ ਲੰਘੀਆਂ। ਉਨ੍ਹਾਂ ਨੂੰ ਵੇਖ ਭੂਆ ਦਾ ਚਿਹਰਾ ਖਿੜ ਗਿਆ। ਚੜ੍ਹਦੇ ਸੂਰਜ ਦੀ ਗੁੱਠ ਦੀ ਲਾਲੀ ਸਾਰੀ ਦੀ ਸਾਰੀ ਉਸ ਦੇ ਚਿਹਰੇ 'ਤੇ ਸਿਮਟ ਗਈ। ਕੁੜੀਆਂ ਦੋਹੇਂ ਉਚੀਆਂ-ਲੰਮੀਆਂ, ਗੋਰੀਆਂ-ਚਿਟੀਆਂ, ਗੋਲ ਚਿਹਰੇ, ਮੋਢਿਆਂ 'ਤੇ ਪਲਮਦੀਆਂ ਲੰਮੀਆਂ ਮੇਢੀਆਂ ਤੇ ਮੱਥੇ ਤੀਕ ਮੋਟੇ ਭੋਛਣਾਂ ਨਾਲ ਢਕੇ ਸਿਰ।

ਭੂਆ ਅਚਾਨਕ ਉਚੀ ਅਵਾਜ਼ 'ਚ ਬੋਲੀ, "ਏ ਕਾਕੀ, ਸੰਘਾ ਚਲ ਦੇ? ਖਬਰਾ ਵਹੁਰਾ।" (ਏ ਕੁੜੀਏ, ਤੇਰਾ ਕੀ ਹਾਲ ਏ, ਮੇਰੀ ਗੱਲ ਸੁਣ)

ਉਹ ਦੋਹੇਂ ਸ਼ਰਮਾਉਂਦੀਆਂ ਉਥੇ ਹੀ ਖਲੋ ਗਈਆਂ ਤੇ ਸਾਡੇ ਮੂੰਹਾਂ ਵੱਲ ਵੇਖਣ ਲੱਗ ਪਈਆਂ। "ਕਮਜ਼ੇ ਨਾ ਰਾਗਲੇ?" (ਕਿੱਥੋਂ ਆਈਆਂ ਹੋ?)

"ਸਵਾਤ।" ਉਹ ਪਸ਼ਤੋ ਬੋਲਦੀ ਭੂਆ ਨੂੰ ਹੈਰਾਨੀ ਨਾਲ ਵੇਖਣ ਲੱਗੀਆਂ।

"ਕੰਮ ਕੁਸਾ ਕੇ ਹੁਸੇ ਗੇ?" (ਕਿਹੜੀ ਗਲੀ ਰਹਿੰਦੀਆਂ ਹੋ)

"ਸ਼ਾਂਤੇ ਗੇਟ ਗਲੀ।" (ਵੱਡੇ ਗੇਟ ਵਾਲੀ ਗਲੀ) ਉਨ੍ਹਾਂ ਸ਼ਰਮਾਉਂਦਿਆਂ ਕਿਹਾ।

ਭੂਆ ਦੀਆਂ ਅੱਖਾਂ ਭਰ ਆਈਆਂ। ਇਕ ਠੰਢਾ ਹਉਕਾ ਉਸ ਅੰਦਰ ਹੀ ਦੱਬਿਆ।

ਫੇਰ ਸਾਰਾ ਕੁਝ ਪੁੱਛਦੀ ਇਕ ਕੁੜੀ ਨੂੰ ਸਿਰ ਤੋਂ ਪੈਰਾਂ ਤੀਕ ਘੜੀ-ਮੁੜੀ ਨਿਹਾਰਦੀ ਜਿਵੇਂ ਪਛਾਣ ਰਹੀ ਹੋਵੇ।

"ਪਲਾਰ ਨੂੰਮ ਦੇ ਸਦੇ।"

"ਤੇਰੇ ਪਿਉ ਦਾ ਕੇ ਨਾਂ ਵੇ?"

"ਲਾਲ ਚੰਦ।"

"ਹੱਲਾ...ਅ।"

ਭੂਆ ਇਤਨੀ ਭਾਵੁਕ ਹੋ ਗਈ ਕਿ ਉਸ ਦਾ ਗਲਾ ਭਰ ਗਿਆ। ਆਵਾਜ਼ ਭਾਰੀ ਹੋ ਗਈ। ਅੱਖਾਂ ਦੇ ਕੋਇਆਂ ਤੋਂ ਲਹਿਰਾਂ ਛਲਕਣ ਲੱਗੀਆਂ। ਸੋਟੀ ਵਾਲਾ ਹੱਥ ਕੰਬਣ ਲੱਗ ਪਿਆ।

"ਤੇਰੀ ਦਾਦੀ ਦਾ ਨਾਂ ਰਾਜ ਰਾਣੀ ਏ?" ਭੂਆ ਨੇ ਉਸੇ ਕੁੜੀ ਨੂੰ ਸਿਰ ਤੋਂ ਪੈਰਾਂ ਤੀਕ ਵੇਖਦੇ ਪਸ਼ਤੋ ਵਿਚ ਹੀ ਪੁੱਛਿਆ। ਆਪਣੀ ਉਮਰ ਨਾਲ ਅੰਦਾਜ਼ਾ ਜਿਹਾ ਹੀ ਲਾਇਆ।

"ਹਾਓ।"

"ਵਹੀ! ਸਦਕੇ! ਕੁਰਬਾਨ! ਤੇ ਉਸ ਕੁੜੀ ਨੂੰ ਆਪਣੀਆਂ ਬਾਹਾਂ ਵਿਚ ਕਸ ਲਿਆ। "ਹੂ-ਬ-ਹੂ ਨਿਰਾ ਦਾਦੀ ਦਾ ਰੂਪ।"

ਕੁੜੀ ਹੈਰਾਨ-ਪ੍ਰੇਸ਼ਾਨ।

"ਲੋਹੇ ਦੇ ਗੇਟ ਵਾਲਾ ਵੱਡਾ ਘਰ ਉਂਜ ਹੀ ਏ?" ਭੂਆ ਜਿਵੇਂ ਉਸ ਘਰ ਦੇ ਵਿਹੜੇ 'ਚ ਘੁੰਮ ਆਈ ਹੋਵੇ।

"ਅਖਤਰ ਦਾ ਘਰ?"

"ਹਾਓ।"

ਭੂਆ ਨੇ ਮੇਰੇ ਵੱਲ ਮੂੰਹ ਕਰ ਕੇ ਕਿਹਾ, "ਮੇਰੇ ਭਰਾ ਦੀ ਪੋਤਰੀ ਦਾ ਨਾਂ ਹੋਣਾ ਏ 'ਅਖਤਰ'। ਤੇ ਉਸ ਦੀਆਂ ਅੱਖਾਂ 'ਚੋਂ ਪਾਣੀ ਬਾਹਰ ਛਲਕ ਪਿਆ।

"ਹੁਣ ਵੀ ਬਦਾਮ, ਖੁਰਮਾਨੀ, ਅਨਾਰ ਦੇ ਬੂਟੇ ਵਿਹੜੇ ਵਿਚ ਲਗਦੇ ਨੇ? ਡਿਓਢੀ 'ਤੇ ਉਂਜ ਹੀ ਅੰਗੂਰਾਂ ਦੀ ਛੱਤ ਏ, ਬਦਾਨਾ ਅੰਗੂਰ, ਪੋਟੇ ਤੋਂ ਵੀ ਲੰਮਾ ਤੇ ਮਿੱਠਾ।"

ਕੁੜੀਆਂ ਜਾਣ ਦੀ ਕਾਹਲ ਵਿਚ "ਹਾਓ, ਹਾਓ" ਕਰਦੀਆਂ ਟੁਰਨ ਲੱਗੀਆਂ।

"ਸੁਣ ਕਾਕੀ।" ਭੂਆ ਨੇ ਫਿਰ ਹਾਕ ਮਾਰੀ। "ਮੈਂ ਤੇਰੀ ਦਾਦੀ ਰਾਜ ਰਾਣੀ ਦੀ ਸਹੇਲੀ ਆਂ, 'ਬਹਾਰਾਂ', ਵੱਡੇ ਗੇਟ ਵਾਲੇ ਖਾਨ ਦੀ ਧੀ। ਉਸ ਨੂੰ ਕਹੀਂ 'ਬਹਾਰਾਂ' ਤੁਹਾਨੂੰ ਸਭ ਨੂੰ ਬੜਾ ਯਾਦ ਕਰਦੀ ਆਹੀ, ਹੱਲਾ।

ਉਹ ਤੇ ਮੈਂ ਵੀ ਇਸੀ ਤਰ੍ਹਾਂ 'ਕੱਠੀਆਂ ਰਹਿੰਨੀਆਂ ਆਈਆਂ, ਡਾਢਾ ਗੂਹੜ ਆਇਆ ਸਾਡਾ।" ਉਹ ਪਸ਼ਤੋ ਵਿਚ ਬੋਲਦੀ ਰਹੀ, ਮੈਂ ਹੈਰਾਨ ਉਸ ਨੂੰ ਨਿਹਾਰਦੀ ਰਹੀ।

"ਉਹ ਅੱਲਾਹ ਕੋਲ ਚਲੀ ਗਈ ਏ।"

"ਹੇ ਪਰਵਰਦਗਾਰ, ਜਹਨਤ ਨਸੀਬ ਹੋਵਸ।"

"ਮੇਰੇ ਗੇਟ ਦੀ ਮੁਹਾਠ 'ਤੇ ਮੇਰੇ ਵੱਲੋਂ ਸਜਦਾ ਕਰੀਂ। ਹੱਲਾ ਪੁੱਤਰ।"

'ਹਾਓ-ਹਾਓ' ਕਹਿੰਦੀਆਂ ਕੁੜੀਆਂ ਤੇਜ਼ ਕਦਮਾਂ ਨਾਲ ਪਹਾੜੀ ਉਤਰ ਗਈਆਂ। ਭੂਆ ਨੇ ਅਸਮਾਨ ਵੱਲ ਹੱਥ ਚੁੱਕੇ। ਸੋਟੀ ਉਸ ਦੇ ਢਿੱਡ ਨਾਲ ਜਾ ਲੱਗੀ। ਭੂਆ ਨੇ ਲੰਮਾ ਸਾਹ ਭਰਿਆ, "ਹੇ ਪਰਵਰਦਗਾਰ, ਨਾਨਕ ਸ਼ਾਹ, ਪੀਰ ਵਲੀ ਕੰਧਾਰੀ ਹੁਣ ਚੁੱਕ ਲੈ। ਇਸ ਜ਼ਮੀਨ ਨੂੰ ਚੁੰਮਣ ਦਾ ਅਰਮਾਨ ਆਇਆ, ਸੁਣ ਲੈ ਦਾਤਾ ਅਰਜ਼ੋਈ।"

ਮੈਂ ਵੀ ਖਲੋਤੀ ਹੋਈ ਸਾਂ। ਧੁੱਪ ਵੀ ਚਮਕੀਲੀ ਸੀ, ਪਰ ਛਾਂ ਵਾਲੀ ਥਾਂ ਹਵਾ ਠੰਢੀ ਲੱਗਦੀ ਸੀ।

"ਤੂੰ ਜਾਹ ਪੁੱਤਰ, ਜ਼ਿਆਰਤ ਕਰ ਆ। ਮੈਂ ਤਾਂ ਹੁਣ ਥੋੜ੍ਹਾ ਆਰਾਮ ਕਰ ਕੇ ਚੜ੍ਹਸਾਂ। ਲੱਤਾਂ 'ਚ ਸਾਹ ਸਤ ਹੀ ਨੀਂ ਰਿਹਾ, ਥਕ ਗਈ ਆਂ, ਵਲੀ ਪੀਰ ਦੀ ਜ਼ਿਆਰਤ ਹੋ ਜਾਵੇ, ਸ਼ਾਮੀਂ ਵਾਪਸ ਜਾਣੈ।"

ਭੂਆ ਦੇ ਠਹਿਰਨ ਦਾ ਟਿਕਾਣਾ, ਕਮਰਾ ਪੁੱਛ ਮੈਂ ਤੇਜ਼-ਤੇਜ਼ ਕਦਮਾਂ ਨਾਲ ਚੜ੍ਹਾਈ ਚੜ੍ਹ ਗਈ। ਟੀਸੀ 'ਤੇ ਨਿੱਕਾ ਜਿਹਾ ਕਮਰਾ। ਮੈਂ ਚੁਤਰਫੀਂ ਘੁੰਮ ਕੇ ਸਾਰਾ ਹਸਨ ਅਬਦਾਲ, ਪੰਜਾ ਸਾਹਿਬ ਗੁਰਦੁਆਰਾ ਵੇਖਿਆ। ਫੇਰ ਕਦੇ ਪੰਜਾ ਸਾਹਿਬ ਦੇ ਦਰਸ਼ਨ ਹੋਣ ਕਿ ਨਾ; ਤੇ ਮੈਂ ਉਸ ਕਮਰੇ ਵਿਚ ਜਾ ਬੈਠੀ ਜਿੱਥੇ ਕੰਧਾਰ ਤੋਂ ਆਇਆ ਪੀਰ ਵਲੀ ਤਪੱਸਿਆ ਕਰਦਾ ਸੀ।

ਆਸੇ-ਪਾਸੇ ਵੇਖਿਆ ਭੂਆ ਹਾਲੀ ਤੀਕ ਨਹੀਂ ਸੀ ਪੁੱਜੀ।

ਮੈਂ ਦੌੜਦੀ-ਦੌੜਦੀ ਹੇਠਾਂ ਉਤਰਨ ਲੱਗੀ। ਹਾਲੀਂ ਥੋੜ੍ਹੀ ਉਤਰਾਈ ਹੀ ਉਤਰੀ ਸਾਂ ਕਿ ਇਕ ਥਾਂ ਵੀਹ-ਪੰਝੀ ਔਰਤਾਂ ਮਰਦ ਇਕੱਠੇ ਖੜੋਤੇ ਸਨ।

"ਕੀ ਹੋਇਆ ਏ?" ਮੈਂ ਝੁੰਡ ਵਿਚੋਂ ਨਿਕਲਦੇ ਇਕ ਆਦਮੀ ਨੂੰ ਪੁੱਛਿਆ।

"ਇਕ ਬਜ਼ੁਰਗ ਔਰਤ ਏ, ਇਧਰ ਪਠਾਣੀ ਇਲਾਕੇ ਦੀ ਲਗਦੀ ਏ, ਇਹ ਲੋਕ ਤਾਂ ਗੁਰੂ ਘਰਾਂ ਦੇ ਬਹੁਤ ਸ਼ਰਧਾਲੂ ਹੁੰਦੇ ਨੇ, ਇਸ ਉਮਰ ਵਿਚ ਵਲੀ ਕੰਧਾਰੀ ਪਹਾੜੀ ਚੜ੍ਹਦੀ ਮਰ ਗਈ ਏ, ਦੋ ਬੰਦੇ ਗਏ ਨੇ ਗੁਰਦੁਆਰੇ ਖਬਰ ਕਰਨ।"

ਮੇਰਾ ਮੱਥਾ ਠਣਕਿਆ। ਜਿਸਮ ਵਿਚ ਪਸੀਨੇ ਦੀਆਂ ਧਤੀਰੀਆਂ ਵਗ ਤੁਰੀਆਂ। ਮੈਂ ਅੱਗੇ ਹੋ ਕੇ ਵੇਖਿਆ। ਮੱਥੇ ਤੀਕ ਕੱਜਿਆ ਸਿਰ, ਠੋਡੀ ਉਤੇ ਖੁਣੇ ਹੋਏ ਤਿਲ, ਇਹ ਪਠਾਣੀ ਭੂਆ ਹੀ ਸੀ। ਮੇਰੀ ਚੀਕ ਨਿਕਲ ਗਈ, ਇਥੇ ਹੀ ਤਾਂ ਛੱਡ ਕੇ ਮੈਂ ਗਈ ਸਾਂ ਇਸ ਨੂੰ। ਉਹ ਇਕ ਕਦਮ ਵੀ ਅੱਗੇ ਨਹੀਂ ਟੁਰੀ।

ਲੋਕਾਂ ਦੀਆਂ ਗੱਲਾਂ, "ਕਾਲ ਦਾ ਕੋਈ ਪਤਾ ਨਹੀਂ ਹੁੰਦੈ ਕਿਸ ਵੇਲੇ ਕਿਸ ਥਾਂ ਆਉਣਾ ਏ?"

"ਨਸੀਬਾਂ ਵਾਲੀ ਯਾਤਰਾ ਸੰਪੂਰਨ ਹੋਈ।"

"ਬੰਦਾ ਆਪ ਹੀ ਟੁਰ ਕੇ ਆਂਦੈ ਉਸ ਜ਼ਮੀਨ 'ਤੇ ਜਿੱਥੋਂ ਦੀ ਮਿੱਟੀ ਲੈਣੀ ਲਿਖੀ ਹੁੰਦੀ ਏ।"

ਪੁਲਿਸ, ਸੇਵਾਦਾਰ, ਲੋਕ, ਜਥੇਦਾਰ ਵਲੀ ਕੰਧਾਰੀ ਦੌੜਦੇ ਚੜ੍ਹੇ। ਕਰੜ ਬਰੜੀ ਦਾਹੜੀ ਵਾਲਾ ਇਕ ਸਰਦਾਰ ਭੂਆ ਦੇ ਮੱਥੇ ਕੋਲ ਡਿੱਗ ਜਿਹਾ ਪਿਆ। ਮੈਂ ਸਮਝ ਗਈ ਇਹੀ ਸਤਨਾਮ ਹੈ, ਉਸ ਦਾ ਪੁੱਤਰ। "ਹਾਏ, ਮੈਂ ਤਾਂ ਉਂਜ ਹੀ ਗੇਟ 'ਤੇ ਖਲੋਤਾ ਉਡੀਕਦਾ ਪਿਆ ਸਾਂ, ਮਨਾ ਵੀ ਕੀਤਾ, ਮਾਂ ਮੈਂ ਨੂੰ ਚੜ੍ਹ ਸਕਦਾ ਗੋਡੇ ਦੁਖਦੇਨ, ਤੇ ਤੂੰ...? ਜ਼ਿਦ ਹੀ ਪਕੜ ਲਈ, ਖੈਰੇ! ਮੈਂ ਸੰਗਤ ਨਾਲ ਚੜ੍ਹ ਜਾਸਾਂ।"

ਹੁਣ ਸੇਵਾਦਾਰਾਂ, ਲੋਕਾਂ ਵਿਚ ਮਾਤਾ ਦੇ ਸਸਕਾਰ ਦੀ ਗੱਲ ਹੋਣ ਲੱਗੀ। "ਇਥੇ ਹੀ ਕਰ ਦੇਈਏ ਮਾਤਾ ਦਾ ਸਸਕਾਰ।"

"ਹਾਂ, ਸਸਕਾਰ ਕੀ ਤੇ ਦਫਨ ਕੀ? ਕੀ ਫਰਕ ਪੈਂਦੈ, ਇਥੇ ਇਸੀ ਮਿੱਟੀ ਵਿਚ ਮਾਂ ਨੂੰ ਦਫਨ ਕਰ ਦੇਈਏ।" ਸਤਨਾਮ ਨੇ ਭਰੇ ਹੋਏ ਗਲੇ ਨਾਲ ਕਿਹਾ ਤੇ ਮਾਂ ਦੇ ਸਿਰ ਉਤੇ ਸਿਰ ਰੱਖ ਕੇ ਰੋਣ ਲੱਗਾ।

ਲੋਕ ਹੈਰਾਨ ਸਤਨਾਮ ਦਾ ਮੂੰਹ ਵੇਖਣ ਲੱਗ ਪਏ। "ਸੰਗਤ ਵਿਚ ਵਾਵੇਲਾ ਨਾ ਖੜ੍ਹਾ ਹੋ ਜਾਏ... ਸਿੱਖ ਤੇ ਦਫਨ!" ਜਥੇਦਾਰ ਨੇ ਕਿਹਾ।

"ਧਰਮ ਦੇ ਠੱਪੇ ਮਨੁੱਖ ਹੀ ਲਾਉਂਦੇ ਨਾ, ਮਰਨ ਤੋਂ ਬਾਅਦ ਮਿੱਟੀ ਦਾ ਕੀ ਧਰਮ ਹੁੰਦੈ? ਅਗਨ ਭੇਟ ਕਰੋ ਜਾਂ ਧਰਤੀ ਭੇਟਾ।" ਸਤਨਾਮ ਦੀ ਅਵਾਜ਼ ਜਿਵੇਂ ਕਿਸੇ ਸ਼ਾਂਤ ਸਮੁੰਦਰ ਦੀ ਲਹਿਰ ਵਿਚ ਗੁਆਚ ਗਈ। ਉਸ ਦੇ ਚਿਹਰੇ 'ਤੇ ਆਤਮਕ ਸੰਤੁਸ਼ਟੀ ਦੀਆਂ ਰੇਖਾਵਾਂ ਉਭਰ ਆਈਆਂ। "ਖੌਰੇ! ਮਾਂ ਇਸੇ ਧਰਤੀ ਵਿਚ ਦਫਨ ਹੋਣ ਦੀ ਜ਼ਿਦ ਕਰ ਕੇ ਆਈ ਸੀ।"

ਸ਼ਾਮ ਪੈ ਰਹੀ ਸੀ। ਲੋਕ ਸਟੇਸ਼ਨ ਵੱਲ ਟੁਰ ਪਏ ਸਨ। ਭੂਆ ਦੀ ਕਬਰ ਖੋਦੀ ਗਈ। ਭੂਆ ਨੂੰ ਕਬਰ ਵਿਚ ਲਿਟਾਇਆ ਗਿਆ। ਮੌਲਵੀ ਨੇ "ਤੌਬਾ ਅਸਤਖਫਾਰ" ਲਈ ਆਕਾਸ਼ ਵੱਲ ਹਥੇਲੀਆਂ ਚੁੱਕੀਆਂ ਤੇ ਉਚੀ ਅਵਾਜ਼ ਵਿਚ 'ਇਨਲਾਏ ਵਿਇਨਾ ਅਲਾਹੇ ਰਾਜ ਉਨ' ਬੋਲਿਆ।

ਜਪੁਜੀ ਸਾਹਿਬ ਦਾ ਪਾਠ ਸਮਾਪਤ ਹੋਇਆ। ਮਾਤਾ ਨੂੰ ਚਰਨਾਂ ਵਿਚ ਸਥਾਨ ਬਖਸ਼ਣ ਲਈ ਅਰਦਾਸ ਹੋਈ। ਭੂਆ ਨੂੰ ਕਬਰ ਵਿਚ ਲਿਟਾਇਆ ਗਿਆ। ਮੈਨੂੰ ਭੂਆ ਦੀ ਠੋਡੀ ਦੇ ਖੁਣੇ ਹੋਏ ਤਿਲ ਹੋਰ ਗੂੜ੍ਹੇ ਲੱਗੇ, ਚਿੱਟੇ ਸੰਧੂਰੀ ਚਿਹਰੇ 'ਤੇ ਖੁਣੇ ਗੂੜ੍ਹੇ ਨੀਲੇ ਰੰਗ ਦੇ ਤਿਲ। ਲੋਕਾਂ ਨੇ ਮੁੱਠਾਂ ਭਰ ਕੇ ਮਿੱਟੀ ਕਬਰ ਵਿਚ ਸੁੱਟੀ।

ਮੈਂ ਵੀ ਦੋਹੇਂ ਮੁੱਠਾਂ ਭਰ ਕਬਰ ਵਿਚ ਮਿੱਟੀ ਸੁੱਟੀ।

ਹੁਣ ਸਟੇਸ਼ਨ ਵੱਲ ਦੌੜਨ ਦੀ ਕਾਹਲ ਸੀ। ਵੇਖਿਆ ਹਸਨ ਅਬਦਾਲ ਸਟੇਸ਼ਨ ਦੇ ਬੈਂਚ 'ਤੇ ਮੇਰੇ ਨਾਲ ਗੱਡੀ 'ਚ ਬੈਠੇ ਬਜ਼ੁਰਗ ਬਾਬਾ ਜੀ ਬੰਦ ਅਟੈਚੀ 'ਤੇ ਬਾਂਹ ਟਿਕਾਈ ਆਰਾਮ ਨਾਲ ਬੈਠੇ ਸਨ। ਮੈਂ ਉਨ੍ਹਾਂ ਨੂੰ ਪੰਜਾ ਸਾਹਿਬ ਕਿਧਰੇ ਨਹੀਂ ਸੀ ਵੇਖਿਆ। ਸ਼ਾਇਦ ਮੱਥਾ ਟੇਕ, ਦਰਸ਼ਨ ਕਰ, ਇਸ਼ਨਾਨ ਕਰ ਦੋ ਦਿਨਾਂ ਤੋਂ ਇਥੇ ਇਸੇ ਬੈਂਚ 'ਤੇ ਹੀ ਹਸਨ ਅਬਦਾਲ ਦੇ ਸਟੇਸ਼ਨ 'ਤੇ ਬੈਠੇ ਆਪਣੀ ਯਾਦ ਦੀ ਜ਼ਿਆਰਤ ਕਰਦੇ ਰਹੇ ਸਨ।

# ਮਾਪੇ ਵਿਚਾਰੇ ਕੀ ਕਰਨ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਮਾਪੇ ਵਿਚਾਰੇ ਕੀ ਕਰਨ! ਪੱਛਮੀ ਦੇਸ਼ਾਂ 'ਚ ਪਰਵਾਸ ਤਾਂ ਆ ਕੀਤਾ, ਪਰ ਮਨ ਦੀ ਅੰਦਰੂਨੀ ਖੁਸ਼ੀ ਤੇ ਰੁਚੀਆਂ ਪੂਰੀਆਂ ਨਹੀਂ ਹੋਈਆਂ, ਜੋ ਚਿਤਵੀਆਂ ਸਨ। ਸਾਰੀ ਉਮਰ ਕੰਮ ਕਰਦਿਆਂ ਲੰਘੀ, ਓਵਰ ਟਾਈਮ ਕਰਨੋਂ ਵੀ ਸੰਕੋਚ ਨਹੀਂ ਕੀਤਾ; ਵਾਰੋ ਵਾਰੀ ਸ਼ਿਫਟਾਂ ਕਰ ਬੱਚੇ ਪਾਲੇ, ਪੜ੍ਹਾਏ ਤੇ ਵਿਆਹੇ। ਤਾਂਘ ਸੀ ਕਿ ਇਹ ਸਾਰੇ ਫਰਜ਼ ਨਿਭਾਉਣ ਉਪਰੰਤ ਉਨ੍ਹਾਂ ਦੇ ਤੇ ਅਗਾਂਹ ਉਨ੍ਹਾਂ ਦੇ ਬੱਚਿਆਂ ਦੇ ਪਿਆਰ ਤੇ ਨੇੜਤਾ ਦਾ ਨਿੱਘ ਮਾਣਨ ਦਾ ਸਦਾ ਬਹਾਰ ਸਮਾਂ ਆਏਗਾ। ਸਾਲਾਂਬੱਧੀ ਕੀਤੇ ਕੰਮ, ਝੱਲੀਆਂ ਔਖਿਆਈਆਂ, ਨਵੇਂ ਥਾਂ ਬਦਲਵੇਂ ਮਾਹੌਲ 'ਚ ਰਹਿਣ ਸਹਿਣ ਦੇ ਤੌਰ ਤਰੀਕਿਆਂ ਦੀ ਜਾਂਚ ਸਿੱਖਣਾ ਤੇ ਮਾਹੌਲ ਦੇ ਆਦੀ ਹੋਣਾ; ਨਾਲ ਹੀ ਆਪਣਾ ਤੇ ਆਪਣੇ ਪੁਰਖਿਆਂ ਦੇ ਸਦੀਆਂ ਪੁਰਾਣੇ ਰਹਿਣ ਸਹਿਣ ਦੇ ਤੌਰ ਤਰੀਕੇ ਤੇ ਵਿਰਸੇ ਦੀ ਯਾਦ ਦੀ, ਅੰਦਰ ਇਕ ਖਲਬਲੀ ਜਿਹੀ ਮਚਦੀ ਰਹਿਣ ਦਾ ਸਾਹਮਣਾ ਕਰਦੇ ਰਹਿਣਾ, ਆਪਣੇ ਆਪ 'ਚ ਇੱਕ ਵੱਖਰੀ ਜਦੋ ਜਹਿਦ ਸੀ।

ਸਮਾਂ ਬੀਤਿਆ, ਸਿਰਜੇ ਸੁਪਨਿਆਂ ਦੇ ਦਿਨ ਆਉਣ ਦਾ ਝੌਲਾ ਪੈਣ ਲੱਗਾ। ਹੱਡ ਭੰਨਵੀਂ ਕੀਤੀ ਮਿਹਨਤ ਦਾ ਫਲ ਮਿਲਣ ਲੱਗਾ। ਸਮਾਂ ਲੰਘਦਿਆਂ ਚਿਰ ਨਾ ਲੱਗਾ, ਪੈਂਤੀ ਚਾਲੀ ਸਾਲ ਦਾ ਸਮਾਂ ਅੱਖ ਝਪੱਕੇ 'ਚ ਹੀ ਲੰਘ ਗਿਆ ਲੱਗਿਆ। ਸਰੀਰ ਦੀ ਵੀ ਉਹ ਟਹਿਕ ਬਹਿਕ ਨਾ ਰਹੀ, ਜੋ ਹੋਇਆ ਕਰਦੀ ਸੀ। ਸਮੇਂ ਤੇ ਕੰਮ ਨੇ ਸਰੀਰ ਦਾ ਨਿੰਬੂ ਵਾਂਗ ਰਸ ਨਚੋੜ ਕੇ ਬੇਢਬਾ ਰੂਪ ਬਣਾ ਦਿੱਤਾ। ਲਗਾਤਾਰ ਕੰਮ ਦੀ ਮਾਰ ਤੇ ਉਮਰ ਦੇ ਤਕਾਜ਼ੇ ਨੇ ਕਈ ਨਿੱਕੇ ਮੋਟੇ ਰੋਗਾਂ ਨੂੰ ਵੀ ਸਰੀਰ ਦੁਆਲੇ ਭਿਣਕਣ ਲਾ ਦਿੱਤਾ; ਮਨ 'ਚ ਚੜ੍ਹਦੇ-ਉਤਰਦੇ ਚੰਗੇ ਮਾੜੇ ਪ੍ਰਭਾਵਾਂ ਨੇ ਸਰੀਰ ਨੂੰ ਹੋਰ ਭੀ ਪਿੰਜਣੀ ਥਾਂਈਂ ਪਿੰਜ ਦਿੱਤਾ। ਵਿਚਾਰਾ ਭੰਜਿਆ, ਟੁੱਟਿਆ, ਝੰਬਿਆ ਸਰੀਰ ਹੁਣ ਇਸ ਆਸ ਦੇ ਮਲਟੀ-ਵਿਟਾਮਿਨਾਂ ਰੂਪੀ ਦਵਾਈ ਦੇ ਸੁਪਨਿਆਂ ਦੀ ਭਾਕ ਕਿ ਉਨ੍ਹਾਂ ਦੀ ਔਲਾਦ ਹੁਣ ਉਨ੍ਹਾਂ ਦੀ ਕੀਤੀ ਘਾਲਣਾ ਤੇ ਉਨ੍ਹਾਂ ਲਈ ਬਣਾਈ ਸੁੱਖ ਸੁਵਿਧਾ ਦਾ ਮੁੱਲ ਪਾ, ਉਨ੍ਹਾਂ ਦੇ ਹੁਣ ਤੱਕ ਦੇ ਸਿਰਜੇ ਸੁਪਨਿਆਂ ਦਾ ਸੰਪੂਰਨ ਸਬਜ਼ਬਾਗ ਦਿਖਾਉਣਗੇ।

ਸਾਲਾਂਬੱਧੀ ਮਨਾਂ ਅੰਦਰ ਇਹ ਖਿਆਲ ਉਪਜਦੇ ਜਮਾਂ ਹੁੰਦੇ, ਮਨ ਦੇ ਅੰਦਰ ਪਰਤ ਦਰ ਪਰਤ ਸਾਂਭ ਹੁੰਦੇ ਰਹੇ। ਇਨ੍ਹਾਂ ਸਾਂਭ ਸੰਭਾਲ ਹੋ ਰਹੇ ਤਰ੍ਹਾਂ ਤਰ੍ਹਾਂ ਦੇ ਸਬਜ਼ਬਾਗਾਂ ਦੇ ਸੁਪਨਿਆਂ ਦਾ ਅਗਲੀ ਪੀੜ੍ਹੀ ਨੂੰ ਨਾ ਤਾਂ ਕੋਈ ਇਲਮ ਸੀ ਅਤੇ ਨਾ ਹੀ ਉਨ੍ਹਾਂ ਅੰਦਰ ਇਨ੍ਹਾਂ ਦੀ ਮਹੱਤਤਾ ਤੇ ਕੀਮਤ ਦਾ ਕੋਈ ਅਨੁਭਵ। ਇਹ ਮਾਪਿਆਂ ਦੇ ਨਿਰੇ ਖਿਆਲੀ ਪਲਾਉ ਸਨ। ਆਪਣਾ ਦੇਸ਼ ਛੱਡਣ ਲੱਗਿਆਂ ਨਾਲ ਲਿਆਂਦੇ ਖਿਆਲ, ਰੀਤੀ ਰਿਵਾਜ਼, ਸਮਾਜਕ ਭਾਈਚਾਰਕ ਮਿਲਵਰਤੋਂ ਤੇ ਹੋਰ ਬੇਅੰਤ ਕਿਸਮ ਦੇ ਸਿਰਜੇ ਸੁਫਨੇ ਤਾਂ ਉਥੋਂ ਆਉਣ ਵਾਲਿਆਂ ਦੇ ਹੱਡਾਂ 'ਚ ਰਚੇ ਹੋਏ ਸਨ। ਪੱਛਮੀ ਸਮਾਜ 'ਚ ਜੰਮੀ ਅਗਲੀ ਪੀੜ੍ਹੀ ਦੀਆਂ ਆਪਣੀਆਂ ਤਰਜੀਹਾਂ ਸਨ, ਜੋ ਮਾਪਿਆਂ ਨਾਲ ਉੱਕਾ ਹੀ ਸੁਮੇਲ ਨਹੀਂ ਸਨ ਖਾਂਦੀਆਂ। ਮਾਪਿਆਂ ਦਾ ਇਹ ਭਰਮ ਕਿ ਉਨ੍ਹਾਂ ਦੀ ਹੱਡ ਭੰਨਵੀਂ ਮਿਹਨਤ, ਕਮਾਇਆ ਪੈਸਾ ਧੇਲਾ, ਬੱਚਿਆਂ ਲਈ ਮੁਹੱਈਆ ਕਰਵਾਈਆਂ ਸੁੱਖ ਸਹੂਲਤਾਂ ਸਹਿਜ ਸੁਭਾ ਅਗਲੀ ਔਲਾਦ ਨੂੰ ਆਪਣੇ ਸਿਰਜੇ ਸੁਪਨੇ ਤੇ ਅੰਦਰ ਦੀਆਂ ਭਾਵਨਾਵਾਂ ਦੇ ਸਹਿਜੇ ਹੀ ਦਰਸ਼ਨ ਕਰਵਾ ਦੇਣਗੀਆਂ; ਇਹ ਉਨ੍ਹਾਂ ਦੇ ਅੰਦਰ ਸਿਰਜਿਆ ਇਕ ਸਿਰੇ ਦਾ ਭੁਲੇਖਾ ਸੀ। ਇਨ੍ਹਾਂ ਅੰਦਰ ਸਿਰਜੇ ਗਏ ਸਬਜ਼ਬਾਗਾਂ ਦੇ ਸੁਪਨਿਆਂ ਨੂੰ ਨਾ ਤਾਂ ਮਾਪੇ ਹੀ ਭੁੱਲਣ ਤੇ ਵਿਸਾਰਨ ਨੂੰ ਤਿਆਰ ਸਨ ਤੇ ਨਾ ਹੀ ਅਗਲੀ ਪੀੜ੍ਹੀ ਇਨ੍ਹਾਂ ਨੂੰ ਮਾਨਤਾ ਦੇ ਕੇ ਉਨ੍ਹਾਂ ਪ੍ਰਤੀ ਸੁਹਿਰਦ ਹੋ ਉਨ੍ਹਾਂ ਨੂੰ ਕੋਈ ਮਹੱਤਤਾ ਪ੍ਰਦਾਨ ਕਰਨ ਦੇ ਰੁਝਾਨ ਵਿਚ ਸਨ। ਇਹ ਇਕ ਵੱਡੀ ਦੁਬਿਧਾ ਦਾ ਚੌਰਾਹਾ ਹੈ, ਦੋ ਪ੍ਰਮੁੱਖ ਪੀੜ੍ਹੀਆਂ ਦੇ ਦੋ ਵੱਖੋ ਵੱਖਰੇ ਰਾਹ ਹਨ।

ਚੌਰਾਹੇ 'ਤੇ ਮਿਲਣ ਵਾਲੀਆਂ ਸੜਕਾਂ ਕਦੇ ਵੀ ਸਮਾਨੰਤਰ ਨਹੀਂ ਚੱਲ ਸਕਦੀਆਂ। ਉੱਤਰ ਤੋਂ ਦੱਖਣ ਨੂੰ ਜਾਣ ਵਾਲੀ ਤੇ ਪੂਰਬ ਤੋਂ ਪੱਛਮ ਨੂੰ ਜਾ ਰਹੀ ਸੜਕ ਦਾ ਇਕ ਖਾਸ ਥਾਂ 'ਤੇ ਮਿਲਣ ਬਿੰਦੂ ਤਾਂ ਹੈ, ਪਰ ਇਹ ਇੱਕ ਦਿਸ਼ਾ ਵਲ ਸਮਾਨੰਤਰ ਨਹੀਂ ਚੱਲ ਸਕਦੀਆਂ। ਇਹੀ ਗੱਲ ਮਾਪਿਆਂ ਤੇ ਬੱਚਿਆਂ ਦੇ ਵਿਚਾਰਾਂ ਦੇ ਸੁਮੇਲ ਦੀ ਹੈ, ਇਥੇ ਹੀ ਵਿਚਾਰਾਂ ਦਾ ਬਖੇੜਾ ਸ਼ੁਰੂ ਹੁੰਦਾ ਹੈ।

ਬੱਚੇ ਪੱਛਮ 'ਚ ਜੰਮੇ ਤੇ ਉਨ੍ਹਾਂ 'ਤੇ ਪੱਛਮ ਦੇ ਰਹਿਣ ਸਹਿਣ ਤੇ ਵਰਤ ਵਤੀਰੇ ਦਾ ਪ੍ਰਭਾਵ ਭਾਰੂ ਹੈ, ਮਾਪੇ ਪੂਰਬ 'ਚ ਪਲੇ ਤੇ ਵੱਡੇ ਹੋਏ ਤੇ ਆਉਂਦੇ ਹੋਏ ਸਾਰਾ ਪ੍ਰਭਾਵ ਲੈ ਪੱਛਮ ਆ ਵੜੇ। ਮਾਪਿਆਂ ਦੇ ਮਨਾਂ ਦੇ ਬਣੇ ਤੇ ਅਖਤਿਆਰ ਹੋਏ ਪ੍ਰਭਾਵਾਂ ਨੇ ਆਪ ਹੁਦਰੇ ਹੀ ਮਨਾਂ ਅੰਦਰ ਇਹ ਵਿਸ਼ਵਾਸ ਬਣਾ ਦਿੱਤਾ ਕਿ ਪੱਛਮ ਦੀ ਜੰਮੀ ਅਗਲੀ ਪੀੜ੍ਹੀ ਸਾਡੀ, ਸਾਡੇ ਆਪ ਮੁਹਰੇ ਬਣੇ ਪ੍ਰਭਾਵਾਂ ਤੇ ਖਾਹਿਸ਼ਾਂ ਉਤੇ ਸਹਿਜ ਸੁਭਾ ਹੀ ਫੁੱਲ ਚੜ੍ਹਾਏਗੀ। ਇਹ ਨਿਰੇ ਹਵਾਈ ਖਿਆਲ ਸਨ। ਅਸੀਂ ਖਾਸ ਕਰ ਪੰਜਾਬੀ ਲੋਕ ਵੱਡੇ ਸਾਂਝੇ ਪਰਿਵਾਰਾਂ 'ਚ ਰਹਿਣ ਦੇ ਆਦੀ ਹੋਣ ਕਾਰਨ ਇਹੀ ਧਾਰਨਾ ਬਣਾਈ ਚਲੇ ਆ ਰਹੇ ਹਾਂ ਕਿ ਪੱਛਮ 'ਚ ਸਾਡੇ ਜੰਮੇ ਬੱਚੇ ਸਾਡੀਆਂ ਧਾਰਨਾਵਾਂ ਨੂੰ ਸਹਿਜੇ ਹੀ ਪੜ੍ਹ ਪਹਿਲੀ ਪੀੜ੍ਹੀ ਵਾਂਗ ਹੀ ਸੋਚਣ ਅਤੇ ਵਿਚਰਨਗੇ। ਇਹ ਇਕ ਸੰਪੂਰਨ ਹਨੇਰੇ 'ਚ ਵਿਚਰਨ ਵਾਲੀ ਗੱਲ ਹੈ। ਆਖਰ ਨਿਰਾਸ਼ਾ ਦਾ ਦਰਿਆ ਵੀ ਇਥੋਂ ਹੀ ਵਗਣਾ ਤੇ ਕੰਢਿਆਂ ਉਪਰ ਦੀ ਉਛਲਣਾ ਸ਼ੁਰੂ ਹੁੰਦਾ ਹੈ। ਬੱਚਿਆਂ ਦੇ ਆਪਣੇ ਰਾਹ ਤਾਂ ਸਾਡੇ ਸਿਰਜੇ ਰਾਹਾਂ ਤੇ ਆਸਾਂ ਦੇ ਅਨਕੂਲ ਹੀ ਨਹੀਂ।

ਮਾਪਿਆਂ ਨੂੰ ਆਪਣੀਆਂ ਉਮੰਗਾਂ ਦੀ ਨਾਪੂਰਤੀ ਦਾ ਝਲਕਾ ਉਨ੍ਹਾਂ ਦੇ ਆਲੇ ਦੁਆਲੇ ਇਕ ਉਦਾਸੀ ਦਾ ਵਾਤਾਵਰਣ ਸਿਰਜਣਾ ਸ਼ੁਰੂ ਕਰ ਦਿੰਦਾ ਹੈ। ਮਾਪੇ ਅੰਦਰੋ ਅੰਦਰੀ ਕੁੜ੍ਹਦੇ ਹਨ, ਝੂਠੀਆਂ ਖੁਸ਼ੀਆਂ ਤੇ ਫੋਕੀਆਂ ਤਸੱਲੀਆਂ ਰੂਪੀ ਥਾਪੀ ਨਾਲ ਮਨ ਨੂੰ ਕੁਝ ਢਾਰਸ ਦੇਣਾ ਚਿਤਵਦੇ ਹਨ। ਬੱਚਿਆਂ ਨੂੰ ਛੱਡ ਵੀ ਨਹੀਂ ਸਕਦੇ ਤੇ ਨਾਲ ਚੱਲਣ ਲਈ ਵੀ ਅੰਦਰ ਉਕਸਾਹਟ ਨਹੀਂ ਪੈਦਾ ਹੁੰਦੀ, ਵਿਚ ਵਿਚਾਲੇ ਹੀ ਘੜੀਸ ਹੁੰਦੇ ਦਿਨ ਕਟੀ ਕਰਦੇ ਬੁਢੇਪੇ ਦੀ ਪੌੜੀ ਦੇ ਅਗਲੇ ਡੰਡੇ ਪੈਰ ਧਰਦੇ ਜਾਂਦੇ ਹਨ। ਮਨ 'ਚ ਮ੍ਰਿਗ ਤ੍ਰਿਸ਼ਨਾ ਦੀ ਧਾਰਨਾ ਦੀ ਗੱਡੀ ਚੜ੍ਹਦੇ ਮਨ ਦੀਆਂ ਆਸਾਂ ਦੇ ਫਲ ਨੂੰ ਬੂਰ ਪੈਣ ਦੀ ਝਾਕ ਹਾਲੇ ਵੀ ਰੱਖਦੇ ਹਨ। ਮੌਕਾ ਭਾਲਦੇ ਹਨ ਕਿ ਕਿਸੇ ਬਹਾਨੇ ਉਨ੍ਹਾਂ ਦੇ ਬੱਚੇ ਉਨ੍ਹਾਂ ਕੋਲ ਆਉਣ, ਦਿਨ-ਦਿਹਾਰ 'ਤੇ ਉਡੀਕ ਕਰਦੇ ਹਨ, ਪਾਰਟੀਆਂ ਤੇ ਡਿਨਰਾਂ ਦਾ ਅਡੰਬਰ ਰਚਦੇ ਹਨ। ਬੱਧੇ ਰੁੱਧੇ ਬੱਚੇ ਪਰਿਵਾਰਾਂ ਸਮੇਤ ਆ ਤਾਂ ਜਾਂਦੇ ਹਨ ਥੋੜ੍ਹੇ ਸਮੇਂ ਲਈ, ਇਸ ਨਾਲ ਮਾਪਿਆਂ ਅੰਦਰ ਲੱਗੀ ਝੋਰੇ ਦੀ ਤਪਸ਼ ਕੁਝ ਦੇਰ ਲਈ ਘਟ ਜਾਂਦੀ ਹੈ, ਪਰ ਸ਼ਾਂਤ ਨਹੀਂ ਹੁੰਦੀ; ਇਹ ਆਰਜ਼ੀ ਤਸੱਲੀ ਹੁੰਦੀ ਹੈ। ਬੱਚੇ ਘੜੀ ਵਲ ਹੀ ਵੇਖਦੇ ਕੁਝ ਘੰਟੇ ਬਿਤਾ ਮੁੜ ਆਪੋ ਆਪਣੇ ਘਰੀਂ ਚਲੇ ਜਾਂਦੇ ਹਨ: ਮਾਪੇ ਫਿਰ ਕੱਲਮ ਕੱਲੇ ਕੰਧਾਂ ਦੇ ਖੂੰਜਿਆਂ ਵਲ ਬਿਟਰ ਬਿਟਰ ਝਾਕਦੇ ਰਹਿ ਜਾਂਦੇ ਹਨ।

ਕਮਾਇਆ ਪੈਸਾ, ਵਧੀਆ ਬਣਾਏ ਘਰ ਤੇ ਘਰ ਦੇ ਅੰਦਰ ਬੇਅੰਤ ਪਈਆਂ ਮਹਿੰਗੀਆਂ ਸਜਾਵਟੀ ਵਸਤਾਂ ਵੀ ਖਾਣ ਨੂੰ ਆਉਂਦੀਆਂ ਹਨ। ਇਹ ਮਨ ਦਾ ਝੋਰਾ ਕਿਸੇ ਨੂੰ ਦੱਸਦੇ ਵੀ ਨਹੀਂ ਤੇ ਮੂਹਰੇ ਕੋਈ ਦੁੱਖੜਾ ਸੁਣ ਕੇ ਦੁਆ ਦਾਰੂ ਦੱਸਣ ਵਾਲਾ ਵੀ ਨਹੀਂ ਹੁੰਦਾ, ਕਿਉਂਕਿ ਜਿਸ ਕੋਲ ਦੱਸਣਾ ਹੈ, ਉਸ ਦਾ ਤਾਂ ਆਪ ਉਨ੍ਹਾਂ ਵਾਲਾ ਹੀ ਹਾਲ ਹੈ। ਸਭ ਇਕ ਦੂਜੇ ਤੋਂ ਚੋਰੀ ਕੋਠੀ 'ਚ ਮੂੰਹ ਦੇਈ ਝੂਰੀ ਜਾ ਰਹੇ ਹੁੰਦੇ ਹਨ। ਆਪਣੇ ਪ੍ਰਸ਼ਤੀ ਸੁਭਾ ਮੁਤਾਬਕ ਨਾ ਤਾਂ ਆਪਣੇ ਮਨ ਨੂੰ ਹੀ ਇਸ ਤਬਦੀਲੀ ਲਈ ਤਿਆਰ ਕਰ ਸਕੇ ਤੇ ਨਾ ਹੀ ਆਪਣੀ ਅਗਲੀ ਪੀੜ੍ਹੀ ਦੀ ਆਲੇ ਦੁਆਲੇ ਦੀ ਮਜ਼ਬੂਰੀ ਨੂੰ ਸਮਝ, ਕੋਈ ਵਿਚਲਾ ਰਾਹ ਹੀ ਅਖਤਿਆਰ ਕੀਤਾ। ਸਾਲਾਂ ਬੱਧੀ ਘਰੋਂ ਕੰਮ ਤੇ ਕੰਮ ਤੋਂ ਘਰ ਵਾਲਾ ਚੰਡੋਲ ਚੜ੍ਹੇ ਰਹਿਣ ਕਾਰਨ ਕੋਈ ਹੋਰ ਰੁਝੇਵਾਂ ਬਣਿਆ ਨਹੀਂ ਜਾਂ ਬਣਾਉਣ ਦੀ ਲੋੜ ਨਹੀਂ ਸਮਝੀ ਤੇ ਰਿਟਾਇਰ ਹੋਣ ਪਿਛੋਂ ਕੋਈ ਰੌਚਕਤਾ ਨਾ ਹੋਣ ਕਾਰਨ ਸਮਾਂ ਬਿਤਾਉਣਾ ਹੋਰ ਵੀ ਦੁੱਭਰ ਹੋ ਗਿਆ। ਪਰਵਾਸ ਕਰ ਕੇ ਆਈ ਪਹਿਲੀ ਪੀੜ੍ਹੀ ਨੂੰ ਖਾਸ ਕਰਕੇ ਇਸ ਕਸੂਤੀ ਕੁਠਾਲੀ ਵਿਚਦੀ ਵਿਚਰਨਾ ਪੈਂਦਾ ਹੈ। ਇਕੱਲ ਕਾਰਨ ਕੁੱਤਿਆਂ ਬਿੱਲੀਆਂ ਦਾ ਆਸਰਾ ਭਾਲਦੇ ਹਨ, ਜੋ ਨਿੱਘ ਤੇ ਸਕੂਨ ਬੱਚਿਆਂ ਤੇ ਅਗਾਂਹ ਉਨ੍ਹਾਂ ਦੇ ਬੱਚਿਆਂ ਨੇ ਦੇਣਾ ਸੀ, ਉਹ ਮਿਲਦਾ ਨਹੀਂ ਤੇ ਇੰਜ ਅੰਦਰ ਖਾਲੀ ਤੇ ਖੋਖਲਾ ਲਗਦਾ ਰਹਿੰਦਾ ਹੈ।

ਔਖੇ ਹੋ ਹੋ ਲਾਇਆ ਓਵਰ ਟਾਈਮ, ਬਣਾਈ ਦੌਲਤ ਜਾਇਦਾਦ ਇਕੱਲਾਪਣ ਦੂਰ ਨਹੀਂ ਕਰਦੀ। ਜਿਉਂ ਜਿਉਂ ਬੁਢੇਪਾ ਹੋਰ ਨੇੜੇ ਹੁੰਦਾ ਜਾਂਦਾ ਹੈ, ਤਿਉਂ ਤਿਉਂ ਸਰੀਰਕ ਸ਼ਕਤੀ, ਸਹਿਣਸ਼ੀਲਤਾ ਘਟਣ ਕਾਰਨ ਇਕੱਲੇਪਣ ਦਾ ਸਾਹਮਣਾ ਕਰਨ ਦੀ ਸਮਰੱਥਾ ਵੀ ਪਹਿਲਾਂ ਵਾਲੀ ਨਹੀਂ ਰਹਿੰਦੀ, ਇੰਜ ਉਦਾਸੀ ਤੇ ਨਿਰਾਸ਼ਾ ਦਾ ਆਲਮ ਹੋਰ ਭਾਰੂ ਹੁੰਦਾ ਜਾਂਦਾ ਹੈ। ਹਾਣੀ ਪਰਵਾਣੀ ਤੇ ਆਪ ਤੋਂ ਵਡੇਰੇ, ਜੋ ਕਿਸੇ ਵੇਲੇ ਮਨ ਦੀ ਡਿਗਦੀ ਕੋਠੀ ਨੂੰ ਢਾਰਸ ਦਿਆ ਕਰਦੇ ਸਨ, ਉਹ ਜਾਂ ਤਾਂ ਚੱਲ ਗਏ ਜਾਂ ਕਿਤੇ ਦੂਰ ਦੁਰਾਡੇ ਜਾ ਵਸੇ। ਭਾਵੇਂ ਸੰਚਾਰ ਸਾਧਨ ਬੇਅੰਤ ਬਣ ਗਏ ਹਨ, ਪਰ ਜਿਨ੍ਹਾਂ ਨਾਲ ਸੰਚਾਰ ਕਰਨਾ ਹੈ, ਜੇ ਉਹ ਹੀ ਨਾ ਹੋਣ ਤਾਂ ਇਹ ਸਭ ਨਵੇਂ ਸਾਧਨ ਵੀ ਕਿਸ ਕੰਮ? ਚਿੱਠੀਆਂ ਰਾਹੀਂ ਪਾਈਆਂ ਸਾਂਝਾਂ ਦਿਲਾਂ ਦਾ ਨਿਚੋੜ ਹੋਇਆ ਕਰਦੀਆਂ ਸਨ, ਹੁਣ ਉਹ ਵੀ ਗਾਇਬ; ਟੈਲੀਫੋਨ 'ਤੇ ਵੀ ਇੱਕ ਦੂਜੇ ਦੀ ਅਵਾਜ਼ ਸੁਣ ਦਿਲ ਦੀ ਭਾਫ ਕੱਢੀ ਜਾ ਸਕਦੀ ਹੈ, ਹੁਣ ਈ ਮੇਲਾਂ ਨੇ ਤਾਂ ਉਹ ਵੀ ਮਨੁੱਖੀ ਲਗਾਉ ਦਾ ਆਖਰੀ ਸਾਧਨ ਅੱਖਰਾਂ 'ਚ ਹੀ ਬਦਲ ਦਿੱਤਾ ਹੈ। ਸਾਡੀ ਸੱਤਰਵਿਆਂ ਨੂੰ ਢੁੱਕੀ ਪੀੜ੍ਹੀ 'ਚ ਬਹੁਤਿਆਂ ਨੂੰ ਇਹ ਤਕਨਾਲੋਜੀ ਰਾਸ ਵੀ ਨਹੀਂ। ਇਨ੍ਹਾਂ ਸਭ ਨਵੀਆਂ ਕਾਢਾਂ ਤੇ ਨਵੇਂ ਸਾਧਨਾਂ 'ਚ ਵੀ ਬਜ਼ੁਰਗ ਮਾਪੇ ਕੈਦ ਹੋ ਕੇ ਰਹਿ ਗਏ ਹਨ। ਸਭ ਤੋਂ ਵੱਡਾ ਦੁੱਖ ਤੇ ਝੋਰਾ ਤਾਂ ਸਾਲਾਂ ਬੱਧੀ ਮਨਾਂ 'ਚ ਬਣ ਰਹੀਆਂ ਉਮੰਗਾਂ, ਆਸਾਂ ਤੇ ਖਾਹਿਸ਼ਾਂ ਤੋਂ ਸੱਖਣੇ ਜਿਹੇ ਹੋ ਕੇ ਰਹਿ ਜਾਣ ਦਾ ਹੈ, ਜੋ ਆਪਣੇ ਬੱਚਿਆਂ ਪ੍ਰਤੀ ਪੀਜੋ ਪੀਜ ਮਨਾਂ 'ਚ ਚਿਣੀਆਂ ਹੋਈਆਂ ਸਨ। ਪੈਸਾ, ਸੁਖ ਸਹੂਲਤਾਂ ਤੇ ਹੋਰ ਸੁਵਿਧਾਵਾਂ ਹੋਣ ਦੇ ਬਾਵਜੂਦ ਮਨ ਅੰਦਰ ਇਕ ਖਾਲੀਪਣ ਦੀ ਖੋਹ ਪੈਂਦੀ ਹੈ, ਜੋ ਆਪਣੇ ਬੱਚਿਆਂ ਤੇ ਅਗਾਂਹ ਉਨ੍ਹਾਂ ਦੇ ਬੱਚਿਆਂ 'ਚ ਰਚਮਿਚ, ਰਲਮਿਲ ਤੇ ਨੇੜਤਾ 'ਚ ਰਹਿਣ ਨਾਲ ਪੂਰੀ ਹੋਣੀ ਸੀ। ਅਗਲੀ ਪੀੜ੍ਹੀ ਦੇ ਮਨ ਦੀ ਤਾਂ ਵੇਵ ਲਿੰਥ ਹੀ ਹੋਰ ਹੈ, ਜੋ ਸਮੇਂ ਦੀ ਤਬਦੀਲੀ ਦੀ ਨਿਸ਼ਾਨੀ ਹੈ ਤੇ ਇਸਦੇ ਮਾਪਿਆਂ ਨੂੰ ਇਹ ਗੱਲ ਹਜ਼ਮ ਕਰਨੀ ਔਖੀ ਹੈ; ਇਹੀ ਝੋਰਾ ਉਨ੍ਹਾਂ ਨੂੰ ਵੱਢ ਵੱਢ ਖਾਂਦਾ ਅੰਦਰ ਘੁਣ ਵਾਂਗੂੰ ਲੱਗਿਆ, ਅੰਦਰ ਦੀਆਂ ਪਰਤਾਂ ਦਾ ਆਟਾ ਬਣਾਈ ਜਾ ਰਿਹਾ ਹੈ। ਬਾਹਰੋਂ ਭਾਵੇਂ ਮਾਪੇ ਦੇਖਣ ਨੂੰ ਸਹੀ ਸਲਾਮਤ ਲਗਦੇ ਹਨ, ਜਿਵੇਂ ਘੁਣ ਖਾਧੇ ਮੰਜੇ ਦਾ ਪਾਵਾ ਅੰਦਰੋਂ ਘੁਣ ਨਾਲ ਖੋਖਲਾ ਹੋਣ ਪਿਛੋਂ ਵੀ ਬਾਹਰੋਂ ਚੰਗਾ ਭਲਾ ਤੇ ਸਾਬਤ ਸੂਰਤ ਲਗਦਾ ਹੁੰਦਾ ਹੈ। ਇਹੀ ਗੱਲ ਵਿਚਾਰੇ ਮਾਪਿਆਂ ਦੀ ਹੋ ਕੇ ਰਹਿ ਗਈ ਹੈ ਤੇ ਪਤਾ ਨਹੀਂ ਲਗਦਾ ਚੌਰਾਹੇ ਤੇ ਖੜ੍ਹੇ ਕਿਹੜੀ ਦਸ਼ਾ ਵਲ ਸੇਧ ਕਰਨ।

# ਵੱਡੇ ਵੱਡੇ ਰੇਡਰਾਂ ਨੂੰ ਡੱਕਣ ਵਾਲਾ ਰਾਵਲ ਮਾਣਕ ਢੇਰੀ

ਹੁਸ਼ਿਆਰਪੁਰ ਨੇ ਮਾਨਗੜ੍ਹੀਆ ਤੋਖੀ (ਟਾਈਗਰ) ਤੇ ਤੋਖੀ ਐਟਮ ਬੰਬ ਵਰਗੇ ਸ਼ੰਮੂ ਖਿਡਾਰੀ ਸਾਡੀ ਝੋਲੀ ਪਾਏ, ਜਿਨ੍ਹਾਂ ਦੀ ਖੇਡ ਦਾ ਦੁਨੀਆਂ ਅੱਜ ਵੀ ਲੋਹਾ ਮੰਨਦੀ ਐ। ਉਨ੍ਹਾਂ ਜਿਲੇ ਨੂੰ ਖੇਡ ਨਕਸ਼ੇ 'ਤੇ ਲਿਆ ਕੇ ਸੁਨਹਿਰੀ ਇਤਿਹਾਸ ਰਚਿਆ। ਉਨ੍ਹਾਂ ਦੀਆਂ ਗੱਲਾਂ ਪਿੰਡਾਂ ਦੀਆਂ ਸੱਥਾਂ ਤੇ ਬਾਜ਼ਾਰਾਂ ਵਿਚ ਹੁੰਦੀਆਂ। ਉਨ੍ਹਾਂ ਦੀਆਂ ਖੇਡ ਬਾਤਾਂ ਦਾ ਨੌਜਵਾਨਾਂ 'ਤੇ ਅਸਰ ਹੁੰਦਾ। ਖੂਨ ਉਬਾਲੇ ਮਾਰਨ ਲੱਗਦਾ। ਉਨ੍ਹਾਂ ਦੇ ਕਿੱਸੇ ਸੁਣ ਸੁਣ ਮਾਣਕ ਢੇਰੀ ਦੇ ਰਵਿੰਦਰ ਸਿੰਘ ਰਾਵਲ ਦਾ ਖੂਨ ਖੌਲਣ ਲੱਗਦਾ। ਉਨ੍ਹਾਂ ਦੇ ਮਾਰਗ ਦਰਸ਼ਨ 'ਤੇ ਚਲਦਿਆਂ ਰਾਵਲ ਨੇ ਤਕੜੀ ਮਿਹਨਤ ਕੀਤੀ ਅਤੇ ਜਿਲਾ ਹੁਸ਼ਿਆਰਪੁਰ ਦੀ ਕਬੱਡੀ ਦਾ ਲੱਠਾ ਨਾਇਕ ਬਣ ਕੇ ਖੇਡ ਜਗਤ ਵਿਚ ਚਮਕਿਆ ਤੇ ਜਿਲੇ ਦਾ ਨਾਂ



ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਚਮਕਾਇਆ। ਕਬੱਡੀ ਦੇ ਬੁਰਜ 'ਤੇ ਖੜ੍ਹ ਕੇ ਉਨ੍ਹੇ ਕਈ ਸਾਲ ਕਬੱਡੀ ਖੇਡੀ ਤੇ ਸ਼ੰਕਰੀਏ ਘੁੱਗੇ ਦਾ ਸਾਥੀ ਖਿਡਾਰੀ ਬਣ ਵੱਡੇ ਵੱਡੇ ਰੇਡਰਾਂ ਨੂੰ ਥੰਮਿਆ। ਪਿੰਡਾਂ ਦੇ ਸ਼ੋਅ-ਮੈਚ, ਸਟੇਟ ਲੈਵਲ, ਸਟੇਟ ਚੈਂਪੀਅਨਸ਼ਿਪਾਂ ਤੇ ਜਿਲਿਆਂ ਦੇ ਮੈਚ ਰੱਜ ਕੇ ਖੇਡੇ ਅਤੇ ਲੋਕਾਂ ਦਾ ਪਿਆਰ ਵੀ ਰੱਜ ਕੇ ਮਾਣਿਆ।

ਮਾਤਾ ਪ੍ਰੀਤਮ ਕੌਰ ਤੇ ਪਿਤਾ ਸ. ਮੋਤਾ ਸਿੰਘ ਦੇ ਲਾਡਲੇ ਪੁੱਤ ਨੇ 8ਵੀਂ ਅਬੋਹਰ ਮੰਡੀ, ਜਿਲਾ ਫਿਰੋਜ਼ਪੁਰ ਤੋਂ ਕੀਤੀ, ਕਿਉਂਕਿ ਪਿਤਾ ਜੀ ਦਾ ਉਥੇ ਟਰੱਕਿੰਗ ਦਾ ਕਾਰੋਬਾਰ ਸੀ। ਫਿਰ ਪਿਤਾ ਪਰਿਵਾਰ ਸਣੇ ਪਿੰਡ ਮਾਣਕ ਢੇਰੀ ਜਾ ਵੱਸੇ। 9ਵੀਂ ਤੇ 10ਵੀਂ ਲਾਗਲੇ ਪਿੰਡ ਦੇ ਹਾਈ ਸਕੂਲ ਸਹਾਲਾ ਮੁੰਡੀਆਂ, ਜਿਲਾ ਹੁਸ਼ਿਆਰਪੁਰ ਤੋਂ ਕੀਤੀ। ਮਾਤਾ ਨੂੰ ਵੀ ਸ਼ੌਕ ਸੀ ਕਿ ਪੁੱਤ ਜਾਨਦਾਰ ਖਿਡਾਰੀ ਬਣੇ। ਖੁਰਾਕ ਦੀ ਕੋਈ ਕਸਰ ਨਾ ਛੱਡੀ। ਪਿੰਡ ਦੇ ਪੁਰਾਣੇ ਖਿਡਾਰੀਆਂ ਵੱਲ ਵੇਖ ਹੋਰ ਸ਼ੌਕ ਵਧਿਆ, ਜੋ ਬੋਰੀ ਚੁੱਕਦੇ ਤੇ ਮੁੰਗਲੀਆਂ ਫੇਰਦੇ। ਪਰਿਵਾਰ 'ਚੋਂ ਚਾਰ ਮੈਂਬਰ ਵਧੀਆ ਖਿਡਾਰੀ ਹੋਣ ਕਰਕੇ ਖੁਦ ਵੀ ਤਕੜਾ ਖਿਡਾਰੀ ਬਣਨ ਦੀ ਇੱਛਾ ਵਧਣ ਲੱਗੀ।

ਜਵਾਨੀ 'ਚ ਉਨ੍ਹੇ ਲਾਗਲੇ ਪਿੰਡ ਬਹਿਰਾਮ-ਸ਼ਰਿਸਤਾ ਪਿੰਡ ਦੀ ਫਸਵੀਂ ਟੱਕਰ ਮਹਿੰਦਰ ਬੋਲੇ ਨਾਲ ਵੇਖੀ। ਪਿੰਡ ਦਾ ਪੁਰਾਣਾ ਖਿਡਾਰੀ ਸੰਤੋਖ ਗਿੱਦੜ ਸਾਹ ਪਾ ਰਿਹਾ ਸੀ। ਸੰਤੋਖ ਗਿੱਦੜ ਤੇ ਮਹਿੰਦਰ ਬੋਲੇ ਦਾ ਜ਼ਬਰਦਸਤ ਮੁਕਾਬਲਾ ਹੋ ਰਿਹਾ ਸੀ। ਜਦੋਂ ਸੰਤੋਖ ਗਿੱਦੜ ਨੰਬਰ ਲੈ ਜਾਂਦਾ ਤਾਂ ਲੋਕ ਤਾੜੀਆਂ ਮਾਰਦੇ, ਉਚੀ ਅਵਾਜ਼ਾਂ ਕੱਸਦੇ, "ਵਾਹ ਓਏ ਗਿੱਦੜਾ! ਸਵਾਦ ਕਰ 'ਤਾ" (ਗੰਨੇ ਜ਼ਿਆਦਾ ਚੂਪਦਾ ਹੋਣ ਕਰਕੇ ਉਹਦੀ ਅੱਲ ਗਿੱਦੜ ਪਈ ਸੀ, ਕਦੇ ਗੁੱਸਾ ਨਹੀਂ ਸੀ ਕਰਦਾ)

ਬਾਹਰ ਬੈਠਾ ਰਾਵਲ ਮੈਚ ਵੇਖ ਰਿਹਾ ਸੀ ਤੇ ਉਹਦਾ ਖੂਨ ਉਬਾਲੇ ਖਾਣ ਲੱਗਾ ਕਿ ਇਕ ਦਿਨ ਉਹ ਵੀ ਉਚ ਕੋਟੀ ਦਾ ਖਿਡਾਰੀ ਬਣੇਗਾ ਤੇ ਲੋਕ ਤਾੜੀਆਂ ਤੇ ਕਿਲਕਾਰੀਆਂ ਮਾਰ ਕੇ ਉਹਦੀ ਖੇਡ ਦੀ ਦਾਦ ਦੇਣਗੇ। ਇਹ ਰਾਵਲ ਦੇ ਸ਼ੁਰੂਆਤੀ ਦਿਨਾਂ ਦੀ ਗੱਲ ਹੈ। ਉਦੋਂ ਉਹ ਨੌਵੀਂ 'ਚ ਪੜ੍ਹਦਾ ਸੀ। ਉਹ ਕਬੱਡੀ ਨੂੰ ਦਿਲ-ਓ-ਜਾਨ ਨਾਲ ਸਮਰਪਿਤ ਹੋ ਚੁਕਾ ਸੀ। ਵੱਡੇ ਵੱਡੇ ਰੇਡਰਾਂ ਨੂੰ ਰੋਕਣ ਲੱਗਾ। ਤਕੜੇ ਰੇਡਰ ਉਹਦੀ ਖੇਡ, ਤਾਕਤ ਤੇ ਦਾਅ ਤੋਂ ਕੰਨੀ ਕਤਰਾਉਣ ਲੱਗੇ।

ਮੂਨਕਾਂ ਵਾਲਾ ਤਾਰੀ ਪੰਜਾਬ ਦਾ ਤਕੜਾ ਰੇਡਰ ਹੋਇਐ। ਰਈਏ ਚੈਂਪੀਅਨਸ਼ਿਪ ਵਿਚ ਤਾਰੀ ਇਕ ਵਾਰ ਵੀ ਨਾ ਰੁਕਿਆ। ਖੇਡ ਹਲਕਿਆਂ 'ਚ ਤਾਰੀ-ਤਾਰੀ ਹੋਈ ਪਈ ਸੀ। ਇਧਰ ਰਾਵਲ ਵੀ ਚੜ੍ਹਦੀ ਜਵਾਨੀ ਦਾ ਗੱਭਰੂ ਕਬੱਡੀ ਦਾ ਸ਼ੇਰ ਦੁੱਲਾ ਪੂਰੀ ਤਿਆਰੀ 'ਚ ਸੀ ਤੇ ਸੱਚੇ ਪਾਤਸ਼ਾਹ ਦੀ ਰਾਵਲ 'ਤੇ ਪੂਰਾ ਮਿਹਰਬਾਨ ਸੀ। ਭੋਗਪੁਰ ਦੁਸਹਿਰੇ 'ਤੇ ਮੂਨਕਾਂ ਤੇ ਮਾਣਕ ਢੇਰੀ-ਦੋਵੇਂ ਪਿੰਡ ਓਪਨ ਫਾਈਨਲ ਵਿਚ ਆਹਮੋ-ਸਾਹਮਣੇ ਜਾ ਖੜ੍ਹੇ ਹੋਏ। ਦੋਹਾਂ ਪਿੰਡਾਂ ਵਿਚ ਤਾਰੀ ਤੇ ਰਾਵਲ ਵਰਗੇ ਨਾਮੀ ਖਿਡਾਰੀ ਸਨ। ਮੈਚ ਵੇਖਣ ਲਈ ਲੋਕ ਟੁੱਟਣੇ ਆਏ ਹੋਏ ਸਨ। ਮੈਚ ਸ਼ੁਰੂ ਹੋਏ 'ਤੇ ਸਾਹ ਆਏ ਤਾਰੀ ਨੂੰ ਰਾਵਲ ਨੇ ਬੜੀ ਜ਼ੋਰ ਨਾਲ ਕੈਂਚੀ ਮਾਰ ਕੇ ਰੋਕਿਆ। ਲੋਕ ਤਾੜੀਆਂ ਮਾਰਨ ਲੱਗੇ ਤੇ ਚੀਕ ਚਿਹਾੜਾ ਪਾ ਦਿਤਾ, ਕਿਉਂਕਿ ਪੰਜਾਬ ਦਾ ਰੇਡਰ ਤਾਰੀ ਰੋਕ ਦਿਤਾ ਸੀ। ਉਸ ਮੈਚ ਵਿਚ ਤਾਰੀ ਨੂੰ ਰਾਵਲ ਨੇ ਕਈ ਵਾਰ ਰੋਕਿਆ। ਉਸ ਮੈਚ ਤੋਂ ਬਾਅਦ ਰਾਵਲ ਦੀ ਹਰ ਪਾਸੇ ਚੜ੍ਹਤ ਹੋ ਗਈ ਕਿ ਤਾਰੀ ਨੂੰ ਡੱਕਣ ਵਾਲਾ ਕੋਈ ਖਿਡਾਰੀ ਉਠਿਐ! ਰਾਵਲ ਦੇ ਦੱਸਣ ਅਨੁਸਾਰ ਮੂਨਕਾਂ ਪਿੰਡ ਦੇ ਤਾਰੀ ਅਤੇ ਤੀਰਥ ਤਕੜੇ ਖਿਡਾਰੀ ਸਨ। ਇਹ ਗੱਲ ਸੰਨ 1970-71 ਦੀ ਹੈ।

ਭੋਗਪੁਰ ਦੁਸਹਿਰੇ ਦੇ ਉਸ ਇਤਿਹਾਸਕ ਮੈਚ ਪਿਛੋਂ ਰਾਵਲ ਦੀ ਹਰ ਪਾਸੇ ਬੱਲੇ ਬੱਲੇ ਹੋ ਗਈ। ਉਹਦੀ ਤਕੜੀ ਗੇਮ ਵੇਖ ਰਿਸ਼ਤੇਦਾਰੀ 'ਚੋਂ ਲੱਗਦੇ ਮਾਮਾ ਜੀ, ਜੋ ਆਪ ਵੀ ਖੇਡਾਂ ਦਾ ਸ਼ੌਕੀਨ ਸੀ, ਨੇ ਰਾਵਲ ਨੂੰ ਸਪੋਰਟਸ ਕਾਲਜ ਜਲੰਧਰ ਦਾਖਲ ਕਰਾ ਦਿਤਾ। ਕਾਲਜ ਵੀ ਬੜੀ ਮਿਹਨਤ ਕੀਤੀ। ਖਿਡਾਰੀਆਂ ਦਾ ਤਕੜਾ ਸੈਟ ਬਣ ਪਿੰਡਾਂ ਦੇ ਸ਼ੋਅ-ਮੈਚ ਜਾ ਲਾਉਂਦੇ। ਇਸੇ ਤਰ੍ਹਾਂ ਹੀ ਇਕ ਵਾਰ ਰਈਏ ਲਾਗੇ ਸ. ਮੋਹਣ ਸਿੰਘ ਤੁੜ ਦੇ ਪਿੰਡ ਖੇਡਣ ਚਲੇ ਗਏ। ਉਥੇ ਕਾਲਜ ਦੇ ਨਾਮੀ ਖਿਡਾਰੀ ਲਸ਼ਕਰ ਸਿੰਘ ਨੇ ਵੀ ਟੀਮ ਐਂਟਰ ਕਰਾਈ ਹੋਈ ਸੀ ਤੇ ਉਹ ਵੀ ਨਾਮੀ ਖਿਡਾਰੀ ਲੈ ਕੇ ਪਹੁੰਚਿਆ ਹੋਇਆ ਸੀ। ਵਿਰੋਧੀ ਟੀਮ ਵਿਚ ਲੁਧਿਆਣੇ ਵਾਲਾ ਦਰਬਾਰਾ ਬੋਲਾ, ਘੁੱਦਾ, ਕੌਡਾ ਤੇ ਹੋਰ ਖਿਡਾਰੀ ਸਨ। ਰਾਵਲ ਮੁਤਾਬਕ ਕੌਡਾ ਤਕੜਾ ਧਾਵੀ ਸੀ ਤੇ ਰਾਵਲ ਵੀ ਪੂਰੀ ਤਿਆਰੀ 'ਚ। ਧਾਵਾ ਕਰਨ ਆਉਂਦੇ ਕੌਡੇ ਨੂੰ ਇਕ ਵਾਰ ਨਹੀਂ, ਕਈ ਵਾਰ ਖੁੱਚ ਪੁੱਟ ਕੇ ਰੋਕਿਆ। ਖੇਡ ਦਾ ਵਧੀਆ ਪ੍ਰਦਰਸ਼ਨ ਹੋਣ ਕਰਕੇ ਉਥੋਂ 74 ਰੁਪਏ ਬਣੇ। ਉਦੋਂ ਇਕ ਇਕ ਰੁਪਿਆ ਦੇ ਕੇ ਖਿਡਾਰੀਆਂ ਦਾ ਹੌਸਲਾ ਵਧਾਇਆ ਜਾਂਦਾ ਸੀ।


ਸੁਲਤਾਨਪੁਰ ਲੋਧੀ ਗੁਰੂ ਨਾਨਕ ਦੇਵ ਜੀ ਦੇ ਜਨਮ ਪੁਰਬ 'ਤੇ ਮੈਚਾਂ ਦੀ ਸ਼ੁਰੂਆਤ ਸੰਨ 1972 'ਚ ਹੋਈ ਸੀ। ਪਹਿਲੇ ਸਾਲ ਟੂਰਨਾਮੈਂਟ ਕਮੇਟੀ ਨੇ ਮੈਚਾਂ ਵਿਚ ਪ੍ਰੀਤੇ ਤੇ ਰਾਵਲ ਦੀਆਂ ਟੀਮਾਂ ਵੀ ਸੱਦੀਆਂ ਹੋਈਆਂ ਸਨ। ਰਾਵਲ ਪ੍ਰੀਤੇ ਦੇ ਵਿਰੁਧ ਖੇਡ ਰਿਹਾ ਸੀ। ਮੂਨਕਾਂ ਵਾਲੇ ਤਾਰੀ ਦਾ ਪੋਤੂ ਤੀਰਥ ਧਾਵੀ ਸੀ ਤੇ ਰਾਵਲ ਜੱਫੇ ਲਾ ਰਿਹਾ ਸੀ। ਡਾਜ਼ ਮਾਰਨ ਦਾ ਮਾਹਰ ਤੀਰਥ ਇਕ ਵਾਰ ਵੀ ਨਾ ਰੁਕਿਆ। ਜਿੱਤ ਦਾ ਸਿਹਰਾ ਰਾਵਲ ਹੋਰਾਂ ਵੱਲ ਜਾ ਰਿਹਾ ਸੀ। ਰਾਵਲ ਨੇ ਕਹਿੰਦੇ ਕਹਾਉਂਦੇ ਰੇਡਰ ਰੋਕੇ, ਪਰ ਤਕੜਾ ਖਿਡਾਰੀ ਹੋਣ ਕਰਕੇ ਪ੍ਰੀਤਾ ਇਕ ਵਾਰ ਵੀ ਨਾ ਰੁਕਿਆ। ਮੈਚ ਖਤਮ ਹੋਣ ਪਿਛੋਂ ਦਰਸ਼ਕ ਰਾਵਲ ਦੁਆਲੇ 'ਕੱਠੇ ਹੋ ਗਏ। ਬੜੀ ਦਾਦ ਤੇ ਹੌਸਲਾ ਦਿਤਾ। ਉਸ ਮੈਚ ਪਿਛੋਂ ਚਾਰੇ-ਪਾਸੇ ਰਾਵਲ-ਰਾਵਲ ਹੋ ਗਈ।

ਸੰਨ 1975 'ਚ ਟੀਮ ਇੰਗਲੈਂਡ ਜਾਣੀ ਸੀ, ਪਰ ਇੰਦਰਾ ਗਾਂਧੀ ਨੇ ਐਮਰਜੈਂਸੀ ਲਾ ਦਿੱਤੀ। ਇੰਗਲੈਂਡ ਜਾਣ ਦਾ ਸੁਪਨਾ ਚਕਨਾਚੂਰ ਹੋ ਗਿਆ। ਕੈਂਪਾਂ 'ਚ ਤਿਆਰੀ ਚਲਦੀ ਰਹੀ, ਜਿਥੇ ਜਾਫੀਆਂ 'ਚ ਸ਼ੰਕਰੀਆ ਘੁੱਗਾ, ਰਾਵਲ, ਸ਼ਿਵਦੇਵ (ਨਿਊ ਯਾਰਕ) ਤੇ ਦਰਬਾਰਾ ਬੋਲਾ ਹੁੰਦੇ।

ਚੱਕਾਂ ਵਾਲੇ ਕਮਲ ਪੰਡਿਤ (ਨਿਊ ਯਾਰਕ) ਤੇ ਰਾਵਲ ਨੇ ਕਈ ਸਾਲ 'ਕੱਠਿਆਂ ਮੈਚ ਖੇਡੇ। ਰਾਵਲ ਜੱਫੇ ਲਾਉਂਦਾ ਤੇ ਕਮਲ ਰੇਡਾਂ ਕਰਦਾ। ਰਾਵਲ ਨੇ ਆਪਣੇ ਪਿੰਡ ਕਮਲ ਦੇ ਨਾਂ ਥੋੜੀ ਜਿਹੀ ਜਗ੍ਹਾ ਲੁਆ ਦਿੱਤੀ ਸੀ ਤਾਂ ਕਿ ਕਮਲ ਉਹਦੇ ਪਿੰਡ ਵਲੋਂ ਖੇਡਦਾ ਰਹੇ। ਕਮਲ ਦੀ ਰੇਡ ਪੱਕੀ ਹੁੰਦੀ। ਆਮ ਜਾਫੀ ਤਾਂ ਕੀ, ਤਕੜਿਆਂ ਕੋਲੋਂ ਵੀ ਨਹੀਂ ਸੀ ਰੁਕਦਾ।

1975-76 'ਚ ਕਾਲਜ ਪਿਛੋਂ ਵੀ ਰਾਵਲ ਖੇਡਦਾ ਰਿਹਾ। ਆਲੇ-ਦੁਆਲੇ ਦੇ ਮੈਚਾਂ 'ਚ ਸੱਖਵਾਲ ਵਾਲਾ ਜਗੀਰ ਸਿੰਘ (ਜਗੀਰੀ ਕੋਚ) ਖੇਡਣ ਲੈ ਜਾਂਦਾ। ਦਸੂਹੇ ਦੀ ਸਟੇਟ ਪੰਚਾਇਤ ਚੈਂਪੀਅਨਸ਼ਿਪ ਖੇਡੀ। ਪਾਲੇ ਦੇ ਪਿੰਡ ਸ਼ੰਕਰ ਵੀ ਖੇਡਣ ਜਾਂਦੇ ਰਹੇ। ਸ਼ੰਕਰੀਏ ਪਾਲੇ ਤੇ ਪੱਤੜੀਏ ਬੋਲੇ ਨਾਲ ਬੜੇ ਮੈਚ ਲਾਏ। ਬਾਹਰ ਪੱਕੇ ਯਾਰ ਤੇ ਗਰਾਊਂਡ ਵਿਚ ਪੂਰੇ ਵਿਰੋਧੀ। ਸਿਰ ਧੜ ਦੀ ਬਾਜ਼ੀ ਹੁੰਦੀ, ਕਿਉਂਕਿ ਜਿੱਤ-ਹਾਰ ਦਾ ਮਸਲਾ ਹੁੰਦਾ। ਰਾਵਲ ਦੱਸ ਰਿਹਾ ਸੀ ਕਿ ਕਬੱਡੀ ਤਿਲਕਣਬਾਜ਼ੀ ਹੁੰਦੀ ਹੈ, ਪਤਾ ਨ੍ਹੀਂ ਹੁੰਦਾ ਗੇਮ ਕਿਧਰ ਨੂੰ ਜਾਣੀ ਹੈ। ਜਲੰਧਰ ਲਾਗੇ ਉਗੀ-ਚਿੱਟੀ ਬੋਲੇ ਹੋਰਾਂ ਨਾਲ ਮੈਚ ਹੋਇਆ ਤੇ ਬੋਲਾ 'ਕੱਲਾ ਹੀ ਉਨ੍ਹਾਂ ਨੂੰ ਜਿੱਤ ਗਿਆ ਸੀ। ਚਮਕੌਰ ਤਲਵੰਡੀ ਤੇ ਸੋਧੀ ਕੋਚ ਦੇ ਛੋਟੇ ਭਰਾ ਜੈਲੇ ਨਾਲ ਵੀ ਖੇਡਿਆ।

ਸੰਨ 1971 ਤੋਂ 1978 ਤੱਕ ਉਹ ਸ੍ਰੀ ਅਨੰਦਪੁਰ ਸਾਹਿਬ ਖੇਡਣ ਜਾਂਦਾ ਰਿਹਾ। ਖਿਡਾਰੀਆਂ ਦਾ ਤਕੜਾ ਸੈਟ ਹੋਣ ਕਰਕੇ ਹਰ ਮੈਦਾਨ ਫਤਿਹ ਹੁੰਦੀ। ਹੁਸ਼ਿਆਰਪੁਰ ਜਿਲੇ ਦੀ ਟੀਮ ਵਿਚ ਬਹੁਤੇ ਨੌਕਰੀ ਪੇਸ਼ੇ ਵਾਲੇ ਖਿਡਾਰੀ ਹੁੰਦੇ, ਕੋਈ ਪੀ. ਟੀ. ਆਈ., ਡੀ. ਪੀ. ਈ. ਜਾਂ ਕੋਈ ਹੋਰ ਨੌਕਰੀ ਵਾਲਾ ਹੁੰਦਾ। ਉਹਦੇ ਕੋਲ ਕੋਈ ਨੌਕਰੀ ਨਾ ਹੋਣ ਦੇ ਬਾਵਜੂਦ ਪੱਲਿਓਂ ਆਪਣਾ ਕਿਰਾਇਆ ਖਰਚ ਕੇ ਦੂਰ ਦੂਰ ਬੱਸਾਂ 'ਚ ਮੈਚ ਖੇਡਣ ਜਾਂਦਾ। ਅਨੰਦਪੁਰ ਸਾਹਿਬ ਜ਼ਿਆਦਾ ਕਰਕੇ ਹੁਸ਼ਿਆਰਪੁਰ ਦਾ ਕਪੂਰਥਲੇ ਨਾਲ ਮੁਕਾਬਲਾ ਹੁੰਦਾ। ਕਦੇ



*ਰਵਿੰਦਰ ਸਿੰਘ ਰਾਵਲ*

ਹੁਸ਼ਿਆਰਪੁਰ ਜੇਤੂ ਹੁੰਦਾ ਤੇ ਕਦੀ ਕਪੂਰਥਲਾ। ਕਪੂਰਥਲੇ ਵਲੋਂ ਰਮੀਦੀ ਵਾਲੇ ਸਰਬਣ ਬੱਲ ਅਤੇ ਹੁਸ਼ਿਆਰਪੁਰ ਵਲੋਂ ਮਹਿੰਦਰ ਬੋਲਾ (ਪੱਜੋਦਿਤਾ) ਆਪੋ ਆਪਣੇ ਜਿਲੇ ਨੂੰ ਮਾਣ ਬਖਸ਼ਦੇ ਰਹੇ।

ਸ਼ੰਕਰੀਆ ਪਾਲਾ ਦੱਸਦਾ ਕਿ ਪੁਰਾਣੇ ਖਿਡਾਰੀਆਂ ਵਿਚ ਬੜਾ ਪਿਆਰ ਤੇ ਤਾਲਮੇਲ ਹੁੰਦਾ ਸੀ। ਇਹ ਵੀ ਕਿ ਇਕ ਵਾਰ ਅਨੰਦਪੁਰ ਸਾਹਿਬ ਮੈਚ ਖੇਡਣ ਪਿਛੋਂ ਜਲੰਧਰ ਦੇ ਖਾਲਸਾ ਕਾਲਜ ਜਾ ਕੇ ਆਪੋ ਆਪਣੇ ਕਮਰਿਆਂ 'ਚ ਸੌਣ ਚਲੇ ਗਏ। ਕਮਰੇ 'ਚ ਜਾ ਕੇ ਵੇਖਿਆ ਤਾਂ ਉਹਦੀ ਰਜਾਈ ਗੁੰਮ। ਪਤਾ ਲੱਗਾ ਕਿ ਰਜਾਈ ਉਹਦੀ ਚੱਕਾਂ ਵਾਲਾ ਪੰਡਿਤ ਤੇ ਰਾਵਲ ਚੁੱਕ ਕੇ ਲੈ ਗਏ। ਜਦੋਂ ਜਾ ਕੇ ਉਨ੍ਹਾਂ ਦਾ ਦਰਵਾਜ਼ਾ ਖੜਕਾਇਆ ਤਾਂ ਉਨ੍ਹਾਂ ਸ਼ੇਰਾਂ ਨੇ ਪਹਿਲਾਂ ਹੀ ਅੰਦਰੋਂ ਕੁੰਡੀ ਮਾਰ ਕੇ ਦਰਵਾਜ਼ਾ ਬੰਦ ਕਰ ਲਿਆ। ਪਾਲਾ ਸਾਰੀ ਰਾਤ ਦਰਵਾਜ਼ਾ ਖੜਕਾਉਂਦਾ ਰਿਹਾ ਤੇ ਘੁੰਮਦਾ ਰਿਹਾ ਅਤੇ ਪਾਣੀ ਦੀਆਂ ਭਰ ਭਰ ਬਾਲਟੀਆਂ ਰੋਸ਼ਨਦਾਨਾਂ ਥਾਣੀਂ ਕਮਰੇ 'ਚ ਸੁੱਟਦਾ ਰਿਹਾ। ਉਹ ਘੇਸਲ ਮਾਰ ਕੇ ਸੌਂ ਗਏ, ਕੁਸਕੇ ਨਾ ਜਰਾ ਵੀ। ਫਿਰ ਪਾਲੇ ਨੇ ਬਿਨਾ ਰਜਾਈ ਤੋਂ ਸਾਰੀ ਰਾਤ ਕੱਟੀ। ਪੁਰਾਣੇ ਸਮਿਆਂ ਨੂੰ ਯਾਦ ਕਰਦਾ ਪਾਲਾ ਹੱਸ ਰਿਹਾ ਸੀ। ਉਦੋਂ ਇਕ ਦੂਜੇ ਨਾਲ ਛੋਟੀਆਂ-ਮੋਟੀਆਂ ਸ਼ਰਾਰਤਾਂ ਵੀ ਕਰ ਲੈਂਦੇ ਸਨ। ਕਿਸੇ ਦੀ ਤੇਲ ਦੀ ਸ਼ੀਸ਼ੀ ਚੁੱਕ ਲੈਣੀ, ਨਿੱਕਰ ਲੁਕਾ ਲੈਣੀ ਜਾਂ ਕਿਸੇ ਦਾ ਲੰਗੋਟ ਲੁਕੋ ਦੇਣਾ।

ਮਾਣਕ ਢੇਰੀ ਮਰਾਸੀਆਂ ਕਰਕੇ ਵੀ ਜਾਣਿਆ ਜਾਂਦਾ ਸੀ। ਜਦੋਂ ਕਦੇ ਉਹ ਦੂਰ-ਦੁਰਾਡੇ ਨਕਲਾਂ ਕਰਨ ਜਾਂਦੇ ਤਾਂ ਲੋਕ ਪੁੱਛਦੇ, "ਕਿਹੜਾ ਪਿੰਡ ਐ ਤੁਹਾਡਾ?" "ਜੀ, ਮਾਣਕ ਢੇਰੀ।" "ਅੱਛਾ, ਅੱਛਾ ਰਾਵਲ ਵਾਲਾ!" ਪਿੰਡ ਜਾ ਕੇ ਰਾਵਲ ਨੂੰ ਕਹਿਣਾ, "ਮਾਣਕ ਢੇਰੀ ਦੋ ਬੰਦਿਆਂ ਕਰਕੇ ਮਸ਼ਹੂਰ ਐ ਰਾਵਲਾ, ਇਕ ਤੇਰੇ ਕਰਕੇ, ਦੂਜਾ ਉਨ੍ਹਾਂ ਕਰਕੇ।" ਆਖ ਠਹਾਕਾ ਮਾਰ ਕੇ ਹੱਸ ਪੈਣਾ।

1975-76 'ਚ ਪ੍ਰੀਤੇ ਦੀ ਗੁੱਡੀ ਅਸਮਾਨੀਂ ਚੜ੍ਹੀ ਹੋਈ ਸੀ। ਰਾਵਲ ਦਾ ਉਹਦੇ ਨਾਲ ਬੜਾ ਪਿਆਰ ਸੀ। ਇਹ ਵੀ ਦੱਸਿਆ ਕਿ ਪ੍ਰੀਤੇ ਵਰਗੇ ਖਿਡਾਰੀ ਮੁਸ਼ਕਿਲ ਨਾਲ ਪੈਦਾ ਹੋਣਗੇ। ਸ਼ੰਕਰੀਏ ਘੁੱਗੇ ਬਾਰੇ ਵੀ ਦੱਸਿਆ ਕਿ ਦੋਆਬੇ 'ਚ ਘੁੱਗੇ ਵਰਗੇ ਜਾਫੀ ਨਹੀਂ ਪੈਦਾ ਹੋਣੇ। ਕਹਿੰਦਾ, ਜੇ ਘੁੱਗਾ ਪੰਜਾਬ 'ਚ ਰਹਿੰਦਾ ਤਾਂ ਬਹੁਤੇ ਖਿਡਾਰੀ ਖੇਡਣਾ ਛੱਡ ਜਾਂਦੇ। ਤਕੜੇ ਤਕੜੇ ਰੇਡਰਾਂ ਨੂੰ ਗਰਾਊਂਡ 'ਚ ਖੜ੍ਹੇ ਕਰ ਦਿੰਦਾ ਸੀ। ਸੰਨ 1975 'ਚ ਘੁੱਗਾ ਕੈਨੇਡਾ ਚਲਾ ਗਿਆ। ਕੈਨੇਡਾ ਪਹੁੰਚ ਕੇ ਵੀ ਮੈਚ ਖੇਡੇ ਤੇ ਤਕੜੇ ਧਾਵੀ ਥੰਮੇ।

ਜਾਫੀਆਂ 'ਚ ਸੰਨ 1952-58 ਦੇ ਦਹਾਕੇ 'ਚ ਮਾਨਗੜ੍ਹੀਆ ਤੋਖੀ, 1965-66 'ਚ ਮਹਿੰਦਰ ਬੋਲਾ, 1972-75 'ਚ ਸ਼ੰਕਰੀਆ ਘੁੱਗਾ ਅਤੇ 1975-76 'ਚ ਮੱਖਣ ਪੁਆਦੜਾ ਹੋਏ ਨੇ। ਮੱਖਣ ਨੇ ਤਾਂ 1974-75 'ਚ ਮਾਹਿਲ ਗਹਿਲਾਂ ਦੇ ਇੰਟਰ ਬਲਾਕਾਂ ਦੇ ਮੈਚਾਂ ਵਿਚ ਮੂਨਕਾਂ ਵਾਲੇ ਤਾਰੀ ਨੂੰ ਬੜੇ ਜ਼ੋਰ ਨਾਲ ਡੱਕਿਆ ਸੀ।

1977-78 'ਚ ਕਮਲ ਪੰਡਿਤ ਉਹਨੂੰ ਹਿਸਾਰ ਖੇਡਣ ਲੈ ਗਿਆ। ਕਬੱਡੀ ਦੇ ਸ਼ੌਕੀਨ ਕਮਲ ਦੇ ਪੇਂਡੂ ਹਰਿਆਣੇ ਰਹਿੰਦੇ ਸਨ। ਮੂਹਰੇ ਵੀ ਤਕੜੀ ਟੀਮ ਤਿਆਰ ਕੀਤੀ ਹੋਈ ਸੀ। ਖੇਡ ਪ੍ਰੇਮੀਆਂ ਦਾ ਠਾਠਾ ਮਾਰਦਾ ਇਕੱਠ। ਰਾਵਲ ਨੇ ਤਕੜੇ ਜੱਫੇ ਲਾਏ ਤੇ ਕਮਲ ਨੇ ਤਕੜੀਆਂ ਰੇਡਾਂ ਪਾਈਆਂ। ਰਾਵਲ ਹੋਰੀਂ ਬਹੁਤੇ ਨੰਬਰਾਂ 'ਤੇ ਜਿੱਤ ਰਹੇ ਸਨ। ਕਾਪੀ ਵੇਖਣ ਦੇ ਬਹਾਨੇ ਹਰਿਆਣੇ ਵਾਲੇ ਨੰਬਰਾਂ ਵਾਲਾ ਵਰਕਾ ਹੀ ਪਾੜ ਕੇ ਲੈ ਗਏ। ਹੋਈ ਬੇਇਨਸਾਫੀ ਦੀ ਕਿਸੇ ਇਕ ਨਾ ਸੁਣੀ, ਉਹ ਰੌਲਾ ਪਾਉਂਦੇ ਹੀ ਰਹਿ ਗਏ।

ਸੰਨ 1981 'ਚ ਉਹ ਕੈਨੇਡਾ ਖੇਡਣ ਗਏ। ਮਾਨਗੜ੍ਹੀਆਂ ਤੋਖੀ ਟੀਮ ਨਾਲ ਗਿਆ ਸੀ। ਖਿਡਾਰੀਆਂ 'ਚ ਰਾਵਲ, ਮੂਨਕਾਂ ਵਾਲਾ ਤਾਰੀ, ਪਰਮਜੀਤ ਪੰਮਾ ਹੁਸ਼ਿਆਰਪੁਰ, ਬਲਵੀਰ ਬਿੱਲਾ, ਮੰਦਰ ਫਰੀਦਕੋਟ, ਬੀਰੂ ਫਰੀਦਕੋਟ, ਸੂਬੀ ਸੰਗਰੂਰ ਤੇ ਕੁਲਦੀਪ ਮੱਲ੍ਹਾ ਸਨ। ਉਥੇ ਜਾ ਕੇ ਮੈਚ ਖੇਡੇ ਤੇ ਜਿੱਤੇ ਵੀ। ਇਸੇ ਤਰ੍ਹਾਂ ਹੀ ਸੰਨ 1982 'ਚ ਰਾਵਲ, ਮਾਨਗੜ੍ਹੀਆ ਤੋਖੀ ਤੇ ਰੈਸਲਿੰਗ ਕੋਚ ਜਸਮੋਹਣ ਕਬੱਡੀ ਖਿਡਾਰੀਆਂ ਤੇ ਪਹਿਲਵਾਨਾਂ ਦੀ ਟੀਮ ਲੈ ਕੇ ਇੰਗਲੈਂਡ ਗਏ।

ਕਬੱਡੀ ਖਿਡਾਰੀਆਂ 'ਚ ਲੁਧਿਆਣੇ ਦਾ ਸਾਰਾ ਸੈਟ ਸੀ ਜਿਵੇਂ-ਬਲਜੀਤ ਦੁੱਗਰੀ, ਬਲਜੀਤ ਗੋਲਾ ਜਰਗ, ਪਾਲੀ ਮਾਦਪੁਰ ਤੇ ਰਸ਼ਪਾਲ ਤੋਤਾ ਅਤੇ ਪਹਿਲਵਾਨਾਂ 'ਚ ਪਾਲਾ ਰਾਮ ਸੀ। ਪਾਲਾ ਰਾਮ ਨੇ ਉਥੇ ਸਾਰੀਆਂ ਕੁਸ਼ਤੀਆਂ ਲੜੀਆਂ ਤੇ ਸਾਰੇ ਭਲਵਾਨਾਂ ਨੂੰ ਢਾਹਿਆ ਵੀ। ਰਾਵਲ ਦੇ ਦੱਸਣ ਅਨੁਸਾਰ ਰਸ਼ਪਾਲ ਸਿੰਘ, ਜੋ ਕਬੱਡੀ ਜਗਤ ਵਿਚ 'ਤੋਤੇ' ਦੇ ਨਾਂ ਨਾਲ ਪ੍ਰਸਿਧ ਹੋਇਐ, ਤਕੜਾ ਜਾਫੀ ਸੀ। ਹਰਿਆਣੇ 'ਚ ਪੈਂਦੇ ਚਨਾਰਥ ਮੈਚਾਂ 'ਚ ਤਕੜੇ ਧਾਵੀ ਫਿੰਡੂ ਨੂੰ ਕਈ ਵਾਰ ਰੋਕਿਆ ਸੀ। ਰਸ਼ਪਾਲ ਸਿੰਘ ਤੋਤਾ ਦਾ ਲੁਧਿਆਣੇ 'ਚ ਸਾਹਨੇਵਾਲ ਕੋਲ ਛੋਟਾ ਜਿਹਾ ਪਿੰਡ ਹੈ, ਨੰਦਪੁਰ। ਇਸ ਵਕਤ ਉਹ ਡੀ. ਐਸ. ਪੀ. ਦੇ ਅਹੁਦੇ ਤੋਂ ਰਿਟਾਇਰ ਹੋ ਕੇ ਪਟਿਆਲੇ ਰਹਿ ਰਿਹੈ।

ਸਾਂਝੇ ਪੰਜਾਬ ਦੀ ਵੰਡ ਪਿਛੋਂ ਭਾਰਤੀ ਪੰਜਾਬ 'ਚ ਖੇਡਣ ਆਏ 7-7 ਫੁਟੇ ਪਾਕਿਸਤਾਨੀ ਰੇਡਰਾਂ ਨੂੰ ਰੋਕਣ ਵਾਲਾ ਮਾਨਗੜ੍ਹੀਆ ਤੋਖੀ (ਟਾਈਗਰ) ਰਾਵਲ ਦਾ ਵਿਚੋਲਾ ਹੈ। ਰਾਵਲ ਦੀ ਖੇਡ ਤੋਂ ਉਹ ਬੜਾ ਪ੍ਰਭਾਵਿਤ ਸੀ। ਦੂਜਾ, ਪਰਿਵਾਰਕ ਸਬੰਧ ਵੀ ਸਨ, ਜਿਸ ਕਰਕੇ ਸੰਨ 1980 'ਚ ਉਨ੍ਹੇ ਰਾਵਲ ਦਾ ਜਸਵੀਰ ਕੌਰ ਨਾਲ ਰਿਸ਼ਤਾ ਕਰਵਾ ਦਿਤਾ। ਹੁਸ਼ਿਆਰਪੁਰ ਜਿਲੇ ਦਾ ਕਬੱਡੀ ਕੋਚ ਵੀ ਤੋਖੀ ਹੀ ਹੁੰਦਾ ਸੀ। ਕੈਂਪਾਂ 'ਚ ਅਜੀਤ ਸਿੰਘ ਮਾਲੜੀ ਤੇ ਸਰਬਣ ਬੱਲ ਉਹਦੇ ਕੋਚ ਹੁੰਦੇ ਸਨ। ਉਨ੍ਹਾਂ ਦੀ ਦੇਖ-ਰੇਖ ਹੇਠ ਤਕੜੇ ਤਕੜੇ ਖਿਡਾਰੀ ਤਿਆਰ ਹੋਏ। ਉਨ੍ਹਾਂ ਦੀ ਚੰਗੀ ਸਿਖਿਆ ਨੂੰ ਅੱਜ ਵੀ ਪੁਰਾਣੇ ਖਿਡਾਰੀ ਯਾਦ ਕਰਦੇ ਨੇ।

ਉਮਰ ਦੇ ਲਿਹਾਜ ਨਾਲ ਤੋਖੀ ਨੇ ਕਬੱਡੀ ਖੇਡਣੀ ਛੱਡ ਦਿੱਤੀ ਤੇ ਪਿੰਡ ਵਾਲਿਆਂ ਨੇ ਉਹਨੂੰ ਸਰਪੰਚ ਬਣਾ ਦਿਤਾ। ਕਈ ਸਾਲ ਉਹ ਪਿੰਡ ਦਾ ਸਰਪੰਚ ਰਿਹੈ, ਪਰ ਪਿੰਡ 'ਚ ਕਿਸੇ ਨਿੱਜੀ ਰੰਜਿਸ਼ ਦਾ ਸ਼ਿਕਾਰ ਹੋ ਗਿਆ ਸੀ। ਤੋਖੀ ਦਾ ਕਬੱਡੀ ਖਿਡਾਰੀ ਬੇਟਾ ਯਾਦਵੀਰ ਪਿਛਲੇ ਸਾਲ ਕੈਨੇਡਾ ਵਿਚ ਇਕ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ।

66 ਸਾਲਾਂ ਨੂੰ ਢੁੱਕਾ ਕਬੱਡੀ ਦਾ ਪਿਆਰਾ ਖਿਡਾਰੀ ਰਾਵਲ ਅੱਜ ਕੱਲ੍ਹ ਪਰਿਵਾਰ ਸਮੇਤ ਅਮਰੀਕਾ ਰਹਿੰਦਾ ਹੈ। ਪੁਰਾਣੇ ਖਿਡਾਰੀ ਤੇ ਪੁਰਾਣੀ ਕਬੱਡੀ ਨੂੰ ਉਹ ਅੱਜ ਵੀ ਯਾਦ ਕਰਦਾ ਹੈ। ਪੁਰਾਣੇ ਖਿਡਾਰੀਆਂ 'ਚੋਂ ਸਰਬਣ ਬੱਲ, ਅਜੀਤ ਸਠਿਆਲਾ, ਪ੍ਰੀਤਾ, ਦੇਵੀ ਦਿਆਲ ਜਿਉਂਦੇ ਹਨ। ਕਾਲਜਾਂ ਤੇ ਕੈਂਪਾਂ ਵਿਚ ਰਹੇ ਕੋਚ ਅਜੀਤ ਸਠਿਆਲਾ (ਅੱਜ ਕੱਲ੍ਹ ਕੈਲੀਫੋਰਨੀਆ) ਨੇ ਰਾਵਲ ਨੂੰ ਸ਼ੰਕਰੀਏ ਘੁੱਗੇ ਵਰਗਾ ਤਕੜਾ ਜਾਫੀ ਮੰਨਿਆ। ਨਡਾਲੇ ਵਾਲੇ ਪ੍ਰੀਤੇ (ਆਇਆ ਪ੍ਰੀਤਾ, ਗਿਆ ਪ੍ਰੀਤਾ) ਨੇ ਰਾਵਲ ਨਾਲ ਬੜੇ ਮੈਚ ਲਾਏ, ਉਨ੍ਹੇ ਵੀ ਰਾਵਲ ਦੀ ਖੇਡ ਨੂੰ ਬੜਾ ਪਸੰਦ ਕੀਤਾ। ਅਜੀਤ ਸਠਿਆਲਾ, ਪ੍ਰੀਤੇ ਤੇ ਰਾਵਲ ਦਾ ਕਹਿਣਾ ਹੈ ਕਿ ਸਾਰੀ ਉਮਰ ਉਹ ਬਿਨਾ ਨਸ਼ੇ ਤੇ ਬਿਨਾ ਕਿਸੇ ਲੋਭ-ਲਾਲਚ ਦੇ ਖੇਡੇ। ਪਿੰਡਾਂ 'ਚੋਂ ਭਰ ਭਰ ਟਰਾਲੀਆਂ ਉਨ੍ਹਾਂ ਦਾ ਮੈਚ ਵੇਖਣ ਆਉਂਦੀਆਂ। ਕਿਰਾਇਆ ਵੀ ਪੱਲਿਓਂ ਖਰਚਦੇ। ਕਬੱਡੀ ਹਮੇਸ਼ਾ ਸਿਰ ਚੜ੍ਹ ਬੋਲਦੀ। ਛੋਟੇ-ਮੋਟੇ ਇਨਾਮ ਲੈ ਕੇ ਬੜੇ ਖੁਸ਼ ਹੁੰਦੇ ਜਿਵੇਂ ਪਲਾਸਟਿਕ ਵਾਲੇ ਡੱਬੇ, ਟਰੇਆਂ, ਤੌਲੀਏ ਜਾਂ ਬੁਨੈਣਾਂ ਵਗੈਰਾ। ਉਹ ਬੁਨੈਣ ਇਕ ਵਾਰ ਹੀ ਪੈਂਦੀ ਸੀ ਤੇ ਦੂਜੇ ਧੋ ਨੂੰ ਛਾਨਣੀ ਬਣ ਜਾਂਦੀ। ਦਰਸ਼ਕਾਂ ਵਲੋਂ ਇਕ ਜਾਂ ਦੋ ਰੁਪਏ ਦੇ ਕੇ ਖਿਡਾਰੀ ਦਾ ਹੌਸਲਾ ਵਧਾਇਆ ਜਾਂਦਾ। ਉਦੋਂ ਉਹੀ ਵੱਡੀ ਰਕਮ ਹੁੰਦੀ ਸੀ। ਅੱਜ ਦੀ ਕਬੱਡੀ ਤਾਂ ਲੱਖਾਂ-ਕਰੋੜਾਂ ਦੀ ਹੋ ਕੇ ਵੱਡੇ-ਵੱਡੇ ਇਨਾਮਾਂ ਤੱਕ ਪਹੁੰਚ ਕੇ ਵਿਦੇਸ਼ੀ ਗਰਾਊਂਡਾਂ ਦਾ ਸ਼ਿੰਗਾਰ ਬਣ ਗਈ ਹੈ। ਅਜੋਕੇ ਨਸ਼ੇ ਵਾਲੇ ਖਿਡਾਰੀਆਂ ਤੋਂ ਉਹ ਦੁਖੀ ਹੈ, ਜੋ ਨਸ਼ਿਆਂ ਦੇ ਰੁਝਾਨ ਵੱਲ ਵੱਧ ਰਹੇ ਹਨ। ਮੌਤਾਂ ਵੀ ਹੋ ਰਹੀਆਂ ਹਨ। ਨਸ਼ੇ ਰੋਕਣ ਲਈ ਕੋਚਾਂ, ਖੇਡ ਪ੍ਰੋਮੋਟਰਾਂ ਤੇ ਖੇਡ ਸੰਸਥਾਵਾਂ ਨੂੰ ਬੇਨਤੀ ਹੈ ਕਿ ਨਸ਼ਾ ਕਰਨ ਵਾਲੇ ਖਿਡਾਰੀਆਂ ਨੂੰ ਬਿਲਕੁਲ ਨਾ ਖਿਡਾਇਆ ਜਾਵੇ। ਨਸ਼ਾ ਮੁਕਤ ਕਬੱਡੀ ਦਾ ਸੁਨੇਹਾ ਦਿਤਾ ਹੈ। ਪ੍ਰੀਤੇ ਨੇ ਤਾਂ ਇਹ ਵੀ ਕਿਹਾ ਹੈ ਕਿ ਹੁਣ ਕਬੱਡੀ ਗੁੰਗੀ ਹੋ ਗਈ ਹੈ। ਗੁੰਗੀ ਕਬੱਡੀ ਪਾਕਿਸਤਾਨ ਵਿਚੋਂ ਆਈ ਹੈ। ਕਬੱਡੀ-ਕਬੱਡੀ ਕਹਿਣ ਨਾਲ ਖਿਡਾਰੀ ਦਾ ਅੰਦਰ ਤੇ ਦਿਲ ਮਜ਼ਬੂਤ ਹੁੰਦਾ ਹੈ। ਉਸ ਵੇਲੇ ਖਿਡਾਰੀਆਂ ਦੇ ਢਿੱਡ (ਪੇਟ) ਬਿਲਕੁਲ ਨਹੀਂ ਸਨ ਹੁੰਦੇ। ਹੁਣ ਦੇ ਖਿਡਾਰੀ ਕਬੱਡੀ ਖਿਡਾਰੀ ਘੱਟ ਤੇ ਪਹਿਲਵਾਨ ਵੱਧ ਲੱਗਦੇ ਹਨ। ਮਿਹਨਤ ਘੱਟ ਕਰਦੇ ਹਨ। ਰਾਤੋ-ਰਾਤ ਸਟਾਰ ਬਣਨ ਦੇ ਚੱਕਰਾਂ 'ਚ ਗਲਤ ਪਦਾਰਥਾਂ ਦਾ ਸੇਵਨ ਕਰਦੇ ਹਨ, ਜੋ ਸਹੀ ਨਹੀਂ। ਤਨੋਂ, ਮਨੋਂ, ਧਨੋਂ ਕਬੱਡੀ ਨੂੰ ਪ੍ਰੋਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਅਮੋਲਕ ਸਿੰਘ ਗਾਖਲ ਤੇ ਗਾਖਲ ਭਰਾ ਅਤੇ ਮੱਖਣ ਸਿੰਘ ਬੈਂਸ ਵੀ ਨਸ਼ਿਆਂ ਦੇ ਸਖਤ ਖਿਲਾਫ ਹਨ।

ਬਿਨਾ ਨਸ਼ੇ ਤੋਂ ਮਹਿਬੂਬ ਖੇਡ ਦੀ ਲਾਜ ਰੱਖੀ,
ਦਿਨ ਰਾਤ ਮਿਹਨਤ ਕੀਤੀ ਖੇਡ ਮੈਦਾਨਾਂ 'ਚ।
'ਇਕਬਾਲ ਸਿਹਾਂ' ਪੰਜਾਂ ਪਾਣੀਆਂ ਦੇ
ਸ਼ੇਰਾਂ ਨੇ ਸ਼ੌਕ ਪਾਲੇ,
ਆਸ ਰੱਖੀ ਨਾ ਕਦੇ ਮਾਨਾਂ-ਸਨਮਾਨਾਂ 'ਚ।

ਗੋਲਡ ਮੈਡਲਿਸਟ ਇਕਬਾਲ ਸਿੰਘ ਬੋਪਾਰਾਏ ਰਾਵਲ ਦਾ ਪਰਮ ਮਿੱਤਰ ਹੈ। ਰਾਵਲ ਨਾਲ ਸੰਪਰਕ ਫੋਨ: 805-598-7092 ਰਾਹੀਂ ਹੋ ਸਕਦਾ ਹੈ।



*1981 ਦੀ ਇਕ ਤਸਵੀਰ ਵਿਚ (ਖੱਬਿਓਂ) ਪਰਮਜੀਤ ਪੰਮੀ, ਸੁਖਮੰਦਰ, ਦਰਸ਼ਨ ਸੁਬੀ, ਬਲਬੀਰ ਬਿੱਲਾ, ਸੰਤੋਖ ਸਿੰਘ ਤੋਖੀ, ਕੁਲਦੀਪ ਮੱਲ੍ਹਾ, ਗੁਰਸੇਵਕ ਸਿੰਘ ਸੇਵੀ ਅਤੇ (ਬੈਠਿਆਂ 'ਚ) ਵੀਰ ਸਿੰਘ ਵੀਰੂ, ਰਵਿੰਦਰ ਸਿੰਘ ਰਾਵਲ ਤੇ ਅਵਤਾਰ ਤਾਰੀ*


# ਬਲੈਕ ਪਾਵਰ ਸਲੂਟ

**ਪਰਦੀਪ ਠੱਕਰਵਾਲ, ਸੈਨ ਹੋਜੇ**
ਫੋਨ: 408-540-4547

16 ਅਕਤੂਬਰ 1968 ਨੂੰ ਮੈਕਸੀਕੋ ਸਿਟੀ ਦੇ ਸਟੇਡੀਅਮ ਵਿਚ ਓਲੰਪਿਕਸ ਦੀ 200 ਮੀਟਰ ਦੌੜ ਲਈ ਮੈਡਲ ਸਮਾਰੋਹ ਹੋ ਰਿਹਾ ਸੀ। ਇਸ ਨੂੰ ਵੇਖਣ ਲਈ ਕੋਈ 50,000 ਦਰਸ਼ਕਾਂ ਦਾ ਇਕੱਠ ਸੀ। ਅਮਰੀਕਾ ਦਾ ਟਾਮੀ ਸਮਿਥ ਸੋਨੇ ਦਾ ਤਮਗਾ ਅਤੇ ਜਾਨ ਕਾਰਲੋਸ ਕਾਂਸੀ ਦਾ ਤਮਗਾ ਜਿੱਤੇ ਸਨ, ਤੇ ਇਹ ਦੋਵੇਂ ਜਣੇ ਕਾਲੇ ਅਥਲੀਟ ਸਨ। ਚਾਂਦੀ ਦਾ ਤਮਗਾ ਜੇਤੂ ਆਸਟਰੇਲੀਆ ਦਾ ਪੀਟਰ ਨੌਰਮੈਨ ਗੋਰਾ ਸੀ। ਜਿਸ ਸਮੇਂ ਅਮਰੀਕਾ ਦੇ ਨੈਸ਼ਨਲ ਐਂਥਮ ਦਾ ਸੰਗੀਤ ਅਤੇ ਫਲੈਗ ਸਮਾਰੋਹ ਸ਼ੁਰੂ ਹੋਇਆ ਤਾਂ ਅਮਰੀਕਾ ਦੇ ਦੋਹਾਂ ਦੌੜਾਕਾਂ ਨੇ ਨੰਗੇ ਪੈਰੀਂ ਕਾਲੀਆਂ ਜੁਰਾਬਾਂ ਪਾ ਕੇ ਅਤੇ ਇੱਕ-ਇੱਕ ਹੱਥ ਵਿਚ ਕਾਲਾ ਗਲਵ ਪਾ ਕੇ ਬੰਦ ਮੁੱਠੀ ਅਸਮਾਨ ਵੱਲ ਕੀਤੀ। ਇਹ ਉਨ੍ਹਾਂ ਦਾ ਰੋਸ ਕਰਨ ਦਾ ਤਰੀਕਾ ਸੀ। ਨੰਗੇ ਪੈਰੀਂ ਕਾਲੀਆਂ ਜੁਰਾਬਾਂ ਦਾ ਮਤਲਬ ਗਰੀਬੀ ਅਤੇ ਕਾਲਿਆਂ ਨਾਲ ਹੁੰਦੇ ਵਿਤਕਰੇ ਦਾ ਸੰਕੇਤ ਸੀ। ਬੰਦ ਮੁੱਠੀ ਅਤੇ ਕਾਲੇ ਗਲਵ ਬਲੈਕ ਪਾਵਰ ਦਾ ਸਲੂਟ ਸੀ। ਭਾਵੇਂ ਦੂਜੇ ਨੰਬਰ 'ਤੇ ਆਉਣ ਵਾਲਾ ਆਸਟਰੇਲੀਆ ਦਾ ਪੀਟਰ ਨੌਰਮੈਨ ਗੋਰਾ ਸੀ, ਪਰ ਉਸ ਨੇ ਹਿਊਮਨ ਰਾਈਟਸ ਦਾ ਬੈਜ ਗਲ ਵਿਚ ਪਾ ਕੇ ਇਨ੍ਹਾਂ ਦਾ ਸਾਥ ਦਿੱਤਾ।

ਇਸ ਖਬਰ ਅਤੇ ਫੋਟੋ ਦੀ ਦੁਨੀਆਂ ਭਰ ਵਿਚ ਚਰਚਾ ਹੋਈ, ਪਰ ਅਮਰੀਕਾ ਵਿਚ ਇਸ ਕਾਰਨਾਮੇ ਦਾ ਸਖਤ ਵਿਰੋਧ ਹੋਇਆ। ਇਸ ਘਟਨਾ ਨੇ ਆਉਣ ਵਾਲੇ ਸਮੇਂ ਲਈ ਇੱਕ ਰੋਲ ਮਾਡਲ ਦਾ ਕੰਮ ਕੀਤਾ ਅਤੇ ਅੱਜ ਵੀ ਇਸ ਫੋਟੋ ਵਾਲੀਆਂ ਸ਼ਰਟਾਂ ਵਿਕਦੀਆਂ ਹਨ, ਪਰ ਇਨ੍ਹਾਂ ਖਿਡਾਰੀਆਂ ਨੂੰ ਬਹੁਤ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ।

ਇਹ ਸਮਾਂ ਅਮਰੀਕਾ ਵਿਚ ਵਾਪਰ ਰਹੀਆਂ ਘਟਨਾਵਾਂ ਕਰਕੇ ਚਿੰਤਾ ਵਾਲਾ ਸੀ। 1955 ਤੋਂ 1975 ਤਕ ਅਮਰੀਕਾ ਦੀ ਵੀਅਤਨਾਮ ਨਾਲ ਚਲੀ ਜੰਗ ਕਾਰਨ 58,318 ਫੌਜੀ ਮਾਰੇ ਗਏ ਅਤੇ 303,644 ਜਖਮੀ ਹੋ ਗਏ ਸਨ। ਇਸ ਜੰਗ ਵਿਚ ਸ਼ਾਮਿਲ ਹੋਣਾ ਅਤੇ ਹਰ ਰੋਜ਼ ਹੁੰਦੀਆਂ ਮੌਤਾਂ ਕਾਰਨ ਵਿਦਿਆਰਥੀ ਇਸ ਦਾ ਵਿਰੋਧ ਕਰਦੇ ਸਨ। ਕਈ ਲੋਕ ਸਮਝਦੇ ਸਨ ਕਿ ਬਿਨਾ ਵਜ੍ਹਾ ਇਸ ਜੰਗ ਵਿਚ ਸ਼ਾਮਿਲ ਹੋਣਾ ਗਲਤੀ ਹੈ। ਮੁਹੰਮਦ ਅਲੀ 1960 ਵਿਚ ਰੋਮ ਓਲੰਪਿਕਸ ਦਾ ਬਾਕਸਿੰਗ ਚੈਂਪੀਅਨ ਅਤੇ ਪਿਛੋਂ ਪੇਸ਼ਾਵਰ ਵਰਲਡ ਚੈਂਪੀਅਨ ਸੀ। ਉਸ ਸਮੇਂ ਦੇ ਨਿਯਮ ਅਨੁਸਾਰ ਜਦ ਉਸ ਦੀ ਜੰਗ ਵਿਚ ਸ਼ਾਮਿਲ ਹੋਣ



**ਮੁਹੰਮਦ ਅਲੀ**

ਦੀ ਵਾਰੀ ਆਈ ਤਾਂ ਉਸ ਨੇ ਜਾਣ ਤੋਂ ਨਾਂਹ ਕਰ ਦਿੱਤੀ। ਉਹ ਵੀ ਇਸ ਜੰਗ ਦਾ ਵਿਰੋਧੀ ਸੀ। ਉਸ ਤੋਂ ਚੈਂਪੀਅਨ ਦਾ ਖਿਤਾਬ ਖੋਹ ਲਿਆ ਅਤੇ ਉਸ ਨੂੰ ਕਈ ਸਾਲ ਕਾਨੂੰਨੀ ਲੜਾਈ ਲੜਨੀ ਪਈ। ਇਸ ਲੜਾਈ ਵਿਚ ਕਾਲੇ ਲੋਕਾਂ ਨੇ ਅਲੀ ਦਾ ਸਾਥ ਦਿੱਤਾ।

22 ਨਵੰਬਰ 1963 ਨੂੰ ਅਮਰੀਕਾ ਦੇ ਹਰਮਨ ਪਿਆਰੇ ਪ੍ਰੈਜ਼ੀਡੈਂਟ ਜਾਨ ਐਫ ਕੈਨੇਡੀ ਦਾ ਕਤਲ ਹੋ ਗਿਆ। ਨੇਸ਼ਨ ਆਫ ਇਸਲਾਮ ਦਾ ਲੀਡਰ ਮੈਲਕਮ ਐਕਸ ਸੀ, ਜਦ ਉਹ ਇਸ ਦਾ ਵਿਰੋਧੀ ਹੋ ਗਿਆ ਤਾਂ 21 ਫਰਵਰੀ 1965 ਨੂੰ ਉਸ ਨੂੰ ਗੋਲੀ ਮਾਰ ਦਿੱਤੀ ਗਈ। ਸਿਵਲ ਰਾਈਟਸ ਦੇ ਮਸ਼ਹੂਰ ਲੀਡਰ ਡਾ. ਮਾਰਟਿਨ ਲੂਥਰ ਕਿੰਗ ਨੂੰ 4 ਅਪਰੈਲ 1968 ਨੂੰ ਮਾਰ ਦਿੱਤਾ ਤਾਂ ਕਾਲੇ ਲੋਕਾਂ ਵਿਚ ਗੁੱਸੇ ਦੀ ਲਹਿਰ ਦੌੜ ਪਈ। ਇਸੇ ਸਾਲ 6 ਜੂਨ 1968 ਨੂੰ ਅਗਲੇ ਸੰਭਾਵੀ ਪ੍ਰੈਜ਼ੀਡੈਂਟ ਬਾਬੀ ਕੈਨੇਡੀ (ਜਾਨ ਐਫ ਕੈਨੇਡੀ ਦਾ ਭਰਾ) ਨੂੰ ਗੋਲੀ ਮਾਰ ਦਿੱਤੀ ਗਈ। ਇਨ੍ਹਾਂ ਮੰਦਭਾਗੀ ਘਟਨਾਵਾਂ ਤੋਂ ਇਲਾਵਾ ਕਾਲੇ ਲੋਕਾਂ ਵਿਚ ਆਪਣੇ ਨਾਲ ਹੁੰਦੇ ਵਿਤਕਰੇ ਅਤੇ ਨਾਇਨਸਾਫੀ ਕਰ ਕੇ ਰੋਹ ਸੀ।



**ਅਥਲੀਟ ਟਾਮੀ ਸਮਿਥ, ਜਾਨ ਕਾਰਲੋਸ ਅਤੇ ਪੀਟਰ ਨੌਰਮੈਨ**

ਉਸ ਸਮੇਂ ਕਾਲਜਾਂ ਵਿਚ ਪੜ੍ਹਦੇ ਅਤੇ ਸਪੋਰਟਸਮੈਨ ਕਾਲੇ ਵੀ ਇਸ ਨਸਲੀ ਵਿਤਕਰੇ ਨੂੰ ਲੈ ਕੇ ਗੁੱਸੇ ਵਿਚ ਸਨ। 1968 ਦੀ ਓਲੰਪਿਕਸ ਮੈਕਸੀਕੋ ਵਿਚ ਹੋਣੀ ਸੀ ਅਤੇ ਇਸ ਤੋਂ ਪਹਿਲਾਂ ਉਨ੍ਹਾਂ ਨੇ 'ਓਲੰਪਿਕ ਪ੍ਰਾਜੈਕਟ ਫਾਰ ਹਿਊਮਨ ਰਾਈਟਸ' ਨਾਂ ਦੀ ਜਥੇਬੰਦੀ ਕਾਇਮ ਕੀਤੀ। ਉਸ ਸਮੇਂ ਡਾ. ਮਾਰਟਿਨ ਲੂਥਰ ਕਿੰਗ ਅਤੇ ਮੁਹੰਮਦ ਅਲੀ ਵਰਗੇ ਲੋਕਾਂ ਦਾ ਵੀ ਸਾਥ ਸੀ। ਸੈਨ ਹੋਜੇ ਸਟੇਟ ਕਾਲਜ ਦਾ ਡਾ. ਹੈਰੀ ਐਡਵਰਡ, ਜੋ ਪਹਿਲਾਂ ਐਥਲੀਟ ਅਤੇ ਬਾਅਦ ਵਿਚ ਪ੍ਰੋਫੈਸਰ ਬਣਿਆ, ਇਸ ਜਥੇਬੰਦੀ ਦਾ ਮੋਹਰੀ ਸੀ। ਟਾਮੀ ਸਮਿਥ, ਜਾਨ ਕਾਰਲੋਸ ਅਤੇ ਲੀ ਐਵਨ ਵਰਗੇ ਨਾਮੀ ਐਥਲੀਟ ਇਥੇ ਹੋਣ ਕਰਕੇ ਸੈਨ ਹੋਜੇ ਨੂੰ ਸਪੀਡ ਸਿਟੀ ਕਿਹਾ ਜਾਂਦਾ ਸੀ। ਇਸ ਜਥੇਬੰਦੀ ਦਾ ਪਹਿਲਾਂ ਵਿਚਾਰ ਓਲੰਪਿਕਸ ਦਾ ਬਾਈਕਾਟ ਕਰਨ ਦਾ ਸੀ, ਪਰ ਇਸ ਲਈ ਸਾਰੇ ਸਹਿਮਤ ਨਾ ਹੋ ਸਕੇ। ਇਨ੍ਹਾਂ ਦੇ ਮਤਭੇਦ ਹੋਣ ਕਰਕੇ ਹਰ ਇੱਕ ਨੂੰ ਆਪਣੀ ਮਰਜ਼ੀ ਅਨੁਸਾਰ ਰੋਸ ਕਰਨ ਲਈ ਖੁੱਲ੍ਹ ਦੇ ਦਿੱਤੀ ਗਈ।

ਸੋ, ਇਸ ਲਈ ਕੋਈ ਮਿਥੀ ਯੋਜਨਾ ਨਾ ਬਣ ਸਕੀ। ਜਦ ਇਸ ਦੀ ਜਾਣਕਾਰੀ ਅਮਰੀਕਾ ਦੀ ਓਲੰਪਿਕਸ ਕਮੇਟੀ ਨੂੰ ਮਿਲੀ ਤਾਂ ਉਹ ਬਹੁਤ ਪ੍ਰੇਸ਼ਾਨ ਹੋਏ। ਜਦ ਸਾਰੇ ਮੈਕਸੀਕੋ ਪਹੁੰਚੇ ਤਾਂ ਕਮੇਟੀ ਨੇ 1936 ਓਲੰਪਿਕਸ ਦੇ ਚਾਰ ਗੋਲਡ ਮੈਡਲ ਜੇਤੂ ਜੈਸੀ ਉਅਨ ਨੂੰ ਇਨ੍ਹਾਂ ਨਾਲ ਗੱਲ ਕਰਨ ਲਈ ਭੇਜਿਆ, ਪਰ ਜੈਸੀ ਤਾਂ ਖੁਦ ਨਸਲਵਾਦ ਦਾ ਸ਼ਿਕਾਰ ਸੀ। ਚਾਰ ਗੋਲਡ ਮੈਡਲ ਜਿੱਤਣ ਪਿਛੋਂ ਵੀ ਉਸ ਨੂੰ ਗੈਸ ਸਟੇਸ਼ਨ ਅਤੇ ਜੈਨੀਟਰ ਵਰਗੇ ਕੰਮ ਕਰਨੇ ਪਏ। ਪੈਸੇ ਦੀ ਲੋੜ ਨੂੰ ਪੂਰਾ ਕਰਨ ਲਈ ਉਸ ਨੂੰ ਘੋੜਿਆਂ ਦੇ ਨਾਲ ਮੁਕਾਬਲੇ ਵਿਚ ਦੌੜਨਾ ਪਿਆ।

ਇਸ 'ਬਲੈਕ ਪਾਵਰ ਸਲੂਟ' ਸਮੇਂ ਸਟੇਡੀਅਮ ਵਿਚ ਹਾਜ਼ਰ ਅਮਰੀਕਾ ਦੇ ਲੋਕਾਂ ਨੇ ਇਨ੍ਹਾਂ ਨੂੰ ਗਾਲ੍ਹਾਂ ਕੱਢੀਆਂ ਅਤੇ ਦੇਸ਼ ਧ੍ਰੋਹੀ ਕਿਹਾ। ਇਨ੍ਹਾਂ ਨੂੰ ਓਲੰਪਿਕਸ ਪਿੰਡ ਵਿਚੋਂ ਬਾਹਰ ਤਾਂ ਕੱਢਿਆ ਹੀ, ਸਗੋਂ ਮੈਕਸੀਕੋ ਦਾ ਵੀਜ਼ਾ ਰੱਦ ਕਰ ਕੇ ਅਮਰੀਕਾ ਵਾਪਸ ਭੇਜ ਦਿੱਤਾ ਗਿਆ। ਇਸ ਪਿਛੋਂ ਹੋਰ ਵੀ ਕਈਆਂ ਨੇ ਆਪਣੇ ਤੌਰ 'ਤੇ ਰੋਸ ਪ੍ਰਗਟਾਇਆ, ਪਰ ਇਨ੍ਹਾਂ ਦੀ ਖਿੱਚੀ ਫੋਟੋ ਨੇ ਦੁਨੀਆਂ ਭਰ ਵਿਚ ਤਰਥੱਲੀ ਮਚਾ ਦਿੱਤੀ।

ਅਮਰੀਕਾ ਵਿਚ ਕਾਲਿਆਂ ਖਿਲਾਫ ਹੋ ਰਹੇ ਵਿਤਕਰੇ ਦਾ ਪਰਦਾਫਾਸ਼ ਹੋ ਗਿਆ, ਪਰ ਸਮਿਥ ਅਤੇ ਕਾਰਲੋਸ ਨੂੰ ਇਸ ਦੀ ਬਹੁਤ ਕੀਮਤ ਚੁਕਾਉਣੀ ਪਈ। ਉਨ੍ਹਾਂ ਦੀ ਜ਼ਿੰਦਗੀ ਨੂੰ ਮੌਤ ਅਤੇ ਗਰੀਬੀ ਨੇ ਘੇਰੀ ਰੱਖਿਆ। ਜਾਰਜ ਫੋਰਮੈਨ (ਬਾਕਸਰ) ਉਸੇ ਓਲੰਪਿਕਸ ਵਿਚ ਗੋਲਡ ਮੈਡਲ ਜਿੱਤ ਕੇ ਅਮਰੀਕਾ ਦਾ ਫਲੈਗ ਲਹਿਰਾ ਕੇ ਹੀਰੋ ਬਣ ਗਿਆ ਅਤੇ ਸਾਰੀ ਉਮਰ ਮਿਲੀਅਨਜ਼ ਡਾਲਰ ਕਮਾਉਂਦਾ ਰਿਹਾ। ਓਲੰਪਿਕਸ ਕਮੇਟੀ ਨੇ ਇਨ੍ਹਾਂ ਦੋਹਾਂ ਨੂੰ ਸਸਪੈਂਡ ਕਰ ਦਿੱਤਾ। ਇਨ੍ਹਾਂ ਨੇ ਆਪਣੀ-ਆਪਣੀ ਕਿਤਾਬ ਵੀ ਲਿਖੀ ਹੈ, ਜੋ ਇਨ੍ਹਾਂ ਦੇ ਸੁਭਾਅ ਅਨੁਸਾਰ ਵੱਖਰੇ ਤੱਤ ਬਿਆਨ ਕਰਦੀਆਂ ਹਨ। ਸੈਨ ਹੋਜੇ ਸਟੇਟ ਕਾਲਜ ਵਿਚ ਸਾਲ 2005 ਵਿਚ ਇਨ੍ਹਾਂ ਦੋਹਾਂ ਦਾ 'ਬਲੈਕ ਪਾਵਰ ਸਲੂਟ' ਵਾਲਾ ਬੁੱਤ ਬਣਾਇਆ ਗਿਆ।

ਪੀਟਰ ਨਾਰਮੈਨ ਨੂੰ ਵੀ ਗਲ ਵਿਚ 'ਓਲੰਪਿਕਸ ਪ੍ਰਾਜੈਕਟ ਫਾਰ ਹਿਊਮਨ ਰਾਈਟਸ' ਦਾ ਬੈਜ ਪਾਉਣ ਕਾਰਨ ਆਪਣੇ ਦੇਸ਼ ਪਰਤਣ 'ਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਸ ਨੂੰ 1972 ਦੀ ਮਿਊਨਿਖ ਓਲੰਪਿਕਸ ਲਈ ਟੀਮ ਵਿਚ ਸ਼ਾਮਿਲ ਨਾ ਕੀਤਾ ਗਿਆ। ਉਸ ਪਿਛੋਂ ਉਹ ਰਿਟਾਇਰ ਹੋ ਕੇ ਅਧਿਆਪਕ ਵਜੋਂ ਨੌਕਰੀ ਕਰਦਾ ਰਿਹਾ। ਤਿੰਨ ਦਹਾਕੇ ਬਾਅਦ ਸੰਨ 2000 ਸਿਡਨੀ ਓਲੰਪਿਕਸ ਸਮੇਂ ਵੀ ਉਸ ਨੂੰ ਚੇਤੇ ਨਾ ਕੀਤਾ ਗਿਆ। ਪੀਟਰ ਦੀ ਮੌਤ 3 ਅਕਤੂਬਰ 2006 ਨੂੰ ਹਾਰਟ ਅਟੈਕ ਨਾਲ ਹੋ ਗਈ, ਉਸ ਸਮੇਂ ਉਹ 64 ਸਾਲ ਦਾ ਸੀ। ਟਾਮੀ ਸਮਿਥ ਅਤੇ ਜਾਨ ਕਾਰਲੋਸ ਉਸ ਦੇ ਅੰਤਿਮ ਸਸਕਾਰ ਵਿਚ ਸ਼ਾਮਿਲ ਸਨ, ਪਰ ਅਗਸਤ 2012 ਵਿਚ ਆਸਟਰੇਲੀਆ ਦੀ ਸਰਕਾਰ ਨੇ ਆਪਣੇ ਕੀਤੇ ਵਰਤਾਰੇ 'ਤੇ ਪੀਟਰ ਤੋਂ ਮੁਆਫੀ ਦਾ ਮਤਾ ਪਾਸ ਕਰਕੇ ਉਸ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਪੀਟਰ ਨੂੰ ਸੈਨ ਹੋਜੇ ਸਟੇਟ ਵਿਚ ਬੁੱਤ ਲਾਉਣ ਸਮੇਂ ਸ਼ਾਮਿਲ ਹੋਣ ਲਈ ਬੇਨਤੀ ਕੀਤੀ, ਪਰ ਉਸ ਨੇ ਨਾਂਹ ਕਰ ਦਿੱਤੀ। ਉਸ ਦਾ ਵਿਚਾਰ ਸੀ ਕਿ ਮੇਰੀ ਖਾਲੀ ਥਾਂ ਉਪਰ ਖੜ੍ਹੇ ਹੋ ਕੇ ਲੋਕ ਟਾਮੀ ਅਤੇ ਜਾਨ ਨਾਲ ਫੋਟੋ ਖਿਚਵਾ ਸਕਦੇ ਹਨ। ਇਹ ਉਸ ਦੀ ਮਹਾਨਤਾ ਦਾ ਸਬੂਤ ਸੀ।

***1955 ਤੋਂ 1975 ਤਕ ਅਮਰੀਕਾ ਦੀ ਵੀਅਤਨਾਮ ਨਾਲ ਚਲੀ ਜੰਗ ਕਾਰਨ 58,318 ਫੌਜੀ ਮਾਰੇ ਗਏ ਅਤੇ 303,644 ਜਖਮੀ ਹੋ ਗਏ ਸਨ। ਇਸ ਜੰਗ ਵਿਚ ਸ਼ਾਮਿਲ ਹੋਣਾ ਅਤੇ ਹਰ ਰੋਜ਼ ਹੁੰਦੀਆਂ ਮੌਤਾਂ ਕਾਰਨ ਵਿਦਿਆਰਥੀ ਇਸ ਦਾ ਵਿਰੋਧ ਕਰਦੇ ਸਨ। ਕਈ ਲੋਕ ਸਮਝਦੇ ਸਨ ਕਿ ਬਿਨਾ ਵਜ੍ਹਾ ਇਸ ਜੰਗ ਵਿਚ ਸ਼ਾਮਿਲ ਹੋਣਾ ਗਲਤੀ ਹੈ। ਮੁਹੰਮਦ ਅਲੀ 1960 ਵਿਚ ਰੋਮ ਓਲੰਪਿਕਸ ਦਾ ਬਾਕਸਿੰਗ ਚੈਂਪੀਅਨ ਅਤੇ ਪਿਛੋਂ ਪੇਸ਼ਾਵਰ ਵਰਲਡ ਚੈਂਪੀਅਨ ਸੀ। ਉਸ ਸਮੇਂ ਦੇ ਨਿਯਮ ਅਨੁਸਾਰ ਜਦ ਉਸ ਦੀ ਜੰਗ ਵਿਚ ਸ਼ਾਮਿਲ ਹੋਣ ਦੀ ਵਾਰੀ ਆਈ ਤਾਂ ਉਸ ਨੇ ਜਾਣ ਤੋਂ ਨਾਂਹ ਕਰ ਦਿੱਤੀ। ਉਹ ਵੀ ਇਸ ਜੰਗ ਦਾ ਵਿਰੋਧੀ ਸੀ। ਉਸ ਤੋਂ ਚੈਂਪੀਅਨ ਦਾ ਖਿਤਾਬ ਖੋਹ ਲਿਆ ਤੇ ਉਸ ਨੂੰ ਕਈ ਸਾਲ ਕਾਨੂੰਨੀ ਲੜਾਈ ਲੜਨੀ ਪਈ।***

ਜਾਨ ਕਾਰਲੋਸ ਦਾ ਜਨਮ 5 ਜੂਨ 1945 ਨੂੰ ਨਿਊ ਯਾਰਕ ਸ਼ਹਿਰ ਦੇ ਹਾਰਲਿਨ ਇਲਾਕੇ ਵਿਚ ਹੋਇਆ। ਉਸ ਦਾ ਪਿਉ ਆਰਮੀ 'ਚੋਂ ਸੇਵਾ ਮੁਕਤ ਹੋ ਕੇ ਸ਼ੂਅ ਮੇਕਰ (ਮੋਚੀ) ਵਜੋਂ ਕੰਮ ਕਰਦਾ ਸੀ ਅਤੇ ਮਾਂ ਨਰਸ ਸੀ। ਉਹ ਬਚਪਨ ਤੋਂ ਹੀ ਸਰੀਰਕ ਤੌਰ 'ਤੇ ਤਕੜਾ ਸੀ ਅਤੇ ਨਿਊ ਯਾਰਕ ਦੇ ਮਾਹੌਲ ਅਨੁਸਾਰ ਲੜਾਈ-ਝਗੜੇ ਵਿਚ ਸ਼ਾਮਿਲ ਰਹਿੰਦਾ ਸੀ। ਇਸ ਤੋਂ ਇਲਾਵਾ ਉਹ ਆਪਣੇ ਦੋਸਤਾਂ ਨਾਲ ਮਿਲ ਕੇ ਚੋਰੀਆਂ ਵੀ ਕਰਦਾ ਸੀ। ਇੱਕ ਵਾਰ ਉਸ ਨੇ ਰੇਡੀਓ 'ਤੇ ਓਲੰਪਿਕਸ ਬਾਰੇ ਸੁਣਿਆ ਤਾਂ ਉਸ ਦਾ ਮਨ ਇਸ ਵਿਚ ਸ਼ਾਮਿਲ ਹੋਣ ਲਈ ਸੋਚਣ ਲੱਗਾ। ਉਸ ਦੇ ਘਰ ਦੇ ਨੇੜੇ ਹੀ ਇੱਕ ਸਵਿਮਿੰਗ ਪੂਲ ਸੀ, ਜਿਸ ਵਿਚ ਉਹ ਤੈਰਨ ਲੱਗਾ। ਜਦ ਉਸ ਨੂੰ ਵਧੀਆ ਟ੍ਰੇਨਿੰਗ ਲਈ ਹੋਰ ਪੂਲ ਦੀ ਲੋੜ ਪਈ ਤਾਂ ਮੁਸੀਬਤ ਖੜ੍ਹੀ ਹੋ ਗਈ, ਕਿਉਂਕਿ ਇਸ ਤਰ੍ਹਾਂ ਦੇ ਪੂਲ ਸਿਰਫ ਗੋਰਿਆਂ ਲਈ ਸਨ। ਇੱਕ ਵਾਰ ਉਹ ਇਸ ਤਰ੍ਹਾਂ ਦੇ ਪੂਲ ਵਿਚ ਵੜ ਗਿਆ ਤਾਂ ਸਾਰੇ ਗੋਰੇ ਬਾਹਰ ਨਿਕਲ ਗਏ। ਇਸ ਨਾਲ ਉਸ ਨੂੰ ਕਾਲੇ ਲੋਕਾਂ ਪ੍ਰਤੀ ਨਫਰਤ ਦਾ ਅਹਿਸਾਸ ਹੋਰ ਵੀ ਗੂੜ੍ਹਾ ਹੋ ਗਿਆ। ਫਿਰ ਉਸ ਨੇ ਬਾਕਸਿੰਗ ਕਰਨੀ ਸ਼ੁਰੂ ਕੀਤੀ ਤਾਂ ਉਸ ਦੀ ਮਾਂ ਨੇ ਸਖਤ ਵਿਰੋਧ ਕੀਤਾ।

ਆਖਿਰ ਕਾਰਲੋਸ ਨੇ ਅਥਲੀਟ ਬਣਨ ਦੀ ਸੋਚ ਲਈ ਅਤੇ ਮਿਹਨਤ ਕਰਨ ਲੱਗਾ। ਇਹ ਕੰਮ ਤਾਂ ਉਹ ਚੋਰੀਆਂ ਲਈ ਵੀ ਕਰਦਾ ਸੀ, ਇਸ ਲਈ ਉਸ ਨੂੰ ਵਧੀਆ ਲੱਗਾ। ਆਪਣੇ ਹਾਈ ਸਕੂਲ ਦੇ ਸਮੇਂ ਵਿਚ ਹੀ ਉਹ ਵੱਡੀਆਂ ਦੌੜਾਂ ਜਿੱਤਣ ਲੱਗ ਪਿਆ। ਉਸ ਦੇ ਨਾਂ ਦੀ ਚਰਚਾ ਕਾਲਜਾਂ ਵਿਚ ਹੋਣ ਲੱਗੀ, ਪਰ ਕਈ ਕਾਲਜਾਂ ਨੇ ਉਸ ਨੂੰ ਵਜ਼ੀਫਾ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਉਸ ਤੋਂ ਦੂਰੀ ਬਣਾਉਣ ਲੱਗੇ। ਇਸ ਸਾਰੇ ਦਾ ਕਾਰਨ ਇਹ ਸੀ ਕਿ ਕਾਰਲੋਸ ਨੇ ਆਪਣੇ ਹਾਈ ਸਕੂਲ ਦੌਰਾਨ ਸ਼ਾਦੀ ਕਰ ਲਈ ਅਤੇ ਇੱਕ ਬੱਚੇ ਦਾ ਬਾਪ ਵੀ ਬਣ ਗਿਆ।


ਆਖਿਰ ਉਸ ਨੂੰ ਈਸਟ ਟੈਕਸਸ ਯੂਨੀਵਰਸਿਟੀ ਤੋਂ ਵਜ਼ੀਫਾ ਪ੍ਰਾਪਤ ਹੋ ਗਿਆ ਅਤੇ ਉਹ ਆਪਣੀ ਪਤਨੀ ਤੇ ਬੱਚੇ ਨਾਲ ਇੱਥੇ ਆ ਗਿਆ, ਪਰ ਛੇਤੀ ਹੀ ਉਸ ਨੂੰ ਪਤਾ ਲੱਗ ਗਿਆ ਕਿ ਇੱਥੇ ਨਸਲਵਾਦ ਦਾ ਜ਼ੋਰ ਭਾਰੀ ਹੈ ਤੇ ਉਸ ਦਾ ਕੋਚ ਵੀ ਕਾਲੇ ਲੋਕਾਂ ਨੂੰ ਪਸੰਦ ਨਹੀਂ ਕਰਦਾ। ਕਾਰਲੋਸ ਨੇ ਪੂਰਾ ਸਾਲ ਵੀ ਨਾ ਕੱਟਿਆ, ਵਾਪਸ ਨਿਊ ਯਾਰਕ ਚਲਾ ਗਿਆ। ਉਸ ਸਮੇਂ 1968 ਵਾਲੀ ਓਲੰਪਿਕਸ ਦੇ ਬਾਈਕਾਟ ਦੀ ਚਰਚਾ ਚੱਲਦੀ ਸੀ, ਇਹ ਵੀ ਉਸ ਵਿਚ ਹਿੱਸਾ ਲੈਣ ਲੱਗ ਪਿਆ। ਇੱਥੇ ਹੀ ਇੱਕ ਮੀਟਿੰਗ ਵਿਚ ਇਸ ਦੀ ਮੁਲਾਕਾਤ ਡਾ. ਮਾਰਟਿਨ ਲੂਥਰ ਕਿੰਗ ਨਾਲ ਹੋਈ, ਜੋ ਬਾਈਕਾਟ ਦਾ ਹਾਮੀ ਸੀ। ਇਨ੍ਹਾਂ ਨੇ ਇੱਕ 'ਓਲੰਪਿਕਸ ਪ੍ਰਾਜੈਕਟ ਫਾਰ ਹਿਊਮਨ ਰਾਈਟਸ' ਨਾਂ ਦੀ ਜਥੇਬੰਦੀ ਬਣਾਈ, ਜਿਸ ਦਾ ਮੋਹਰੀ ਪ੍ਰੋ. ਹੈਰੀ ਐਡਵਰਡ ਸੀ।

ਹੈਰੀ ਸੈਨ ਹੋਜੇ ਸਟੇਟ ਵਿਚ ਪਹਿਲਾਂ ਅਥਲੀਟ ਸੀ, ਫਿਰ ਪ੍ਰੋਫੈਸਰ ਬਣ ਗਿਆ। ਇਸ ਸਮੇਂ ਦੌਰਾਨ ਕਾਰਲੋਸ ਨੂੰ ਵੀ ਸੈਨ ਹੋਜੇ ਤੋਂ ਵਜ਼ੀਫਾ ਪ੍ਰਾਪਤ ਹੋ ਗਿਆ ਅਤੇ ਉਹ ਟਾਮੀ ਸਮਿਥ, ਲੀ ਐਵਨ ਵਰਗੇ ਅਥਲੀਟ ਦਾ ਸਾਥੀ ਬਣ ਗਿਆ। ਸਮਿਥ ਅਤੇ ਕਾਰਲੋਸ 1968 ਦੀ ਓਲੰਪਿਕਸ ਲਈ 200 ਮੀਟਰ ਦੌੜ ਲਈ ਚੁਣੇ ਗਏ। ਟਾਮੀ ਸਮਿਥ ਸੋਨੇ ਦਾ ਅਤੇ ਜਾਨ ਕਾਰਲੋਸ ਕਾਂਸੇ ਦਾ ਤਮਗਾ ਜਿੱਤ ਕੇ ਮੈਡਲ ਸਟੈਂਡ 'ਤੇ 'ਬਲੈਕ ਪਾਵਰ ਸਲੂਟ' ਮਾਰ ਕੇ ਇਤਿਹਾਸ ਦੇ ਪਾਤਰ ਬਣ ਗਏ।

ਇਸ ਘਟਨਾ ਪਿਛੋਂ ਕਾਰਲੋਸ ਦੀਆਂ ਮੁਸ਼ਕਿਲਾਂ ਸ਼ੁਰੂ ਹੋ ਗਈਆਂ। ਅਮਰੀਕਾ ਦੀ ਓਲੰਪਿਕਸ ਕਮੇਟੀ ਨੇ ਸਸਪੈਂਡ ਕਰ ਦਿੱਤਾ ਅਤੇ ਲੋਕਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ। ਰੋਜ਼ਾਨਾ ਮੌਤ ਦੀਆਂ ਧਮਕੀਆਂ ਸਹਿਣੀਆਂ ਪਈਆਂ। ਰੋਜ਼ੀ ਰੋਟੀ ਲਈ ਸਿਕਿਉਰਿਟੀ ਗਾਰਡ ਦੀ ਨੌਕਰੀ ਕਰਨੀ ਪਈ। ਕਾਲਜ ਦੀ ਡਿਗਰੀ ਵੀ ਪੂਰੀ ਨਾ ਹੋਈ। ਥੋੜ੍ਹੇ ਸਮੇਂ ਲਈ ਪੇਸ਼ੇਵਰ ਫੁਟਬਾਲ ਵੀ ਖੇਡਿਆ, ਪਰ ਤੰਗੀ ਨੇ ਪਿੱਛਾ ਨਾ ਛੱਡਿਆ। ਇਸ ਤਰ੍ਹਾਂ ਦੀ ਹਾਲਤ ਵਿਚ ਉਸ ਦੀ ਪਤਨੀ ਨੇ ਖੁਦਕੁਸ਼ੀ ਕਰ ਲਈ। ਫਿਰ ਉਹ ਖੇਡ ਮੈਦਾਨ ਵਿਚ ਘਾਹ ਕੱਟਣ ਦੀ ਨੌਕਰੀ ਕਰਨ ਲੱਗ ਪਿਆ।

ਲਾਸ ਏਂਜਲਸ ਦੇ ਉਸ ਸਮੇਂ ਦੇ ਮੇਅਰ ਬਰੈਡਲੀ ਦੀ ਮਦਦ ਨਾਲ ਉਸ ਨੂੰ ਸਕੂਲ ਵਿਚ ਟਰੇਨਰ ਦੀ ਨੌਕਰੀ ਮਿਲ ਗਈ, ਜਿਸ ਨਾਲ ਜ਼ਿੰਦਗੀ ਅੱਗੇ ਤੁਰ ਪਈ। 1984 ਦੀ ਓਲੰਪਿਕਸ ਵਿਚ ਉਸ ਨੂੰ ਮਿਸ਼ਾਲ ਫੜਨ ਦਾ ਮਾਣ ਪ੍ਰਾਪਤ ਹੋਇਆ ਅਤੇ ਹਾਲ ਆਫ ਫੇਮ ਬਣਿਆ। 2005 ਵਿਚ ਸੈਨ ਹੋਜੇ ਸਟੇਟ ਕਾਲਜ ਵਿਚ ਇਨ੍ਹਾਂ ਦਾ ਬੁੱਤ ਲਾਇਆ ਗਿਆ ਅਤੇ 2008 ਵਿਚ ਉਸ ਦਾ ਆਰਥਰ ਐਸ਼ ਅਵਾਰਡ (ਹੌਸਲੇ ਵਾਲਾ) ਨਾਲ ਸਨਮਾਨ ਕੀਤਾ ਗਿਆ। ਉਸ ਨੇ 'ਦਾ ਜਾਨ ਕਾਰਲੋਸ ਸਟੋਰੀ' ਨਾਂ ਦੀ ਕਿਤਾਬ ਲਿਖੀ ਤੇ ਅੱਜ ਕੱਲ ਇਕ ਸੋਸ਼ਲਿਸਟ ਜਥੇਬੰਦੀ 'ਚ ਸ਼ਾਮਿਲ ਹੈ।

ਟਾਮੀ ਸਮਿਥ ਦਾ ਜਨਮ 6 ਜੂਨ 1944 ਨੂੰ ਟੈਕਸਸ ਵਿਚ ਹੋਇਆ ਅਤੇ ਉਸ ਦੇ ਮਾਂ-ਪਿਉ ਫਾਰਮ ਵਿਚ ਲੇਬਰ ਦਾ ਕੰਮ ਕਰਦੇ ਸਨ। ਉਹ 12 ਭੈਣ-ਭਰਾ ਸਨ ਅਤੇ ਜ਼ਿੰਦਗੀ ਗਰੀਬੀ ਵਿਚ ਗੁਲਾਮਾਂ ਵਾਲੀ ਸੀ। ਸਾਰੇ ਪਾਸੇ ਕਾਲੇ ਮਜ਼ਦੂਰ ਹੀ ਸਨ, ਪਰ ਕਦੀ-ਕਦਾਈਂ ਗੋਰਾ ਮਾਲਕ ਵੇਖਣ ਨੂੰ ਮਿਲਦਾ ਸੀ। ਫਿਰ ਪਰਿਵਾਰ ਕੈਲੀਫੋਰਨੀਆ ਸੈਂਟਰਲ ਵੈਲੀ ਵਿਚ ਮੂਵ ਹੋ ਗਿਆ ਅਤੇ ਲੇਬਰ ਕੈਂਪ ਵਿਚ ਰਹਿਣ ਲੱਗਾ। ਸਾਰੇ ਟੱਬਰ ਨੂੰ ਫਾਰਮ ਵਿਚ ਕੰਮ ਕਰਨਾ ਪਿਆ ਤਾਂ ਜੋ ਘਰ ਦੀਆਂ ਲੋੜਾਂ ਪੂਰੀਆਂ ਹੋ ਸਕਣ। ਇਸ ਸਖਤ ਮਿਹਨਤ ਨੇ ਪਰਿਵਾਰ ਨੂੰ ਪੜ੍ਹਾਈ ਵਾਲੇ ਰਸਤੇ ਤੋਰ ਦਿੱਤਾ ਤਾਂ ਜੋ ਭਵਿੱਖ ਵਧੀਆ ਹੋ ਜਾਵੇ। ਟਾਮੀ ਸਕੂਲ ਵਿਚ ਇੱਕ ਵਧੀਆ ਖਿਡਾਰੀ ਵੀ ਸੀ ਅਤੇ ਕਈ ਖੇਡਾਂ ਵਿਚ ਹਿੱਸਾ ਲੈਂਦਾ ਸੀ। ਇਸ ਕਰਕੇ ਹਾਈ ਸਕੂਲ ਪਿਛੋਂ ਉਸ ਨੂੰ ਪੰਜ ਕਾਲਜਾਂ ਤੋਂ ਵਜ਼ੀਫੇ ਪ੍ਰਾਪਤ ਹੋਏ ਸਨ, ਪਰ ਉਸ ਨੇ ਸੈਨ ਹੋਜੇ ਸਟੇਟ ਨੂੰ ਚੁਣਿਆ। ਉਸ ਨੂੰ 95 ਡਾਲਰ ਪ੍ਰਤੀ ਮਹੀਨਾ ਅਤੇ ਕਈ ਹੋਰ ਸਹੂਲਤਾਂ ਪ੍ਰਾਪਤ ਸਨ। ਸੈਨ ਹੋਜੇ ਸਟੇਟ ਵਿਚ 20,000 ਵਿਦਿਆਰਥੀਆਂ ਵਿਚ ਕਾਲਿਆਂ ਦੀ ਗਿਣਤੀ ਸੌ ਤੋਂ ਵੀ ਘੱਟ ਸੀ। ਆਪਣੇ ਦੂਜੇ ਸਾਲ ਵਿਚ ਟਾਮੀ ਨੇ ਬਾਸਕਿਟਬਾਲ ਤੇ ਫੁਟਬਾਲ ਨੂੰ ਛੱਡ ਦਿੱਤਾ ਅਤੇ ਅਥਲੈਟਿਕਸ ਵੱਲ ਸਾਰਾ ਧਿਆਨ ਦੇਣ ਲੱਗਾ। ਟਾਮੀ ਨੇ 200 ਮੀਟਰ ਦੌੜ 20 ਸੈਕਿੰਡ ਵਿਚ ਦੌੜ ਕੇ ਵਿਸ਼ਵ ਰਿਕਾਰਡ ਬਣਾਇਆ, ਜੋ ਉਸ ਦੇ ਬਣਾਏ ਗਿਆਰਾਂ




**ਹੈਰੀ ਐਡਵਰਡ**

ਰਿਕਾਰਡਾਂ ਵਿਚੋਂ ਪਹਿਲਾ ਸੀ।

ਜਿਸ ਸਮੇਂ 1968 ਓਲੰਪਿਕਸ ਦੀ ਤਿਆਰੀ ਸ਼ੁਰੂ ਹੋਣ ਲੱਗੀ ਤਾਂ ਕਾਲੇ ਖਿਡਾਰੀਆਂ ਵਿਚ ਇਸ ਦੇ ਬਾਈਕਾਟ ਦੀ ਚਰਚਾ ਵੀ ਹੋਣ ਲੱਗ ਪਈ। 'ਓਲੰਪਿਕਸ ਪ੍ਰਾਜੈਕਟ ਫਾਰ ਹਿਊਮਨ ਰਾਈਟਸ' ਦੇ ਬਹੁਤੇ ਲੀਡਰ ਸੈਨ ਹੋਜੇ ਸਟੇਟ ਵਿਚ ਸਨ। ਅੰਤ ਵਿਚ ਬਾਈਕਾਟ ਦਾ ਵਿਚਾਰ ਛੱਡ ਕੇ ਆਪਣੇ ਤੌਰ 'ਤੇ ਰੋਸ ਕਰਨ ਦਾ ਵਿਚਾਰ ਬਣਾਇਆ ਗਿਆ, ਜਿਸ ਨੂੰ ਟਾਮੀ ਸਮਿਥ ਅਤੇ ਜਾਨ ਕਾਰਲੋਸ ਨੇ 'ਬਲੈਕ ਪਾਵਰ ਸਲੂਟ' ਨਾਲ ਸਾਰੇ ਵਿਸ਼ਵ ਵਿਚ ਮਸ਼ਹੂਰ ਕੀਤਾ। ਭਾਵੇਂ ਇਸ ਲਈ ਇਨ੍ਹਾਂ ਨੂੰ ਬਹੁਤ ਕੀਮਤ ਦੇਣੀ ਪਈ, ਪਰ ਨਸਲਵਾਦ ਖਿਲਾਫ ਅੰਦੋਲਨ ਦੇ ਇਹ ਹੀਰੋ ਬਣ ਗਏ। ਅੱਜ ਵੀ ਇਨ੍ਹਾਂ ਦੀ ਉਸ ਪ੍ਰੋਟੈਸਟ ਵਾਲੀ ਫੋਟੋ ਦੀਆਂ ਸ਼ਰਟਾਂ ਕਾਲੇ ਪਾਉਂਦੇ ਹਨ।

ਟਾਮੀ ਦੀ ਜ਼ਿੰਦਗੀ ਵੀ ਮੌਤ ਦੇ ਡਰ ਥੱਲੇ ਨਿਕਲੀ ਅਤੇ ਤੰਗੀ ਵੀ ਰਹੀ, ਪਰ ਜਾਨ ਕਾਰਲੋਸ ਤੋਂ ਕੁਝ ਚੰਗੀ ਸੀ। ਇਸ ਦਾ ਕਾਰਨ ਸੀ ਕਿ ਟਾਮੀ ਸੈਨ ਹੋਜੇ ਤੋਂ ਹੀ ਡਿਗਰੀ ਪ੍ਰਾਪਤ ਕਰਕੇ ਓਹਾਇਓ ਵਿਚ ਕੋਚ ਬਣ ਗਿਆ। ਫਿਰ ਉਸ ਨੇ ਮਾਸਟਰ ਦੀ ਡਿਗਰੀ ਵੀ ਕਰ ਲਈ। ਪਿਛੋਂ ਉਹ ਕਈ ਸਾਲ ਸੈਂਟਾ ਮੋਨਿਕਾ ਵਿਖੇ ਕੋਚ ਬਣਿਆ ਰਿਹਾ। ਉਸ ਨੂੰ 'ਹਾਲ ਆਫ ਫੇਮ' ਅਤੇ 'ਆਰਥਰ ਐਸ਼' ਵਰਗੇ ਮਾਣਮੱਤੇ ਸਨਮਾਨ ਦਿੱਤੇ ਗਏ। ਟਾਮੀ ਨੇ 'ਸਾਈਲੈਂਟ ਗੈਸਟਰ' ਨਾਮੀ ਕਿਤਾਬ ਵੀ ਲਿਖੀ ਅਤੇ ਕਾਲਜਾਂ ਵਿਚ ਹਿਊਮਨ ਰਾਈਟਸ ਬਾਰੇ ਲੈਕਚਰ ਦਿੰਦਾ ਹੈ।

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਗੁਫ਼ਾ ਵਿਚ ਉਤਰੀਏ

ਪਿਛਲੇ ਦਿਨੀਂ ਅਮਰੀਕਾ ਦੇ ਕੈਨਟੱਕੀ ਰਾਜ ਦਾ ਟੂਰ ਖਿੱਚਣ ਦਾ ਮਨ ਬਣਿਆ। ਨਾਲ ਇੱਕ ਦੋਸਤ ਜੋੜਾ ਹੋ ਗਿਆ। ਹਫ਼ਤੇ ਭਰ ਦੇ ਰਟਨ ਦੌਰਾਨ ਬੇਹੱਦ ਖ਼ੂਬਸੂਰਤ ਤੇ ਅਨੋਖੀਆਂ ਥਾਂਵਾਂ ਦੇਖਣ ਦਾ ਮੌਕਾ ਮਿਲਿਆ। ਸਭ ਤੋਂ ਵਧ ਪ੍ਰਭਾਵਿਤ ਤੇ ਅਚੰਭਿਤ ਕਰਨ ਵਾਲਾ ਸੀ, ਕੈਨਟੱਕੀ ਦੇ ਮਸ਼ਹੂਰ ਸ਼ਹਿਰ ਲੂਈਵਿੱਲ ਤੋਂ ਅੱਸੀ ਮੀਲ ਦੂਰ 'ਮੈਮਥ ਕੇਵ ਨੈਸ਼ਨਲ ਪਾਰਕ' ਤੇ ਇਸ ਵਿਚ ਸਥਿਤ ਗੁਫਾਵਾਂ ਦਾ ਸਿਲਸਿਲਾ। ਇਹ ਪਾਰਕ ਬਹੁਤ ਲੰਮਾ ਚੌੜਾ, ਵੰਨ-ਸੁਵੰਨੀ ਅਤੇ ਮਨਮੋਹਣੀ ਬਨਸਪਤੀ ਤੇ ਪੰਛੀ-ਚਹਿਕ ਨਾਲ ਸਰਸ਼ਾਰ ਹੈ। ਇਸ ਦੀ ਸਭ ਤੋਂ ਵੱਡੀ ਖਾਸੀਅਤ ਹੈ ਕਿ ਇਹ ਮੈਮਥ ਕੇਵ ਨਾਂ ਦੀ ਦੁਨੀਆਂ ਦੀ ਸਭ ਤੋਂ ਵੱਡੀ ਤੇ ਵਿਕੋਲਿਤਰੀ ਗੁਫਾ ਨੂੰ ਕਲਾਵੇ ਵਿਚ ਲੈਂਦਾ ਹੈ। ਇਸੇ ਲਈ ਪਾਰਕ ਦੇ ਨਾਂ ਵਿਚ ਮੈਮਥ ਕੇਵ (ਵਿਸ਼ਾਲ ਗੁਫਾ) ਸ਼ਬਦ ਆਉਂਦਾ ਹੈ। ਹੋਰ ਮਾਅਰਕੇ ਦੀ ਗੱਲ ਹੈ ਕਿ ਜਿਸ ਸ਼ਹਿਰ ਵਿਚ ਇਹ ਸਥਿਤ ਹੈ, ਉਸ ਦਾ ਨਾਂ ਹੀ ਕੇਵਸਿਟੀ ਹੈ; ਸਿਟੀ ਕਾਹਦਾ ਟਾਊਨ ਹੀ ਹੈ, ਸਾਰੀ ਦੋ-ਢਾਈ ਹਜ਼ਾਰ ਦੀ ਵਸੋਂ।

ਪਾਰਕ ਦੇ ਯਾਤਰੀ ਕੇਂਦਰ ਤੋਂ ਦਸ ਮੀਲ ਮੈਮਥ ਕੇਵ ਦੇ ਮੂੰਹ ਤੱਕ ਲਿਜਾਣ ਲਈ ਬੱਸਾਂ ਦਾ ਪ੍ਰਬੰਧ ਸੀ। ਅਸਲ ਵਿਚ ਇਸ ਵੱਡ ਆਕਾਰੀ ਗੁਫਾ ਦੇ 14 ਲਾਂਘੇ ਹਨ, ਹਰ ਇੱਕ ਦੇ ਧੁਰ ਤੱਕ ਜਾਣ ਲਈ ਇੱਕ ਤੋਂ ਛੇ ਘੰਟੇ ਲਗਦੇ ਹਨ। ਅਸੀਂ ਕੇਵਲ ਦੋ 'ਤੇ ਜਾਣ ਲਈ ਟਿਕਟਾਂ ਲਈਆਂ, ਇੱਕ ਦਿਨ ਵਿਚ ਏਨੀ ਡੂਗਰ ਵਾਟ ਬਹੁਤ ਸੀ। ਅਸਲ ਵਿਚ ਇਸ ਖੇਤਰ ਵਿਚ ਹੋਰ ਵੀ ਕਈ ਗੁਫਾਵਾਂ ਹਨ ਤੇ ਆਉਂਦੇ ਹੋਏ ਅਸੀਂ ਇੱਕ ਹੋਰ ਵੀ ਦੇਖ ਚੁਕੇ ਸਾਂ।

ਮੇਰੇ ਅਨੁਭਵ ਅਤੇ ਮਾੜੇ ਮੋਟੇ ਅਧਿਐਨ ਅਨੁਸਾਰ ਗੁਫਾਵਾਂ ਪਹਾੜਾਂ ਦੇ ਵਿਚ ਅੰਦਰੋਂ ਅੰਦਰੀ ਦੂਰ ਨੇੜੇ ਤੱਕ ਜਾਣ ਵਾਲੀਆਂ ਵਲ-ਵਲੇਵੇਂ ਖਾਂਦੀਆਂ ਸੁਰੰਗਾਂ ਜਿਹੀਆਂ ਹੁੰਦੀਆਂ ਹਨ। ਬਹੁਤ ਪਹਿਲਾਂ ਮੈਂ ਵੈਸ਼ਨੋ ਦੇਵੀ ਅਤੇ ਚਿਰਾਪੁੰਜੀ ਦੀਆਂ ਗੁਫਾਵਾਂ ਦੇਖ ਚੁਕਾ ਹਾਂ, ਇਸ ਲਈ ਮੇਰੇ ਮਨ ਵਿਚ ਅਜਿਹਾ ਬਿੰਬ ਇਨ੍ਹਾਂ ਨੂੰ ਦੇਖਣ ਪਿਛੋਂ ਹੀ ਬਣਿਆ ਸੀ। ਭਾਰਤ ਦੀਆਂ ਗੁਫਾਵਾਂ ਵਿਚ ਯੋਗੀ ਤੇ ਰਿਸ਼ੀ ਮੁਨੀ ਤਪੱਸਿਆ ਕਰਦੇ ਰਹੇ ਹਨ, ਬਕੌਲ ਸਾਡੇ ਗੁਰੂ ਸਾਹਿਬਾਨ, 'ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ॥' (ਗੁਰੂ ਅਰਜਨ ਦੇਵ) ਅਤੇ 'ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ॥' (ਗੁਰੂ ਨਾਨਕ ਦੇਵ)

ਭਾਰਤ ਦੀਆਂ ਬਹੁਤ ਸਾਰੀਆਂ ਗੁਫਾਵਾਂ ਕੁਦਰਤੀ ਨਾ ਹੋ ਕੇ ਮਨੁੱਖ-ਘੜੱਤ ਅਰਥਾਤ ਪਹਾੜਾਂ ਜਾਂ ਚੱਟਾਨਾਂ ਨੂੰ ਕੱਟ-ਤਰਾਸ਼ ਕੇ ਬਣਾਈਆਂ ਗਈਆਂ ਸਨ। ਕੇਦਾਰ ਨਾਥ ਵਿਚ ਤਾਂ ਮੋਦੀ ਸਾਹਿਬ ਨੇ ਵੀ ਗੁਫਾ ਬਣਾ ਕੇ ਤਪੱਸਿਆ ਕਰ ਲਈ ਹੈ। ਗੁਫਾਵਾਂ ਦੇ ਬਣਨ ਪਿਛੇ ਮਿੱਥਾਂ ਵੀ ਜੁੜੀਆਂ ਹੋਈਆਂ ਹਨ।



ਪਰ ਆਹ ਕੇਵਸਿਟੀ ਵਾਲੀ ਗੁਫਾ ਦੀ ਤਾਂ ਗੱਲ ਹੀ ਹੋਰ ਸੀ। ਬੱਸਾਂ ਦਰਸ਼ਕਾਂ ਨੂੰ ਗੁਫਾ ਦੇ ਮੂੰਹ ਤੱਕ ਲੈ ਗਈਆਂ। ਦਰਅਸਲ ਇਹ ਗੁਫਾ ਧਰਤੀ ਦੇ ਸਮਾਨੰਤਰ ਨਾ ਹੋ ਕੇ ਹੇਠਾਂ ਵੱਲ ਸੀ, ਖੂਹ ਦੀ ਤਰ੍ਹਾਂ ਤੇ ਬਾਹਰੋਂ ਕੋਈ ਅੰਦਾਜ਼ਾ ਨਹੀਂ ਸੀ ਲੱਗ ਸਕਦਾ ਕਿ ਇਥੇ ਕੁਦਰਤ ਦਾ ਏਡਾ ਵੱਡਾ ਗਜ਼ਬ ਹੈ। ਪੱਚੀ-ਤੀਹ ਜਣਿਆਂ ਦੀ ਸਾਡੀ ਟੋਲੀ ਨੂੰ ਮਹਿਲਾ ਗਾਈਡ ਨੇ ਥੱਲੇ ਉਤਰਨ ਦਾ ਆਦੇਸ਼ ਦਿੱਤਾ। ਏਨਾ ਭੀੜਾ ਮੂੰਹ ਦੇਖ ਕੇ ਮੇਰੀ ਪਤਨੀ ਘਬਰਾ ਗਈ। ਬੱਸ ਕਿਸੇ ਤਰ੍ਹਾਂ ਕੁਝ ਥੱਲੇ ਲਿਜਾਣ ਲਈ ਬਣਾਈ ਸੌ-ਡੂਢ ਸੌ ਪਉੜਿਆਂ ਵਾਲੀ ਪੌੜੀ ਦੇ ਸਹਾਰੇ ਥੱਲੇ ਉਤਰੇ। ਗੁਫਾ ਦੇ ਧੁਰ ਤੱਕ ਬਿਜਲੀ ਦੇ ਲਾਟੂ ਜਗਾਏ ਗਏ ਸਨ। ਪੌੜੀਆਂ ਖਤਮ ਹੋਣ 'ਤੇ ਅੱਗੋਂ ਪੈਰ ਟਿਕਾਉਣ ਦਾ ਕੋਈ ਸਹਾਰਾ ਨਹੀਂ ਸੀ। ਕਈ ਥਾਂਵਾਂ 'ਤੇ ਭੁੰਜਾ ਤਿਲਕਵਾਂ, ਚਿੱਕੜ ਭਰਿਆ ਜਾਂ ਭੁਰਭੁਰਾ ਹੋਣ ਕਰਕੇ ਪੈਰ ਘੁੱਟ ਕੇ ਰੱਖਣੇ ਪੈਂਦੇ ਸਨ, ਸੋ ਇਕ ਦੂਜੇ ਨੂੰ ਫੜ ਫੜ ਕੇ



ਜਾਣਾ ਪੈਂਦਾ ਸੀ। ਹੋਰ ਤਾਂ ਹੋਰ ਕਿਧਰੇ ਇਕ ਦਮ ਖੂਹ ਜਿਹੀ ਸਿੱਧੀ-ਸਤੈਤ ਤੇ ਕਿਧਰੇ ਲੇਦਵੀਂ ਉਤਰਾਈ ਸੀ। ਲਗਦਾ ਸੀ, ਪਤਾਲ ਵਿਚ ਗਰਕ ਰਹੇ ਹਾਂ। ਵਲ-ਵਲੇਵਿਆਂ ਤੇ ਘਚੋਰਾਂ ਦਾ ਤਾਂ ਅੰਤ ਹੀ ਕੋਈ ਨਹੀਂ ਸੀ। ਮਾਰਗ ਕਿਧਰੇ ਏਨਾ ਤੰਗ ਕਿ ਸਿਰ ਨੀਂਵਾ ਕਰਕੇ ਲੰਘਣਾ ਪਵੇ, ਕਿਧਰੇ ਏਨਾ ਉਚਾ ਤੇ ਲੰਮਾ-ਚੌੜਾ ਕਿ ਭਾਵੇਂ ਕਬੱਡੀ ਖੇਡ ਲਵੋ। ਸੱਚਮੁੱਚ ਇੱਕ ਹਾਲ ਜਿੱਡੀ ਥਾਂ 'ਤੇ ਬਿਠਾ ਕੇ ਗਾਈਡ ਨੇ ਇਸ ਗੁਫਾ ਦੀ ਜਾਣਕਾਰੀ ਦਿੱਤੀ। ਅੰਦਰ ਦੇ ਵਿਕਰਾਲ ਚੁਗਿਰਦੇ ਤੋਂ ਘਰ ਵਾਲੀ ਬਹੁਤ ਸਹਿਮੀ ਪਈ ਸੀ, ਬਾਕੀ ਜਣੇ ਅੰਦਰੋਂ ਘਬਰਾਏ ਦਿਖਾਵੇ-ਮਾਤਰ ਸ਼ੇਰ ਬਣੇ ਹੋਏ ਸਨ।

ਕਈ ਚੱਟਾਨਾਂ 'ਚੋਂ ਪਾਣੀ ਸਿਮ ਰਿਹਾ ਸੀ, ਜਿਸ ਨੂੰ ਮੈਂ ਚਾਤ੍ਰਿਕ ਬੂੰਦ ਦੀ ਤਰ੍ਹਾਂ ਮੁਖ ਪਾਇਆ। ਰੰਗ ਬਰੰਗੀਆਂ, ਸੂਈ ਵਰਗੀਆਂ ਤਿੱਖੀਆਂ ਤੇ ਕਈ ਜਾਣੀਆਂ-ਪਛਾਣੀਆਂ ਸ਼ਕਲਾਂ ਵਾਲੀਆਂ ਚੱਟਾਨਾਂ ਦੇ ਦਰਸ਼ਨ ਹੋਏ। ਜਾਣੋਂ ਕੋਈ ਸ਼ਿਵ ਜੀ ਸੀ, ਕੋਈ ਹੋਰ ਦੇਵਤਾ, ਕੋਈ ਜਿੰਨ ਭੂਤ ਤੇ ਕੋਈ ਭਿਅੰਕਰ ਜਾਨਵਰ। ਅਜਿਹੀਆਂ ਸ਼ਕਲਾਂ ਤੋਂ ਹੀ ਭਾਰਤ ਵਿਚ ਮਿਥਾਂ ਬਣ ਜਾਂਦੀਆਂ ਹਨ। ਅਸੀਂ ਸਤਹ ਤੋਂ ਕੋਈ ਢਾਈ ਸੌ ਫੁੱਟ ਥੱਲੇ ਸਮਝੋ ਪੱਚੀ ਤੀਹ ਖੂਹ ਡੂੰਘੇ ਲੱਥ ਚੁਕੇ ਸਾਂ। ਜਦੋਂ ਮੋੜਾ ਪਿਆ, ਘਰ ਵਾਲੀ ਦੀ ਬੱਸ ਹੋਈ ਪਈ ਸੀ; ਰੱਬ ਰੱਬ ਕੀਤਾ; ਉਸ ਨੂੰ ਤੰਗ ਥਾਂਵਾਂ ਦਾ ਤ੍ਰਾਸ ਹੈ। ਵਾਪਸੀ 'ਤੇ ਉਸ ਨੇ ਅਗਲੇ ਲਾਂਘੇ 'ਤੇ ਜਾਣ ਤੋਂ ਨਾਂਹ ਕਰ ਦਿੱਤੀ, ਬਾਕੀਆਂ ਨੂੰ ਵੀ ਮਜਬੂਰੀ ਵਿਚ ਤੋਬਾ ਕਰਨੀ ਪਈ। ਖੁੰਝ ਗਏ ਲਾਂਘਿਆਂ ਵਿਚ ਕਿਸ਼ਤੀਆਂ ਦੀ ਸਹੂਲਤ ਵਾਲੇ ਭੂਮੀਗਤ ਦਰਿਆ, ਚਸ਼ਮੇ ਤੇ ਹੋਰ ਵੀ ਬੜਾ ਕੁਝ ਅਦਭੁੱਤ ਸੀ। ਸਾਰੀਆਂ ਗੁਫਾਵਾਂ ਦੀ ਕੁਲ ਲੰਬਾਈ ਚਾਰ ਸੌ ਮੀਲ ਹੈ ਤੇ ਅਜੇ ਹੋਰ ਲੱਭੀਆਂ ਜਾ ਰਹੀਆਂ ਹਨ।

ਸਬੱਬ ਨਾਲ ਕੁਝ ਦਿਨ ਪਹਿਲਾਂ ਇੱਕ ਵਿਦਵਾਨ ਲੇਖਕ ਨੇ ਮੇਰੀ ਰਾਇ ਪੁੱਛੀ ਕਿ ਸ਼ਬਦ ਗੁਫਾ ਹੈ ਜਾਂ ਗੁਫ਼ਾ, ਬਿੰਦੀ ਲਾਉਣ ਦੀ ਦੁਬਿਧਾ ਵੀ ਵੱਡਾ ਮਸਲਾ ਹੋ ਸਕਦਾ ਹੈ। ਉਂਜ ਸ਼ਬਦ ਜੋੜ ਦਾ ਹੀ ਨਹੀਂ, ਉਚਾਰਨ ਦਾ ਰੌਲਾ ਵੀ ਹੈ। ਖੈਰ, ਪਹਿਲਾਂ ਆਪਣਾ ਕੰਮ ਨਿਪਟਾ ਲਈਏ। ਗੁਫਾ ਲਈ ਕੰਦਰ ਤੇ ਖੋਹ ਸ਼ਬਦ ਵੀ ਚਲਦੇ ਹਨ। ਸ੍ਰੋਤਾਂ ਅਨੁਸਾਰ ਗੁਫਾ ਸ਼ਬਦ ਸੰਸਕ੍ਰਿਤ ਗੁਹਾ ਦਾ ਵਿਉਤਪਤ ਰੂਪ ਹੈ, ਜਿਸ ਵਿਚ ਇਸ ਦੇ ਅਰਥ ਇਸ ਪ੍ਰਕਾਰ ਹਨ: ਗੁਫਾ, ਕੰਦਰ, ਲੁਕਣ ਸਥਾਨ, ਉਹਲਾ, ਸ਼ਰਨ; ਲੁਕੋਅ; ਟੋਆ, ਗਰਕੀ, ਖੁੱਡ, ਭੁੱਡ; ਦਿਲ; ਬੁਧੀ ਆਦਿ। ਸਪੱਸ਼ਟ ਹੈ ਕਿ ਸਭ ਅਰਥਾਂ ਵਿਚ ਲੁਕਣ-ਛਿਪਣ, ਓਟ ਆਦਿ ਦਾ ਭਾਵ ਹੈ। ਗੁਫਾਵਾਂ ਤੇ ਭੁੱਡਾਂ ਵਿਚ ਜਾਨਵਰ ਰਹਿੰਦੇ ਹਨ, ਦਿਲ ਸਰੀਰ ਦੇ ਅੰਦਰ ਲੁਕਿਆ ਹੋਇਆ ਹੈ ਤੇ ਬੁਧੀ ਜਾਂ ਅੰਤਿਹਕਰਣ ਹੋਰ ਵੀ ਅੰਦਰ। ਸਰੀਰ ਨੂੰ ਵੀ ਗੁਫਾ ਕਲਪਿਆ ਗਿਆ ਹੈ, ਕਿਉਂਕਿ ਇਸ ਵਿਚ ਹੀ ਸਾਰੇ ਅੰਗ ਛਿਪੇ ਹੋਏ ਹਨ, 'ਹਰਿ ਜੀਉ ਗੁਫਾ ਅੰਦਰਿ ਰਖਿਕੈ ਵਾਜਾ ਪਵਣੁ ਵਜਾਇਆ॥' ਸੰਸਕ੍ਰਿਤ ਗੁਹਾ ਦਾ ਧਾਤੂ ਹੈ, 'ਗੁਹ' ਜਿਸ ਵਿਚ ਲੁਕਣ, ਛਿਪਣ ਦੇ ਭਾਵ ਹਨ। ਸੋ, ਗੁਫਾ ਇਕ ਅਜਿਹਾ ਸਥਾਨ ਹੈ, ਜਿਥੇ ਪ੍ਰਾਣੀ ਆਪਣੇ ਆਪ ਨੂੰ ਲੁਕੋਂਦਾ ਹੈ ਜਾਂ ਆਸਰਾ ਭਾਲਦਾ ਹੈ।

ਅਜਿਤ ਵਡਨੇਰਕਰ ਅਨੁਸਾਰ 'ਗੁਹ' ਸ਼ਬਦ ਦਾ ਪੂਰਵਵੈਦਿਕ ਰੂਪ 'ਕੁਹ' ਰਿਹਾ ਹੋਵੇਗਾ, ਜਿਸ ਦਾ ਅਰਥ ਵੀ ਇਹੋ ਹੈ। ਸੰਸਕ੍ਰਿਤ ਦੇ 'ਕੁਹਰਮ' ਸ਼ਬਦ ਦਾ ਅਰਥ ਗੁਫਾ ਹੈ। ਇਹ ਕੰਨ ਅਤੇ ਗਲੇ ਦਾ ਵੀ ਸੰਕੇਤਕ ਹੈ, ਕਿਉਂਕਿ ਇਨ੍ਹਾਂ ਦੀ ਸ਼ਕਲ ਗੁਫਾ ਵਰਗੀ ਹੁੰਦੀ ਹੈ। ਗੁਹ ਜਾਂ ਕੁਹ ਦਾ ਅਵੇਸਤਾ ਵਿਚ ਸਜਾਤੀ ਸ਼ਬਦ ਕੋਹ ਮਿਲਦਾ ਹੈ, ਜੋ ਅਜੋਕੀ ਫਾਰਸੀ ਵਿਚ ਵੀ ਹੈ ਤੇ ਇਸ ਦਾ ਮਾਅਨਾ ਪਹਾੜ ਹੈ। ਇਹ ਸ਼ਬਦ ਹੋਰ ਭਾਰਤੀ ਭਾਸ਼ਾਵਾਂ ਵਾਂਗ ਪੰਜਾਬੀ ਵਿਚ ਵੀ ਆ ਗਿਆ ਹੈ, ਬੁੱਲ੍ਹੇ ਸ਼ਾਹ ਦੀ ਗਵਾਹੀ ਪੇਸ਼ ਹੈ,

ਪੀਆ ਨੇ ਨੈਣ ਬਾਣ ਲਾ ਕੇ
ਬਿਰਹੋਂ ਸੂੰ ਚਹਿਚਿਹਾ ਕੇ,
ਫਰਹਾਦ ਤੋਂ ਕੋਹ ਕਟਾ ਕੇ
ਸ਼ੀਰੀਂ ਸੋਂ ਰਲ ਗਿਆ।

ਕੋਹਿਤੂਰ, ਜਿਸ ਪਰਬਤ 'ਤੇ ਮੂਸਾ ਨੇ ਰੱਬ ਦੇ ਦਰਸ਼ਨਾਂ ਦੀ ਫਰਮਾਇਸ਼ ਕੀਤੀ ਸੀ; 'ਰੋਸ਼ਨੀ ਦਾ ਪਹਾੜ' ਕੋਹਿਨੂਰ ਅਤੇ ਕੁਝ ਸ੍ਰੋਤਾਂ ਅਨੁਸਾਰ ਕੋਹਕਾਫ ਵਿਚ ਏਹੀ 'ਕੋਹ' ਬੋਲਦਾ ਹੈ। 'ਗੁਹ' ਧਾਤੂ ਤੋਂ ਸੰਸਕ੍ਰਿਤ ਵਿਚ ਇਕ ਸ਼ਬਦ ਬਣਿਆ ਹੈ, 'ਗੁਹਯ' ਜਿਸ ਦਾ ਅਰਥ ਹੈ-ਛੁਪਾਉਣਯੋਗ, ਢਕਣਯੋਗ, ਇਕਾਂਤਵਾਸੀ, ਰਹੱਸਮਈ। ਸੰਸਕ੍ਰਿਤ ਦੀ 'ਯ' ਧੁਨੀ ਪੰਜਾਬੀ ਵਿਚ ਆ ਕੇ 'ਜ' ਵਿਚ ਬਦਲ ਗਈ ਤੇ ਸ਼ਬਦ ਬਣ ਗਿਆ, 'ਗੁਹਜ' ਜਿਸ ਦਾ ਅਰਥ ਪੋਸ਼ੀਦਾ, ਗੁਪਤ ਹੁੰਦਾ ਹੈ, 'ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ॥' (ਗੁਰੂ ਰਾਮ ਦਾਸ) ਇਸ ਦਾ ਅਰਥ ਗੁਦਾ, ਭਗ ਅਤੇ ਲਿੰਗ ਵੀ ਹੈ, ਜੋ ਗੁਪਤ ਅੰਗ ਹਨ। ਇਸ ਨੂੰ ਗੋਝ ਵਜੋਂ ਵੀ ਲਿਖਿਆ ਜਾਂਦਾ ਹੈ। ਇਸ ਦਾ ਵਿਸ਼ੇਸ਼ਣ ਰੂਪ ਗੁਝਾ ਹੈ, 'ਨਾਮਰਤਨ ਲੈ ਗੁਝਾ ਰਖਿਆ॥' (ਗੁਰੂ ਅਰਜਨ ਦੇਵ); 'ਦੁਨੀਆ ਗੁਝੀ ਭਾਹਿ॥' (ਸ਼ੇਖ ਫਰੀਦ)। ਨਮੂਨੀਏ ਨੂੰ ਗੁਝਾ ਆਖਿਆ ਜਾਂਦਾ ਰਿਹਾ ਹੈ। ਇਸ ਦਾ ਇੱਕ ਹੋਰ ਰੂਪ ਹੈ, ਗੂੜ੍ਹ ਜਿਸ ਦਾ ਮਤਲਬ ਹੈ-ਗੁਪਤ ਜਾਂ ਡੂੰਘੇ ਅਰਥਾਂ ਵਾਲਾ, 'ਗੁਣ ਗੂੜ ਗੁਪਤ ਅਪਾਰ ਕਰਤੇ ਨਿਗਮ ਅੰਤ ਨ ਪਾਵਹੇ॥; 'ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ॥' (ਗੁਰੂ ਅਰਜਨ ਦੇਵ) ਇਸ ਦਾ ਸੰਸਕ੍ਰਿਤ ਰੂਪ ਗੂਢ ਹੈ। 'ਨਾਨਕ ਪ੍ਰਕਾਸ਼' ਵਿਚ ਇਹ ਸ਼ਬਦ ਮਿਲਦਾ ਹੈ,

ਕਹਿ ਬੁਲਾਰ ਤੁਵ ਮਤਿ ਅਨਜਾਨੀ।
ਤਿਹ ਕੀ ਰੀਤਿ ਨ ਸਕਤਿ ਪਛਾਨੀ।
ਧਨ ਤ੍ਰਿਸ਼ਨਾ ਮਹਿਂ ਮਤਿ ਲਪਟਾਨੀ।
ਗੁਨਨ ਗੂਢ ਕਿਉਂ ਸਕੇ ਪਛਾਨੀ।

ਕੁਝ ਸ੍ਰੋਤਾਂ ਅਨੁਸਾਰ ਗੁਫਾ ਸ਼ਬਦ ਭਾਰੋਪੀ ਹੈ, ਜਿਸ ਦਾ ਮੂਲ 'Keue' ਕਲਪਿਆ ਗਿਆ ਹੈ। ਇਸ ਵਿਚ ਫੁੱਲਣ, ਉਭਰਨ, ਛੇਕ, ਗੁੰਬਦ, ਮਹਿਰਾਬ ਦੇ ਭਾਵ ਹਨ, ਜੋ ਗੁਫਾ ਵੱਲ ਹੀ ਲਿਜਾਂਦੇ ਹਨ। ਅੰਗਰੇਜ਼ੀ ਸ਼ਬਦ Cave, Cavern, Cavity ਇਸੇ ਤੋਂ ਬਣੇ ਹਨ। ਇਸ ਮੂਲ ਦੇ ਫੁਲਣ, ਉਭਰਨ ਦੇ ਭਾਵ ਤੋਂ ਲਾਤੀਨੀ ਤੋਂ ਅੰਗਰੇਜ਼ੀ ਵਿਚ ਗਏ ਸ਼ਬਦ Accumulate, Cumulus, Cumulate, Excavate ਆਦਿ ਬਣੇ ਹਨ।

ਅੱਜ ਕਲ੍ਹ ਪੰਜਾਬੀ ਵਿਚ ਇਸ ਨੂੰ ਬਹੁਤਾ ਗੁਫ਼ਾ ਵਜੋਂ ਹੀ ਲਿਖਿਆ ਤੇ ਬੋਲਿਆ ਜਾਂਦਾ ਹੈ। ਸੰਸਕ੍ਰਿਤ ਵਿਚ ਇਹ ਗੁਹਾ ਵਜੋਂ ਹੀ ਮੌਜੂਦ ਹੈ, ਪਰ ਗੁਰਬਾਣੀ ਸਮੇਤ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਗੁਫਾ ਵਜੋਂ ਲਿਖਿਆ ਮਿਲਦਾ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਇਸ ਨੂੰ ਗੁਫ਼ਾ ਵਜੋਂ ਉਚਾਰਨਾ ਵਧੇਰੇ ਸਹਿਜ ਹੋ ਗਿਆ ਹੈ ਭਾਵੇਂ ਕਿ ਇਹ ਧੁਨੀ ਸੰਸਕ੍ਰਿਤ ਵਿਚ ਮੌਜੂਦ ਨਹੀਂ ਤੇ ਪੰਜਾਬੀ ਵਿਚ ਵੀ ਅਰਬੀ ਫਾਰਸੀ ਦੇ ਪ੍ਰਭਾਵ ਨਾਲ ਹੀ ਆਈ ਹੈ। ਖਿਆਲ ਹੈ ਕਿ ਚਰਚਿਤ ਸ਼ਬਦ ਦਾ ਇਹ ਉਚਾਰਨ ਇਸੇ ਲਪੇਟ ਵਿਚ ਆ ਗਿਆ ਹੈ।



## ਮਿਨੀ ਕਹਾਣੀ

### ਚੰਗੀ ਕਿਸਮਤ

ਸਾਰੋ-ਸਾਰੀ ਹੋਇਆ ਜਸਵੰਤ ਸਿੱਧਾ ਪਿੰਡ ਦੀ ਸੱਥ 'ਚ ਆ ਵੱਜਾ। ਓਹਨੂੰ ਹਫਿਆ ਦੇਖ ਕੇ ਬਜ਼ੁਰਗਾਂ ਨੇ ਦਮ ਲੈਣ ਦਾ ਆਖ ਇਸ ਕਾਹਲੀ ਦਾ ਕਾਰਨ ਪੁੱਛਿਆ ਤਾਂ ਉਹ ਬੋਲਿਆ, "ਨਹਿਰ ਆਲੀ ਪੁਲੀ ਦਰਤੀ ਗਈ! ਸ਼ਾਮ ਆਲੀ ਮਿੰਨੀ ਬੱਸ ਬਿੱਚੇ ਰੁੜ ਗਈ!"

ਸੁਣਨ ਸਾਰ ਸਭ ਨੂੰ ਹੱਥਾਂ-ਪੈਰਾਂ ਦੀ ਪੈ ਗਈ, ਬਜ਼ੁਰਗਾਂ ਦੀਆਂ ਅੱਖਾਂ ਵਿਚ ਸਹਿਮ ਤੇ ਦਰਦ ਦੀਆਂ ਮੂਰਤਾਂ ਉਤਰ ਆਈਆਂ, ਜਿਵੇਂ ਸਭ ਨੂੰ ਘਰ ਦੇ ਜੀਆਂ, ਰਿਸ਼ਤੇਦਾਰਾਂ, ਧੀਆਂ-ਪੁੱਤਾਂ ਦੀ ਸੁੱਧ-ਬੁੱਧ ਚੇਤੇ ਆ ਗਈ ਹੋਏ।

ਇੰਨੇ ਨੂੰ ਬਿੰਦ ਕੁ ਸਾਹ ਲੈ ਕੇ ਜਸਵੰਤ ਬੋਲਿਆ, "ਭਾਈ ਮਹਾਰਾਜ ਦੀ ਕਰਨੀ ਵੇਖੋ! ਬੱਸ 'ਚ 22-23 ਸੁਆਰੀਆਂ ਸਨ, ਆਹੰਦੇ ਕੋਈ ਨੀਂ ਬਚਿਆ, ਪਰ ਇੱਕ ਤਿੰਨ ਕੁ ਸਾਲ ਦੇ ਨਿਆਣੇ ਦੀ ਕਿਸਮਤ ਦੇਖੋ, ਬਾਰੀ ਆਲੇ ਸ਼ੀਸ਼ੇ 'ਚੋਂ ਬਾਹਰ ਔਲ ਨੂੰ ਡਿੱਗ ਪਿਆ, ਫੂਸਾ ਦੇ ਢੇਰ 'ਤੇ। ਮਹਾਰਾਜ ਦੀ ਕਰਨੀ ਨਾਲ ਓਹਨੂੰ ਤਾਂ ਝਰੀਟ ਤੱਕ ਨੀਂ ਆਈ ਭਾਈ। ਵਾਹਲੀ ਕਿਸਮਤ ਆਲਾ ਜੁਆਕ ਆ ਭਾਈ।" ਦਮ ਲੈ ਕੇ ਫੇਰ ਅਗਾਹੂੰ ਬੋਲਿਆ, "ਉਂਜ ਵਾਹਿਗੁਰੂ ਨੇ ਨਿਆਣੇ ਦੇ ਮਾਂ-ਪਿਉ ਖੋ ਲਏ ਆ।"

ਸਭ ਕੁਝ ਸੁਣ ਕੇ ਸੱਥ ਵਿਚ ਚਰਚਾ ਦਾ ਵਿਸ਼ਾ ਛਿੜ ਪਿਆ ਕਿ ਕੌਣ ਕੌਣ ਸੀ ਬੱਸ ਵਿਚ? ਨਾਲੇ ਸਾਰੇ ਇਹੋ ਵੀ ਕਹੀ ਜਾਣ ਕਿ ਕਿਸਮਤ ਦੀਆਂ ਖੇਡਾਂ ਨੇ, ਜੁਆਕ ਨੂੰ ਕੁਝ ਹੋਇਆ ਹੀ ਨੀਂ। ਇਹ ਲੋਕਵਾਣੀ ਸੁਣ ਕੇ ਕੋਲ ਖੜ੍ਹਾ ਸਾਬਕਾ ਫੌਜੀ ਦੀਦਾਰ ਸਿਹੁੰ ਇਹੋ ਸਵਾਲ ਕਰ ਰਿਹਾ ਸੀ ਕਿ ਜੇ ਮਹਾਰਾਜ ਇੰਨਾ ਹੀ ਦਿਆਵਾਨ ਹੋਇਆ ਸੀ ਤਾਂ ਘੱਟੋ-ਘੱਟ ਉਸ ਨਿਆਣੇ ਦੇ ਮਾਂ-ਬਾਪ 'ਚੋਂ ਇੱਕ ਨੂੰ ਤਾਂ ਬਖਸ਼ ਦਿੰਦਾ! ਅੱਜ ਇੱਕ ਮੌਤ ਤੋਂ ਤਾਂ ਉਹ ਨਿਆਣਾ ਬਚ ਗਿਆ ਪਰ ਸ਼ਾਇਦ ਉਸ ਦੇ ਮਾਪਿਆਂ ਦਾ ਮੋਹ ਤੇ ਵਿਛੋੜਾ ਹੁਣ ਉਸ ਨੂੰ ਪੂਰੀ ਜ਼ਿੰਦਗੀ ਅਨਾਥ-ਅਨਾਥ ਕਹਿ ਕਹਿ ਮਾਰੇਗਾ।

-ਜਸਪ੍ਰੀਤ ਸਿੰਘ, ਬਠਿੰਡਾ
ਫੋਨ: 91-99886-46091

# ਕੌਸਟਾ ਗਾਵਰਸ ਦੀ ਫਿਲਮ ਕਲਾ

***ਫਿਲਮਸਾਜ਼ ਰਾਜੀਵ ਸ਼ਰਮਾ ਨੇ ਪੰਜਾਬੀ ਫਿਲਮ ਸਨਅਤ ਨੂੰ 'ਨਾਬਰ' ਅਤੇ 'ਚੰਮ' ਵਰਗੀਆਂ ਫਿਲਮਾਂ ਦਿੱਤੀਆਂ ਹਨ। ਉਨ੍ਹਾਂ ਦਾ ਇਹ ਲੇਖ ਕੌਮਾਂਤਰੀ ਫਿਲਮ ਨਿਰਦੇਸ਼ਕ ਕੌਸਟਾ ਗਾਵਰਸ ਦੀਆਂ ਫਿਲਮਾਂ ਦੀ ਜਾਣ-ਪਛਾਣ ਕਰਵਾਉਂਦਾ ਹੈ। -ਸੰਪਾਦਕ***

**ਰਾਜੀਵ ਸ਼ਰਮਾ**
**ਫੋਨ: +91-75062-52262**

ਕੁਝ ਸਾਲ ਪਹਿਲਾਂ ਇਕ ਅੰਗਰੇਜ਼ੀ ਫਿਲਮ ਦੇਖ ਕੇ ਅਜਿਹੀ ਖੁਸ਼ੀ ਮਹਿਸੂਸ ਹੋਈ ਸੀ, ਜਿਹੜੀ ਬਿਗਾਨੇ ਦੇਸ਼ ਵਿਚ ਕਿਸੇ ਆਪਣੇ ਨੂੰ ਦੇਖ ਕੇ ਹੁੰਦੀ ਹੈ। ਫਿਲਮ ਸੀ 'ਮੈਡਸਿਟੀ'। ਇਸ ਦਾ ਮੁੱਖ ਪਾਤਰ ਸ਼ਾਮ ਅਜਾਇਬ ਘਰ ਵਿਚ ਸੁਰੱਖਿਆ ਮੁਲਾਜ਼ਮ ਹੈ। ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਉਹ ਆਪਣੀ ਮੁਖੀ ਅਤੇ ਅਜਾਇਬ ਘਰ ਦੇਖਣ ਆਏ ਸਕੂਲ ਦੇ ਬੱਚਿਆਂ ਨੂੰ ਬੰਦੂਕ ਦੀ ਨੋਕ 'ਤੇ ਬੰਦੀ ਬਣਾ ਲੈਂਦਾ ਹੈ। ਉਸ ਦਾ ਮਕਸਦ ਸਿਰਫ ਆਪਣੀ ਪਤਨੀ ਅਤੇ ਦੋ ਬੱਚਿਆਂ ਵਾਸਤੇ ਨੌਕਰੀ ਦਾ ਤਰਲਾ ਪਾਉਣਾ ਹੈ।

ਉਸ ਸਮੇਂ ਦੌਰਾਨ ਟੀ.ਵੀ. ਪੱਤਰਕਾਰ ਮੈਕਸ ਵੀ ਉਸ ਅਜਾਇਬ ਘਰ ਵਿਚ ਹਾਜ਼ਰ ਹੈ, ਜੋ ਫੰਡਾਂ ਦੀ ਘਾਟ ਕਾਰਨ ਅਜਾਇਬ ਘਰ ਦੀ ਮਾੜੀ ਹਾਲਤ ਬਾਰੇ ਮੁੱਖ ਅਧਿਕਾਰੀ ਨਾਲ ਮੁਲਾਕਾਤ ਕਰਨ ਆਇਆ ਹੈ। ਸ਼ਾਮ ਤੋਂ ਗਲਤੀ ਨਾਲ ਇਕ ਪੁਰਾਣਾ ਸਾਥੀ ਜ਼ਖਮੀ ਹੋ ਜਾਂਦਾ ਹੈ। ਫਿਲਮ ਵਿਚ ਦਿਖਾਇਆ ਗਿਆ ਹੈ ਕਿ ਕਿਵੇਂ ਮੈਕਸ ਆਪਣੀ ਸਹਾਇਕ ਕੁੜੀ ਨਾਲ ਹਾਲਾਤ ਤੋਂ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਦਾ ਹੈ। ਭਾਰਤੀ ਟੀ.ਵੀ. ਪੱਤਰਕਾਰੀ ਵਿਚ ਜੋ ਅੱਜ ਹੋ ਰਿਹਾ ਹੈ, ਇਸ ਫਿਲਮ ਵਿਚ ਦਸ ਸਾਲ ਪਹਿਲਾਂ ਉਹੀ ਦਿਖਾਇਆ ਗਿਆ ਸੀ ਜਿਸ ਵਿਚ ਖਬਰ ਨੂੰ ਕੀ ਦਾ ਕੀ ਬਣਾ ਦਿੱਤਾ ਜਾਂਦਾ ਹੈ।

ਪਿਛਲੇ ਸਮੇਂ ਇਕ ਫਿਲਮ ਮੇਲੇ ਦੌਰਾਨ ਫਿਲਮ 'ਦਿ ਐਕਸ' ਦੇਖਣ ਦਾ ਮੌਕਾ ਮਿਲਿਆ ਜਿਸ ਨੂੰ ਦੇਖ ਕੇ ਮੇਰੇ ਲੂੰ ਕੰਢੇ ਖੜ੍ਹੇ ਹੋ ਗਏ। ਇਸ ਫਿਲਮ ਵਿਚ ਫਰਾਂਸ ਵਿਚ ਲੀ ਕਾਰਪੋਰੇਟ ਕੰਪਨੀ ਦੇ ਇਕ ਕਰਮਚਾਰੀ ਬਰੂਨੋ ਨੂੰ ਦਿਖਾਇਆ ਗਿਆ ਹੈ, ਜਿਸ ਦੀ ਨੌਕਰੀ ਘੱਟ ਪੈਸੇ ਵਿਚ ਕੰਮ ਕਰਨ ਕਾਰਨ ਕਿਸੇ ਰੋਮਾਨੀਅਮ ਨੂੰ ਦੇ ਦਿੱਤੀ ਜਾਂਦੀ ਹੈ। ਨੌਕਰੀ ਜਾਣ ਤੋਂ ਦੋ ਸਾਲ ਬਾਅਦ ਤੱਕ ਤਾਂ ਉਹ ਆਪਣੇ ਖਰਚੇ ਘੱਟ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਜਦੋਂ ਕੋਈ ਗੱਲ ਨਹੀਂ ਬਣਦੀ ਤਾਂ ਉਹ ਹਾਲਾਤ ਨਾਲ ਨਜਿੱਠਣ ਲਈ ਨਵੀਂ ਤਰਕੀਬ ਬਣਾਉਂਦਾ ਹੈ। ਉਹ ਆਪਣੇ ਵਰਗੀ ਵਿਦਿਅਕ ਯੋਗਤਾ ਰੱਖਣ ਵਾਲੇ ਸਾਰੇ ਬੰਦਿਆਂ ਨੂੰ ਇਕ-ਇਕ ਕਰਕੇ ਮਾਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਕਿ ਨੌਕਰੀ ਲਈ ਕੋਈ ਮੁਕਾਬਲਾ ਨਾ ਰਹੇ। ਪਿਛਲੇ ਕੁਝ ਸਮੇਂ ਦੌਰਾਨ ਭਾਰਤ ਵਿਚ ਵੀ ਅਜਿਹੀਆਂ ਘਟਨਾਵਾਂ ਹੋਈਆਂ ਹਨ, ਜਿਸ ਵਿਚ ਨੌਕਰੀ ਤੋਂ ਕੱਢੇ ਗਏ ਕਰਮਚਾਰੀਆਂ ਨੇ ਅਧਿਕਾਰੀਆਂ ਨੂੰ ਜਾਨੋਂ ਮਾਰਿਆ ਹੈ। ਇਨ੍ਹਾਂ ਘਟਨਾਵਾਂ ਨੂੰ ਭਾਵੇਂ ਜਾਇਜ਼ ਨਹੀਂ ਕਿਹਾ ਜਾ ਸਕਦਾ ਪਰ ਆਲਮੀ ਅਰਥਚਾਰੇ ਵਿਚ ਕੀ ਗਲਤ ਹੈ, ਇਸ ਬਾਰੇ ਸੋਚਿਆ ਜ਼ਰੂਰ ਜਾ ਸਕਦਾ ਹੈ।



*ਕੌਸਟਾ ਗਾਵਰਸ*

ਕੁਝ ਮਹੀਨੇ ਪਹਿਲਾਂ ਮੈਂ ਇਕ ਹੋਰ ਫਿਲਮ ਦੇਖੀ 'ਮਿਸਿੰਗ' ਜੋ ਕੌਸਟਾ ਗਾਵਰਸ ਨੇ 1982 ਵਿਚ ਬਣਾਈ ਸੀ। ਇਸ ਦੀ ਕਹਾਣੀ 1973 ਵਿਚ ਚਿੱਲੀ ਵਿਚ ਵਾਪਰਦੀ ਹੈ। ਇਸ ਵਿਚ ਲੋਕ ਪੱਖੀ ਅਮਰੀਕੀ ਪੱਤਰਕਾਰ ਚਾਰਲਸ ਹੋਰਮਨ ਚਿੱਲੀ ਵਿਚ ਆਪਣੀ ਪਤਨੀ ਨਾਲ ਇਸ ਗੱਲ ਦੇ ਸਬੂਤ ਲੱਭ ਰਿਹਾ ਹੈ ਕਿ ਚਿੱਲੀ ਵਿਚ ਖੱਬੇ ਪੱਖੀ ਹਕੂਮਤ ਦਾ ਰਾਜ ਪਲਟਾ ਕਰਵਾ ਕੇ ਅਮਰੀਕਾ ਨੇ ਆਪਣੀ ਪਸੰਦ ਦਾ ਤਾਨਾਸ਼ਾਹ ਰਾਸ਼ਟਰਪਤੀ ਬਣਵਾਇਆ ਹੈ ਤਾਂ ਕਿ ਉਸ ਦੀਆਂ ਕੰਪਨੀਆਂ ਆਪਣੇ ਢੰਗ ਨਾਲ ਕੰਮ ਕਰ ਸਕਣ। ਅਮਰੀਕਾ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ। ਇਕ ਦਿਨ ਚਾਰਲਸ ਹੋਰਮਨ ਗਾਇਬ ਹੋ ਜਾਂਦਾ ਹੈ। ਉਸ ਦੀ ਪਤਨੀ ਜਦੋਂ ਉਸ ਨੂੰ ਲੱਭਣ ਵਿਚ ਨਾਕਾਮ ਹੋ ਜਾਂਦੀ ਹੈ ਤਾਂ ਉਸ ਦੇ ਪਿਤਾ ਐਦ ਹੋਰਮਨ ਨੂੰ ਸੁਨੇਹਾ ਭੇਜਦੀ ਹੈ ਜੋ ਖਾਂਦਾ-ਪੀਂਦਾ ਅਮਰੀਕੀ ਹੈ।


ਐਦ ਹੋਰਮਨ ਆਪਣੇ ਮੁੰਡੇ ਦੇ ਕੰਮ ਤੋਂ ਬਹੁਤਾ ਖੁਸ਼ ਨਹੀਂ ਹੈ। ਉਸ ਨੂੰ ਲੱਗਦਾ ਹੈ ਕਿ ਚਾਰਲਸ ਨੂੰ ਇਸ ਪੰਗੇ ਵਿਚ ਪੈਣ ਦੀ ਕੀ ਲੋੜ ਸੀ। ਅਮਰੀਕੀ ਸਰਕਾਰ 'ਤੇ ਉਸ ਨੂੰ ਪੂਰਾ ਭਰੋਸਾ ਹੈ। ਜਦੋਂ ਉਹ ਨੂੰਹ ਨਾਲ ਚਿੱਲੀ ਵਿਚ ਆਪਣੇ ਮੁੰਡੇ ਦੀ ਖੋਜ ਸ਼ੁਰੂ ਕਰਦਾ ਹੈ ਤਾਂ ਨਾ ਤਾਂ ਚਿੱਲੀ ਦੀ ਮੌਜੂਦਾ ਸਰਕਾਰ ਦੇ ਅਧਿਕਾਰੀ ਤੇ ਨਾ ਹੀ ਅਮਰੀਕੀ ਦੂਤਾਵਾਸ ਉਸ ਨੂੰ ਕੋਈ ਰਾਹ ਫੜਾਉਂਦੇ ਹਨ। ਹੌਲੀ-ਹੌਲੀ ਉਸ ਨੂੰ ਪਤਾ ਲੱਗਦਾ ਹੈ ਕਿ ਚਿੱਲੀ 'ਚ ਜੋ ਵੀ ਹੋ ਰਿਹਾ ਹੈ, ਉਹ ਅਮਰੀਕੀ ਸਰਕਾਰ ਦਾ ਕੰਮ ਹੈ, ਜਿਸ 'ਤੇ ਉਸ ਜਿਹੇ ਕਰੋੜਾਂ ਅਮਰੀਕੀ ਵਿਸ਼ਵਾਸ ਕਰਦੇ ਹਨ। ਇਸੇ ਦੌਰਾਨ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਚਾਰਲਸ ਦਾ ਵੀ ਬਾਕੀ ਦੇ ਖੱਬੇ ਪੱਖੀ ਲੋਕਾਂ ਵਾਂਗ ਚਿੱਲੀ ਦੇ ਸਰਕਾਰੀ ਅਫਸਰਾਂ ਵਲੋਂ ਕਤਲ ਹੋ ਚੁਕਾ ਹੈ।

ਫਿਲਮ ਦੀ ਪ੍ਰਾਪਤੀ ਐਦ ਹੋਰਮਨ ਨਾਂ ਦੇ ਪਾਤਰ ਦੀ ਚੇਤਨਾ ਹੈ। ਉਸ ਨੂੰ ਆਪਣੇ ਮੁੰਡੇ ਦੇ ਕੰਮ ਦੀ ਅਹਿਮੀਅਤ ਦਾ ਅਹਿਸਾਸ ਹੁੰਦਾ ਹੈ। ਇਹ ਫਿਲਮ ਸੀਵਿਲ ਥੌਮਸ ਹਾਊਸ ਦੀ ਕਿਤਾਬ 'ਤੇ ਆਧਾਰਿਤ ਹੈ। ਇਸ ਕਿਤਾਬ ਵਿਰੁਧ ਇਕ ਅਮਰੀਕੀ ਰਾਜਦੂਤ ਨੇ ਕੇਸ ਵੀ ਕੀਤਾ ਸੀ ਕਿ ਇਸ ਵਿਚ ਉਸ ਨੂੰ ਬਦਨਾਮ ਕੀਤਾ ਗਿਆ ਹੈ। ਲੋਕਾਂ ਨੇ ਇਸ ਫਿਲਮ ਨੂੰ ਹੁੰਗਾਰਾ ਦਿੱਤਾ ਤੇ ਇਸ ਨੂੰ ਬਿਹਤਰੀਨ ਪਟਕਥਾ ਲਈ ਆਸਕਰ ਐਵਾਰਡ ਵੀ ਮਿਲਿਆ।

ਇਹ ਫਿਲਮ ਦੇਖਣ ਤੋਂ ਬਾਅਦ ਮੇਰੀ ਕੌਸਟਾ ਗਾਵਰਸ ਬਾਰੇ ਜਾਣਨ ਦੀ ਇੱਛਾ ਬਹੁਤ ਤੀਬਰ ਹੋ ਗਈ। ਪਤਾ ਲੱਗਿਆ ਕਿ ਕੌਸਟਾ ਗਾਵਰਸ ਦਾ ਜਨਮ 13 ਫਰਵਰੀ 1933 ਨੂੰ ਯੂਨਾਨ ਦੇ ਛੋਟੇ ਜਿਹੇ ਪਿੰਡ ਲੌਟਰਾ ਇਰਾਇਸ ਅਕਾਡੀਆ ਵਿਚ ਹੋਇਆ। ਉਸ ਦਾ ਪਿਤਾ ਦੂਜੀ ਸੰਸਾਰ ਜੰਗ ਦੌਰਾਨ ਯੂਨਾਨ ਦੀ ਖੱਬੇ ਪੱਖੀ ਲਹਿਰ ਵਿਚ ਸ਼ਾਮਿਲ ਸੀ। ਇਸ ਕਰਕੇ ਉਸ ਨੂੰ ਜੇਲ੍ਹ ਵੀ ਜਾਣਾ ਪਿਆ। ਇਸ ਤਰ੍ਹਾਂ ਕੌਸਟਾ ਗਾਵਰਸ ਨੇ ਸਿਆਸਤ ਦਾ ਪਹਿਲਾ ਪਾਠ ਆਪਣੇ ਪਿਤਾ ਦੀ ਗੋਦੀ ਵਿਚ ਬੈਠ ਕੇ ਸਿੱਖਿਆ।

ਉਸ ਦੀ ਮਾਂ ਹਮੇਸ਼ਾ ਚਾਹੁੰਦੀ ਸੀ ਕਿ ਉਹ ਸਿਆਸਤ ਤੋਂ ਦੂਰ ਰਹੇ ਤਾਂ ਕਿ ਉਸ ਨੂੰ ਮੁਸੀਬਤਾਂ ਨਾ ਝੱਲਣੀਆਂ ਪੈਣ। ਸੰਨ 1951 'ਚ ਉਹ ਯੂਨਾਨ ਤੋਂ ਕਾਨੂੰਨ ਦੀ ਪੜ੍ਹਾਈ ਕਰਨ ਲਈ ਫਰਾਂਸ ਚਲਿਆ ਗਿਆ ਤੇ 1956 'ਚ ਉਸ ਨੇ ਫਰਾਂਸ ਦੇ ਫਰੈਂਚ ਨੈਸ਼ਨਲ ਫਿਲਮ ਸਕੂਲ 'ਚ ਦਾਖਲਾ ਲੈ ਲਿਆ।

ਸੰਨ 1969 ਵਿਚ ਬਣਾਈ ਗਈ 'ਜ਼ੈੱਡ-2' ਉਹ ਫਿਲਮ ਸੀ, ਜਿਸ ਨੇ ਉਸ ਨੂੰ ਸਿਆਣੇ ਨਿਰਦੇਸ਼ਕ ਦੇ ਤੌਰ 'ਤੇ ਸਥਾਪਤ ਕੀਤਾ। ਇਸ ਫਿਲਮ ਵਿਚ ਇਕ ਜੱਜ ਯੂਨਾਨ ਵਿਚ ਖੱਬੇ ਪੱਖੀ ਨੇਤਾ ਦੇ ਕਤਲ ਦੀ ਜਾਂਚ ਕਰਦਾ ਹੈ। ਸਰਕਾਰ ਤੇ ਫੌਜੀ ਅਧਿਕਾਰੀ ਇਸ ਕਤਲ 'ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਕਿ ਉਨ੍ਹਾਂ ਦੀ ਇਸ ਕਤਲ ਵਿਚ ਭੂਮਿਕਾ ਜੱਗ ਜਾਹਰ ਨਾ ਹੋ ਜਾਵੇ। ਇਹ ਫਿਲਮ 1963 ਵਿਚ ਕਤਲ ਹੋਏ ਯੂਨਾਨੀ ਨੇਤਾ ਗਿਰੀ ਗੋਰਿਸ ਲਮਵਾਰਕਿਸ ਦੀ ਮੌਤ ਤੋਂ ਬਾਅਦ ਹੋਈਆਂ ਘਟਨਾਵਾਂ 'ਤੇ ਆਧਾਰਿਤ ਸੀ। ਇਸ ਫਿਲਮ ਨੂੰ ਵਿਦੇਸ਼ੀ ਬੋਲੀ ਵਾਲੀ ਬਿਹਤਰੀਨ ਫਿਲਮ ਦਾ ਆਸਕਰ ਮਿਲਿਆ।




*ਫਿਲਮ 'ਈਡਨ ਇਜ਼ ਵੈਸਟ' ਦਾ ਪੋਸਟਰ*

ਯੂਨਾਨ ਦੇ ਮੁੱਖ ਸ਼ਹਿਰ ਏਥਨਜ਼ ਵਿਚ ਆਪਣੀ ਰਿਹਾਇਸ਼ ਦੌਰਾਨ ਬਾਕੀ ਨੌਜਵਾਨਾਂ ਵਾਂਗ ਕੌਸਟਾ ਗਾਵਰਸ ਵੀ ਰੁਮਾਂਚਕਾਰੀ ਅਮਰੀਕੀ ਫਿਲਮਾਂ ਦਾ ਦੀਵਾਨਾ ਸੀ। ਇਰੱਕ ਵੋਨ ਸਤਰੋਹੀਮਸ ਦੀ 1924 'ਚ ਬਣਾਈ ਫਿਲਮ 'ਗਰੀਡ' ਨੇ ਉਸ ਦਾ ਫਿਲਮਾਂ ਬਾਰੇ ਰਵੱਈਆ ਬਦਲ ਦਿੱਤਾ। ਇਸ ਫਿਲਮ 'ਚ ਦਿਖਾਇਆ ਗਿਆ ਸੀ ਕਿ ਦੰਦਾਂ ਦੇ ਡਾਕਟਰ ਦੀ ਪਤਨੀ ਦੀ ਲਾਟਰੀ ਨਿਕਲ ਆਉਂਦੀ ਹੈ ਤੇ ਫਿਰ ਲਾਲਚ ਕਿਸ ਤਰ੍ਹਾਂ ਉਨ੍ਹਾਂ ਦੀ ਜ਼ਿੰਦਗੀ ਬਦਲ ਦਿੰਦਾ ਹੈ।

ਕੌਸਟਾ ਗਾਵਰਸ ਦਾ ਮੰਨਣਾ ਹੈ ਕਿ ਸਭ ਫਿਲਮਾਂ 'ਚ ਹੀ ਸਿਆਸਤ ਹੁੰਦੀ ਹੈ। ਤੁਸੀਂ ਕਿਸੇ ਧਿਰ ਨਾਲ ਵੀ ਨਹੀਂ ਹੋ, ਅਜਿਹਾ ਕਦੇ ਨਹੀਂ ਹੁੰਦਾ। ਤੁਸੀਂ ਇਸ ਤਰ੍ਹਾਂ ਦੇ ਹਾਲਾਤ ਲੈ ਕੇ ਵੀ ਇਕ ਧਿਰ ਨਾਲ ਜ਼ਰੂਰ ਹੁੰਦੇ ਹੋ। ਕੌਸਟਾ ਗਾਵਰਸ ਨੇ ਆਪਣੀਆਂ ਫਿਲਮਾਂ ਵਿਚ ਸੱਤਾ ਦੀ ਕੁਵਰਤੋਂ ਨੂੰ ਵੰਗਾਰਿਆ ਹੈ। ਉਸ ਦੀਆਂ ਫਿਲਮਾਂ ਆਮ ਤੌਰ 'ਤੇ ਸੱਚੀਆਂ ਘਟਨਾਵਾਂ ਜਾਂ ਪਾਤਰਾਂ 'ਤੇ ਆਧਾਰਿਤ ਹੁੰਦੀਆਂ ਹਨ।

ਜਿਥੇ ਕੌਸਟਾ ਗਾਵਰਸ ਨੇ ਸੱਤਾ ਨੂੰ ਵੰਗਾਰਿਆ ਹੈ, ਉਥੇ ਹੀ ਧਰਮ ਦੀ ਸਾਰਥਕਤਾ ਨੂੰ ਵੀ ਆਪਣੀ ਫਿਲਮ ਦਾ ਵਿਸ਼ਾ ਬਣਾਇਆ ਹੈ। 'ਅਮੀਨ' ਵਿਚ ਉਸ ਨੇ ਦੂਜੀ ਆਲਮੀ ਜੰਗ ਦੌਰਾਨ ਵੈਟੀਕਨ ਦੀ ਭੂਮਿਕਾ 'ਤੇ ਸਵਾਲ ਉਠਾਇਆ ਹੈ ਕਿ ਕਿਉਂ ਉਸ ਵੇਲੇ ਦੇ ਪੋਪ ਨੇ ਨਾਜ਼ੀ ਕੈਂਪਾਂ ਵਿਚ ਯਹੂਦੀਆਂ ਦੇ ਹਾਲਾਤ ਬਾਰੇ ਜਾਣੂ ਹੋਣ ਦੇ ਬਾਵਜੂਦ ਕੁਝ ਨਹੀਂ ਕੀਤਾ। ਪੂੰਜੀਵਾਦੀ ਸਰਕਾਰਾਂ ਦੇ ਨਾਲ-ਨਾਲ ਉਸ ਨੇ ਆਪਣੀ ਫਿਲਮ 'ਦਿ ਕਨਫੈਸ਼ਨ' ਵਿਚ ਖੱਬੇ ਪੱਖੀ ਸਰਕਾਰ ਦੀਆਂ ਕਮਜ਼ੋਰੀਆਂ ਨੂੰ ਵੀ ਉਭਾਰਿਆ ਜੋ ਚੈਕੋਸਲੋਵਾਕੀਆ ਦੇ ਇਕ ਖੱਬੇ ਪੱਖੀ ਨੇਤਾ 'ਤੇ ਝੂਠਾ ਕੇਸ ਚਲਾਉਣ ਬਾਰੇ ਹੈ। ਕੌਸਟਾ ਗਾਵਰਸ ਦੀ ਨਵੀਂ ਫਿਲਮ 'ਈਡਨ ਇਜ਼ ਵੈਸਟ' ਉਸ ਦੀਆਂ ਹੁਣ ਤੱਕ ਦੀਆਂ ਫਿਲਮਾਂ ਤੋਂ ਹਟ ਕੇ ਹੈ। ਇਸ ਵਿਚ ਉਸ ਨੇ ਹਲਕੇ-ਫੁਲਕੇ ਢੰਗ ਨਾਲ ਗੈਰ-ਕਾਨੂੰਨੀ ਪਰਵਾਸੀ ਦੀ ਜ਼ਿੰਦਗੀ ਨੂੰ ਦਿਖਾਇਆ ਹੈ। ਉਸ ਦਾ ਹਰ ਪੱਧਰ 'ਤੇ ਸ਼ੋਸ਼ਣ ਹੁੰਦਾ ਹੈ।

ਇਸ ਫਿਲਮ ਬਾਰੇ ਉਸ ਦੇ ਕੱਟੜ ਪ੍ਰਸ਼ੰਸਕਾਂ ਦਾ ਕਹਿਣਾ ਹੈ ਕਿ ਇਸ ਫਿਲਮ ਵਿਚ ਉਸ ਦੀ ਸੁਰ ਮੱਠੀ ਪੈ ਗਈ ਹੈ। ਜੋ ਵੀ ਹੈ, ਕੌਸਟਾ ਗਾਵਰਸ ਨੇ ਸੰਸਾਰ ਸਿਨੇਮਾ ਦੇ ਇਤਿਹਾਸ ਵਿਚ ਦਲੇਰੀ ਨਾਲ ਆਪਣਾ ਯੋਗਦਾਨ ਪਾਇਆ ਹੈ। ਸਾਨੂੰ ਉਸ ਤੋਂ ਹੋਰ ਵੀ ਚੰਗੀਆਂ ਫਿਲਮਾਂ ਦੀ ਆਸ ਹੈ।

# ਲਹਿੰਦੇ ਚੜ੍ਹਦੇ ਪੰਜਾਬ ਦੇ ਸੁਭਾਅ ਦੀ ਦਸਤਾਵੇਜ਼ 'ਚੱਲ ਮੇਰਾ ਪੁੱਤ'

ਫਿਲਮ 'ਚੱਲ ਮੇਰਾ ਪੁੱਤ' ਦੀ ਕੋਈ ਕਹਾਣੀ ਨਹੀਂ ਹੈ। ਬੱਸ, ਹਾਲਾਤ ਨੇ, ਹਾਸੇ ਨੇ, ਸੰਵਾਦ ਨੇ ਅਤੇ ਪੂਰਾ ਮਨੋਰੰਜਨ ਹੈ। ਇਸ ਫਿਲਮ ਨੂੰ ਹਦਾਇਤਕਾਰ (ਨਿਰਦੇਸ਼ਕ) ਨੇ ਕਹਾਣੀ ਤੋਂ ਨਹੀਂ ਸਗੋਂ ਹਾਲਾਤ ਨੂੰ ਇਕੱਠੇ ਕਰਕੇ ਉਨ੍ਹਾਂ ਮੁਤਾਬਕ ਪੇਸ਼ਕਾਰੀ ਕੀਤੀ ਹੈ।

ਇਹਨੂੰ ਹੋਰ ਚੰਗੇ ਢੰਗ ਨਾਲ ਕਹਿਣਾ ਹੋਵੇ ਤਾਂ ਫਿਲਮ ਦੀ ਕਹਾਣੀ ਹੀ ਇਹਦਾ ਕਮਾਲ ਹੈ। ਇਹ ਪਿਛੋਕੜ ਦੀ ਕਹਾਣੀ ਹੈ। ਪਰਦੇ 'ਤੇ ਕਿਰਦਾਰ ਹਨ, ਉਨ੍ਹਾਂ ਦੇ ਹਾਲਾਤ ਹਨ ਅਤੇ ਕਹਾਣੀ ਉਹ ਹੈ ਜੋ ਪਰਦੇ 'ਤੇ ਨਹੀਂ ਹੈ। ਇਹ ਕਹਾਣੀ ਉਨ੍ਹਾਂ ਹਾਲਾਤ ਦੇ ਪਿਛੋਕੜ ਵਿਚ ਪਈ ਹੈ ਜੋ ਦੇਖਣ ਵਾਲੇ 'ਤੇ ਛੱਡ ਦਿੱਤੀ ਗਈ ਹੈ ਕਿ ਉਹ ਉਸ ਕਹਾਣੀ ਤੱਕ ਪਹੁੰਚੇ। ਫਿਲਮ ਦੇਖਦੇ ਹੋਏ ਸਾਡੇ ਸਾਹਮਣੇ ਸਵੀ ਹੈ, ਪਿਛੋਕੜ ਵਿਚ ਉਹਦੀ ਉਹ ਕਹਾਣੀ ਜਿਸ ਵਿਚ ਉਹਦਾ ਪਿਓ ਨਹੀਂ, ਉਹਦਾ ਸੰਘਰਸ਼ ਹੈ ਜੋ ਦੇਖਣ ਵਾਲੇ ਦੇ ਖਿਆਲ ਵਿਚ ਸਾਫ ਹੈ ਕਿ ਸਵੀ ਕੀ ਹੈ। ਚਾਚਾ (ਹਰਦੀਪ ਗਿੱਲ) ਦੀ ਕਹਾਣੀ ਵਿਚ ਪਰਵਾਸੀ ਪਿਓ ਅਤੇ ਪਿੱਛੇ ਉਹਦੀ ਮਿਹਨਤ 'ਤੇ ਰਿਜ਼ਕ ਹੰਢਾਉਂਦਾ ਉਹਦਾ ਟੱਬਰ ਹੈ। ਨਸੀਰ ਚਿਨਓਟੀ, ਗੁਰਸ਼ਬਦ, ਅਕਰਮ ਵਾਲੇ ਹਰ ਕਿਰਦਾਰ ਵਿਚ ਪੰਜਾਬੀਆਂ ਦੇ ਸੰਘਰਸ਼, ਉਨ੍ਹਾਂ ਦੇ ਪੱਕੇ ਹੋਣ ਦੇ ਜੁਗਾੜੀ ਪ੍ਰਬੰਧ ਅਤੇ ਪਰਵਾਸੀ ਪੰਜਾਬੀਆਂ ਦੇ ਜਾਨ ਤਲੀ 'ਤੇ ਧਰ ਕੇ ਕਮਾਈਆਂ ਕਰਦੇ ਹਾਲਾਤ ਦਾ ਕਹਾਣੀ ਪ੍ਰਵਾਹ ਹੈ।

ਅਮਰਿੰਦਰ ਗਿੱਲ ਦੀ ਪ੍ਰੋਡਕਸ਼ਨ ਵਿਚ ਜੋ ਫਿਲਮਾਂ ਆ ਰਹੀਆਂ ਹਨ, ਉਹ ਲੜੀਬੱਧ ਪੰਜਾਬੀ ਜ਼ਿੰਦਗੀ ਦੀ ਉਸ ਖਿੜਕੀ ਨੂੰ ਪੇਸ਼ ਕਰ ਰਿਹਾ ਹੈ ਜੋ ਪੰਜਾਬ ਤੋਂ ਬਾਹਰ ਨਵਾਂ ਪੰਜਾਬ ਹੈ ਅਤੇ ਉਹਦਾ ਆਪਣਾ ਸਮਾਜ ਅਤੇ ਦੁਨੀਆਂਦਾਰੀ ਹੈ। ਫਿਲਮ 'ਲਵ ਪੰਜਾਬ' ਡਸਟਿਨ ਹਾਫਮੈਨ ਦੀ 'ਕ੍ਰਾਇਮਰ ਵਰਸਜ਼ ਕ੍ਰਾਇਮਰ' ਵਰਗੀ ਹੈ। ਮਾਂ ਪਿਓ ਅਤੇ ਉਨ੍ਹਾਂ ਦੇ ਆਪਸੀ ਝਗੜੇ ਵਿਚ ਪਰੇਸ਼ਾਨ ਉਨ੍ਹਾਂ ਦਾ ਮੁੰਡਾ ਹੈ ਪਰ 'ਲਵ ਪੰਜਾਬ' ਦੀ ਇਸ ਕਹਾਣੀ ਮਗਰ ਉਹਦੇ ਪਿਛੋਕੜ ਦੀ ਕਹਾਣੀ ਹੈ। ਇਸ ਕਹਾਣੀ ਵਿਚ ਪੰਜਾਬ ਵਿਚ ਰਹਿੰਦੇ ਲੋਕਾਂ ਦੀ ਜ਼ਿੰਦਗੀ, ਲੋਕਾਚਾਰੀ 'ਤੇ ਵਿਅੰਗ ਵੀ ਹੈ ਅਤੇ ਉਹ ਬੇਵੱਸ ਹਾਲਾਤ ਵੀ ਹਨ ਜਿਥੋਂ ਵਿਦੇਸ਼ ਵਿਚ ਨਵੀਂ ਕਹਾਣੀ ਆ ਖੜ੍ਹੀ ਹੁੰਦੀ ਹੈ ਜੋ 'ਲਵ ਪੰਜਾਬ' ਹੈ। ਫਿਲਮ 'ਲਾਹੌਰੀਏ' ਦੀ ਕਹਾਣੀ ਦੇ ਮਗਰ ਵੀ ਪਿਛੋਕੜ ਦੀ ਕਹਾਣੀ ਹੈ। 'ਲਾਈਏ ਜੇ ਯਾਰੀਆਂ' ਵਿਚ ਕੈਨੇਡਾ ਦੇ ਜਿਸ ਪੰਜਾਬੀ ਸਮਾਜ ਨੂੰ ਦਿਖਾਇਆ ਹੈ, ਉਨ੍ਹਾਂ ਦੇ ਆਪਣੇ ਮਸਲੇ ਹਨ, ਪੰਜਾਬੀ ਸਮਾਜ ਹੈ, ਹਾਲਾਤ ਹਨ ਅਤੇ ਇਸ ਪੂਰੇ ਤਾਣੇ-ਬਾਣੇ ਵਿਚ ਪੰਜਾਬ ਨੂੰ ਮਿੱਟੀ 'ਵਾਜਾਂ ਮਾਰਦੀ ਨਹੀਂ ਹੈ। ਇਹ ਮੰਨ ਲੈਣਾ ਚਾਹੀਦਾ ਹੈ ਕਿ ਪੰਜਾਬ ਤੋਂ ਬਾਹਰ ਹੁਣ ਹੋਰ ਬਹੁਤ ਪੰਜਾਬ ਹਨ ਜੋ ਆਪਣੇ ਆਪ ਵਿਚ ਮੁਕੰਮਲ ਹਨ ਅਤੇ ਉਨ੍ਹਾਂ ਦੀ ਆਪਣੀ ਦੁਨੀਆਂਦਾਰੀ ਹੈ।




ਪੰਜਾਬ ਦੇ ਪਿਛੋਕੜ ਵਿਚ ਵੰਡ 1947 ਹੈ। ਜ਼ਮੀਨੀ ਸਚਾਈ ਹੈ ਕਿ ਹੁਣ ਇਕ ਚੜ੍ਹਦਾ ਪੰਜਾਬ ਹੈ, ਦੂਜਾ ਲਹਿੰਦਾ ਪੰਜਾਬ ਹੈ ਅਤੇ ਵਿਚਕਾਰ ਖੂਨ ਨਾਲ ਖਿੱਚੀ ਲਕੀਰ ਹੈ। ਇਸ ਲਕੀਰ ਦੇ ਆਰ-ਪਾਰ ਪੰਜਾਬ ਦੀਆਂ ਸਾਂਝਾ ਇਕ ਦੂਜੇ ਨੂੰ ਮਿਲ ਨਹੀਂ ਸਕਦੀਆਂ। ਇਸੇ ਖਿੱਚ ਤੋਂ ਤੀਜੇ ਬਣ ਰਹੇ ਪੰਜਾਬ ਵਿਚ ਉਹ ਖਿੱਚ ਮੁੜ ਮੁਹੱਬਤ ਵਿਚ ਬਦਲ ਰਹੀ ਹੈ। ਬਾਹਰ ਵੱਸਦੇ ਦੋਹਾਂ ਪੰਜਾਬਾਂ ਦੇ ਬੰਦਿਆਂ ਨੂੰ ਇਕ ਹੋਣ ਦਾ, ਗੁਆਂਢ ਉਸਾਰਨ ਦਾ ਆਜ਼ਾਦ ਮੌਕਾ ਮਿਲਦਾ ਹੈ।

ਸੋ ਫਿਲਮ 'ਚੱਲ ਮੇਰਾ ਪੁੱਤ' ਦੀ ਕਹਾਣੀ ਹੀ ਇਹਦਾ ਕਮਾਲ ਹੈ। ਇਹ ਪਿਛੋਕੜ ਦੀ ਕਹਾਣੀ ਹੈ। ਇਹ ਫਿਲਮ ਲਿਖਣ ਵਾਲੇ ਰਾਕੇਸ਼ ਧਵਨ, ਬਣਾਉਣ ਵਾਲੇ ਜਨਜੋਤ ਸਿੰਘ ਜਾਂ ਇਸ ਫਿਲਮ ਦੇ ਅਦਾਕਾਰਾਂ ਨੇ ਇਸ ਕਹਾਣੀ ਨੂੰ ਲੋੜੀਂਦਾ ਮਾਹੌਲ ਦਿੱਤਾ ਹੈ। ਕਿਸੇ ਕਹਾਣੀ ਨੂੰ ਬਿਹਤਰ ਪੇਸ਼ ਕਰਨ ਲਈ ਉਸ ਕਹਾਣੀ ਦਾ ਮੁਹਾਵਰਾ ਬੋਲਦੇ ਬੰਦੇ ਨੂੰ ਹੀ ਦੇਣਾ ਪਵੇਗਾ। ਇਸੇ ਲਈ ਇਸ ਕਹਾਣੀ ਵਿਚ ਇਲਾਕਾਈ ਮੁਹਾਵਰੇ ਲਈ ਉਸੇ ਖਿੱਤੇ ਦੇ ਕਿਰਦਾਰਾਂ ਨੂੰ ਲੱਭਿਆ ਹੈ। ਇਹ ਸਰਬਜੀਤ ਚੀਮਾ ਦੀ ਫਿਲਮ 'ਪਿੰਡ ਦੀ ਕੁੜੀ' ਵਾਂਗੂ ਸਿਰਫ ਭਾਰਤ-ਪਾਕਿਸਤਾਨ ਸਾਂਝੀ ਪ੍ਰੋਡਕਸ਼ਨ ਨਹੀਂ ਸੀ। ਇਸ ਵਿਚ ਜ਼ੁਬਾਨ, ਸੁਭਾਅ, ਸੰਵਾਦ ਤੋਂ ਬੰਦੇ ਦੇ ਇਲਾਕਾਈ ਰੰਗ ਮੁਤਾਬਕ ਹੀ ਸਭ ਕੁਝ ਸਿਰਜਿਆ ਹੈ। 'ਚੱਲ ਮੇਰਾ ਪੁੱ'ਤ ਦੀ ਇਹੋ ਪੇਸ਼ਕਾਰੀ ਇਹਨੂੰ ਖੂਬਸੂਰਤ ਬਣਾਉਂਦੀ ਹੈ। ਇਫਤਿਖਾਰ ਠਾਕੁਰ, ਨਸੀਰ ਚਨਿਓਟੀ, ਅਕਰਮ ਉਦਾਸ, ਆਗਾ ਮਾਜ਼ਿਦ ਦੇ ਕਿਰਦਾਰ ਲਹਿੰਦੇ ਪੰਜਾਬ ਤੋਂ ਅਤੇ ਅਮਰਿੰਦਰ ਗਿੱਲ, ਸਿੰਮੀ, ਗੁਰਸ਼ਬਦ, ਹਰਦੀਪ ਗਿੱਲ, ਰੂਪ ਕੌਰ ਖਟਕੜ ਦੇ ਕਿਰਦਾਰ ਚੜ੍ਹਦੇ ਪੰਜਾਬ ਤੋਂ ਦੀ ਤਰਤੀਬ ਕਹਾਣੀ ਦੀ ਤਾਕਤ ਹੈ।

'ਚੱਲ ਮੇਰਾ ਪੁੱਤ' ਨਿਰੋਲ ਹਾਲਾਤ ਦੀ ਹਾਸ-ਰੰਗ ਹੈ। ਇਹਦੇ ਸੰਵਾਦ ਵੀ ਉਸੇ ਵਹਾਅ ਵਿਚ ਜੁਗਤਾਂ ਦੀ ਬਣਤਰ ਵਿਚ ਹਨ। ਫਿਲਮ ਦੇ ਮੁੱਖ ਕਿਰਦਾਰਾਂ ਜਿਹਾ ਕੋਈ ਬੰਦੋਬਸਤ ਨਹੀਂ। ਸਾਰੇ ਕਿਰਦਾਰ ਹੀ ਇਕੋ ਪਰਦੇ 'ਤੇ ਹਨ। ਅਮਰਿੰਦਰ ਦੇ ਨਾਲ ਹਰਦੀਪ ਅਤੇ ਗੁਰਸ਼ਬਦ ਵੀ ਇਸ ਫਿਲਮ ਵਿਚ ਉਭਰ ਕੇ ਨਿਕਲੇ ਹਨ। ਇਫਤਿਖਾਰ ਠਾਕੁਰ, ਨਸੀਰ ਚਨਿਓਟੀ, ਅਕਰਮ ਉਦਾਸ, ਆਗਾ ਮਾਜ਼ਿਦ ਦੇ ਕਿਰਦਾਰਾਂ ਨਾਲ ਚੰਗੀ ਸਮਝ ਇਹ ਰੱਖੀ ਹੈ ਕਿ ਹਦਾਇਤਕਾਰ ਨੇ ਫਿਲਮ ਮੁਤਾਬਕ ਇਨ੍ਹਾਂ ਨੂੰ ਨਾ ਰੱਖ ਕੇ ਫਿਲਮ ਨੂੰ ਇਨ੍ਹਾਂ ਮੁਤਾਬਕ ਰੱਖ ਦਿੱਤਾ ਹੈ। ਇੰਜ ਇਹ ਫਿਲਮ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਸੁਭਾਅ ਦਾ ਦਸਤਾਵੇਜ਼ ਬਣਦੀ ਹੈ।

ਫਿਲਮ ਦੀ ਸਭ ਤੋਂ ਸ਼ਾਨਦਾਰ ਵਿਆਖਿਆ ਇਹ ਹੈ ਕਿ ਆਪਣੀ ਸੀਮਤ ਕਹਾਣੀ ਨੂੰ ਇਹ ਇਸ ਦੌਰ ਦੀ ਸਭ ਤੋਂ ਵੱਡੀ ਸਿਆਸੀ ਬਹਿਸ ਵਿਚ ਪੰਜਾਬੀਆਂ ਦੀ ਟਿੱਪਣੀ ਦੇ ਰੂਪ ਵਿਚ ਦਰਜ ਕਰਦੀ ਹੈ। 47 ਦੀ ਵੰਡ ਤੋਂ ਜਿਹੜਾ ਜ਼ਖਮ ਪੰਜਾਬੀਆਂ ਦੇ ਪਿੰਡੇ 'ਤੇ ਉਕਰਿਆ ਹੈ, ਜਿਹੜੇ ਅਹਿਸਾਸ ਸਾਡੇ ਗੀਤਾਂ, ਲੇਖਾਂ ਅਤੇ ਤਕਰੀਰਾਂ ਵਿਚ ਸਾਂਝੇ ਪੰਜਾਬ ਦੇ ਸੱਭਿਆਚਾਰ ਨੂੰ ਲੈ ਕੇ ਆਉਂਦੇ ਹਨ, ਇਹ ਫਿਲਮ ਉਥੇ ਟਿੱਪਣੀ ਕਰਦੀ ਹੈ: "ਕੋਈ ਮਾੜੀ ਜਿਹੀ ਚਵਾਤੀ ਲਾ ਦੇਵੇ, ਅਸੀਂ ਝੱਟ ਡਾਂਗਾਂ ਕੱਢ ਲੈਂਦੇ ਆਂ ਪਰ ਜਿੱਦਣ ਇਹ ਡਾਂਗਾਂ 'ਕੱਠੀਆਂ ਹੋ ਗਈਆਂ, ਓਦਣ ਦਿੱਲੀ ਤੋਂ ਖੈਬਰ ਤੱਕ ਪੰਜਾਬ ਹੋਊ।"

ਇਹ ਸੰਵਾਦ ਉਸ ਇਤਿਹਾਸ ਨੂੰ ਸਮੇਟ ਕੇ ਬੈਠਾ ਹੈ ਜਿਥੇ ਆਪਸੀ ਫੁੱਟ ਨਾਲ ਸਿੱਖ ਰਾਜ ਗਿਆ; ਜਿਥੇ 47 ਦੀ ਵੰਡ ਵਿਚ ਅਸੀਂ ਸਿੱਖ, ਮੁਸਲਮਾਨ ਤੇ ਹਿੰਦੂ ਆਪਣੇ ਅੰਦਰਲੀ ਪੰਜਾਬੀਅਤ ਭੁੱਲ ਗਏ। ਇਹ ਸਿੰਧੂ ਤਹਿਜ਼ੀਬ ਸੀ ਜਿਹੜੀ ਪੰਜ ਦਰਿਆਵਾਂ ਦੇ ਇਕੱਠੇ ਹੋਣ ਤੋਂ ਬਣੀ ਸੀ। ਇੰਜ 'ਚੱਲ ਮੇਰਾ ਪੁੱਤ' ਸ਼ੁਰੂ ਤੋਂ ਜਿੰਨੀ ਮਜ਼ਾਹੀਆ ਹੈ, ਅੰਤ ਆਉਂਦੇ-ਆਉਂਦੇ ਮੁਕੰਮਲ ਪੰਜਾਬੀਅਤ ਦੀ ਟਿੱਪਣੀ ਬਣਦੀ ਹੈ।

ਇਹ ਫਿਲਮ ਆਪਣੇ ਅੰਤ ਵਿਚ ਉਸੇ ਖਿਆਲ ਵਿਚ ਮਹਿਸੂਸ ਹੁੰਦੀ ਹੈ ਕਿ ਜਿਵੇਂ ਕਿਸੇ ਕਰਨੈਲ ਸਿੰਘ ਨੇ ਆਪਣੇ ਯਾਰ ਦਿਲ ਮੁਹੰਮਦ ਨੂੰ 47 ਵਿਚ ਵਿਛੜਦੇ ਕਿਹਾ ਸੀ ਕਿ ਹਾਲਾਤ ਠੀਕ ਹੁੰਦਿਆਂ ਉਹ ਮੁੜ ਆਵੇਗਾ ਅਤੇ ਦਿਲ ਮੁਹੰਮਦ ਨੇ ਵੀ ਉਹਦੀ ਉਡੀਕ ਰੱਖੀ ਹੋਵੇ ਅਤੇ ਇਕ ਦਿਨ ਕਰਨੈਲ ਸਿੰਘ ਮੁੜਿਆ...

ਓਦਣ ਦਿਲ ਮੁਹੰਮਦ ਦੀ ਉਡੀਕ ਖਤਮ ਹੋਈ ਹੋਵੇਗੀ!

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

ਫੋਨ: 317-750-1900





The Law Firm Of Fatima Johnson

3737 N. Meridian St., Ste 106, Indianapolis, IN 46208

vitalvisa THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!

ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!

Did you enter the U.S. without a visa?

ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?

Do you have family members outside the U.S.?

ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?

Does your application keep getting denied?

ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

•Deportation Defense •VAWA •Asylum •Work Permit •Family and Marriage Based •Investor Visa (H1B, E-2, EB-5) •SIJS (Special Immigration Juvenile Status)

Come talk to an experienced immigration attorany. Call to schedule an appointment today

ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken

•English •Hindi •Punjabi •Urdu •Spanish •French •Arabic •Chinese

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

Licensed to Practice Immigration Law in all 50 States.

Ph: 317-252-0013

info@vitalvisa.com

**This is an attorney advertisement**



Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...

■ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ

■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ

■4-6 ਬੈਡ ਰੂਮ, 3-4 ਬਾਥ ਰੂਮ

■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ





Manjit Singh Nagra

*Realtor/Broker*

Cell: 317-750-1900

6979 Hillsdale Court

Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ





Gurdeep (Garry) Chhokar

Realtor/Broker

Cell: 317-500-1247

Star Alliance BROKERAGE





We do all type of Home and Commercial Loan. Same day loan approval...